Start CDL TRAINING

Become Professional Truck Driver

www.cdlstart.com

startcdl@gmail.com

(844) 227-2162

We speak Hindi and English

START CDL TRAINING



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ

■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ

■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*



Twenty-Second Year of Publication ਨਿਊ ਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com

www.punjabtimesusa.com

# ਪੰਜਾਬ ਟਾਈਮਜ਼

Punjab Times, Vol 23, Issue 08, February 19, 2022 20451 N. Plum Grove Rd., Palatine, IL 60074 Ph:847-359-0746, Fax:847-705-9388


# ਮੇਲਾ ਲੁੱਟਣ ਲਈ ਸਿਆਸੀ ਧਿਰਾਂ ਦਾ ਲੱਗਿਆ ਜ਼ੋਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦਾ ਦਿਨ ਨੇੜੇ ਆ ਗਿਆ ਹੈ। 20 ਫਰਵਰੀ ਨੂੰ ਵੋਟਾਂ ਤੋਂ ਪਹਿਲਾਂ ਸਾਰੀਆਂ ਸਿਆਸੀ ਧਿਰਾਂ ਨੇ ਸੱਤਾ ਪ੍ਰਾਪਤੀ ਲਈ ਟਿੱਲ ਲਾਇਆ ਹੋਇਆ ਹੈ। ਸਿਆਸੀ ਧਿਰਾਂ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਵਿਚ ਗੇੜੇ ਉਤੇ ਗੇੜਾ ਬੰਨ੍ਹਿਆ ਹੋਇਆ ਹੈ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਲਗਾਤਾਰ ਇਕ ਹਫਤਾ ਪੰਜਾਬ ਵਿਚ ਰਹੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਭਾਜਪਾ ਦੇ ਕੇਂਦਰੀ ਆਗੂਆਂ ਨੇ ਆਖਰੀ ਬਚੇ ਦਿਨਾਂ ਵਿਚ ਪੂਰੀ ਲਾਹ ਲਾ ਦਿੱਤੀ ਹੈ। ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਸਣੇ ਵੱਡੇ ਕਾਂਗਰਸੀ ਆਗੂਆਂ ਨੇ ਪੰਜਾਬ ਡੇਰੇ ਲਾਏ ਹਨ। ਪੰਜਾਬੀਆਂ ਨਾਲ-ਨਾਲ ਵੱਡੇ-ਵੱਡੇ ਵਾਅਦੇ ਕੀਤੇ ਜਾ ਰਹੇ ਹਨ ਪਰ ਸੂਬੇ ਦੇ ਅਸਲ ਮੁੱਦਿਆਂ ਤੋਂ ਪਾਸਾ ਵੱਟਿਆ ਹੋਇਆ ਹੈ। ਪੰਜਾਬ ਦੇ ਖਜ਼ਾਨੇ ਦੀ ਹਾਲਤ, ਸੂਬੇ ਦਾ ਵਾਤਾਵਰਨ, ਰੁਜ਼ਗਾਰ, ਪਰਵਾਸ, ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਮੁੱਦੇ ਸਿਆਸੀ ਧਿਰਾਂ ਦੇ ਏਜੰਡੇ ਦੇ ਨੇੜੇ-ਤੇੜੇ ਵੀ ਨਹੀਂ ਜਾਪਦੇ। ਭਾਸ਼ਣਾਂ ਦੀ ਧਾਰ ਇਕ ਦੂਸਰੇ ਨੂੰ ਮੰਦਾ ਬੋਲਣ ਅਤੇ ਸਿਆਸੀ ਦੁਸ਼ਣਬਾਜ਼ੀ ਤੱਕ ਸੀਮਤ ਹੈ। ਇਸ ਸਮੇਂ ਸਭ ਤੋਂ ਵੱਡਾ ਮੁੱਦਾ ਬਣ ਰਹੇ ਸੰਘੀ (ਫੈਡਰਲ) ਢਾਂਚੇ ਦੀ ਰਾਖੀ ਬਾਰੇ ਕੋਈ ਗੱਲ ਕਰਨ ਲਈ ਤਿਆਰ ਨਹੀਂ।

ਅੱਜ ਹਾਲਾਤ ਇਹ ਹਨ ਕਿ ਪੰਜਾਬ ਦੇ ਨੌਜਵਾਨ ਦਸਵੀਂ ਜਮਾਤ ਟੱਪਦੇ ਹੀ ਅੱਗੇ ਪੜ੍ਹਨ ਦੀ ਥਾਂ ਵਿਦੇਸ਼ ਵਿਚ ਜਾ ਕੇ ਰੋਜ਼ੀ ਰੋਟੀ ਦੇ ਜੁਗਾੜ ਬਾਰੇ ਸੋਚਣ ਨੂੰ ਪਹਿਲ ਦੇ ਰਹੇ ਹਨ। ਇਹ ਮੁੱਦਾ ਸਿਆਸੀ ਧਿਰਾਂ ਦੇ ਏਜੰਡੇ ਵਿਚ ਹੀ ਨਹੀਂ ਹੈ। ਕੇਂਦਰ ਸਰਕਾਰ ਦੇ ਤਾਜ਼ਾ ਅੰਕੜਿਆਂ ਮੁਤਾਬਕ ਸਾਲ 2018 ਤੋਂ 2020 ਤੱਕ ਤਿੰਨ ਸਾਲਾਂ ਦੇ ਅਰਸੇ ਦੌਰਾਨ 9140 ਵਿਅਕਤੀਆਂ ਨੇ ਬੇਰੁਜ਼ਗਾਰੀ ਕਰਕੇ ਮੌਤ ਨੂੰ ਗਲ ਲਾ ਲਿਆ ਜਦੋਂਕਿ ਦੀਵਾਲੀਆ ਹੋਣ ਕਰਕੇ 16000 ਤੋਂ ਵੱਧ ਵਿਅਕਤੀ ਖੁਦਕੁਸ਼ੀਆਂ ਕਰ ਗਏ। ਸਾਲ 2020 ਵਿੱਚ 3548 ਵਿਅਕਤੀਆਂ ਜਦੋਂਕਿ 2019 ਤੇ 2018 ਵਿਚ ਕ੍ਰਮਵਾਰ 2851 ਤੇ 2741 ਵਿਅਕਤੀਆਂ ਨੇ ਖੁਦਕੁਸ਼ੀ ਕੀਤੀ।



ਅਸਲ ਵਿਚ, ਤਕਰੀਬਨ ਸਾਰੀਆਂ ਸਿਆਸੀ ਧਿਰਾਂ ਇਸ ਵਾਰ ਮੁਫਤਖੋਰੀ ਦੇ ਐਲਾਨਾਂ ਨਾਲ ਬਾਜ਼ੀ ਮਾਰਨ ਉਤੇ ਟਿੱਲ ਲਾ ਰਹੀਆਂ ਹਨ। ਭਾਜਪਾ ਵੱਲੋਂ ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਸੱਤਾ 'ਮਜ਼ਬੂਤ ਹੱਥਾਂ' ਵਿਚ ਦੇਣ ਤੇ ਰਾਸ਼ਟਰਵਾਦ ਦਾ ਵਾਸਤਾ ਪਾਇਆ ਜਾ ਰਿਹਾ ਹੈ। ਕਾਂਗਰਸ ਸਰਕਾਰ ਵਿਚ ਸਾਢੇ ਚਾਰ ਸਾਲ ਮੁੱਖ ਮੰਤਰੀ ਵਜੋਂ ਸੂਬੇ ਦੀ ਕਮਾਨ ਸੰਭਾਲਣ ਵਾਲੇ ਕੈਪਟਨ ਅਮਰਿੰਦਰ ਸਿੰਘ ਹੁਣ ਵੱਖਰੀ ਪਾਰਟੀ ਬਣਾ ਭਾਜਪਾ ਨਾਲ ਸਾਂਝ ਪਾ ਕੇ ਪੰਜਾਬ ਬਚਾਉਣ ਦਾ ਹੋਕਾ ਦੇ ਰਹੇ ਹਨ। ਸੂਬੇ ਦੀ ਵਿੱਤੀ ਕੰਗਾਲੀ ਤੇ ਸਰਹੱਦੀ ਸੁਰੱਖਿਆ ਦਾ ਵਾਸਤਾ ਪਾ ਰਹੇ ਹਨ। ਕੁੱਲ ਮਿਲਾ ਕੇ ਇਸ ਸਮੇਂ ਪੰਜਾਬ ਵਿਚ ਸਿਆਸੀ ਧਿਰਾਂ ਨੇ ਵਾਅਦਿਆਂ ਦੀ ਝੜੀ ਲਾਈ ਹੋਈ ਹੈ।

ਭਾਜਪਾ, ਅਕਾਲੀ ਦਲ, ਆਮ ਆਦਮੀ ਪਾਰਟੀ ਤੇ ਕਾਂਗਰਸ ਵਰਗੀਆਂ ਸਿਆਸੀ ਧਿਰਾਂ ਨੇ ਇਸ ਵਾਰ ਨਾਂ ਬਦਲ-ਬਦਲ ਕੇ ਦੂਹਰੇ ਤੀਹਰੇ ਚੋਣ ਮੈਨੀਫੈਸਟੋ ਜਾਰੀ ਕੀਤੇ ਹਨ। ਉਤੋਂ ਕੇਂਦਰੀ ਆਗੂ ਵੱਖਰੇ ਐਲਾਨ ਕਰ ਰਹੇ ਹਨ। ਕਾਂਗਰਸ ਪਿਛਲੇ 5 ਸਾਲਾਂ ਤੋਂ ਸੱਤਾ ਵਿਚ ਹੈ ਤੇ ਹੁਣ ਨਾਲਾਇਕੀਆਂ ਦੀ ਸਾਰੀ ਪੰਡ ਕੈਪਟਨ ਅਮਰਿੰਦਰ ਸਿਰ ਸੁੱਟ ਕੇ ਮੁੜ ਪਿਛਲੇ ਸਾਲ ਵਾਲੇ ਵਾਅਦੇ ਦੁਹਰਾ ਰਹੀ ਹੈ। ਮੁੱਖ ਮੰਤਰੀ ਚਰਨਜੀਤ ਚੰਨੀ ਮੁੜ ਸਰਕਾਰ ਬਣਨ ਉਤੇ ਸਰਕਾਰੀ ਸਕੂਲਾਂ ਵਿਚ ਮੁਫਤ ਸਿੱਖਿਆ, ਪਹਿਲੇ ਸਾਲ ਵਿਚ ਹੀ ਇਕ ਲੱਖ ਨੌਜਵਾਨਾਂ ਨੂੰ ਨੌਕਰੀ ਦਾ ਵਾਅਦਾ ਕਰ ਰਹੇ ਹਨ।

ਉਧਰ, ਅਕਾਲੀ ਦਲ ਬਾਦਲ ਨੇ ਚੋਣ ਮਨੋਰਥ ਪੱਤਰ ਵਿਚ 3,100 ਰੁਪਏ ਬੁਢਾਪਾ ਪੈਨਸ਼ਨ ਤੇ ਸ਼ਗਨ ਸਕੀਮ 75,000 ਰੁਪਏ ਦੇਣ, ਗਰੀਬਾਂ ਲਈ 400 ਯੂਨਿਟ ਮੁਫਤ ਬਿਜਲੀ, ਪੰਜ ਸਾਲਾਂ ਵਿਚ ਇਕ ਲੱਖ ਸਰਕਾਰੀ ਨੌਕਰੀਆਂ, ਇਕ ਲੱਖ ਸਾਲਾਨਾ ਆਮਦਨ ਵਾਲੇ ਗਰੀਬਾਂ ਲਈ 5 ਲੱਖ ਘਰ ਉਸਾਰਨ ਤੇ 10 ਲੱਖ ਰੁਪਏ ਦੇ ਬੀਮੇ ਨਾਲ ਭਾਈ ਕਨ੍ਹਈਆ ਸਕੀਮ ਮੁੜ ਸ਼ੁਰੂ ਕਰਨ ਤੇ 10 ਲੱਖ ਰੁਪਏ ਦਾ ਵਿਸ਼ੇਸ਼ ਸਟੂਡੈਂਟ ਕਾਰਡ ਜਾਰੀ ਕਰਨ ਦਾ ਵਾਅਦਾ ਕੀਤਾ ਹੈ। ਆਮ ਆਦਮੀ ਪਾਰਟੀ ਤੇ ਭਾਜਪਾ ਵੀ ਅਜਿਹੇ ਹੀ ਐਲਾਨ ਕਰ ਚੁੱਕੀਆਂ ਹਨ। ਹਾਲਾਂਕਿ ਜਿੱਤ ਪਿੱਛੋਂ ਲੋਕਾਂ ਵਾਸਤੇ ਸਰਕਾਰੀ ਖਜ਼ਾਨੇ ਦੇ ਮੂੰਹ ਖੋਲ੍ਹਣ ਦੇ ਵਾਅਦੇ ਕਰਨ ਵਾਲੀਆਂ ਸਿਆਸੀ ਧਿਰਾਂ ਸੂਬੇ ਦੇ ਵਿੱਤੀ ਸੰਕਟ ਬਾਰੇ ਗੱਲ ਕਰਨ ਤੋਂ ਪਾਸਾ ਵੱਟ ਰਹੀਆਂ ਹਨ।

ਵਿੱਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਚੋਣ ਲੜ ਰਹੀਆਂ ਪ੍ਰਮੁੱਖ ਸਿਆਸੀ ਧਿਰਾਂ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਪੁਗਾਉਣ ਲਈ ਸਾਲਾਨਾ 5 ਤੋਂ 7 ਹਜ਼ਾਰ ਕਰੋੜ ਰੁਪਏ ਤੱਕ ਦੀ ਪੂੰਜੀ ਲੋੜੀਂਦੀ ਹੈ ਤੇ ਸੂਬੇ ਦੀ ਵਿੱਤੀ ਹਾਲਤ ਇਸ ਕਦਰ ਨਿੱਘਰ ਚੁੱਕੀ ਹੈ ਕਿ ਸਿਆਸੀ ਵਾਅਦੇ ਪੁਗਾਉਣ ਦੇ ਸਮਰੱਥ ਨਹੀਂ। ਇਸ ਸਮੇਂ ਸਮੁੱਚੇ ਸਰੋਤਾਂ ਤੋਂ ਸੂਬੇ ਦੀ ਆਮਦਨ ਕਰੀਬ ਇਕ ਲੱਖ ਕਰੋੜ ਰੁਪਏ ਸਾਲਾਨਾ ਹੈ ਤੇ ਸਾਲਾਨਾ ਖਰਚ ਲਗਭਗ ਸਵਾ ਲੱਖ ਕਰੋੜ ਰੁਪਏ ਦੇ ਨੇੜੇ ਪਹੁੰਚ ਗਿਆ ਹੈ। ਇਸ ਤਰ੍ਹਾਂ 25 ਹਜ਼ਾਰ ਕਰੋੜ ਰੁਪਏ ਦਾ ਖੱਪਾ ਪੂਰਾ ਕਰਨ ਲਈ ਸਰਕਾਰ ਕਰਜ਼ੇ ਲੈਂਦੀ ਹੈ।

ਇੱਥੋਂ ਤੱਕ ਕਿ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਵਿਚ ਵੀ ਰਾਜ ਸਰਕਾਰ ਦੇ ਹਿੱਸੇ ਦੀ ਰਕਮ ਪਾਉਣ ਦਾ ਜੁਗਾੜ ਨਾ ਹੋਣ ਕਾਰਨ ਲੰਘੇ

*(ਬਾਕੀ ਸਫਾ 6 'ਤੇ)*

## ਨਰਿੰਦਰ ਮੋਦੀ ਦਾ ਬਾਦਲਾਂ ਨਾਲ ਗਿਲਾ

**ਚੰਡੀਗੜ੍ਹ:** ਪੰਜਾਬ ਫੇਰੀ ਉਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਗਿਲਾ ਜ਼ਾਹਿਰ ਕੀਤਾ। ਉਨ੍ਹਾਂ ਕਿਹਾ ਕਿ ਕਿਹਾ ਕਿ ਪੰਜਾਬ ਵਿਚ ਜਦੋਂ ਅਕਾਲੀ ਦਲ ਨਾਲ ਗੱਠਜੋੜ ਸੀ ਤਾਂ ਭਾਜਪਾ ਨੇ ਹਮੇਸ਼ਾ ਹੀ ਛੋਟੇ ਭਰਾ ਵਾਲੀ ਭੂਮਿਕਾ ਨਿਭਾਈ ਸੀ। ਇਕ ਵਾਰ ਅਜਿਹਾ ਮੌਕਾ ਵੀ ਆਇਆ ਜਦੋਂ ਭਾਜਪਾ ਤੋਂ ਬਿਨਾਂ ਪੰਜਾਬ ਵਿਚ ਸਰਕਾਰ ਨਹੀਂ ਸੀ ਬਣ ਸਕਦੀ, ਉਦੋਂ ਭਾਜਪਾ ਦਾ ਉਪ ਮੁੱਖ ਮੰਤਰੀ ਬਣਨਾ ਚਾਹੀਦਾ ਸੀ ਪਰ ਭਾਜਪਾ ਨਾਲ ਅਨਿਆਂ ਹੋਇਆ। ਉਨ੍ਹਾਂ (ਬਾਦਲ) ਆਪਣੇ ਪੁੱਤਰ ਨੂੰ ਉਪ ਮੁੱਖ ਮੰਤਰੀ ਬਣਾ ਦਿੱਤਾ ਜਦਕਿ ਭਾਜਪਾ ਦੇ ਮਨੋਰੰਜਨ ਕਾਲੀਆ ਦਾ ਪੂਰਾ ਹੱਕ ਬਣਦਾ ਸੀ।

## ਢੀਂਡਸਾ ਤੇ ਕੈਪਟਨ ਦਾ ਮੋਦੀ ਮੋਹ...

**ਚੰਡੀਗੜ੍ਹ:** ਪੰਜਾਬ ਵਿਚ ਭਾਜਪਾ ਦੇ ਜੋਟੀਦਾਰ ਬਣੇ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਆਪਣਾ ਮੋਦੀ ਪਿਆਰ ਖੁੱਲ੍ਹ ਕੇ ਜ਼ਾਹਿਰ ਕੀਤਾ ਹੈ। ਢੀਂਡਸਾ ਦਾ ਕਹਿਣਾ ਹੈ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਇਸ ਕਰਕੇ ਹਨ ਕਿਉਂਕਿ ਉਹ ਹਮੇਸ਼ਾ ਪੰਜਾਬ ਦੀ ਗੱਲ ਕਰਦੇ ਹਨ। ਕੈਪਟਨ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬਹੁਤ ਪਿਆਰ ਹੈ, ਜਿਵੇਂ ਕਾਂਗਰਸ ਵੀ ਕਹਿੰਦੀ ਹੈ ਕਿ ਮੇਰਾ ਭਾਜਪਾ ਨਾਲ ਪਿਆਰ ਹੈ। ਕੈਪਟਨ ਨੇ ਨਰਿੰਦਰ ਮੋਦੀ ਨੂੰ ਇਹ ਗੱਲ ਵੀ ਯਾਦ ਕਰਵਾਈ ਕਿ ਉਹ ਪਹਿਲੀ ਵਾਰ ਉਨ੍ਹਾਂ ਨੂੰ 30 ਸਾਲ ਪਹਿਲਾਂ ਜਲੰਧਰ ਵਿਚ ਹੀ ਇਕ ਸਮਾਗਮ ਦੌਰਾਨ ਮਿਲੇ ਸਨ।




*M Vivek Malik*

Law Office of M Vivek Malik

Toll free no 866-424-4000

ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ

Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & citizenship
ਨੈਚੂਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ

Removal defense & waivers

ACCOMPLISHED IMMIGRATION Attorneys Help FAMILIES REUNITE in the UNITED STATES Our Global & Nationwide Services in the field of U.S. Immigration & Nationality law

Our offices

432 S. Emerson Ave, Suite 220, Greenwood, IN 46143
Ph: 317 560 4777

1067 N Mason Rd, Suite 4, St Louis, Missouri 63141
Ph: 314-416-8000

2440 W Shaw Ave, Suite 205, Fresno, California 93711
Ph: 559-578-4344

www.usa.immigrationlaw.com





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।

2330 Enterprise Park Dr., Indianapolis, IN 46218

Online Application @ www.xpresscargoinc.com

# ਬਸੰਤ ਰੁੱਤ ਦੇ ਜਸ਼ਨਾਂ ਦਾ ਪ੍ਰਤੀਕ ਬਣਿਆ 'ਅੰਮ੍ਰਿਤਸਰ ਸਾਹਿਤ ਉਤਸਵ'

## ਸਾਹਿਤ ਚਿੰਤਕ ਅਮਰਜੀਤ ਸਿੰਘ ਗਰੇਵਾਲ 'ਨਾਦ ਪ੍ਰਗਾਸੁ ਸ਼ਬਦ ਸਨਮਾਨ 2022' ਨਾਲ ਸਨਮਾਨਿਤ

**ਅੰਮ੍ਰਿਤਸਰ:** 7ਵਾਂ ਅੰਮ੍ਰਿਤਸਰ ਸਾਹਿਤ ਉਤਸਵ ਸਫਲਤਾਪੂਰਵਕ ਸਮਾਪਤ ਹੋ ਗਿਆ ਹੈ। ਇਸ ਉਤਸਵ ਦੇ ਆਖਰੀ ਦਿਨ ਨਾਦ ਪ੍ਰਗਾਸੁ ਵਲੋਂ ਕਰਵਾਏ ਗਏ 'ਚੜ੍ਹਿਆ ਬਸੰਤ' ਕਵੀ-ਦਰਬਾਰ ਮੌਕੇ ਪੰਜਾਬੀ ਅਤੇ ਪੰਜਾਬੀ ਦੀਆਂ ਉਪ ਬੋਲੀਆਂ ਦੇ ਕਵੀਆਂ ਨੇ ਜਿਥੇ ਸਰੋਤਿਆਂ ਨੂੰ ਜਿੱਥੇ ਮੰਤਰ-ਮੁਗਧ ਕਰੀ ਰੱਖਿਆ, ਉਥੇ ਹੀ ਵੱਖ ਵੱਖ ਅਕਾਦਮਿਕ ਅਦਾਰਿਆਂ ਤੋਂ ਆਏ ਵਿਦਿਆਰਥੀਆਂ ਅੰਦਰ ਸਾਹਿਤ ਦੀ ਚਿਣਗ ਵੀ ਬਾਲੀ। ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਸਾਹਿਤ ਉਤਸਵ ਹਰ ਸਾਲ ਸੰਸਥਾ ਨਾਦ ਪ੍ਰਗਾਸੁ ਨਾਲ ਜੁੜੇ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਆਯੋਜਿਤ ਕੀਤਾ ਜਾਂਦਾ ਹੈ, ਜਿਸ ਵਿਚ ਸਾਹਿਤ, ਚਿੰਤਨ, ਕਲਾ ਆਦਿ ਵਿਭਿੰਨ ਪਾਸਾਰਾਂ ਬਾਬਤ ਗੰਭੀਰ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਸੱਤਵੇਂ ਅੰਮ੍ਰਿਤਸਰ ਸਾਹਿਤ ਉਤਸਵ ਦੇ ਤੀਜੇ ਅਤੇ ਆਖਰੀ ਦਿਨ ਸਭ ਤੋਂ ਪਹਿਲਾਂ ਬਸੰਤ ਰੁੱਤ ਨੂੰ ਮੁੱਖ ਰੱਖਦਿਆਂ ਬਸੰਤ ਰਾਗ ਦਾ ਗਾਇਨ ਪ੍ਰਾਚੀਨ ਬੋਦਲਾਂ ਘਰਾਣੇ ਤੋਂ ਆਏ ਭਾਈ ਅਵਤਾਰ ਸਿੰਘ ਨੇ ਕੀਤਾ।

'ਚੜ੍ਹਿਆ ਬਸੰਤ' ਕਵੀ ਦਰਬਾਰ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪ੍ਰੋ. ਸਰਬਜੋਤ ਸਿੰਘ ਬਹਿਲ ਨੇ ਕੀਤੀ। ਉਨ੍ਹਾਂ ਕਿਹਾ ਕਿ ਸੰਸਥਾ ਨਾਦ ਪ੍ਰਗਾਸੁ ਵੱਲੋਂ 'ਅੰਮ੍ਰਿਤਸਰ ਸਾਹਿਤ ਉਤਸਵ' ਅਤੇ ਵਿਸ਼ੇਸ਼ ਕਰਕੇ 'ਚੜ੍ਹਿਆ ਬਸੰਤ' ਜਿਹੇ ਸਮਾਗਮ ਦਾ ਆਯੋਜਨ ਕਰਨਾ ਵੱਡਾ ਉਪਰਾਲਾ ਹੈ। ਇਹ ਸਮਾਗਮ ਮਨੁੱਖੀ ਸੂਖਮ ਕਲਾਵਾਂ ਅਤੇ ਅੰਤਰ ਅਨੁਸ਼ਾਸਨੀ ਅਭਿਆਸਾਂ ਨੂੰ ਵਿਕਸਿਤ ਕਰਨ ਲਈ ਸਾਰਥਕ ਹੈ। ਉਨ੍ਹਾਂ ਕਿਹਾ ਕਿ ਸੰਸਥਾ ਵਲੋਂ ਅਜਿਹੇ ਨਵੇਂ ਕਵੀਆਂ ਨੂੰ ਉਭਾਰ ਕੇ ਰਵਾਇਤੀ ਕਾਵਿ-ਸ਼ੈਲੀ ਅਤੇ ਸੂਖਮ ਕਲਾਵਾਂ ਸਾਂਭਣ ਦਾ ਕੰਮ ਕੀਤਾ ਗਿਆ ਹੈ। ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਪ੍ਰਸਿੱਧ ਆਲੋਚਕ ਅਤੇ ਸਾਹਿਤਕਾਰ ਡਾ. ਮਨਮੋਹਨ ਨੇ ਸੰਸਥਾ ਵਲੋਂ ਗਿਆਨ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਜਾਂਦੇ ਯਤਨਾਂ ਦੀ ਪ੍ਰਸ਼ੰਸਾ



ਕੀਤੀ। ਉਨ੍ਹਾਂ ਇਸ ਮੌਕੇ ਆਪਣੀ ਕਵਿਤਾ 'ਕਪਾਲ ਕਿਰਿਆ' ਅਤੇ ਹੋਰ ਨਜ਼ਮਾਂ ਵੀ ਸੁਣਾਈਆਂ।

ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਸਹਿਯੋਗ ਨਾਲ ਕਰਵਾਏ 'ਚੜ੍ਹਿਆ ਬਸੰਤ' ਕਵੀ ਦਰਬਾਰ ਦਾ ਉਦਘਾਟਨ ਖਾਲਸਾ ਕਾਲਜ ਫਾਰ ਵਿਮੈਨ ਦੇ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਕੀਤਾ। ਇਸ ਤੋਂ ਬਾਅਦ ਪੰਜਾਬੀ ਤੇ ਪੰਜਾਬੀਆਂ ਦੀਆਂ ਉਪ ਬੋਲੀਆਂ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ, ਜਿਨ੍ਹਾਂ ਵਿਚ ਕੁਲਦੀਪ ਦੀਪ, ਗੁਰਜੰਟ ਸਿੰਘ, ਹਰਮੀਤ ਵਿਦਿਆਰਥੀ, ਸੁਆਮੀ ਅੰਤਰ ਨੀਰਵ, ਸੁਰਿੰਦਰ ਸਿੰਘ, ਰਾਜੇਸ਼ ਮੋਹਨ, ਅਮਰਜੀਤ ਕੌਰ ਹਿਰਦੇ, ਅਨੂ ਬਾਲਾ, ਵਿਜੇ ਵਿਵੇਕ ਅਤੇ ਦਰਸ਼ਨ ਬੁੱਟਰ ਆਦਿ ਸ਼ਾਮਲ ਸਨ। ਕਵੀ ਦਰਬਾਰ ਉਸ ਵੇਲੇ ਆਪਣੇ ਸਿਖਰ 'ਤੇ ਪੁੱਜ ਗਿਆ ਜਦੋਂ ਸੁਰਿੰਦਰ ਸਿੰਘ ਨੇ ਤਰੰਨਮ ਵਿਚ ਆਪਣਾ ਗੀਤ 'ਕਿਸੇ ਵਿੰਨ੍ਹ ਹੋਈ ਪੌਣ ਦੀ ਆਵਾਜ਼ ਨੇ' ਗਾਇਆ ਅਤੇ ਸੁਆਮੀ ਅੰਤਰ ਨੀਰਵ ਦੀ ਪੰਜਾਬੀ ਦੇ ਨਾਲ-ਨਾਲ ਪਹਾੜੀ ਤੇ ਪੋਠੋਹਾਰੀ ਦੀ ਕਵਿਤਾ ਸੁਣ ਕੇ ਸ੍ਰੋਤਿਆਂ ਨੇ ਤਾੜੀਆਂ ਨਾਲ ਹਾਲ ਨੂੰ ਗੂੰਜਣ ਲਾ ਦਿੱਤਾ।

ਸੰਸਥਾ ਨਾਦ ਪ੍ਰਗਾਸੁ ਵਲੋਂ ਸਾਹਿਤ ਅਤੇ ਚਿੰਤਨ ਦੇ ਖੇਤਰ ਵਿਚ ਹਰ ਸਾਲ ਦਿੱਤਾ ਜਾਂਦਾ 'ਨਾਦ ਪ੍ਰਗਾਸੁ ਸ਼ਬਦ ਸਨਮਾਨ' ਇਸ ਵਰ੍ਹੇ ਪੰਜਾਬੀ ਸਾਹਿਤ ਚਿੰਤਕ ਅਤੇ ਮਸ਼ਹੂਰ ਆਲੋਚਕ ਅਮਰਜੀਤ ਸਿੰਘ ਗਰੇਵਾਲ ਨੂੰ ਪ੍ਰਦਾਨ ਕੀਤਾ ਗਿਆ, ਜਿਸ ਵਿਚ ਇੱਕੀ ਹਜ਼ਾਰ ਦੀ ਰਾਸ਼ੀ, ਸ਼ਾਲ, ਸਨਮਾਨ ਪੱਤਰ ਅਤੇ ਕਿਤਾਬਾਂ ਦੇ ਸੈੱਟ ਭੇਟ ਕੀਤੇ ਗਏ। ਉਨ੍ਹਾਂ ਨੇ ਇਸ ਸਨਮਾਨ ਨੂੰ ਖੁਸ਼ੀ ਅਤੇ ਮਾਣ ਵਾਲੀ ਗੱਲ ਦੱਸਦਿਆਂ ਕਿਹਾ ਕਿ ਸੰਸਥਾ ਸ਼ਬਦ ਪਰੰਪਰਾ ਸਾਂਭਣ ਦਾ ਕਾਰਜ ਕਰ ਰਹੀ ਹੈ।

ਵਿਦਿਆਰਥੀਆਂ ਨੇ ਉਤਸਵ ਵਿਚ ਆਯੋਜਿਤ ਪ੍ਰਦਰਸ਼ਨੀਆਂ ਦਾ ਵੀ ਆਨੰਦ ਮਾਣਿਆ। ਖ਼ਾਲਸਾ ਕਾਲਜ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਅਤੇ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਉਤਸਵ ਦੇ ਅੰਤ ਵਿਚ ਧੰਨਵਾਦੀ ਸ਼ਬਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਡਾ. ਸੁਖਵਿੰਦਰ ਸਿੰਘ ਵਲੋਂ ਪੇਸ਼ ਕੀਤੇ ਗਏ। ਕਵੀ ਦਰਬਾਰ ਦਾ ਮੰਚ ਸੰਚਾਲਨ ਡਾ. ਰਣਧੀਰ ਕੌਰ ਅਤੇ ਹਰਕਮਲਪ੍ਰੀਤ ਸਿੰਘ ਨੇ ਕੀਤਾ। ਇਸ ਮੌਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ, ਵਾਈਸਮਾਨ ਇੰਸਟੀਚਿਊਟ ਆਫ ਸਾਇੰਸ, ਰਖੋਵਤ, ਇਜ਼ਰਾਇਲ, ਦਿੱਲੀ ਯੂਨੀਵਰਸਿਟੀ ਨਵੀਂ ਦਿੱਲੀ, ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਨਵੀਂ ਦਿੱਲੀ, ਸੈਂਟਰਲ ਯੂਨੀਵਰਸਿਟੀ ਆਫ ਕਸ਼ਮੀਰ, ਜੰਮੂ ਯੂਨੀਵਰਸਿਟੀ ਜੰਮੂ, ਸਰਕਾਰੀ ਕਾਲਜ, ਬਿਸ਼ਨਾ, ਜੰਮੂ, ਆਈ.ਆਈ.ਟੀ. ਦਿੱਲੀ, ਭਾਈ ਵੀਰ ਸਿੰਘ ਵਿਦਿਆਲਾ, ਜਗਤ ਗੁਰੂ ਨਾਨਕ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ, ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ, ਖ਼ਾਲਸਾ ਕਾਲਜ ਅੰਮ੍ਰਿਤਸਰ, ਸਰੂਪ ਰਾਣੀ ਸਰਕਾਰੀ ਕਾਲਜ ਅੰਮ੍ਰਿਤਸਰ ਤੋਂ ਇਲਾਵਾ ਅਕਾਦਮਿਕ ਅਤੇ ਸਾਹਿਤ ਜਗਤ ਦੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਇਸ ਤਿੰਨ ਰੋਜ਼ਾ ਸਾਹਿਤ ਉਤਸਵ ਵਿਚ ਭਾਗ ਲਿਆ।

# ਗੋਲੀਆਂ ਮਾਰ ਕੇ ਔਰਤ ਦੀ ਹੱਤਿਆ

## ਪੁਲਿਸ 'ਤੇ ਵੀ ਚਲਾਈਆਂ ਗੋਲੀਆਂ, 9 ਪੁਲਿਸ ਅਫਸਰ ਜ਼ਖਮੀ

**ਸੈਕਰਾਮੈਂਟੋ:** ਫੋਨਿਕਸ ਨੀਮ ਸ਼ਹਿਰੀ ਖੇਤਰ ਵਿਚ ਇਕ ਘਰ ਵਿਚ ਗੋਲੀਆਂ ਮਾਰ ਕੇ ਔਰਤ ਦੀ ਹੱਤਿਆ ਕਰਨ ਉਪਰੰਤ ਮੌਕੇ ਉਪਰ ਪਹੁੰਚੀ ਪੁਲਿਸ 'ਤੇ ਵੀ ਸ਼ੱਕੀ ਹਮਲਾਵਰ ਨੇ ਗੋਲੀਆਂ ਚਲਾ ਕੇ 9 ਪੁਲਿਸ ਅਫਸਰਾਂ ਨੂੰ ਜ਼ਖਮੀ ਕਰ ਦਿੱਤਾ।

ਪੁਲਿਸ ਦੇ ਬੁਲਾਰੇ ਐਂਡੀ ਵਿਲੀਅਮ ਨੇ ਕਿਹਾ ਹੈ ਕਿ ਜਦੋਂ ਇਕ ਪੁਲਿਸ ਅਫਸਰ ਮੌਕੇ ਉਪਰ ਪੁੱਜਾ ਤਾਂ ਉਸ ਉਪਰ ਸ਼ੱਕੀ ਹਮਲਾਵਰ ਨੇ ਘਾਤ ਲਾ ਕੇ ਹਮਲਾ ਕਰ ਦਿੱਤਾ। ਉਸ ਦੇ ਕਈ ਗੋਲੀਆਂ ਵੱਜੀਆਂ ਪਰ ਉਸ ਨੇ ਕਿਸੇ ਤਰ੍ਹਾਂ ਆਪਣੇ ਆਪ ਨੂੰ ਬਚਾ ਕੇ ਹੋਰ ਪੁਲਿਸ ਅਫਸਰਾਂ ਨੂੰ ਬੁਲਾ ਲਿਆ। ਸ਼ੱਕੀ ਨੇ ਮੌਕੇ ਉਪਰ ਪੁੱਜੇ 9 ਹੋਰ ਪੁਲਿਸ ਅਫਸਰਾਂ ਨੂੰ ਵੀ ਗੋਲੀਆਂ ਮਾਰ ਕੇ ਜ਼ਖਮੀ ਕਰ ਦਿੱਤਾ। ਪੁਲਿਸ ਨੇ ਵੀ ਜਵਾਬ ਵਿਚ ਗੋਲੀਆਂ ਚਲਾਈਆਂ। ਬਾਅਦ ਵਿਚ ਸ਼ੱਕੀ ਵਿਅਕਤੀ ਦੀ ਘਰ ਵਿਚੋਂ ਲਾਸ਼ ਮਿਲੀ। ਮੌਕੇ ਉਪਰ ਇਕ ਔਰਤ ਗੰਭੀਰ ਹਾਲਤ ਵਿਚ ਮਿਲੀ ਜੋ ਬਾਅਦ ਵਿਚ ਦਮ ਤੋੜ ਗਈ। ਸ਼ੱਕੀ ਵਿਅਕਤੀ ਦੀ ਪਛਾਣ 36 ਸਾਲਾ ਮੌਰਿਸ ਜੋਨਜ਼ ਵਜੋਂ ਹੋਈ ਹੈ। ਮਾਰੀ ਗਈ ਔਰਤ ਦੋਸ਼ੀ ਦੀ ਸਾਬਕਾ ਮਿੱਤਰ ਸੀ।

ਪੁਲਿਸ ਨੂੰ ਘਰ ਵਿਚੋਂ ਇਕ ਬੱਚਾ ਵੀ ਮਿਲਿਆ ਹੈ ਜੋ ਪੁਲਿਸ ਦੀ ਹਿਰਾਸਤ ਵਿਚ ਹੈ। ਜ਼ਖਮੀ ਹੋਏ ਪੁਲਿਸ ਅਫਸਰਾਂ ਦੀ ਹਾਲਤ ਠੀਕ ਹੈ।


3E Tours offers

A Journey of Hearts' desire
Yatra of prominent holy Sikh Shrines
in the Punjab-Pakistan



Nankana Sahib



Gurdwara Darbar Sahib
Kartarpur

Eight Day Tour

Meticulously arranged & superbly conducted
by a team of experienced tour operators

affordable Package Price which includes Air fare,
hotel accommodation, food and transportation

For contact please:

3E Tours
Explore | Experience | Enjoy

Special Introductory offer

3500 US,$
Package includes
(Air tickets, Hotel, Food, Transportation and Shrines visits)
Limited seats Last date 2.28.2022

Muhammad Umar
Cell: (847)409-7009, email: anzlimo@gmail.com
50 Desplaines Lane,Hoffman Estates, IL-60169 United States of America



ਤੰਦੂਰੀਏ, ਕੁੱਕ, ਕਿਚਨ ਹੈਲਪਰ,
ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ
'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ,
ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500

41-48



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ
ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

# ਵਿਦੇਸ਼ੀ ਵਿਦਿਆਰਥੀਆਂ ਦੇ ਸ਼ੋਸ਼ਣ ਵਿਰੁੱਧ ਤਰਕਸ਼ੀਲ ਸੁਸਾਇਟੀ ਵਲੋਂ ਪ੍ਰਦਰਸ਼ਨ

**ਸਰੀ:** ਤਰਕਸ਼ੀਲ ਸੁਸਾਇਟੀ ਕੈਨੇਡਾ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਸ਼ੋਸ਼ਣ ਅਤੇ ਵਿਸ਼ੇਸ਼ ਕਰਕੇ ਮੌਂਟਰੀਅਲ ਦੇ ਤਿੰਨ ਕਾਲਜਾਂ ਵਲੋਂ ਆਪਣੇ ਅਪ ਨੂੰ ਦੀਵਾਲੀਆ ਐਲਾਨ ਕੇ ਸੈਂਕੜੇ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾਉਣ ਖਿਲਾਫ਼ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਹਾਲੈਂਡ ਪਾਰਕ ਸਰੀ ਵਿਖੇ ਰੋਸ ਪ੍ਰਦਰਸ਼ਨ ਕੀਤਾ।

ਮੁਜ਼ਹਰਾਕਾਰੀਆਂ ਨੇ ਆਪਣੇ ਹੱਥਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੱਕ ਵਿਚ ਬੈਨਰ ਫੜੇ ਹੋਏ ਸਨ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਸੁਸਾਇਟੀ ਕੈਨੇਡਾ ਬੀ.ਸੀ. ਦੇ ਪ੍ਰਧਾਨ ਅਵਤਾਰ ਬਾਈ, ਪਰਮਿੰਦਰ ਕੌਰ ਸਵੈਚ, ਨਵਜੋਤ ਢਿੱਲੋਂ, ਬਲਜਿੰਦਰ ਕੌਰ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਮੌਂਟਰੀਅਲ ਸਥਿਤ ਤਿੰਨ ਕਾਲਜਾਂ ਦੇ ਪ੍ਰਬੰਧਕਾਂ ਨੇ ਵਿਦਿਆਰਥੀਆਂ ਪਾਸੋਂ ਲੱਖਾਂ ਡਾਲਰ ਇਕੱਠੇ ਕਰ ਕੇ ਆਪਣੇ ਆਪ ਨੂੰ ਦੀਵਾਲੀਆ ਐਲਾਨ ਦਿੱਤਾ ਹੈ ਅਤੇ ਕਾਲਜ ਬੰਦ ਕਰ ਕੇ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾ ਦਿੱਤਾ ਹੈ। ਇਹ ਵਿਦਿਆਰਥੀਆਂ ਨਾਲ ਵੱਡਾ ਅਨਿਆਂ ਹੈ।




ਬੁਲਾਰਿਆਂ ਨੇ ਫੈਡਰਲ ਸਰਕਾਰ ਅਤੇ ਕਿਊਬਿਕ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਇਨਸਾਫ ਦੁਆਇਆ ਜਾਵੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਖਰਚੇ ਪੂਰੇ ਕਰਨ ਲਈ ਕਈ ਵਾਰ ਕਾਨੂੰਨੀ ਤੌਰ 'ਤੇ ਹਫਤੇ ਵਿਚ ਮਨਜ਼ੂਰ 20 ਘੰਟਿਆਂ ਤੋਂ ਵੱਧ ਕੰਮ ਕਰਨਾ ਪੈਂਦਾ ਹੈ, ਜੋ ਉਨ੍ਹਾਂ ਦੀ ਲੁੱਟ ਦਾ ਕਾਰਨ ਬਣਦਾ ਹੈ। ਬਹੁਤ ਸਾਰੇ ਕੇਸਾਂ ਵਿਚ ਮਾਲਕਾਂ ਵਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਬਣਦੇ ਪੈਸੇ ਨਹੀਂ ਦਿੱਤੇ ਜਾਂਦੇ ਤੇ ਵਿਦਿਆਰਥੀਆਂ ਨੂੰ ਡਰਾਇਆ ਧਮਕਾਇਆ ਜਾਂਦਾ ਹੈ।

ਕੈਨੇਡਾ ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਵਿਦੇਸ਼ੀ ਵਿਦਿਆਰਥੀਆਂ ਪਾਸੋਂ ਕੈਨੇਡੀਅਨ ਵਿਦਿਆਰਥੀਆਂ ਦੇ ਮੁਕਾਬਲੇ ਤਿੰਨ ਗੁਣਾ ਵੱਧ ਫੀਸਾਂ ਵਸੂਲੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਕੈਨੇਡੀਅਨ ਵਿਦਿਆਰਥੀਆਂ ਵਾਂਗ ਹੀ ਕਾਨੂੰਨੀ ਤੌਰ 'ਤੇ ਪੂਰਾ ਸਮਾਂ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਕਿ ਕੋਈ ਵੀ ਉਨ੍ਹਾਂ ਦੀ ਲੁੱਟ ਨਾ ਕਰ ਸਕੇ।

ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ
ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ:
ਫੋਨ: 651-353-9584

Punjab Times
Ph: 847-359-0746

ਬਜ਼ੁਰਗ ਲਈ ਲਿਵ-ਇਨ ਸਹਾਇਕ ਦੀ ਲੋੜ ਹੈ
ਯੰਗਸਟਾਊਨ, ਓਹਾਇਓ,(ਯੂਐੱਸਏ) ਵਿਚ ਪਰਕਿੰਸਨ'ਸ ਦੀ ਬਿਮਾਰੀ ਨਾਲ ਪੀੜਤ ਪੰਜਾਬੀ ਬਜ਼ੁਰਗ ਦੀ ਰੋਜ਼ਾਨਾ ਦੀਆਂ ਗਤੀਵਿਧੀਆਂ ਵਿਚ ਸਹਾਇਤਾ ਕਰਨ ਲਈ ਦਿਆਲੂ ਤੇ ਹਮਦਰਦ ਲਿਵ-ਇਨ ਸਹਾਇਕ ਦੀ ਲੋੜ ਹੈ, ਜੋ ਰੋਜ਼ਾਨਾ ਥੈਰੇਪੀ ਅਭਿਆਸ (ਬੋਲਣ, ਸਰੀਰਕ, ਕਿੱਤਾਮੁਖੀ ਥੈਰੇਪੀ) ਕਰਵਾ ਸਕਦਾ/ਸਕਦੀ ਹੋਵੇ, ਸੁਰੱਖਿਆ ਦਾ ਧਿਆਨ ਰੱਖੇ ਅਤੇ ਨਹਾਉਣ, ਡਰੈਸਿੰਗ ਅਤੇ ਦਵਾਈਆਂ ਵਿਚ ਮਦਦ ਕਰ ਸਕੇ।
ਟੈਕਸ ਤੋਂ ਪਹਿਲਾਂ ਦੀ ਤਨਖਾਹ $1000/ਹਫ਼ਤਾ,
ਕਮਰਾ/ਖਾਣਾ ਮੁਹੱਈਆ ਕਰਵਾਇਆ ਜਾਵੇਗਾ
ਕੋਵਿਡ ਟੀਕਾਕਰਨ ਲਾਜ਼ਮੀ
ਚਾਹਵਾਨ ਸੰਪਰਕ ਜਾਂ ਮੈਸੇਜ ਕਰਨ: 330-366-6095
Compassionate and Kind Live-in Helper Required
Compassionate and kind live-in helper needed for elderly Punjabi retiree in Youngstown, Ohio, (USA) who has Parkinson's Disease and requires assistance with daily activities. Primary responsibilities include guiding daily therapy exercises (speech, physical, occupational therapy), ensuring safety, and help with bathing, dressing, and medications
Pre-tax salary $1000/week, room/meals provided.
Must be COVID vaccinated.
Call or Text at: 330-366-6095 if interested.

# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

Jatt Sikh family Looking for a jatt sikh, well settled match for their U.S born and raised jatt sikh 30, 6'3" son. Degree in criminal justice. Job in transportation. Send picture and biodata at 630-550-0299 or Email at: Dilbaghothi51@gmail.com 8-11

Jatt Sikh family in search of beautifull, educated, family orientated, USA citizen, Green card holder 5'6" Jatt Sikh match for their 33, 6`1", handsome, US born, bachelor degree holder and business executive son. Contact us at 317-767-1636 or Email at: singh2026@hotmail.com 6-10

Jatt Sikh Sangha family looking for suitable match for their American citizen son, 28, 6'-2", Masters in Computer Science. Vegetarian preferred. Please Contact us at 636- 577-5615 or Email at: vijaypalsangha@gmail.com.

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

*To Advertise with Punjab Times Call: 847-359-0746*
*Fax:847-705-9388, e-mail: punjabtimes1@gmail.com*
*Visit us on the web:wwwpunjabtimesusa.com*

# ਚੋਣ ਮਾਹੌਲ ਵਿਚ ਮੁੜ ਉਭਰਿਆ ਕਾਂਗਰਸ ਦਾ ਅੰਦਰੂਨੀ ਕਲੇਸ਼

**ਚੰਡੀਗੜ੍ਹ:** ਪੰਜਾਬ ਕਾਂਗਰਸ ਦਾ ਅੰਦਰੂਨੀ ਕਲੇਸ਼ ਵਿਧਾਨ ਸਭਾ ਚੋਣਾਂ ਵਿਚਾਲੇ ਵੀ ਸਿਖਰਾਂ ਉਤੇ ਹੈ। ਕਾਂਗਰਸ ਦੇ ਆਪਣੇ ਆਗੂ ਪਾਰਟੀ ਦੀਆਂ ਨੀਤੀ ਉਤੇ ਸਵਾਲ ਚੁੱਕ ਕੇ ਵਿਧਾਨ ਸਭਾ ਦਾ ਰਾਹ ਔਖਾ ਕਰਨ ਵਿਚ ਜੁਟੇ ਹੋਏ ਹਨ। ਇਥੋਂ ਤੱਕ ਕਿ ਪਾਰਟੀ ਨੂੰ ਪੰਜਾਬ ਵਿਚ ਮੌਜੂਦਾ ਤੇ ਸਾਬਕਾ ਪ੍ਰਧਾਨਾਂ ਨੇ ਘੇਰਿਆ ਹੋਇਆ ਹੈ। ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ, ਸੁਨੀਲ ਜਾਖੜ ਵੱਲੋਂ ਪਾਰਟੀਆਂ ਦੀਆਂ ਨੀਤੀਆਂ ਉਤੇ ਸਵਾਲ ਚੁੱਕੇ ਜਾ ਰਹੇ ਹਨ, ਉਥੇ ਮੌਜੂਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਪਾਰਟੀ ਦੇ ਹੱਕ ਵਿਚ ਚੋਣ ਪ੍ਰਚਾਰ ਤੋਂ ਟਾਲਾ ਵੱਟ ਰਹੇ ਹਨ।



ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਹਲਕਾ ਧੂਰੀ 'ਚ ਪਾਰਟੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਦੀ ਹਾਜਰੀ 'ਚ ਰੈਲੀ ਨੂੰ ਸੰਬੋਧਨ ਕਰਨ ਤੋਂ ਇਨਕਾਰ ਕਰ ਦਿੱਤਾ। ਇੰਜ ਜਾਪਿਆ ਜਿਵੇਂ ਨਵਜੋਤ ਸਿੱਧੂ ਰੁੱਸੇ ਹੋਏ ਹੋਣ। ਮੁੱਖ ਮੰਤਰੀ ਚਿਹਰਾ ਨਾ ਐਲਾਨੇ ਜਾਣ ਤੋਂ ਵੀ ਨਵਜੋਤ ਸਿੱਧੂ ਅੰਦਰੋਂ ਨਾਖ਼ੁਸ਼ ਹਨ ਅਤੇ ਬੇਵੱਸ ਵੀ ਹਨ।

ਮੌਜੂਦਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਪੰਜਾਬ 'ਚ ਟਿਕਟਾਂ ਦੀ ਵੰਡ ਉਤੇ ਸਵਾਲ ਖੜ੍ਹੇ ਕਰਕੇ ਚੋਣਾਂ ਦੌਰਾਨ ਕਾਂਗਰਸ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਉਨ੍ਹਾਂ ਸਿੱਧੇ ਤੌਰ ਉਤੇ ਦੋਸ਼ ਲਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਚੰਨੀ, ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਤੇ ਸਕਰੀਨਿੰਗ ਕਮੇਟੀ ਵਲੋਂ ਮਿਲੀਭੁਗਤ ਕਰਕੇ ਸ਼ਰਾਬ, ਪ੍ਰਾਪਰਟੀ ਤੇ ਰੇਤ ਮਾਫੀਆ ਨਾਲ ਸਬੰਧ ਰੱਖਣ ਵਾਲੇ ਆਗੂਆਂ ਨੂੰ ਟਿਕਟਾਂ ਦਿੱਤੀਆਂ ਗਈਆਂ, ਜਦਕਿ ਪੁਰਾਣੇ ਟਕਸਾਲੀ ਆਗੂਆਂ ਨੂੰ ਜਲੀਲ ਕਰਕੇ ਪਾਰਟੀ ਤੋਂ ਬਾਹਰ ਕਰ ਦਿੱਤਾ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਹਰੀਸ਼ ਚੌਧਰੀ ਅਤੇ ਸਕਰੀਨਿੰਗ ਕਮੇਟੀ ਮੈਂਬਰਾਂ ਵੱਲੋਂ ਹਾਈਕਮਾਨ ਨੂੰ ਝੂਠੀਆਂ ਰਿਪੋਰਟਾਂ ਦਿੱਤੀਆਂ ਗਈਆਂ, ਜਿਸ ਆਧਾਰ 'ਤੇ ਟਕਸਾਲੀ ਤੇ ਪਾਰਟੀ ਲਈ ਕੁਰਬਾਨੀਆਂ ਦੇਣ ਵਾਲੇ ਆਗੂਆਂ ਦੀਆਂ ਟਿਕਟਾਂ ਕੱਟ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਪੁੱਛਣਾ ਚਾਹੁੰਦੇ ਹਨ ਕਿ ਉਹ ਕਹਿੰਦੇ ਸਨ ਕਿ 'ਮੈਂ ਰਹਾਂਗਾ ਜਾਂ ਮਾਫੀਆ' ਪਰ ਹੁਣ ਮਾਫੀਆ ਨਾਲ ਸਬੰਧ ਰੱਖਣ ਵਾਲੇ ਆਗੂਆਂ ਅਤੇ ਵਜ਼ੀਫਾ ਰਾਸ਼ੀ 'ਚ ਕਰੋੜਾਂ ਦੀ ਘਪਲੇਬਾਜ਼ੀ ਕਰਨ ਵਾਲਿਆਂ ਨੂੰ ਟਿਕਟਾਂ ਦੇ ਦਿੱਤੀਆਂ ਗਈਆਂ ਤਾਂ ਹੁਣ ਉਨ੍ਹਾਂ ਦਾ ਸਟੈਂਡ ਕੀ ਹੈ। ਉਨ੍ਹਾਂ ਕਿਹਾ ਕਿ ਸਿੱਧੂ ਕਿਉਂ ਚੁੱਪ ਕਰਕੇ ਬੈਠ ਗਏ ਹਨ। ਉਨ੍ਹਾਂ ਨੇ ਕਾਂਗਰਸ ਹਾਈਕਮਾਨ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਪੰਜਾਬ 'ਚ ਟਿਕਟਾਂ ਦੀ ਗਲਤ ਵੰਡ ਨੂੰ ਲੈ ਕੇ ਉੱਚ ਪੱਧਰੀ ਜਾਂਚ ਕਮੇਟੀ ਬਿਠਾਈ ਜਾਵੇ ਤਾਂ ਜੋ ਟਿਕਟਾਂ ਦੀ ਵੰਡ ਵੇਲੇ ਕੀਤੀ ਗਈ ਧਾਂਦਲੀ ਦਾ ਪਰਦਾਫਾਸ਼ ਹੋ ਸਕੇ। ਉਨ੍ਹਾਂ ਕਿਹਾ ਕਿ ਪੁਰਾਣੇ ਅਤੇ ਸੀਨੀਅਰ ਟਕਸਾਲੀ ਕਾਂਗਰਸੀ ਆਗੂ ਮਹਿੰਦਰ ਸਿੰਘ ਕੇ.ਪੀ, ਜਗਮੋਹਨ ਸਿੰਘ ਕੰਗ, ਕ੍ਰਿਸ਼ਨ ਕੁਮਾਰ ਬਾਵਾ, ਫਤਹਿਜੰਗ ਸਿੰਘ ਬਾਜਵਾ, ਨੱਥੂ ਰਾਮ, ਅਜਾਇਬ ਸਿੰਘ ਭੱਟੀ, ਦਮਨ ਬਾਜਵਾ ਸਮੇਤ ਹੋਰ ਕਈ ਆਗੂ ਪਾਰਟੀ ਨੇ ਗਲਤ ਰਿਪੋਰਟਾਂ ਦੇ ਆਧਾਰ 'ਤੇ ਟਿਕਟਾਂ ਨਾ ਦੇ ਕੇ ਅਤੇ ਜਲੀਲ ਕਰਕੇ ਗੁਆ ਲਏ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਨ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਲਈ ਹਟਾਇਆ ਗਿਆ ਸੀ ਕਿ ਉਨ੍ਹਾਂ 'ਤੇ ਦੋਸ਼ ਸੀ ਕਿ ਉਹ ਮਾਫੀਆ ਦਾ ਸਾਥ ਦੇ ਰਹੇ ਹਨ, ਪਰ ਜਿਨ੍ਹਾਂ ਕਾਂਗਰਸੀ ਵਿਧਾਇਕਾਂ ਅਤੇ ਮੰਤਰੀਆਂ ਨੂੰ ਕੈਪਟਨ ਨੇ ਖੁਦ ਮਾਫੀਆ ਨਾਲ ਸਬੰਧ ਹੋਣ ਦੀ ਗੱਲ ਕਹੀ ਸੀ, ਉਨ੍ਹਾਂ ਨੂੰ ਹੀ ਫਿਰ ਤੋਂ ਟਿਕਟਾਂ ਦੇ ਦਿੱਤੀਆਂ ਗਈਆਂ।

ਇਧਰ, ਜਲੰਧਰ ਜਿਲ੍ਹੇ 'ਚ ਪੈਂਦੀਆਂ 9 ਵਿਧਾਨ ਸਭਾ ਸੀਟਾਂ 'ਚੋਂ ਵੀ ਬਹੁਤੀਆਂ ਉਤੇ ਕਾਂਗਰਸ ਨੂੰ ਆਪਣਿਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਸੀਟਾਂ 'ਤੇ ਹਾਲਾਂਕਿ ਇਹ ਵਿਰੋਧ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਿਹਾ ਪਰ 2-3 ਹਲਕੇ ਅਜਿਹੇ ਹਨ, ਜਿਥੇ ਕਾਂਗਰਸ ਨੂੰ ਆਪਣੇ ਵਿਰੋਧੀਆਂ ਦੇ ਹੱਥੋਂ ਨੁਕਸਾਨ ਦਾ ਡਰ ਸਤਾ ਰਿਹਾ ਹੈ। ਇਨ੍ਹਾਂ ਹਲਕਿਆਂ 'ਚ ਸਭ ਤੋਂ ਪਹਿਲਾਂ ਆਦਮਪੁਰ ਹਲਕੇ ਦਾ ਜ਼ਿਕਰ ਆਉਂਦਾ ਹੈ, ਜਿੱਥੋਂ ਪਾਰਟੀ ਹਾਈਕਮਾਨ ਵੱਲੋਂ ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇ.ਪੀ. ਦੀ ਟਿਕਟ ਕੱਟ ਕੇ ਕੁਝ ਦਿਨ ਪਹਿਲਾਂ ਹੀ ਬਸਪਾ ਤੋਂ ਆਏ ਆਗੂ ਸੁਖਵਿੰਦਰ ਸਿੰਘ ਕੋਟਲੀ ਨੂੰ ਦੇ ਦਿੱਤੀ ਗਈ। ਇਸੇ ਤਰ੍ਹਾਂ ਨਕੋਦਰ ਹਲਕੇ 'ਚ ਵੀ ਟਿਕਟ ਨਾ ਮਿਲਣ ਕਾਰਨ ਨਾਰਾਜ਼ ਚੱਲ ਰਹੇ ਕੁਝ ਕਾਂਗਰਸੀ ਆਗੂਆਂ ਨੂੰ ਮਨਾਉਣ 'ਚ ਕਾਂਗਰਸੀ ਉਮੀਦਵਾਰ ਡਾ. ਨਵਜੋਤ ਸਿੰਘ ਦਾਹੀਆ ਬੇਸ਼ੱਕ ਸਫਲ ਰਹੇ ਹਨ ਪਰ ਫਿਰ ਵੀ ਕੁਝ ਇਕ ਆਗੂ ਅਜੇ ਵੀ ਉਨ੍ਹਾਂ ਦੇ ਹੱਕ 'ਚ ਖੁੱਲ੍ਹ ਕੇ ਨਹੀਂ ਚੱਲ ਰਹੇ। ਵਿਧਾਨ ਸਭਾ ਹਲਕਾ ਜਲੰਧਰ ਉੱਤਰੀ ਤੋਂ ਕਾਂਗਰਸ ਦੇ ਉਮੀਦਵਾਰ ਬਾਵਾ ਹੈਨਰੀ ਨੂੰ ਵੀ ਆਪਣੀ ਹੀ ਪਾਰਟੀ ਦੇ ਦੋ-ਦੋ ਬਾਗੀ ਉਮੀਦਵਾਰਾਂ ਤੋਂ ਚੁਣੌਤੀ ਮਿਲ ਰਹੀ ਹੈ। ਵਿਧਾਨ ਸਭਾ ਹਲਕਾ ਫਿਲੌਰ ਤੋਂ ਵੀ ਕਾਂਗਰਸ ਦਾ ਹਿੱਸਾ ਰਹੇ ਸਾਬਕਾ ਕੈਬਨਿਟ ਮੰਤਰੀ ਸਰਵਨ ਸਿੰਘ ਫਿਲੌਰ ਕਾਂਗਰਸ ਨੂੰ ਛੱਡ ਚੁੱਕੇ ਹਨ ਤੇ ਉਨ੍ਹਾਂ ਦਾ ਬੇਟਾ ਦਮਨਵੀਰ ਸਿੰਘ ਫਿਲੌਰ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਵਲੋਂ ਚੋਣ ਮੈਦਾਨ 'ਚ ਹੈ।

## ਅੰਬਿਕਾ ਸੋਨੀ ਨੇ ਪੰਜਾਬ ਦੀ ਪਿੱਠ 'ਚ ਛੁਰਾ ਮਾਰਿਆ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਜਦੋਂ ਮੇਰੇ ਹੱਕ ਵਿਚ 40 ਵਿਧਾਇਕ ਸਨ ਤਾਂ ਮੈਨੂੰ ਮੁੱਖ ਮੰਤਰੀ ਨਹੀਂ ਬਣਾਇਆ ਗਿਆ। ਮੈਂ ਅੰਬਿਕਾ ਸੋਨੀ ਨੂੰ ਉਸ ਸਮੇਂ ਵੀ ਕਿਹਾ ਸੀ ਕਿ ਤੁਸੀਂ ਪੰਜਾਬ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਸੀਨੀਅਰ ਆਗੂ ਅੰਬਿਕਾ ਸੋਨੀ 'ਤੇ ਹਮਲਾ ਬੋਲਿਆ ਕਿ ਅੰਬਿਕਾ ਸੋਨੀ ਕੋਈ ਕਾਂਗਰਸ ਨਹੀਂ ਹੈ, ਜਿਵੇਂ ਉਹ ਪਾਰਟੀ ਦੇ ਆਗੂ ਹਨ, ਉਹ ਵੀ ਆਗੂ ਹੀ ਹਨ। ਜਾਖੜ ਨੇ ਕਿਹਾ ਕਿ 3-4 ਲੀਡਰਾਂ ਨੇ ਹਾਈਕਮਾਨ ਕੋਲ ਗਲਤ ਫੀਡਬੈਕ ਦਿੱਤਾ। ਹਾਈਕਮਾਨ ਨੂੰ ਮੇਰੇ 'ਤੇ ਪੂਰਾ ਭਰੋਸਾ ਹੈ ਅਤੇ ਪੰਜਾਬ ਦੀ ਖੈਰੀਅਤ ਨੂੰ ਸਾਹਮਣੇ ਰੱਖ ਕੇ ਫੈਸਲਾ ਕੀਤਾ ਗਿਆ।

## ਨਾਰਾਜ਼ ਆਗੂਆਂ ਨੂੰ ਮਨਾਉਣ 'ਚ ਅਸਫਲ ਰਹੇ ਬਿੱਟੂ

**ਅੰਮ੍ਰਿਤਸਰ:** ਸੰਸਦ ਮੈਂਬਰ ਤੇ ਚੋਣ ਪ੍ਰਬੰਧਕੀ ਕਮੇਟੀ ਦੇ ਮੁਖੀ ਰਵਨੀਤ ਸਿੰਘ ਬਿੱਟੂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਕੁਝ ਹੋਰ ਕਾਂਗਰਸੀ ਉਮੀਦਵਾਰਾਂ ਦੇ ਚੋਣ ਪ੍ਰਚਾਰ ਤੋਂ ਕਿਨਾਰਾ ਕਰਨ ਵਾਲੇ ਨਾਰਾਜ਼ ਕਾਂਗਰਸੀ ਆਗੂਆਂ ਨਾਲ ਅੱਜ ਇੱਥੇ ਮੀਟਿੰਗ ਕੀਤੀ ਪਰ ਫਿਲਹਾਲ ਇਸ ਦਾ ਕੋਈ ਫਾਇਦਾ ਹੋਇਆ ਨਹੀਂ ਜਾਪ ਰਿਹਾ। ਇਸ ਸਬੰਧੀ ਬਿੱਟੂ ਨੇ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਦਿਨੇਸ਼ ਬੱਸੀ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਅਸ਼ਵਨੀ ਪੱਪੂ ਤੇ ਹੋਰ ਕਈ ਆਗੂਆਂ ਨਾਲ ਮੀਟਿੰਗ ਕੀਤੀ। ਮੀਟਿੰਗ ਮਗਰੋਂ ਬਿੱਟੂ ਨੇ ਆਖਿਆ ਕਿ ਕਾਂਗਰਸ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ 'ਚੋਂ ਕੁਝ ਮੰਨ ਗਏ ਹਨ ਪਰ ਜਿਹੜੇ ਨਹੀਂ ਮੰਨੇ ਹੁਣ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾਵੇਗੀ।

# ਵਿਦਿਆਰਥੀਆਂ ਵਲੋਂ ਇਸਾਈ ਸਮਾਗਮ ਵਿਚ ਜਬਰਨ ਭੇਜਣ ਦਾ ਵਿਰੋਧ

**ਸੈਕਰਾਮੈਂਟੋ:** ਹੰਟਿੰਗਟਨ ਹਾਈ ਸਕੂਲ ਵੈਸਟ ਵਰਜੀਨੀਆ ਵਿਚ ਆਯੋਜਿਤ ਇਸਾਈ ਸੰਮੇਲਨ ਵਿਚ ਜਾਣ ਦਾ ਵਿਦਿਆਰਥੀਆਂ ਵਲੋਂ ਵਿਰੋਧ ਕੀਤਾ ਗਿਆ। ਇਸ ਸੰਮੇਲਨ ਵਿਚ ਇਸਾਈ ਪਾਦਰੀ ਨਿਕ ਵਾਕਰ ਵਲੋਂ ਵਿਦਿਆਰਥੀਆਂ ਨੂੰ ਅੱਖਾਂ ਬੰਦ ਕਰ ਕੇ ਤੇ ਹੱਥ ਉਪਰ ਕਰ ਕੇ ਜੀਸਸ ਅੱਗੇ ਪ੍ਰਾਰਥਨਾ ਕਰਨ ਲਈ ਕਿਹਾ ਗਿਆ। ਨਿਕ ਵਾਕਰ ਨੇ ਕਿਹਾ ਕਿ ਜੋ ਲੋਕ ਬਾਈਬਲ ਨੂੰ ਨਹੀਂ ਮੰਨਣਗੇ, ਉਹ ਮਰਨ ਤੋਂ ਬਾਅਦ ਨਰਕਾਂ ਵਿਚ ਜਾਣਗੇ। ਕਈ ਵਿਦਿਆਰਥੀਆਂ ਨੇ ਇਸ ਸੰਮੇਲਨ ਦਾ ਵਿਰੋਧ ਕੀਤਾ ਤੇ ਉਹ ਬਾਈਕਾਟ ਕਰ ਕੇ ਬਾਹਰ ਆ ਗਏ। ਵਿਦਿਆਰਥੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਸੰਮੇਲਨ ਬਾਰੇ ਤੇ ਇਸ ਦੇ ਬੁਲਾਰੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਕੇਵਲ ਏਨਾ ਕਿਹਾ ਗਿਆ ਕਿ ਸੰਮੇਲਨ ਵਿਚ ਜਾਣਾ ਜ਼ਰੂਰੀ ਹੈ।


ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

# ਸੜਕ ਹਾਦਸੇ ਵਿਚ ਅਦਾਕਾਰ ਦੀਪ ਸਿੱਧੂ ਦਾ ਦੇਹਾਂਤ

**ਪਾਣੀਪਤ:** ਪਿਛਲੇ ਸਾਲ ਗਣਤੰਤਰ ਦਿਵਸ ਮੌਕੇ ਲਾਲ ਕਿਲ੍ਹੇ 'ਤੇ ਹੋਈ ਹਿੰਸਾ ਤੋਂ ਸੁਰਖੀਆਂ ਵਿਚ ਆਏ ਅਦਾਕਾਰ ਦੀਪ ਸਿੱਧੂ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਇਹ ਪਤਾ ਲੱਗਾ ਹੈ ਕਿ ਉਹ ਆਪ ਹੀ ਜੀਪ ਚਲਾ ਰਿਹਾ ਸੀ ਜੋ ਖੜ੍ਹੇ ਟਰਾਲੇ ਨਾਲ ਜਾ ਟਕਰਾਈ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਹਾਦਸੇ ਵੇਲੇ ਉਸ ਨਾਲ ਕਾਰ ਵਿਚ ਇਕ ਲੜਕੀ ਵੀ ਸਵਾਰ ਸੀ ਜਿਸ ਦੇ ਵੀ ਸੱਟਾਂ ਲੱਗੀਆਂ ਹਨ। ਇਹ ਹਾਦਸਾ ਰਾਤ ਨੌਂ ਵਜੇ ਦੇ ਕਰੀਬ ਕੁੰਡਲੀ-ਮਾਨੇਸਰ ਐਕਸਪ੍ਰੈਸ ਵੇਅ ਨੇੜੇ ਹੋਇਆ। ਉਹ ਦਿੱਲੀ ਤੋਂ ਪੰਜਾਬ ਜਾ ਰਹੇ ਸਨ। ਜ਼ਿਕਰਯੋਗ ਹੈ ਕਿ ਦੀਪ ਸਿੱਧੂ ਨੇ ਦਿੱਲੀ ਦੀ ਹੱਦ 'ਤੇ ਚੱਲੇ ਕਿਸਾਨ ਅੰਦੋਲਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਸੀ ਅਤੇ ਉਹ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਲਈ ਪੰਜਾਬ ਵਿਚ ਪ੍ਰਚਾਰ ਕਰ ਰਿਹਾ ਸੀ।



ਅਪਰੈਲ 1984 ਵਿਚ ਪੰਜਾਬ ਦੇ ਮੁਕਤਸਰ ਜ਼ਿਲ੍ਹੇ ਵਿਚ ਜਨਮੇ ਦੀਪ ਸਿੱਧੂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਨਾਲ ਕੀਤੀ ਸੀ। ਉਸ ਨੇ ਕਾਨੂੰਨ ਦੀ ਪੜ੍ਹਾਈ ਕੀਤੀ ਅਤੇ ਉਹ ਕਿੰਗਫਿਸ਼ਰ ਮਾਡਲ ਹੰਟ ਦਾ ਜੇਤੂ ਵੀ ਰਿਹਾ। ਉਸ ਨੇ ਮਿਸਟਰ ਇੰਡੀਆ ਮੁਕਾਬਲੇ ਵਿਚ ਮਿਸਟਰ ਪਰਸਨੈਲਿਟੀ ਦਾ ਖਿਤਾਬ ਵੀ ਜਿੱਤਿਆ। ਉਸ ਦੀ ਪਹਿਲੀ ਪੰਜਾਬੀ ਫਿਲਮ 'ਰਮਤਾ ਜੋਗੀ' ਸਾਲ 2015 'ਚ ਰਿਲੀਜ਼ ਹੋਈ ਸੀ। ਦੀਪ ਨੇ 2018 ਦੀ ਫਿਲਮ 'ਜੋਰਾ ਦਸ ਨੰਬਰੀਆ' ਨਾਲ ਨਾਮਣਾ ਖੱਟਿਆ ਸੀ ਜਿਸ ਵਿਚ ਉਸ ਨੇ ਗੈਂਗਸਟਰ ਦੀ ਭੂਮਿਕਾ ਨਿਭਾਈ ਸੀ।

ਯਾਦ ਰਹੇ ਕਿ ਜਦੋਂ ਪੰਜਾਬ ਵਿਚ ਕਿਸਾਨ ਅੰਦੋਲਨ ਭਖਿਆ ਅਤੇ ਕਿਸਾਨ ਜਥੇਬੰਦੀਆਂ ਨੇ ਵੱਡੀਆਂ ਰੈਲੀਆਂ ਸ਼ੁਰੂ ਕੀਤੀਆਂ ਤਾਂ ਦੀਪ ਸਿੱਧੂ ਅਤੇ ਕੁਝ ਹੋਰਾਂ ਨੇ ਰਲ ਕੇ ਸ਼ੰਭੂ ਬਾਰਡਰ ਉਤੇ ਆਪਣਾ ਵੱਖਰਾ ਮੋਰਚਾ ਲਾ ਲਿਆ। ਇਸ ਤੋਂ ਬਾਅਦ ਉਹ ਕਿਸਾਨ ਜਥੇਬੰਦੀਆਂ ਤੋਂ ਵੱਖ ਹੋ ਕੇ ਹੀ ਚੱਲਿਆ ਅਤੇ ਕਿਸਾਨ ਅੰਦੋਲਨ ਦਾ ਹਿੱਸਾ ਬਣਨ ਲਈ ਜ਼ੋਰ-ਅਜ਼ਮਾਈ ਕਰਦਾ ਰਿਹਾ ਪਰ ਕਈ ਮੌਕਿਆ 'ਤੇ ਦੀਪ ਸਿੱਧੂ ਵੱਲੋਂ ਕਿਸਾਨ ਆਗੂਆਂ ਦੀ ਕੀਤੀ ਤਿੱਖੀ ਨੁਕਤਾਚੀਨੀ ਕਾਰਨ ਕਿਸਾਨ ਆਗੂਆਂ ਨੇ ਉਸ ਨੂੰ ਨੇੜੇ ਨਹੀਂ ਢੁੱਕਣ ਦਿੱਤਾ ਅਤੇ ਉਹ ਇਕ ਵੀ ਵਾਰ ਵੀ ਕਿਸਾਨ ਮੋਰਚੇ ਦੀ ਸਟੇਜ ਤੋਂ ਸੰਬੋਧਨ ਨਹੀਂ ਕਰ ਸਕਿਆ। ਫਿਰ 26 ਜਨਵਰੀ 2021 ਨੂੰ ਲਾਲ ਕਿਲ੍ਹੇ ਵਾਲੀ ਘਟਨਾ ਦੀਪ ਸਿੱਧੂ ਅਤੇ ਕਿਸਾਨ ਮੋਰਚੇ ਵਿਚਕਾਰ ਦਰਾੜ ਹੋਰ ਵਧ ਗਈ। ਅਸਲ ਵਿਚ ਦੀਪ ਸਿੱਧੂ ਜਿੰਨੀ ਤੇਜ਼ੀ ਨਾਲ ਕਿਸਾਨ ਅੰਦੋਲਨ ਦੌਰਾਨ ਉਭਰਿਆ, ਉਸ ਪੱਧਰ ਦੀ ਸਿਆਸੀ ਸੂਝ ਅਤੇ ਸਿਆਣਪ ਉਹ ਦਿਖਾ ਨਹੀਂ ਸਕਿਆ। ਸਿੱਟੇ ਵਜੋਂ ਕਿਸਾਨ ਅੰਦੋਲਨ ਦੌਰਾਨ ਉਸ ਦੇ ਢੰਗ ਨਾਲ ਪੈਰ ਹੀ ਨਾ ਲੱਗ ਸਕੇ।

## ਕਿਸਾਨਾਂ ਵੱਲੋਂ ਮੋਦੀ ਦੀ ਰੈਲੀ ਖਿਲਾਫ ਪੰਜਾਬ ਭਰ 'ਚ ਰੋਸ ਮੁਜ਼ਾਹਰੇ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਪਿੰਡਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ ਅਤੇ ਕੇਂਦਰ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਇਨ੍ਹਾਂ ਰੋਸ ਪ੍ਰਦਰਸ਼ਨਾਂ ਦੌਰਾਨ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਹਕੂਮਤੀ ਦਬਾਅ ਕਾਰਨ ਲਖੀਮਪੁਰ ਖੀਰੀ ਕਤਲ ਕਾਂਡ ਦੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦਿੱਤੀ ਗਈ ਹੈ। ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਨਿਯੁਕਤ ਪੰਜਾਬ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਰਾਕੇਸ਼ ਕੁਮਾਰ ਜੈਨ ਦੀ ਅਗਵਾਈ ਹੇਠ ਬਣੀ ਵਿਸ਼ੇਸ਼ ਜਾਂਚ ਟੀਮ ਨੇ ਇਸ ਕਤਲ ਕਾਂਡ ਨੂੰ ਅਣਗਹਿਲੀ ਵੱਸ ਹੋਏ ਕਾਰੇ ਦੀ ਥਾਂ ਕਿਸਾਨਾਂ ਨੂੰ ਮਾਰਨ ਲਈ ਬਣਾਈ ਇਕ ਸਾਜ਼ਿਸ਼ ਕਰਾਰ ਦਿੱਤਾ ਸੀ।

ਕਿਸਾਨ ਆਗੂਆਂ ਨੇ ਕਿਹਾ ਕਿ ਅਲਾਹਾਬਾਦ ਹਾਈ ਕੋਰਟ ਵੱਲੋਂ ਆਸ਼ੀਸ਼ ਮਿਸ਼ਰਾ ਨੂੰ ਦਿੱਤੀ ਗਈ ਜ਼ਮਾਨਤ ਅਤੇ ਗ੍ਰਹਿ ਰਾਜ ਮੰਤਰੀ ਦਾ ਸਿਆਸੀ ਦਬਾਅ ਇਸ ਕੇਸ ਨੂੰ ਪ੍ਰਭਾਵਿਤ ਕਰੇਗਾ। ਪਿੰਡ-ਪਿੰਡ ਮੋਦੀ ਹਕੂਮਤ ਦੀਆਂ ਅਰਥੀਆਂ ਸਾੜਦਿਆਂ ਬੁਲਾਰਿਆਂ ਨੇ ਐਲਾਨ ਕੀਤਾ ਕਿ ਸਮੁੱਚੇ ਪੰਜਾਬ ਅੰਦਰ ਜਿਲ੍ਹਾ/ਤਹਿਸੀਲ ਹੈੱਡਕੁਆਰਟਰਾਂ 'ਤੇ ਵਿਸ਼ਾਲ ਰੋਸ ਮਾਰਚ ਕਰਕੇ ਮੋਦੀ ਸਰਕਾਰ ਦੀਆਂ ਅਰਥੀਆਂ ਸਾੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿੱਲੀ ਦੀਆਂ ਹੱਦਾਂ ਤੋਂ ਅੰਦੋਲਨ ਸਮੇਟਣ ਵੇਲੇ ਜੋ ਕਿਸਾਨਾਂ ਨਾਲ ਵਾਅਦੇ ਕੀਤੇ ਗਏ ਉਹ ਅਜੇ ਤੱਕ ਪੂਰੇ ਨਹੀਂ ਕੀਤੇ ਗਏ। ਆਗੂਆਂ ਨੇ ਭਾਜਪਾ ਉਮੀਦਵਾਰਾਂ ਦਾ ਬਾਈਕਾਟ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਲੋਕ ਕਿਸਾਨਾਂ ਦੀ ਕਾਤਲ ਭਾਜਪਾ ਅਤੇ ਉਸ ਦੇ ਸਹਿਯੋਗੀ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦਾ ਬਾਈਕਾਟ ਕਰਨ।

## ਮੋਦੀ ਵੱਲੋਂ 'ਨਵਾਂ ਪੰਜਾਬ ਭਾਜਪਾ ਦੇ ਨਾਲ' ਨਾਅਰਾ ਬੁਲੰਦ

**ਜਲੰਧਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪਾਰਟੀ ਵੱਲੋਂ ਦਿੱਤੇ ਗਏ ਨਾਅਰੇ 'ਨਵਾਂ ਪੰਜਾਬ ਭਾਜਪਾ ਦੇ ਨਾਲ' ਨੂੰ ਪੂਰੇ ਜੋਰ ਨਾਲ ਉਭਾਰਿਆ। ਉਨ੍ਹਾਂ ਇਥੇ ਪੀ.ਏ.ਪੀ. ਗਰਾਊਂਡ ਵਿਚ ਕੀਤੀ ਚੋਣ ਰੈਲੀ 'ਚ ਕਿਹਾ ਕਿ ਨਵਾਂ ਪੰਜਾਬ ਕਰਜ਼ੇ, ਮਾਫੀਆ ਤੇ ਨਸ਼ਿਆਂ ਤੋਂ ਪੂਰੀ ਤਰ੍ਹਾਂ ਮੁਕਤ ਹੋਵੇਗਾ, ਸਾਰਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਪੰਜਾਬ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਬਣੇਗੀ।

ਨਰਿੰਦਰ ਮੋਦੀ ਨੇ ਆਪਣੇ ਸਾਰੇ ਭਾਸ਼ਣ ਵਿਚ ਹਮਲਾਵਰ ਰੁਖ ਅਪਣਾਉਂਦਿਆਂ ਵਿਰੋਧੀਆਂ 'ਤੇ ਨਿਸ਼ਾਨੇ ਲਾਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਐਨ.ਡੀ.ਏ. ਦੀ ਸਰਕਾਰ ਬਣਨ ਨਾਲ ਸੂਬੇ ਦੇ ਵਿਕਾਸ ਦਾ ਨਵਾਂ ਅਧਿਆਏ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਉਦੋਂ ਹੀ ਤਰੱਕੀ ਕਰ ਸਕਦਾ ਹੈ ਜਦੋਂ ਪੰਜਾਬ ਤਰੱਕੀ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵਿਰਾਸਤ ਨੂੰ ਸੰਭਾਲਿਆ ਜਾਵੇਗਾ ਤੇ ਇਸ ਨੂੰ ਤਰੱਕੀ ਦੀਆਂ ਲੀਹਾਂ 'ਤੇ ਤੋਰਿਆ ਜਾਵੇਗਾ। ਉਨ੍ਹਾਂ ਆਪਣੇ ਭਾਸ਼ਣ ਵਿਚ ਵਾਰ-ਵਾਰ 'ਨਵਾਂ ਪੰਜਾਬ ਭਾਜਪਾ ਦੇ ਨਾਲ' ਨਾਅਰੇ ਨੂੰ ਦੁਹਰਾਉਂਦਿਆਂ ਕਿਹਾ ਕਿ ਸੂਬੇ ਵਿਚ ਪੂਰੀ ਤਰ੍ਹਾਂ ਨਾਲ ਕਾਨੂੰਨ ਦਾ ਰਾਜ ਹੋਵੇਗਾ। ਇਥੇ ਮਾਫੀਆ ਤੇ ਭ੍ਰਿਸ਼ਟਾਚਾਰ ਲਈ ਕੋਈ ਥਾਂ ਨਹੀਂ ਹੋਵੇਗੀ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇਥੇ ਵੀ 'ਡਬਲ ਇੰਜਣ' ਵਾਲੀ ਸਰਕਾਰ ਬਣਾਉਣ ਤਾਂ ਜੋ ਕੇਂਦਰ ਤੇ ਸੂਬਾ ਸਰਕਾਰਾਂ ਰਲ ਕੇ ਪੰਜਾਬ ਦੀ ਤਰੱਕੀ ਲਈ ਕੰਮ ਕਰ ਸਕਣ।

## ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਨੇ ਕਾਂਗਰਸ ਛੱਡੀ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਨੇ ਕਾਂਗਰਸ ਤੋਂ ਅਸਤੀਫਾ ਦੇ ਦਿੱਤਾ ਹੈ ਜਿਸ ਨਾਲ ਪਾਰਟੀ ਨਾਲ ਉਨ੍ਹਾਂ ਦਾ ਕਾਂਗਰਸ ਨਾਲ 46 ਸਾਲ ਦਾ ਰਿਸ਼ਤਾ ਖਤਮ ਹੋ ਗਿਆ। ਉਨ੍ਹਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਆਪਣਾ ਅਸਤੀਫਾ ਭੇਜਦਿਆਂ ਕਿਹਾ ਕਿ ਉਹ ਪਾਰਟੀ ਵਿਚੋਂ ਬਾਹਰ ਹੋ ਕੇ ਦੇਸ਼ ਲਈ ਬਿਹਤਰ ਸੇਵਾ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਜ਼ਮੀਨੀ ਹਕੀਕਤ ਤੋਂ ਦੂਰ ਹੋ ਗਈ ਹੈ ਅਤੇ ਹੁਣ ਉਸ 'ਚ ਕੌਮੀ ਪਾਰਟੀ ਹੋਣ ਦਾ ਮਿਜ਼ਾਜ ਨਹੀਂ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਆਪਣੇ ਪਤਨ ਵੱਲ ਵਧ ਰਹੀ ਹੈ ਪਰ ਉਹ ਆਤਮ-ਪੜਚੋਲ ਕਰਨ ਲਈ ਤਿਆਰ ਨਹੀਂ ਹੈ।

## ਚੋਣ ਮੇਲਾ ਲੁੱਟਣ ਲਈ ਸਿਆਸੀ ਧਿਰਾਂ ਦਾ ਲੱਗਿਆ ਜ਼ੋਰ

*(ਸਫਾ ਇਕ ਦੀ ਬਾਕੀ)*

ਸਾਲ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਵਰਗੀਆਂ ਕੇਂਦਰੀ ਯੋਜਨਾਵਾਂ ਦਾ ਸੂਬਾ ਲਾਭ ਨਹੀਂ ਉਠਾ ਸਕਿਆ। ਪੰਜਾਬ ਸਰਕਾਰ ਸਿਰ ਕਰਜ਼ੇ ਦਾ ਬੋਝ 2 ਲੱਖ 85 ਹਜ਼ਾਰ ਕਰੋੜ ਰੁਪਏ ਦੇ ਕਰੀਬ ਪਹੁੰਚ ਗਿਆ ਹੈ। ਇਸ ਕਰਜ਼ੇ ਦੇ ਸਿਰਫ ਵਿਆਜ ਦੀ ਅਦਾਇਗੀ ਹੀ 20 ਹਜ਼ਾਰ ਕਰੋੜ ਰੁਪਏ ਸਾਲਾਨਾ ਕੀਤੀ ਜਾਂਦੀ ਹੈ ਤੇ 15 ਹਜ਼ਾਰ ਕਰੋੜ ਰੁਪਏ ਦੇ ਕਰੀਬ ਮੂਲ ਦੀ ਰਾਸ਼ੀ ਅਦਾ ਕੀਤੀ ਜਾਂਦੀ ਹੈ।

ਪੰਜਾਬ ਵਿਚ ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਮਗਰੋਂ ਕਈ ਤਰ੍ਹਾਂ ਦੇ ਐਲਾਨ ਕੀਤੇ ਜਿਸ ਦਾ ਸਰਕਾਰੀ ਖਜ਼ਾਨੇ 'ਤੇ 5 ਤੋਂ 7 ਹਜ਼ਾਰ ਕਰੋੜ ਰੁਪਏ ਦਾ ਬੋਝ ਪਿਆ ਮੰਨਿਆ ਜਾ ਰਿਹਾ ਹੈ। ਇਕ ਜਾਣਕਾਰੀ ਮੁਤਾਬਕ ਚਲੰਤ ਮਾਲੀ ਸਾਲ ਦੌਰਾਨ ਸਰਕਾਰ ਨੇ ਸਬਸਿਡੀਆਂ ਦੇ ਰੂਪ ਵਿਚ ਪਾਵਰਕੌਮ ਨੂੰ 20,525 ਕਰੋੜ ਰੁਪਏ ਦੇਣੇ ਸਨ। ਇਸ 'ਚੋਂ ਹੁਣ ਤੱਕ 9,500 ਕਰੋੜ ਰੁਪਏ ਹੀ ਦਿੱਤੇ ਗਏ। ਇਸ ਤਰ੍ਹਾਂ ਨਵੀਂ ਬਣਨ ਵਾਲੀ ਸਰਕਾਰ ਲਈ 11,025 ਕਰੋੜ ਰੁਪਏ ਸਮੇਤ ਹੋਰ ਬਕਾਇਆਂ ਦੀ ਰਾਸ਼ੀ ਸਣੇ ਤਕਰੀਬਨ 15,000 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਹੈ ਤੇ ਅਗਲੇ ਮਾਲੀ ਸਾਲ ਦੀ ਵੀ 15 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਦਾ ਬੋਝ ਹੋਵੇਗਾ ਤੇ ਸਰਕਾਰ ਲਈ ਇਕੋ ਸਾਲ ਵਿੱਚ 30 ਹਜ਼ਾਰ ਕਰੋੜ ਰੁਪਏ ਦਾ ਮਾਲੀ ਭਾਰ ਝੱਲਣਾ ਕਿਸੇ ਵੀ ਤਰ੍ਹਾਂ ਸਮਰੱਥ ਦਿਖਾਈ ਨਹੀਂ ਦੇ ਰਹੀ। ਅਜਿਹੇ ਹਾਲਾਤ ਵਿਚ ਕੋਈ ਸਿਆਸੀ ਧਿਰ ਸਰਕਾਰ ਬਣਾ ਕੇ ਕਿੰਨੇ ਕੁ ਵਾਅਦੇ ਵਫਾ ਕਰੇਗੀ, ਸ਼ਾਇਦ ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ।

## ਲਖੀਮਪੁਰ ਖੀਰੀ ਘਟਨਾ ਦਾ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਜੇਲ੍ਹ ਤੋਂ ਰਿਹਾਅ

**ਲਖੀਮਪੁਰ:** ਲਖੀਮਪੁਰ ਖੀਰੀ ਘਟਨਾ ਦਾ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਜੇਲ੍ਹ ਤੋਂ ਰਿਹਾਅ ਹੋ ਗਿਆ ਹੈ। ਉਸੀ ਦੀ 129 ਦਿਨ ਬਾਅਦ ਰਿਹਾਈ ਹੋਈ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਲੜਕੇ ਨੂੰ ਪਿਛਲੇ ਵੀਰਵਾਰ ਹਾਈ ਕੋਰਟ ਵਿਚੋਂ ਜ਼ਮਾਨਤ ਮਿਲੀ ਸੀ ਤੇ ਪਿਛਲੇ ਸਾਲ ਲਖੀਮਪੁਰ ਖੀਰੀ ਦੇ ਤਿਨਕੁਨੀਆ ਵਿਚ ਕਿਸਾਨਾਂ ਨੂੰ ਗੱਡੀ ਹੇਠ ਦਰੜਨ ਦੇ ਮਾਮਲੇ 'ਚ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਉਧਰ, ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਕਾਂਡ, ਜਿਸ ਵਿਚ ਚਾਰ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ ਸੀ, ਖਿਲਾਫ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਸੁਪਰੀਮ ਕੋਰਟ ਵਿਚ ਪਹੁੰਚ ਕਰੇਗਾ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਅਜੈ ਮਿਸ਼ਰਾ 'ਟੈਨੀ' ਦਾ ਪੁੱਤਰ ਆਸ਼ੀਸ਼ ਮਿਸ਼ਰਾ ਇਸ ਕੇਸ ਦਾ ਮੁੱਖ ਮੁਲਜ਼ਮ ਹੈ ਅਤੇ ਅਲਾਹਾਬਾਦ ਹਾਈ ਕੋਰਟ ਨੇ 10 ਫਰਵਰੀ ਨੂੰ ਉਸ ਨੂੰ ਜ਼ਮਾਨਤ ਦੇ ਦਿੱਤੀ ਸੀ। ਇਸ ਖਿਲਾਫ ਸੁਪਰੀਮ ਕੋਰਟ ਦਾ ਦਰ ਖੜਕਾਇਆ ਜਾਵੇਗਾ।

## ਕੈਨੇਡਾ: ਟਰੂਡੋ ਨੇ ਟਰੱਕਾਂ ਵਾਲਿਆਂ ਲਈ ਐਮਰਜੈਂਸੀ ਤਾਕਤਾਂ ਵਰਤੀਆਂ

**ਓਟਵਾ:** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੇ ਟਰੱਕ ਡਰਾਈਵਰਾਂ ਅਤੇ ਹੋਰਾਂ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਨਜਿੱਠਣ ਲਈ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੇ ਕੋਵਿਡ-19 ਪਾਬੰਦੀਆਂ ਵਿਰੁੱਧ ਓਟਵਾ ਨੂੰ ਠੱਪ ਕਰ ਦਿੱਤਾ ਅਤੇ ਅਮਰੀਕਾ ਨਾਲ ਲੱਗਦੀ ਸਰਹੱਦ 'ਤੇ ਆਵਾਜਾਈ ਵਿਚ ਵਿਘਨ ਪਾਇਆ ਹੈ। ਟਰੂਡੋ ਨੇ ਫੌਜ ਦੀ ਵਰਤੋਂ ਕਰਨ ਦੀ ਸੰਭਾਵਨਾ ਨੂੰ ਖਾਰਜ ਕਰ ਦਿੱਤਾ ਅਤੇ ਕਿਹਾ ਕਿ ਹੰਗਾਮੀ ਹਾਲਾਤ 'ਚ ਕਦਮ ਨਿਸ਼ਚਿਤ ਸਮੇਂ ਦੇ ਨਾਲ ਨਾਲ ਭੂਗੋਲਿਕ ਆਧਾਰ 'ਤੇ ਚੁੱਕੇ ਜਾਣਗੇ।'

ਉਧਰ, ਕੋਵਿਡ- 19 ਸਬੰਧੀ ਪਾਬੰਦੀਆਂ ਖਿਲਾਫ ਮੁਜ਼ਾਹਰਿਆਂ ਕਾਰਨ ਲਗਭਗ ਇਕ ਹਫਤਾ ਬੰਦ ਰਹਿਣ ਮਗਰੋਂ ਸਭ ਤੋਂ ਵੱਧ ਰੁਝੇਵੇਂ ਭਰਿਆ ਰਹਿਣ ਵਾਲਾ ਅਮਰੀਕਾ-ਕੈਨੇਡਾ ਪੁਲ ਮੁੜ ਖੁੱਲ੍ਹ ਗਿਆ। ਡੈਟ੍ਰਾਇਟ ਇੰਟਰਨੈਸ਼ਨਲ ਬ੍ਰਿਜ (ਕੰਪਨੀ) ਨੇ ਦੱਸਿਆ ਕਿ ਅੰਬੈਸਡਰ ਬ੍ਰਿਜ ਹੁਣ ਪੂਰੀ ਤਰ੍ਹਾਂ ਖੁੱਲ੍ਹ ਗਿਆ ਹੈ ਜਿਸ ਨਾਲ ਕੈਨੇਡਾ ਤੇ ਅਮਰੀਕੀ ਅਰਥ-ਵਿਵਸਥਾਵਾਂ ਵਿਚ ਇਕ ਵਾਰ ਮੁੜ ਕਾਰੋਬਾਰ ਸ਼ੁਰੂ ਹੋ ਗਿਆ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ



**Punjab Times**
**Established in 2000**
**22nd Year in Publication**

Published every Saturday
by **A B Publication Inc.**


20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com


**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੁੱਦੇ ਗਾਇਬ; ਹਰ ਸਿਆਸੀ ਧਿਰ ਵੱਲੋਂ ਇਕ-ਦੂਜੇ ’ਤੇ ਦੂਸ਼ਣਾਂ ਉਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਜਿਥੇ ਸਾਰੀਆਂ ਸਿਆਸੀ ਪਾਰਟੀਆਂ ਨੇ ਪੂਰਾ ਟਿੱਲ ਲਾ ਦਿੱਤਾ ਹੈ, ਉਥੇ ਹੀ ਪਾਰਟੀ ਉਮੀਦਵਾਰਾਂ ਵਿਚਾਲੇ ਸ਼ਬਦੀ ਜੰਗ ਵੀ ਲਗਾਤਾਰ ਜੋਰ ਫੜਦੀ ਜਾ ਰਹੀ ਹੈ। ਸਿਆਸਤਦਾਨ ਖੁੱਲ੍ਹ ਕੇ ਇਕ ਦੂਜੇ ਵਿਰੁੱਧ ਜ਼ਹਿਰੀਲੇ ਸਿਆਸੀ ਸ਼ਬਦ ਬੋਲ ਰਹੇ ਹਨ ਅਤੇ ਇਸ ‘ਚ ਹੁਣ ਪਰਿਵਾਰਕ ਮੈਂਬਰਾਂ ਅਤੇ ਸਾਥੀਆਂ ਦੇ ਨਾਂ ਲੈ ਕੇ ਉਨ੍ਹਾਂ ਨੂੰ ਵੀ ਘੜੀਸਣਾ ਸ਼ੁਰੂ ਕਰ ਦਿੱਤਾ ਹੈ।

ਅਜਿਹੇ ਮਾਹੌਲ ਵਿਚ ਅਸਲ ਮੁੱਦੇ ਗਾਇਬ ਹਨ। ਸਿਆਸੀ ਧਿਰਾਂ ਨੇ ਇਸ ਵਾਰ ਸਾਰਾ ਜ਼ੋਰ ਮੁਫ਼ਤਖ਼ੋਰੀ ਦੇ ਐਲਾਨਾਂ ਉਤੇ ਲਾਇਆ ਹੋਇਆ ਹੈ। ਹਾਲਾਤ ਇਹ ਹਨ ਕਿ ਖੇਤੀ ਪ੍ਰਧਾਨ ਸੂਬੇ ਪੰਜਾਬ ‘ਚ ਖੇਤੀ ਮੁੱਦੇ ਗਾਇਬ ਹਨ ਜਦਕਿ ਪੰਜਾਬ ਦੀ 75 ਫੀਸਦੀ ਆਬਾਦੀ ਸਿੱਧੇ ਤੌਰ ਉਤੇ ਖੇਤੀਬਾੜੀ ਉਤੇ ਨਿਰਭਰ ਹੈ।

ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਦਾਅਵਾ ਹੈ ਕਿ ਕਾਂਗਰਸ ਵੱਲੋਂ ਐਲਾਨੇ ਗਏ ਮੁੱਖ ਮੰਤਰੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਇਸ ਵਾਰ ਮੁੱਖ ਮੰਤਰੀ ਨਹੀਂ ਬਣ ਸਕਣਗੇ ਕਿਉਂਕਿ ਉਹ ਚਮਕੌਰ ਸਾਹਿਬ ਅਤੇ ਭਦੌੜ ਦੋਵਾਂ ਵਿਧਾਨ ਸਭਾ ਹਲਕਿਆਂ ਤੋਂ ਚੋਣ ਹਾਰ ਰਹੇ ਹਨ। ਸ੍ਰੀ ਕੇਜਰੀਵਾਲ ਅੰਮ੍ਰਿਤਸਰ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿਚ ਚੋਣ ਪ੍ਰਚਾਰ ਲਈ ਪੁੱਜੇ।

ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਗਏ ਸਰਵੇਖਣ ਦੌਰਾਨ ਸਾਹਮਣੇ ਆਇਆ ਕਿ ਦੋਵਾਂ ਵਿਧਾਨ ਸਭਾ ਹਲਕਿਆਂ ਵਿਚ ਕਾਂਗਰਸ ਦਾ ਉਮੀਦਵਾਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਾਲੋਂ ਪਿੱਛੇ ਚੱਲ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਥਿਤੀ ਦਿਨੋਂ ਦਿਨ ਮਜ਼ਬੂਤ ਹੋ ਰਹੀ ਹੈ ਅਤੇ ਇਨ੍ਹਾਂ ਦੋਵਾਂ ਹਲਕਿਆਂ ਵਿਚ ਵੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਹੋਵੇਗੀ।

ਉਧਰ, ਕਾਂਗਰਸ ਦੇ ਮੁੱਖ ਮੰਤਰੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਆਮ ਆਦਮੀ ਪਾਰਟੀ ਦੇ ਮੁੱਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਪਣੇ ਨਾਲ ਜਾਇਦਾਦ ਬਦਲਣ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਆਪਣੀ ਜਾਇਦਾਦ ਵੇਰਵਾ 1.16 ਕਰੋੜ ਰੁਪਏ ਦਾ ਦਿੱਤਾ ਸੀ ਪਰ ਅਰਵਿੰਦ ਕੇਜਰੀਵਾਲ ਨੇ ਝੂਠ ਬੋਲ ਕੇ ਇਸ ਨੂੰ 169 ਕਰੋੜ ਰੁਪਏ ਦੱਸ ਦਿੱਤਾ। ਉਨ੍ਹਾਂ ਭਾਜਪਾ ਤੇ ਕੇਜਰੀਵਾਲ ਨੂੰ ਕਾਲੇ ਅੰਗਰੇਜ਼ ਦੱਸਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਨੂੰ ਤਬਾਹ ਕਰਨ ‘ਚ ਅਹਿਮ ਭੂਮਿਕਾ ਨਿਭਾਈ। ਉਸੇ ਵਾਂਗ ਭਗਵੰਤ ਮਾਨ ਸੂਬੇ ਨੂੰ ਤਬਾਹ ਕਰਨ ‘ਚ ਮਹੱਤਵ ਪੂਰਨ ਰੋਲ ਨਿਭਾਏਗਾ।

ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ 2017 ਦੀਆਂ ਚੋਣਾਂ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਹੱਥ ਮਿਲਾਏ ਸਨ ਅਤੇ ਹੁਣ ਦੋਵੇਂ ਹੀ ਬੇਨਕਾਬ ਹੋ ਗਏ ਹਨ। ਉਨ੍ਹਾਂ ਕਿਹਾ ਕਿ ਦੋਵੇਂ ਹੀ ਲੋਕਾਂ ਨੂੰ ਗੁੰਮਰਾਹ ਕਰਨ ਵਿਚ ਸਫਲ ਹੋ ਗਏ ਅਤੇ ਇਸ ਦੇ ਨਤੀਜੇ ਵਜੋਂ ਕਾਂਗਰਸ ਨੂੰ ਸੂਬੇ ਵਿੱਚ ਸੱਤਾ ਮਿਲੀ ਅਤੇ ‘ਆਪ’ ਮੁੱਖ ਵਿਰੋਧੀ ਪਾਰਟੀ ਬਣ ਗਈ।

ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਤਰੱਕੀ, ਖੁਸ਼ਹਾਲੀ, ਸੁਰੱਖਿਆ ਅਤੇ ਸ਼ਾਂਤੀ ਲਈ ਭਾਜਪਾ ਅਤੇ ਸਹਿਯੋਗੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਜਿਤਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਨੂੰ ਕੇਂਦਰ ਸਰਕਾਰ ਦੀ ਬੇਹੱਦ ਲੋੜ ਹੈ। ਉਨ੍ਹਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੱਧੂ ਉਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 40 ਦਾਗੀ ਵਿਧਾਇਕਾਂ ਨੂੰ ਦੁਬਾਰਾ ਟਿਕਟਾਂ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਪੰਜਾਬ ਵਿਚ ਕਿਹੋ ਜਿਹੇ ਨੁਮਾਇੰਦੇ ਲਿਆਉਣਾ ਚਾਹੁੰਦੀ ਹੈ। ਚੰਨੀ ਨੇ 111 ਦਿਨਾਂ ਵਿਚ 33 ਹਜ਼ਾਰ ਕਰੋੜ ਬਰਬਾਦ ਕੀਤੇ ਅਤੇ ਹੁਣ ਰਾਜ ਸਰਕਾਰ ਕੋਲ ਮਾਰਚ ਮਹੀਨੇ ਲਈ ਮੁਲਾਜ਼ਮਾਂ ਦੀਆਂ ਤਨਖਾਹਾਂ ਜੋਗੇ ਵੀ ਪੈਸੇ ਨਹੀਂ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਦਾਅਵਾ ਕੀਤਾ ਕਿ ਇਸ ਵਾਰ ਮੁੜ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਨਕਾਰ ਦੇਣਗੇ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਪਾਰਟੀ ਨੂੰ 20 ਤੋਂ ਵੱਧ ਸੀਟਾਂ ਨਹੀਂ ਮਿਲਣੀਆਂ।

ਸਿੱਧੂ ਨੇ ਆਪਣੇ ਹਲਕੇ ਤੋਂ ਇਲਾਵਾ ਉਤਰੀ ਹਲਕੇ ਵਿਚ ਵੀ ਪ੍ਰਚਾਰ ਕੀਤਾ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸੀ ਆਗੂ ਨੇ ਕਿਹਾ ਕਿ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਕਾਰਗੁਜ਼ਾਰੀ ਦੇਖ ਚੁੱਕੇ ਹਨ। ਇਸ ਦੇ ਆਗੂ ਵਪਾਰੀ ਬਿਰਤੀ ਵਾਲੇ ਹਨ, ਜਿਨ੍ਹਾਂ ਨੇ ਆਪਣੀ ਸੱਤਾ ਵੇਲੇ ਆਪਣਾ ਨਿੱਜੀ ਵਪਾਰ ਉਤਸ਼ਾਹਿਤ ਕੀਤਾ। ਲੋਕ ਵਪਾਰੀਆਂ ਨੂੰ ਵੋਟ ਨਹੀਂ ਪਾਉਣਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ‘ਚੋਂ 20 ਤੋਂ ਵੱਧ ਸੀਟਾਂ ਨਹੀਂ ਮਿਲਣਗੀਆਂ। ਇਸ ਨਾਲ ਇਹ ਪਾਰਟੀ ਆਪਣੇ ਆਪ ਹੀ ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕ ਇਸ ਵਾਰ ਮਾਫੀਆ ਨੂੰ ਨਕਾਰਨਗੇ ਅਤੇ ਬਦਲਾਅ ਲਈ ਵੋਟਾਂ ਪਾਉਣਗੇ। ਜੋ ਵੀ ਪਾਰਟੀ ਬਦਲਾਅ ਦਾ ਰਾਹ ਦੱਸੇਗੀ, ਲੋਕ ਉਸ ਨਾਲ ਜੁੜਨਗੇ।



### ਮਾਨ ਨੂੰ ਅੱਗੇ ਲਾ ਕੇ ਗੁਮਰਾਹ ਕਰ ਰਿਹਾ ਹੈ ਕੇਜਰੀਵਾਲ: ਚੰਨੀ

**ਕਰਤਾਰਪੁਰ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮੁੱਖ ਮੰਤਰੀ ਦੀ ਕੁਰਸੀ ‘ਅਲਾਦੀਨ ਦਾ ਚਿਰਾਗ’ ਹੈ ਅਤੇ ਹੁਣ ਇਸ ਦਾ ਮੂੰਹ ਗਰੀਬਾਂ ਦੇ ਘਰਾਂ ਵੱਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਬੜੀ ਮੁਸ਼ਕਲ ਨਾਲ ਮੁੱਖ ਮੰਤਰੀ ਦੀ ਕੁਰਸੀ ਗਰੀਬਾਂ ਹਿੱਸੇ ਆਈ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ’ਤੇ ਸ਼ਬਦੀ ਵਾਰ ਕਰਦਿਆਂ ਕਿਹਾ ਕਿ ਹਰਿਆਣੇ ਦਾ ਰਹਿਣ ਵਾਲਾ ਬੰਦਾ ਦਿੱਲੀ ਦਾ ਮੁੱਖ ਮੰਤਰੀ ਹੈ ਅਤੇ ਭਗਵੰਤ ਮਾਨ ਨੂੰ ਮੋਹਰਾ ਬਣਾ ਕੇ ਪੰਜਾਬ ਨੂੰ ਲੁੱਟਣਾ ਚਾਹੁੰਦਾ ਹੈ।

### ਅਕਾਲੀ ਦਲ ਨੇ ਕਦੀ ਝੂਠੇ ਵਾਅਦੇ ਨਹੀਂ ਕੀਤੇ: ਸੁਖਬੀਰ

**ਗੁਰਦਾਸਪੁਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਰਕਾਰ ਰੂਪੀ ਗੱਡੀ ਤਾਂ ਹੀ ਪੂਰੀ ਗਤੀ ਨਾਲ ਦੌੜ ਸਕਦੀ ਹੈ ਜੇ ਉਸ ਦੇ ਸਹੀ ਇੰਜਣ ਦੀ ਚੋਣ ਕੀਤੀ ਜਾਵੇ। ਮੁੱਖ ਮੰਤਰੀ ਸਰਕਾਰ ਦੀ ਗੱਡੀ ਦਾ ਇੰਜਣ ਹੁੰਦਾ ਹੈ ਅਤੇ ਮੰਤਰੀ ਇਸ ਗੱਡੀ ਦੇ ਡੱਬੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਦੀ ਝੂਠੇ ਵਾਅਦੇ ਨਹੀਂ ਕੀਤੇ, ਜੋ ਵਾਅਦੇ ਕੀਤੇ ਉਹ ਪੂਰੇ ਕਰ ਕੇ ਵਿਖਾਏ ਹਨ। ਆਮ ਆਦਮੀ ਪਾਰਟੀ ਦੀ ਨੁਕਤਾਚੀਨੀ ਕਰਦਿਆਂ ਉਨ੍ਹਾਂ ਕਿਹਾ ਕਿ ਦਾਅਵੇ ਅਨੁਸਾਰ ਪਾਰਟੀ ਵੱਲੋਂ ਕਿਸੇ ਆਮ ਆਦਮੀ ਨੂੰ ਟਿਕਟ ਨਹੀਂ ਦਿੱਤੀ ਗਈ। ਇਸ ਪਾਰਟੀ ਵੱਲੋਂ 117 ਵਿਚੋਂ ਉਨ੍ਹਾਂ 65 ਉਮੀਦਵਾਰਾਂ ਨੂੰ ਟਿਕਟ ਦਿੱਤੀ ਗਈ ਹੈ ਜੋ ਦਲ ਬਦਲੂ ਹਨ। ਮਿਹਨਤੀ ਉਮੀਦਵਾਰਾਂ ਦੇ ਪੱਲੇ ਆਮ ਆਦਮੀ ਪਾਰਟੀ ਨੇ ਨਿਰਾਸ਼ਾ ਹੀ ਪਾਈ ਹੈ।

## ਵਾਅਦੇ ਪੂਰੇ ਨਾ ਕਰਨ ਵਾਲੀ ਪਾਰਟੀ ਦੀ ਮਾਨਤਾ ਰੱਦ ਹੋਣ ਦਾ ਕਾਨੂੰਨ ਬਣੇ: ਬਾਦਲ

**ਲੰਬੀ:** ਲੰਬੀ ਹਲਕੇ ਤੋਂ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਨੇ ਚੋਣ ਵਾਅਦਿਆਂ ਦੀ ਸਿਆਸਤ ‘ਤੇ ਵੱਡੇ ਸੁਆਲ ਉਠਾਏ ਹਨ। ਉਨ੍ਹਾਂ ਆਖਿਆ ਕਿ ਝੂਠੇ ਚੋਣ ਵਾਅਦਿਆਂ ਤੋਂ ਲੋਕਤੰਤਰ ਦੀ ਚੋਣ ਪ੍ਰਕਿਰਿਆ ਨੂੰ ਮੁਕਤ ਕਰਨ ਲਈ ਚੋਣ ਮਨੋਰਥ ਪੱਤਰ ‘ਚ ਦਰਜ ਵਾਅਦਿਆਂ ‘ਤੇ ਖ਼ਰਾ ਨਾ ਉੱਤਰਨ ਵਾਲੀ ਸਿਆਸੀ ਪਾਰਟੀ ਦੀ ਮਾਨਤਾ ਰੱਦ ਹੋਣ ਦਾ ਕਾਨੂੰਨ ਬਣਨਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਤਖ਼ਤ ਦਮਦਮਾ ਸਾਹਿਬ ਵਿਖੇ ਨਸ਼ਿਆਂ ਅਤੇ ਬੇਰੁਜ਼ਗਾਰੀ ਨੂੰ ਖ਼ਤਮ ਕਰਨ ਦੀਆਂ ਝੂਠੀਆਂ ਸਹੁੰਆਂ ਖਾਧੀਆਂ ਸਨ ਅਤੇ ਝੂਠੇ ਵਾਅਦਿਆਂ ਦਾ



ਨਤੀਜਾ ਸਮੁੱਚੇ ਪੰਜਾਬ ਨੇ ਪੰਜ ਸਾਲ ਭੁਗਤਿਆ। ਸ੍ਰੀ ਬਾਦਲ ਨੇ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਪੰਜਾਬ ਅਤੇ ਗੋਆ ਦੀ ਸੱਤਾ ਲਈ ਲੋਕਾਂ ਨੂੰ ਝੂਠੇ ਸੁਪਨੇ ਦਿਖਾ ਰਹੀ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ‘ਚ ਤੱਥ ਜ਼ਾਹਰ ਕਰਦੇ ਆਖਿਆ ਕਿ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਥਰਮਲ ਪਲਾਟਾਂ ਦੇ ਧੂੰਏਂ ਨੂੰ ਦਿੱਲੀ ਲਈ ਖਤਰਾ ਦੱਸਿਆ ਅਤੇ ਪਰਾਲੀ ਸਾੜਨ ‘ਤੇ ਮੁੱਦੇ ਉਤੇ ਸੂਬੇ ਦੀ ਕਿਸਾਨੀ ਖਿਲਾਫ਼ ਵਿਵਾਦ ਖੜ੍ਹਾ ਕੀਤਾ।

ਕੇਜਰੀਵਾਲ ਨੂੰ ਪੰਜਾਬ ਅਤੇ ਪੰਜਾਬੀਆਂ ਦੀਆਂ ਸਮੱਸਿਆਵਾਂ ਨਾਲ ਕੋਈ ਹਮਦਰਦੀ ਨਹੀਂ, ਉਸ ਨੂੰ ਪੰਜਾਬ ਦਾ ਹੇਜ਼ ਸਿਰਫ ਸੱਤਾ ‘ਤੇ ਕਬਜ਼ਾ ਕਰਨ ਲਈ ਆ ਰਿਹਾ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਲਈ ਸੌ ਸਾਲਾ ਤੋਂ ਸੰਘਰਸ਼ ਕਰਦਾ ਆ ਰਿਹਾ ਹੈ ਕਿਉਂਕਿ ਉਸ ਨੇ ਪੰਜਾਬ ਦੇ ਹਰ ਦੁੱਖ-ਦਰਦ ਨੂੰ ਪਿੰਡੇ ‘ਤੇ ਹੰਢਾਇਆ ਹੈ।

## ਸਿਆਸੀ ਧਿਰਾਂ ਨੇ ਜ਼ਿੰਮੇਵਾਰੀ ਨਹੀਂ ਨਿਭਾਈ: ਰਾਜੇਵਾਲ

**ਸਮਰਾਲਾ:** ਸੰਯੁਕਤ ਸਮਾਜ ਮੋਰਚੇ ਦੇ ਸਮਰਾਲਾ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਬਲਬੀਰ ਸਿੰਘ ਰਾਜੇਵਾਲ ਨੇ ਸਮਰਾਲਾ ਸ਼ਹਿਰ ਦੇ ਵਾਰਡ ਨੰਬਰ ਦੋ ਵਿਚ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਉਹ ਇਸ ਗੱਲ ‘ਤੇ ਹੈਰਾਨ ਹਨ ਕਿ ਪਿਛਲੇ 74 ਸਾਲਾਂ ਤੋਂ ਵਾਰੋ-ਵਾਰੀ ਰਾਜ ਕਰਨ ਵਾਲੇ ਅਕਾਲੀਆਂ ਅਤੇ ਕਾਂਗਰਸੀਆਂ ਨੇ ਕਦੇ ਲੋਕਾਂ ਬਾਰੇ ਨਹੀਂ ਸੋਚਿਆ ਸਗੋਂ ਆਪਣੇ ਬੋਝੇ ਭਰਨ ਵਿਚ ਲੱਗੇ ਰਹੇ।

ਉਨ੍ਹਾਂ ਵੋਟਰਾਂ ਨਾਲ ਵਾਅਦਾ ਕਰਦਿਆਂ ਕਿਹਾ ਕਿ ਸੰਯੁਕਤ ਸਮਾਜ ਮੋਰਚੇ ਦੀ ਸਰਕਾਰ ਬਣਨ ‘ਤੇ ਉਹ ਸਾਰੇ ਪੰਜਾਬ ਦੇ ਹਿੱਤਾਂ ਨੂੰ ਪਹਿਲ ਦੇ ਆਧਾਰ ‘ਤੇ ਅੱਗੇ ਰੱਖ ਕੇ ਗਰੀਬਾਂ ਦੇ ਵਿਹੜਿਆਂ ਵਿਚ ਖੁਸ਼ਹਾਲੀ ਲਿਆਉਣਗੇ। ਰਾਜੇਵਾਲ ਨੇ ਸਮੁੱਚੀਆਂ ਸਿਆਸੀ ਧਿਰਾਂ ‘ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇਕਰ ਇਨ੍ਹਾਂ ਸਿਆਸੀ ਧਿਰਾਂ ਨੇ ਆਪਣੀ ਜ਼ਿੰਮੇਵਾਰੀ ਸਮਝੀ ਹੁੰਦੀ ਤਾਂ ਉਨ੍ਹਾਂ ਨੂੰ ਸਿਆਸਤ ਵਿਚ ਆਉਣ ਦੀ ਲੋੜ ਨਹੀਂ ਸੀ ਪੈਣੀ। ਉਨ੍ਹਾਂ ਭਾਜਪਾ ਉਮੀਦਵਾਰਾਂ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਭਾਜਪਾ ਦਾ ਪੰਜਾਬ ਵਿਚ ਕੋਈ ਆਧਾਰ ਨਹੀਂ ਹੈ। ਪ੍ਰਧਾਨ ਮੰਤਰੀ ਮੋਦੀ ਦੇ ਭਾਜਪਾ ਦੀ ਸਰਕਾਰ ਬਣਾਉਣ ਵਾਲੇ ਬਿਆਨ ਸਬੰਧੀ ਗੱਲ ਕਰਦਿਆਂ ਰਾਜੇਵਾਲ ਨੇ ਕਿਹਾ ਕਿ ਦੁਨੀਆਂ ਭਰ ਦੇ ਗੱਪੀ ਪ੍ਰਧਾਨ ਮੰਤਰੀਆਂ ਵਿਚੋਂ ਮੋਦੀ ਦਾ ਪਹਿਲਾ ਸਥਾਨ ਹੈ, ਇਸ ਲਈ ਪੰਜਾਬ ਦੇ ਲੋਕ ਗੱਪੀ ਪ੍ਰਧਾਨ ਮੰਤਰੀ ਨੂੰ ਸ਼ੀਸ਼ਾ ਦਿਖਾ ਦੇਣਗੇ।


ਖੁੱਲ੍ਹ ਗਿਆ ਹੈ! ਖੁੱਲ੍ਹ ਗਿਆ ਹੈ!! ਖੁੱਲ੍ਹ ਗਿਆ ਹੈ!!!



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections




640 Patrick place, Suite B, Brownsburg, IN 46112
Contact: (317)456-0411

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

# ਪਿੰਡਾਂ ਵਿਚ ਵੋਟਾਂ ਮੰਗਣ ਤੁਰੇ ਉਮੀਦਵਾਰਾਂ ਉਤੇ ਤਿੱਖੇ ਸਵਾਲਾਂ ਦੀ ਝੜੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਪ੍ਰਚਾਰ ਕਰਨ ਜਾਂਦੇ ਉਮੀਦਵਾਰਾਂ ਨੂੰ ਘੇਰ ਕੇ ਸਵਾਲ-ਜਵਾਬ ਕਰਨ ਦਾ ਨਵਾਂ ਸਿਲਸਿਲਾ ਸ਼ੁਰੂ ਹੋਣ ਨਾਲ ਪਿੰਡਾਂ 'ਚ ਮਾਹੌਲ ਤਲਖ਼ੀ ਭਰਪੂਰ ਹੋਣ ਲੱਗਾ ਹੈ। ਇਸ ਮਾਹੌਲ ਵਿਚ ਬਹੁਤੇ ਉਮੀਦਵਾਰ ਜਾਂ ਉਨ੍ਹਾਂ ਦੇ ਸਮਰਥਕ ਨਾ ਚਾਹੁੰਦੇ ਹੋਏ ਵੀ ਤਲਖ਼ੀ 'ਚ ਆ ਜਾਂਦੇ ਹਨ।

ਆਮ ਕਰਕੇ ਕਾਂਗਰਸ, ਅਕਾਲੀ ਦਲ ਬਾਦਲ ਤੇ ਭਾਜਪਾ ਨਾਲ ਸਬੰਧਤ ਉਮੀਦਵਾਰਾਂ ਦੀ ਘੇਰੇਬੰਦੀ ਹੋ ਰਹੀ ਹੈ। ਇਸ ਦੌਰਾਨ ਮਲੋਟ ਹਲਕੇ ਦੇ ਪਿੰਡ ਅਬੁਲਖੁਰਾਣਾ ਦੇ ਲੋਕਾਂ ਨੇ ਚੋਣ ਪ੍ਰਚਾਰ ਕਰਨ ਪਹੁੰਚੀ ਕਾਂਗਰਸੀ ਉਮੀਦਵਾਰ ਰੁਪਿੰਦਰ ਕੌਰ ਰੂਬੀ ਨੂੰ ਸਵਾਲ ਪੁੱਛੇ, ਜਿਸ ਦਾ ਕਾਂਗਰਸੀ ਆਗੂ ਨੇ ਤਲਖ਼ ਲਹਿਜੇ ਵਿਚ ਜਵਾਬ ਦਿੱਤਾ। ਇਸ ਮਗਰੋਂ ਪਿੰਡ ਵਾਸੀਆਂ ਵੱਲੋਂ ਕਾਂਗਰਸ ਖ਼ਿਲਾਫ ਨਾਅਰੇਬਾਜ਼ੀ ਕੀਤੀ ਗਈ।

ਪਿੰਡ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਕਾਂਗਰਸੀ ਉਮੀਦਵਾਰ ਨੂੰ ਪਿੰਡ ਦੇ ਪਾਣੀ ਅਤੇ ਬਿਜਲੀ ਆਦਿ ਦੇ ਮੁੱਦਿਆਂ 'ਤੇ ਸਵਾਲ ਪੁੱਛੇ। ਉਨ੍ਹਾਂ ਨੂੰ ਜਦੋਂ ਦਿਹਾਤੀ ਹਲਕਾ ਬਠਿੰਡਾ ਤੋਂ ਜਿੱਤਣ ਦੇ ਬਾਵਜੂਦ 'ਆਪ' ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਣ ਹੋਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਥੋੜ੍ਹੇ ਤਲਖ਼ ਲਹਿਜੇ ਵਿਚ ਜਵਾਬ ਦਿੱਤਾ। ਇਸ ਮਗਰੋਂ ਇਕੱਤਰ ਹੋਏ ਲੋਕਾਂ ਨੇ ਰੁਪਿੰਦਰ ਕੌਰ ਦੀ ਮੌਜੂਦਗੀ ਵਿਚ ਆਮ ਆਦਮੀ ਪਾਰਟੀ ਦੇ ਹੱਕ ਵਿਚ ਨਾਅਰੇ ਲਾਏ ਤਾਂ ਰੁਪਿੰਦਰ ਕੌਰ ਰੂਬੀ ਨੇ ਵੀ ਆਪਣੇ ਸਮਰਥਕਾਂ ਨੂੰ ਕਿਹਾ, "ਨਾਲ ਆਏ ਹੋ, ਬੋਲ ਨਹੀਂ ਸਕਦੇ..?" ਪਿੰਡ ਵਾਲਿਆਂ ਨੇ ਕਿਹਾ ਕਿ ਕਾਂਗਰਸ ਦੀ ਪਿਛਲੇ ਪੰਜ ਸਾਲ ਦੀ ਕਾਰਗੁਜ਼ਾਰੀ ਤੋਂ ਲੋਕ ਖਫ਼ਾ ਹਨ ਅਤੇ ਇਹ ਵਿਰੋਧ ਉਸੇ ਦਾ ਹੀ ਸਿੱਟਾ ਹੈ।



ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਪੈਂਦੇ ਕਸਬਾ ਪੁਰਾਣਾ ਸਾਲਾ ਵਿਚ ਭਾਜਪਾ ਉਮੀਦਵਾਰ ਰੇਣੂ ਕਸ਼ਯਪ ਦੇ ਚੋਣ ਪ੍ਰਚਾਰ ਲਈ ਪਹੁੰਚੇ ਲੋਕ ਸਭਾ ਮੈਂਬਰ ਹੰਸ ਰਾਜ ਹੰਸ ਅਤੇ ਸੀਨੀਅਰ ਭਾਜਪਾ ਆਗੂਆਂ ਦਾ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਸਮੇਤ ਹੋਰ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਗਿਆ। ਇਸ ਦੌਰਾਨ ਭਾਜਪਾ ਵਰਕਰਾਂ ਨੇ ਵੀ ਕਿਸਾਨਾਂ ਖ਼ਿਲਾਫ ਨਾਅਰੇਬਾਜ਼ੀ ਕੀਤੀ। ਨੌਬਤ ਹੱਥੋਪਾਈ ਤੱਕ ਪਹੁੰਚਣ 'ਤੇ ਪੁਲਿਸ ਅਤੇ ਸੁਰੱਖਿਆ ਬਲਾਂ ਨੇ ਦਖ਼ਲ ਦੇ ਕੇ ਵੱਡਾ ਟਕਰਾਅ ਹੋਣ ਤੋਂ ਰੋਕਿਆ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਕਿਸਾਨ ਅਤੇ ਆਮ ਲੋਕਾਂ ਦੀ ਵਿਰੋਧੀ ਪਾਰਟੀ ਹੈ। ਇਸ ਲਈ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਚੋਣਾਂ ਵਿਚ ਵੀ ਭਾਜਪਾ ਦਾ ਵਿਰੋਧ ਕਰਨ ਦਾ ਫੈਸਲਾ ਲਿਆ ਗਿਆ ਹੈ।

ਅਕਾਲੀ-ਬਸਪਾ ਗੱਠਜੋੜ ਦੀ ਉਮੀਦਵਾਰ ਦਰਸ਼ਨ ਸਿੰਘ ਕੋਟਫੱਤਾ ਦੀ ਚੋਣ ਰੈਲੀ ਨੂੰ ਸੰਬੋਧਨ ਕਰਨ ਇਥੇ ਪੁੱਜੀ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਵਿਰੋਧ ਕੀਤਾ ਗਿਆ। ਹਰਸਿਮਰਤ ਬਾਦਲ ਦੇ ਇਥੇ ਪੁੱਜਣ ਦੀ ਸੂਹ ਲੱਗਦਿਆਂ ਹੀ ਯੂਨੀਅਨ ਦੇ ਬਲਾਕ ਪੱਧਰੀ ਆਗੂ ਅਤੇ ਵਰਕਰ ਸਥਾਨਕ ਬੱਸ ਅੱਡੇ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਪੁਲਿਸ ਨੂੰ ਪਤਾ ਲੱਗਣ ਤੱਕ ਉਥੇ ਕਿਸਾਨਾਂ ਦਾ ਵੱਡਾ ਇਕੱਠ ਹੋ ਗਿਆ। ਕੁਝ ਪੁਲਿਸ ਅਧਿਕਾਰੀਆਂ ਨੇ ਕਿਸਾਨਾਂ ਨੂੰ ਸਾਬਕਾ ਕੇਂਦਰੀ ਮੰਤਰੀ ਨਾਲ ਗੱਲਬਾਤ ਕਰਵਾਉਣ ਦਾ ਭਰੋਸਾ ਦੇ ਕੇ ਸਬ-ਤਹਿਸੀਲ ਦੇ ਗੇਟ 'ਤੇ ਰੋਕ ਲਿਆ। ਇਸ ਦੌਰਾਨ ਕਿਸਾਨਾਂ ਨੇ ਸਬ-ਤਹਿਸੀਲ ਦੇ ਗੇਟ ਤੋਂ ਉਠ ਕੇ ਹਰਸਿਮਰਤ ਦੀ ਰੈਲੀ ਵਾਲੀ ਥਾਂ ਨੇੜੇ ਪੁੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ। ਪੁਲਿਸ ਨੇ ਹਰਸਿਮਰਤ ਬਾਦਲ ਨੂੰ ਕਿਸੇ ਬਦਲਵੇਂ ਰਸਤੇ ਰਾਹੀਂ ਲੰਘਾ ਕੇ ਅਗਲੇ ਪੜਾਅ ਲਈ ਰਵਾਨਾ ਕੀਤਾ। ਨਿਹਾਲ ਸਿੰਘ ਵਾਲਾ ਦੇ ਪਿੰਡ ਮੀਨੀਆਂ ਵਿਚ ਚੋਣ ਪ੍ਰਚਾਰ ਕਰਨ ਪਹੁੰਚੇ ਹਲਕਾ ਨਿਹਾਲ ਸਿੰਘ ਵਾਲਾ ਤੋਂ ਕਾਂਗਰਸੀ ਉਮੀਦਵਾਰ ਭੁਪਿੰਦਰ ਸਿੰਘ ਸਾਹੋ ਕੇ ਦਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਵਿਰੋਧ ਕੀਤਾ ਗਿਆ। ਇਸ ਮੌਕੇ ਕਿਸਾਨਾਂ ਨੇ ਬੀਤੇ ਦਿਨੀਂ ਅਕਾਲੀ ਦਲ ਤੋਂ ਕਾਂਗਰਸ ਵਿਚ ਸ਼ਾਮਲ ਹੋਏ ਆਗੂ ਭੁਪਿੰਦਰ ਸਿੰਘ ਨੂੰ ਕਈ ਸਵਾਲ ਪੁੱਛੇ, ਜਿਸ ਦਾ ਉਹ ਜਵਾਬ ਨਹੀਂ ਦੇ ਸਕੇ।

ਕੇਵਲ ਕ੍ਰਿਸ਼ਨ ਸਮੇਤ ਹੋਰ ਕਿਸਾਨ ਆਗੂਆਂ ਨੇ ਭੁਪਿੰਦਰ ਸਿੰਘ ਤੋਂ ਕਾਂਗਰਸ ਦੇ ਚੋਣ ਏਜੰਡੇ, ਸਰਕਾਰੀ ਨੌਕਰੀਆਂ, ਮਹਿਕਮਿਆਂ ਦੇ ਨਿੱਜੀਕਰਨ ਅਤੇ ਜ਼ਮੀਨਾਂ ਦੀ ਕਾਣੀ ਵੰਡ ਸਬੰਧੀ ਸਵਾਲ ਕੀਤੇ ਪਰ ਕਾਂਗਰਸੀ ਆਗੂ ਆਪਣੇ ਜਵਾਬਾਂ ਰਾਹੀਂ ਕਿਸਾਨਾਂ ਨੂੰ ਸੰਤੁਸ਼ਟ ਨਾ ਕਰ ਸਕੇ। ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਪਿੰਡ ਵਿਚ ਵੋਟਾਂ ਮੰਗਣ ਆਉਣ ਵਾਲੇ ਹਰ ਪਾਰਟੀ ਦੇ ਆਗੂਆਂ ਨੂੰ ਸਵਾਲ ਪੁੱਛੇ ਜਾਣਗੇ। ਭਵਾਨੀਗੜ੍ਹ ਦੇ ਪਿੰਡ ਘਰਾਚੋਂ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਕਾਰਕੁਨਾਂ ਨੇ ਹਲਕਾ ਸੰਗਰੂਰ ਤੋਂ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਦੇ ਕਾਫਲੇ ਨੂੰ ਕਾਲੀਆਂ ਝੰਡੀਆਂ ਦਿਖਾ ਕੇ ਰੋਸ ਪ੍ਰਦਰਸ਼ਨ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਨੇ ਆਪਣੀ ਚੋਣ ਮੁਹਿੰਮ ਤਹਿਤ ਪਿੰਡ ਘਰਾਚੋਂ ਵਿਚ ਰੈਲੀ ਰੱਖੀ ਸੀ। ਇਸ ਬਾਰੇ ਪਤਾ ਲੱਗਣ 'ਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਇਕਾਈ ਪ੍ਰਧਾਨ ਰਘਵੀਰ ਸਿੰਘ ਘਰਾਚੋਂ, ਮੀਤ ਪ੍ਰਧਾਨ ਰਘਬੀਰ ਸਿੰਘ, ਬਲਾਕ ਆਗੂ ਹਰਜਿੰਦਰ ਸਿੰਘ ਘਰਾਚੋਂ ਅਤੇ ਸਤਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਅਤੇ ਔਰਤਾਂ ਉਥੇ ਪਹੁੰਚ ਗਏ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਅੜੀਅਲ ਰਵੱਈਏ ਕਾਰਨ 750 ਕਿਸਾਨ ਸ਼ਹੀਦ ਹੋ ਗਏ। ਉਨ੍ਹਾਂ ਅਰਵਿੰਦ ਖੰਨਾ ਨੂੰ ਖੇਤੀ ਕਾਨੂੰਨਾਂ ਨਾਲ ਸਬੰਧਤ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਪਰ ਭਾਜਪਾ ਆਗੂ ਜਵਾਬ ਦਿੱਤੇ ਬਿਨਾਂ ਹੀ ਚਲੇ ਗਏ।

## ਸਾਧੂ ਸਿੰਘ ਧਰਮਸੋਤ ਨੇ ਭਾਸ਼ਣ ਵਿਚਾਲੇ ਛੱਡਿਆ

**ਨਾਭਾ:** ਕਾਂਗਰਸ ਦੇ ਉਮੀਦਵਾਰ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਚੋਣ ਪ੍ਰਚਾਰ ਦੌਰਾਨ ਪਿੰਡਾਂ ਵਿਚ ਕਾਫੀ ਵਿਰੋਧ ਅਤੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡ ਰਾਮਗੜ੍ਹ ਵਿਚ ਇਕ ਮਹਿਲਾ ਦੇ ਸਵਾਲਾਂ ਤੋਂ ਪਰੇਸ਼ਾਨ ਹੋ ਕੇ ਧਰਮਸੋਤ ਆਪਣਾ ਭਾਸ਼ਣ ਵਿਚਾਲੇ ਹੀ ਛੱਡ ਕੇ ਚਲੇ ਗਏ ਤੇ ਉਸੇ ਦਿਨ ਪਿੰਡ ਬਨੇਰਾ ਖ਼ੁਰਦ ਵਿਖੇ ਇਕ ਨੌਜਵਾਨ ਨੇ ਮੰਚ 'ਤੇ ਚੜ੍ਹ ਕੇ ਪਹਿਲਾਂ ਧਰਮਸੋਤ ਨੂੰ ਪੰਜ ਮਰਲਾ ਪਲਾਟਾਂ ਦੀ ਵੰਡ ਵਿਚ ਪਾਰਟੀਬਾਜ਼ੀ ਲਈ ਦੋਸ਼ੀ ਠਹਿਰਾਇਆ ਤੇ ਫਿਰ ਉਸੇ ਮੰਚ ਤੋਂ ਉਨ੍ਹਾਂ ਸਾਹਮਣੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਨਾਅਰੇ ਵੀ ਮਾਰੇ।

# ਵੱਡੇ ਬੈਂਕ ਧੋਖਾਧੜੀ ਉਤੇ ਮੋਦੀ ਸਰਕਾਰ ਦੀ ਘੇਰਾਬੰਦੀ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਹੁਣ ਤੱਕ ਦਾ ਸਭ ਤੋਂ ਵੱਡਾ ਬੈਂਕ ਧੋਖਾਧੜੀ ਕੇਸ ਦਰਜ ਕੀਤਾ ਹੈ। 22,842 ਕਰੋੜ ਰੁਪਏ ਤੋਂ ਵੱਧ ਦੇ ਇਸ ਕੇਸ ਵਿਚ ਏਜੰਸੀ ਨੇ ਏ.ਬੀ.ਜੀ. ਸ਼ਿਪਯਾਰਡ ਲਿਮਿਟਡ ਤੇ ਇਸ ਦੇ ਚੇਅਰਮੈਨ ਅਤੇ ਐਮਡੀ ਰਿਸ਼ੀ ਕਮਲੇਸ਼ ਅਗਰਵਾਲ ਅਤੇ ਹੋਰਾਂ ਨੂੰ ਮੁਲਜ਼ਮ ਬਣਾਇਆ ਹੈ।

ਇਨ੍ਹਾਂ ਉਤੇ ਦੋਸ਼ ਹੈ ਕਿ ਇਨ੍ਹਾਂ ਸਟੇਟ ਬੈਂਕ ਆਫ ਇੰਡੀਆ ਦੀ ਅਗਵਾਈ ਵਾਲੇ ਬੈਂਕਾਂ ਦੇ ਸਮੂਹ ਨਾਲ ਇਹ ਠੱਗੀ ਮਾਰੀ ਹੈ। ਅਗਰਵਾਲ ਤੋਂ ਇਲਾਵਾ ਏਜੰਸੀ ਨੇ ਤਤਕਾਲੀ ਕਾਰਜਕਾਰੀ ਡਾਇਰੈਕਟਰ ਸੰਤਾਨਮ ਮੁਤਾਸਵਾਮੀ, ਡਾਇਰੈਕਟਰਾਂ ਅਸ਼ਵਿਨੀ ਕੁਮਾਰ, ਸੁਸ਼ੀਲ ਕੁਮਾਰ ਅਗਰਵਾਲ ਤੇ ਰਵੀ ਵਿਮਲ ਨਿਵੇਤੀਆ ਅਤੇ ਇਕ ਹੋਰ ਕੰਪਨੀ ਏ.ਬੀ.ਜੀ. ਇੰਟਰਨੈਸ਼ਨਲ ਪ੍ਰਾਈਵੇਟ ਲਿਮਿਟਡ ਨੂੰ ਵੀ ਅਪਰਾਧਕ ਸਾਜ਼ਿਸ਼, ਧੋਖਾਧੜੀ, ਭਰੋਸਾ ਤੋੜਨ ਤੇ ਆਪਣੇ ਅਹੁਦਿਆਂ ਦੀ ਦੁਰਵਰਤੋਂ ਕਰਨ ਦੇ ਦੋਸ਼ ਹੇਠ ਮੁਲਜ਼ਮ ਬਣਾਇਆ ਹੈ। ਇਨ੍ਹਾਂ ਵਿਰੁੱਧ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਬੈਂਕ ਨੇ ਇਸ ਮਾਮਲੇ ਵਿਚ ਪਹਿਲੀ ਸ਼ਿਕਾਇਤ 8 ਨਵੰਬਰ, 2019 ਨੂੰ ਦਿੱਤੀ ਸੀ ਜਿਸ ਉਤੇ ਸੀ.ਬੀ.ਆਈ. ਨੇ 12 ਮਾਰਚ, 2020 ਨੂੰ ਕੁਝ ਸਪੱਸ਼ਟੀਕਰਨ ਮੰਗੇ ਸਨ।



ਇਸ ਤੋਂ ਬਾਅਦ ਬੈਂਕ ਨੇ ਪਿਛਲੇ ਸਾਲ ਅਗਸਤ ਵਿਚ ਨਵੀਂ ਸ਼ਿਕਾਇਤ ਦਰਜ ਕਰਵਾਈ ਸੀ। ਸੀ.ਬੀ.ਆਈ. ਨੇ ਹੁਣ ਡੇਢ ਸਾਲ ਤੋਂ ਵੱਧ ਸਮੇਂ ਦੀ ਜਾਂਚ-ਪੜਤਾਲ ਮਗਰੋਂ ਸ਼ਿਕਾਇਤ ਉਤੇ ਕਾਰਵਾਈ ਕਰਦਿਆਂ 7 ਫਰਵਰੀ ਨੂੰ ਐਫ.ਆਈ.ਆਰ. ਦਰਜ ਕਰ ਲਈ ਹੈ। ਸੀ.ਬੀ.ਆਈ. ਵੱਲੋਂ ਹੁਣ ਤੱਕ ਦਰਜ ਕੀਤਾ ਗਿਆ ਇਹ ਸਭ ਤੋਂ ਵੱਡਾ ਬੈਂਕ ਧੋਖਾਧੜੀ ਕੇਸ ਬਣ ਗਿਆ ਹੈ। ਐਫ.ਆਈ.ਆਰ. ਵਿਚ ਕਿਹਾ ਗਿਆ ਹੈ ਕਿ ਬੈਂਕਾਂ ਵੱਲੋਂ ਪੈਸੇ ਜਿਸ ਮੰਤਵ ਲਈ ਰਿਲੀਜ਼ ਕੀਤੇ ਗਏ ਸਨ, ਉਸ ਲਈ ਵਰਤੇ ਹੀ ਨਹੀਂ ਗਏ।

## ਚੰਗੇ ਦਿਨ ਆਏ, ਪਰ ਸਿਰਫ ਮੋਦੀ ਦੇ ਮਿੱਤਰਾਂ ਦੇ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਦਿਆਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ 5.35 ਲੱਖ ਕਰੋੜ ਰੁਪਏ ਦੀ ਬੈਂਕ ਧੋਖਾਧੜੀ ਹੋਈ ਹੈ ਤੇ ਇਹ ਚੰਗੇ ਦਿਨ ਹਨ ਜੋ ਕਿ ਸਿਰਫ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮਿੱਤਰਾਂ' ਦੇ ਹੀ ਆਏ ਹਨ। ਗਾਂਧੀ ਨੇ ਕਿਹਾ ਕਿ ਪਿਛਲੇ 75 ਸਾਲਾਂ ਵਿਚ ਭਾਰਤ ਦੇ ਲੋਕਾਂ ਦੇ ਪੈਸੇ ਨਾਲ ਇਸ ਤਰ੍ਹਾਂ ਦੀ ਠੱਗੀ ਕਦੇ ਨਹੀਂ ਵੱਜੀ। ਰਾਹੁਲ ਨੇ ਹੈਸ਼ਟੈਗ ਵਰਤਿਆ 'ਕਿਸ ਕੇ ਅੱਛੇ ਦਿਨ?'।

ਉਧਰ, ਕਾਂਗਰਸ ਦੇ ਕੌਮੀ ਜਨਰਲ ਸਕੱਤਰ ਰਣਦੀਪ ਸਿੰਘ ਸੁਰਜੇਵਾਲਾ ਨੇ ਇਸ ਨੂੰ ਦੇਸ਼ ਦਾ ਸਭ ਤੋਂ ਵੱਡਾ ਬੈਂਕ ਘੁਟਾਲਾ ਦੱਸਦਿਆਂ ਕਿਹਾ ਕਿ ਸੀ.ਬੀ.ਆਈ. ਵੱਲੋਂ ਸ਼ਿਪਯਾਰਡ ਦੇ ਪ੍ਰਬੰਧਕਾਂ ਖ਼ਿਲਾਫ਼ ਕੇਸ ਦਰਜ ਕਰਨ 'ਚ ਪੰਜ ਸਾਲ ਦਾ ਸਮਾਂ ਲਗਾ ਦਿੱਤਾ ਗਿਆ ਜੋ ਮੋਦੀ ਸਰਕਾਰ ਦੇ ਸਮੇਂ ਵਿਚ ਹੋਇਆ ਹੈ। ਉਨ੍ਹਾਂ ਕਿਹਾ ਕਿ ਐੱਸ.ਬੀ.ਆਈ. ਨੇ ਨਵੰਬਰ 2018 'ਚ ਪਹਿਲੀ ਵਾਰ ਸੀ.ਬੀ.ਆਈ. ਨੂੰ ਸ਼ਿਕਾਇਤ ਕਰਦਿਆਂ ਮਾਮਲੇ ਦੀ ਜਾਂਚ ਕਰਨ ਸਬੰਧੀ ਸ਼ਿਕਾਇਤ ਦਿੱਤੀ ਸੀ। ਇਸ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਅਗਸਤ 2020 'ਚ ਦੂਜੀ ਵਾਰ ਸ਼ਿਕਾਇਤ ਕੀਤੀ ਗਈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਏ.ਬੀ.ਜੀ. ਨੇ ਉਕਤ ਮਾਮਲੇ 'ਚ ਧੋਖਾਧੜੀ ਕੇਂਦਰ ਸਰਕਾਰ ਦੇ ਆਗੂਆਂ ਦੀ ਮਿਲੀਭੁਗਤ ਨਾਲ ਕੀਤੀ ਹੈ। ਕਾਂਗਰਸ ਆਗੂ ਨੇ ਦੋਸ਼ ਲਾਇਆ ਕਿ ਏ.ਬੀ.ਜੀ. ਸ਼ਿਪਯਾਰਡ ਦੇ ਮਾਲਕ ਰਿਸ਼ੀ ਅਗਰਵਾਲ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਉਸ ਸਮੇਂ ਤੋਂ ਜਾਣ-ਪਛਾਣ ਹੈ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਹੁੰਦੇ ਸਨ। ਉਸ ਸਮੇਂ ਗੁਜਰਾਤ ਸਰਕਾਰ ਨੇ ਏ.ਬੀ.ਜੀ. ਸ਼ਿਪਯਾਰਡ ਨੂੰ ਬਹੁਤ ਘੱਟ ਕੀਮਤ 'ਤੇ ਜ਼ਮੀਨ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸਾਲ 2013 ਵਿਚ ਮੋਦੀ ਜਦੋਂ ਕੋਰੀਆ ਗਏ ਸਨ ਤਾਂ ਰਿਸ਼ੀ ਅਗਰਵਾਲ ਵੀ ਉਨ੍ਹਾਂ ਨਾਲ ਸਨ। ਉਸ ਸਮੇਂ ਰਿਸ਼ੀ ਅਗਰਵਾਲ ਨੇ ਗੁਜਰਾਤ ਵਿਚ 22 ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਦਾ ਵਾਅਦਾ ਕੀਤਾ ਸੀ। ਕਾਂਗਰਸ ਦੇ ਕੌਮੀ ਜਨਰਲ ਸਕੱਤਰ ਨੇ ਕਿਹਾ ਕਿ ਮੋਦੀ ਸਰਕਾਰ ਦੇ 7 ਸਾਲਾਂ ਦੇ ਸਮੇਂ ਦੌਰਾਨ ਦੇਸ਼ ਵਿਚ ਲਗਪਗ 5 ਲੱਖ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਬੈਂਕ ਘੁਟਾਲੇ ਹੋਏ ਹਨ।

## ਕਿਸਾਨ ਵਿਰੋਧੀ ਤਾਕਤਾਂ ਦੀਆਂ ਜ਼ਮਾਨਤਾਂ ਜ਼ਬਤ ਕਰਾਉਣ ਲੋਕ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਕਿਸਾਨ ਵਿਰੋਧੀ ਤਾਕਤਾਂ ਦੀ ਜ਼ਮਾਨਤ ਜ਼ਬਤ ਕਰਵਾ ਕੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 700 ਕਿਸਾਨਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨ ਘੋਲ ਦੀਆਂ ਸ਼ਹਾਦਤਾਂ ਅਜਾਈਂ ਨਹੀਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਚੋਣਾਂ ਵਿਚ 'ਆਪ', ਭਾਜਪਾ ਤੇ ਉਸ ਦੇ ਭਾਈਵਾਲਾਂ ਅਤੇ ਅਕਾਲੀ ਦਲ ਨੂੰ ਪਾਈ ਵੋਟ ਸਿੱਧੇ ਤੌਰ 'ਤੇ ਭਾਜਪਾ ਨੂੰ ਹੀ ਜਾਵੇਗੀ। ਜਾਖੜ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਲੋਕ ਸੂਝ-ਬੂਝ ਤੇ ਸਿਆਣਪ ਨਾਲ ਵੋਟ ਦਾ ਇਸਤੇਮਾਲ ਕਰਨ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਭਾਜਪਾ ਨਾਲ ਨਜ਼ਦੀਕੀਆਂ ਕਰਕੇ ਹੀ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਇਆ ਗਿਆ ਸੀ। ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਨੇ ਹੁਣ ਭਾਜਪਾ ਅਤੇ ਸੰਯੁਕਤ ਅਕਾਲੀ ਦਲ ਨਾਲ ਗੱਠਜੋੜ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਸਭ ਭਾਜਪਾ ਦੇ ਹੀ ਰੂਪ ਹਨ ਅਤੇ ਅਮਰਿੰਦਰ ਸਿੰਘ ਦੀ ਪਾਰਟੀ ਦੇ ਕਈ ਉਮੀਦਵਾਰ ਤਾਂ ਭਾਜਪਾ ਦੇ ਚੋਣ ਨਿਸ਼ਾਨ 'ਤੇ ਹੀ ਚੋਣ ਲੜ ਰਹੇ ਹਨ।

# ਯੂਟਾ ਸੂਬੇ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ 'ਜਾਗਤ ਜੋਤ' ਅਤੇ ਸਿੱਖਾਂ ਦੇ 'ਸਦੀਵੀ ਗੁਰੂ' ਵਜੋਂ ਮਾਨਤਾ

ਅਮਰੀਕਾ ਦੀ ਯੂਟਾ ਸਟੇਟ ਦੇ ਹਾਊਸ ਆਫ ਰਿਪ੍ਰੇਜ਼ੈਂਟੇਟਿਵ ਨੇ ਸਿੱਖ ਕੌਮ ਅਤੇ ਅਮਰੀਕਾ ਵਿਚ ਸਿੱਖ ਕੌਮ ਵਲੋਂ ਪਾਏ ਯੋਗਦਾਨ ਨੂੰ ਮਾਨਤਾ ਦਿੱਤੀ ਹੈ। ਯੂਟਾ ਦੇ ਹਾਊਸ ਆਫ ਰਿਪ੍ਰੇਜ਼ੈਂਟੇਟਿਵ ਦੇ ਸਾਰੇ 75 ਮੈਂਬਰਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਹੈ, ਜਿਸ ਵਿਚ ਸਿੱਖਾਂ ਦੀ ਵੱਖਰੀ ਪਛਾਣ ਅਤੇ ਵਿਸ਼ਵ ਭਰ ਵਿਚ ਸਿੱਖ ਕੌਮ ਦੇ ਵੱਡੇ ਯੋਗਦਾਨ ਦਾ ਜ਼ਿਕਰ ਹੈ। ਇਸ ਸਬੰਧੀ ਮਤਾ ਯੂਟਾ ਸਟੇਟ ਦੇ ਜਨਰਲ ਅਸੈਂਬਲੀ ਸੈਸ਼ਨ ਵਿਚ ਸਟੇਟ ਦੇ ਪ੍ਰਤੀਨਿਧੀ ਕਲੇਅਰ ਕੋਲਰਡ ਨੇ ਪੇਸ਼ ਕੀਤਾ ਸੀ। ਯੂਟਾ ਤੋਂ ਹਰਜਿੰਦਰ ਸਿੰਘ ਅਤੇ ਵਰਲਡ ਸਿੱਖ ਪਾਰਲੀਮੈਂਟ ਤੋਂ ਹਰਮਨ ਕੌਰ ਨੇ ਇਸ ਮਤੇ ਨੂੰ ਪਾਸ ਕਰਵਾਉਣ ਲਈ ਯੂਟਾ ਦੇ ਚੁਣੇ ਹੋਏ ਅਧਿਕਾਰੀਆਂ ਨਾਲ ਮਿਲ ਕੇ ਕੰਮ ਕੀਤਾ। ਇਸ ਸਮਾਗਮ ਵਿਚ ਯੂਟਾ ਦੇ ਦੋਵਾਂ ਗੁਰਦੁਆਰਿਆਂ, ਸਿੱਖ ਟੈਂਪਲ ਆਫ਼ ਯੂਟਾ ਅਤੇ ਗੁਰੂ ਨਾਨਕ ਸਿੱਖ ਟੈਂਪਲ ਆਫ਼ ਯੂਟਾ ਵੈਸਟ ਜਾਰਡਨ ਤੋਂ ਨੁਮਾਇੰਦਿਆਂ ਅਤੇ ਸਿੱਖ ਸੰਗਤ ਨੇ ਸ਼ਮੂਲੀਅਤ ਕੀਤੀ।

ਪਾਸ ਹੋਏ ਮਤੇ ਦੇ ਮੁੱਖ ਨੁਕਤੇ ਇਹ ਹਨ: ਗੁਰੂ ਗ੍ਰੰਥ ਸਾਹਿਬ ਜੀ 'ਜਾਗਤ ਜੋਤ' ਅਤੇ ਸਿੱਖਾਂ ਦੇ 'ਸਦੀਵੀ ਗੁਰੂ' ਹਨ। ਯੂਟਾ ਹਾਊਸ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਮਤੇ ਦੀ ਮੁੜ ਪੁਸ਼ਟੀ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਸਭ ਧਰਮਾਂ ਵਿਚ ਇਤਫ਼ਾਕ ਅਤੇ ਧਾਰਮਿਕ ਸਦਭਾਵਨਾ, ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਦੇ ਹਨ।

ਮਤੇ ਵਿਚ ਵਰਲਡ ਸਿੱਖ ਪਾਰਲੀਮੈਂਟ ਨੂੰ ਸਿੱਖਾਂ ਦੀ ਵਿਸ਼ਵ ਭਰ ਵਿਚ ਕੁਲੈਕਟਿਵ ਬਾਡੀ ਵਜੋਂ ਮਾਨਤਾ ਦਿੱਤੀ ਗਈ ਹੈ, ਜਿਸ ਨੇ ਕੋਵਿਡ ਸੰਕਟ ਦੌਰਾਨ ਸਾਰੇ ਭਾਈਚਾਰਿਆਂ ਦੀ ਮਦਦ ਕਰਨ ਲਈ ਬਹੁਤ ਕੰਮ ਕੀਤਾ ਹੈ। ਸਿੱਖ ਧਰਮ ਦੇ ਹੋਰ ਸੰਕਲਪਾਂ ਨੂੰ 'ਲੰਗਰ' ਸਮੇਤ ਉਜਾਗਰ ਕੀਤਾ ਗਿਆ, ਜਿਸ ਵਿਚ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੀ ਉਦਾਹਰਨ ਦਿੱਤੀ ਗਈ, ਜਿੱਥੇ ਰੋਜ਼ਾਨਾ 100,000 ਤੋਂ ਵੱਧ ਸੰਗਤ ਨੂੰ ਮੁਫ਼ਤ ਭੋਜਨ ਛਕਾਇਆ ਜਾਂਦਾ ਹੈ।

ਅੰਤ ਵਿਚ, ਮਤੇ ਵਿਚ ਕਿਹਾ ਗਿਆ ਹੈ ਕਿ ਸਿੱਖ ਧਰਮ ਦੀਆਂ ਅਮੀਰ ਕਦਰਾਂ-ਕੀਮਤਾਂ, ਇਤਿਹਾਸ ਤੇ ਵਿਲੱਖਣ ਸਿਧਾਂਤਾਂ ਬਾਰੇ ਯੂਟਾ ਸਟੇਟ ਦੇ ਵਸਨੀਕਾਂ ਨੂੰ ਦੱਸਣ ਅਤੇ ਜਾਗਰੂਕਤਾ ਲਿਆਉਣ ਬਾਰੇ ਯਤਨ ਕੀਤੇ ਜਾਣਗੇ ਤਾਂ ਕਿ ਯੂਟਾ ਸਟੇਟ ਦੇ ਕਾਨੂੰਨ ਨੂੰ ਹੋਰ ਵੰਨ-ਸੁਵੰਨਾ ਬਣਾਇਆ ਜਾ ਸਕੇ।

ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਕਿਹਾ ਕਿ ਯੂਟਾ ਸਟੇਟ ਨੇ ਇੱਥੋਂ ਦੇ ਵਸਨੀਕਾਂ ਵਿਚ ਅਮੀਰ ਸਿੱਖ ਇਤਿਹਾਸ ਅਤੇ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਬਾਰੇ ਜਾਗਰੂਕਤਾ ਲਿਆਉਣ ਲਈ ਵਚਨਬੱਧਤਾ ਦਿਖਾਈ ਹੈ ਅਤੇ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਇਸ ਸਮਾਗਮ ਵਿਚ ਨਿਊਯਾਰਕ ਤੋਂ ਵਰਲਡ ਸਿੱਖ ਪਾਰਲੀਮੈਂਟ ਦੇ ਸ. ਹਰਮਿੰਦਰ ਸਿੰਘ ਨੇ ਵੀ ਸ਼ਿਰਕਤ ਕੀਤੀ।

ਅਮੈਰਿਕਨ ਸਿੱਖ ਕਾਕਸ ਦੇ ਡਾ. ਪ੍ਰਿਤਪਾਲ ਸਿੰਘ ਨੇ ਵੀ ਯੂਟਾ ਦੇ ਸਿੱਖ ਭਾਈਚਾਰੇ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ। ਸ. ਜੋਗਾ ਸਿੰਘ ਸਪੀਕਰ ਵਰਲਡ ਸਿੱਖ ਪਾਰਲੀਮੈਂਟ (ਯੂ.ਕੇ.) ਨੇ ਕਿਹਾ ਕਿ ਇਸ ਮਤੇ ਨੇ ਇਹ ਮਾਨਤਾ ਦਿੱਤੀ ਕਿ ਸਿੱਖਾਂ ਦੇ ਯੋਗਦਾਨ ਦਾ ਲੰਮਾ ਇਤਿਹਾਸ ਹੈ, ਇਸ ਦੇ ਬਾਵਜੂਦ, ਉਨ੍ਹਾਂ ਨੂੰ ਬਾਕੀ ਦੁਨੀਆ ਵਿਚ ਜ਼ੁਲਮ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ।' ਸ. ਮਨਪ੍ਰੀਤ ਸਿੰਘ (ਯੂਕੇ) ਜਨਰਲ ਸਕੱਤਰ ਵਰਲਡ ਸਿੱਖ ਪਾਰਲੀਮੈਂਟ ਨੇ ਕਿਹਾ ਕਿ ਇਹ ਹੈਰਾਨੀਜਨਕ ਹੈ ਕਿ ਦੁਨੀਆ ਭਰ ਦੇ ਨੇਤਾਵਾਂ ਅਤੇ ਵੱਖ-ਵੱਖ ਅਮਰੀਕੀ ਰਾਜਾਂ ਦੇ ਵਿਧਾਇਕਾਂ ਨੇ, ਭਾਰਤੀ ਡਿਪਲੋਮੈਟਾਂ ਵਲੋਂ ਡਾਇਸਪੋਰਾ ਵਿਚ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਸਿੱਖ ਕੌਮ ਦੇ ਯੋਗਦਾਨ ਨੂੰ ਮਾਨਤਾ ਦਿੱਤੀ ਹੈ।' ਸ. ਹਰਜਿੰਦਰ ਸਿੰਘ ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ ਨੇ ਕਿਹਾ, "ਅਸੀਂ ਯੂਟਾ ਸਟੇਟ ਦੇ ਇਸ ਮਤੇ ਦਾ ਸਵਾਗਤ ਕਰਦੇ ਹਾਂ ਅਤੇ ਸਰਕਾਰੀ ਅਧਿਕਾਰੀਆਂ ਨਾਲ ਸਿੱਖ ਮੁੱਦਿਆਂ 'ਤੇ ਹੋਰ ਚੇਤਨਤਾ ਲਿਆਉਣ ਲਈ ਯਤਨ ਕਰਦੇ ਰਹਾਂਗੇ।'

ਯੂਟਾ ਦੇ ਸਿੱਖ ਭਾਈਚਾਰੇ ਅਤੇ ਵਰਲਡ ਸਿੱਖ ਪਾਰਲੀਮੈਂਟ ਨੇ ਇਸ ਬਿੱਲ ਨੂੰ ਪਾਸ ਕਰਨ ਲਈ ਪ੍ਰਤੀਨਿਧੀ ਕੋਲਾਰਡ, ਹਾਊਸ ਦੇ ਸਪੀਕਰ ਬ੍ਰੈਡ ਵਿਲਸਨ ਅਤੇ ਯੂਟਾ ਸਟੇਟ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਹੈ।

# ਅਮਿਤ ਸ਼ਾਹ ਵੱਲੋਂ ਜਥੇਦਾਰ ਨਾਲ ਮੀਟਿੰਗ, ਸਿੱਖ ਮਸਲਿਆਂ ਦੇ ਹੱਲ ਦਾ ਭਰੋਸਾ

**ਅੰਮ੍ਰਿਤਸਰ:** ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਇਥੇ ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਇਕ ਬੰਦ ਕਮਰਾ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਜਥੇਦਾਰ ਵੱਲੋਂ ਸਿੱਖਾਂ ਦੇ ਕਈ ਮੁੱਦੇ ਹੱਲ ਕਰਨ ਲਈ ਕੇਂਦਰੀ ਗ੍ਰਿਹ ਮੰਤਰੀ ਕੋਲ ਰੱਖੇ ਗਏ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ, ਸ੍ਰੀ ਅਕਾਲ ਤਖਤ ਦੇ ਸਕੱਤਰੇਤ ਪੁੱਜੇ ਜਿੱਥੇ ਉਨ੍ਹਾਂ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਕਰੀਬ 45 ਮਿੰਟ ਲੰਬੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਦੋਵੇਂ ਆਗੂ ਹੀ ਕਮਰੇ ਵਿਚ ਹਾਜਰ ਸਨ। ਹਾਲਾਂਕਿ, ਸ੍ਰੀ ਸ਼ਾਹ ਦੇ ਨਾਲ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਤਰੁਣ ਚੁੱਘ ਵੀ ਆਏ ਸਨ ਪਰ ਉਹ ਸਾਰੇ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ।



ਮੀਟਿੰਗ ਦੇ ਵੇਰਵੇ ਜਾਰੀ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਹਵਾਲੇ ਨਾਲ ਉਨ੍ਹਾਂ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਜਥੇਦਾਰ ਵੱਲੋਂ ਸਿੱਖਾਂ ਦੇ ਕਈ ਮਾਮਲੇ ਕੇਂਦਰੀ ਗ੍ਰਿਹ ਮੰਤਰੀ ਕੋਲ ਰੱਖੇ ਗਏ, ਜਿਨ੍ਹਾਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਦਾ ਮਾਮਲਾ ਵੀ ਸ਼ਾਮਲ ਹੈ। ਉਨ੍ਹਾਂ ਨੀਮ ਫੌਜੀ ਬਲਾਂ ਵਿਚ ਗ੍ਰੰਥੀ ਦੀ ਇਕ ਪੱਕੀ ਆਸਾਮੀ ਸਥਾਪਤ ਕਰਨ ਲਈ ਵੀ ਕਿਹਾ। ਉਨ੍ਹਾਂ ਕੇਂਦਰੀ ਗ੍ਰਿਹ ਮੰਤਰੀ ਨੂੰ ਦੱਸਿਆ ਕਿ ਨੀਮ ਫੌਜੀ ਬਲਾਂ ਵਿਚ ਮੌਲਵੀ ਦੀ ਪੱਕੀ ਆਸਾਮੀ ਤਾਂ ਹੈ ਪਰ ਗ੍ਰੰਥੀ ਦੀ ਆਸਾਮੀ ਨਹੀਂ ਹੈ, ਜਿਸ ਕਾਰਨ ਨੀਮ ਫੌਜੀ ਬਲਾਂ ਦੇ ਸਿੱਖ ਜਵਾਨ ਹੀ ਆਪਣੇ ਤੌਰ 'ਤੇ ਸਾਰੇ ਪ੍ਰਬੰਧ ਕਰਦੇ ਹਨ।

ਉਨ੍ਹਾਂ ਕਿਹਾ ਕਿ ਮੌਲਵੀ ਵਾਂਗ ਗ੍ਰੰਥੀ ਦੀ ਆਸਾਮੀ ਵੀ ਪੱਕੀ ਕੀਤੀ ਜਾਵੇ। ਜਥੇਦਾਰ ਨੇ ਉੱਤਰਾਖੰਡ ਸਥਿਤ ਗੁਰਦੁਆਰਾ ਗਿਆਨ ਗੋਦੜੀ ਦਾ ਮੁੜ ਨਿਰਮਾਣ ਕਰਨ ਅਤੇ ਸਿੱਕਮ ਵਿੱਚ ਗੁਰਦੁਆਰਾ ਚੁੰਗ ਥਾਮ ਦਾ ਕਬਜ਼ਾ ਸਿੱਖ ਭਾਈਚਾਰੇ ਨੂੰ ਸੌਂਪਣ, ਸਿੱਖ ਗੁਰਦੁਆਰਾ ਐਕਟ 1925 ਤਹਿਤ ਧਾਰਾ 87 ਹੇਠ ਆਉਂਦੇ ਗੁਰਦੁਆਰਿਆਂ ਦੇ ਨੋਟੀਫਿਕੇਸ਼ਨ ਦੇ ਲਟਕ ਰਹੇ ਕੰਮ ਨੂੰ ਤੁਰਤ ਪੂਰਾ ਕਰਨ ਦਾ ਮਾਮਲਾ ਵੀ ਕੇਂਦਰੀ ਗ੍ਰਿਹ ਮੰਤਰੀ ਕੋਲ ਰੱਖਿਆ। ਜਸਪਾਲ ਸਿੰਘ ਨੇ ਦੱਸਿਆ ਕਿ ਕੇਂਦਰੀ ਗ੍ਰਿਹ ਮੰਤਰੀ ਨਾਲ ਚੰਗੇ ਮਾਹੌਲ 'ਚ ਮੀਟਿੰਗ ਹੋਈ ਹੈ ਅਤੇ ਉਨ੍ਹਾਂ ਨੇ ਸਿੱਖ ਮਾਮਲਿਆਂ ਨੂੰ ਵਿਚਾਰਨ ਅਤੇ ਇਨ੍ਹਾਂ ਦੇ ਹੱਲ ਦਾ ਭਰੋਸਾ ਦਿੱਤਾ ਹੈ। ਇਸ ਦੌਰਾਨ ਕੇਂਦਰੀ ਗ੍ਰਿਹ ਮੰਤਰੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਕੇਂਦਰੀ ਗ੍ਰਿਹ ਮੰਤਰੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ।

## ਪ੍ਰਧਾਨ ਮੰਤਰੀ ਵੱਲੋਂ ਡੇਰਾ ਬਿਆਸ ਦੇ ਮੁਖੀ ਨਾਲ ਮੁਲਾਕਾਤ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ ਪੰਜਾਬ ਦੇ ਦੌਰੇ 'ਤੇ ਆਉਣ ਤੋਂ ਇਕ ਦਿਨ ਪਹਿਲਾਂ ਇਥੇ ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਡੇਰੇ ਵੱਲੋਂ ਕੀਤੀ ਜਾ ਰਹੀ ਸਮਾਜ ਸੇਵਾ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ,"ਮੈਨੂੰ ਅੱਜ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਨਾਲ ਮੁਲਾਕਾਤ ਕਰਨ ਦਾ ਮਾਣ ਹਾਸਲ ਹੋਇਆ ਹੈ। ਡੇਰੇ ਵੱਲੋਂ ਸਮਾਜ ਸੇਵਾ ਲਈ ਕੀਤੇ ਜਾ ਰਹੇ ਕੰਮ ਸ਼ਲਾਘਾਯੋਗ ਹਨ।" ਉਨ੍ਹਾਂ ਇਸ ਸਬੰਧੀ ਟਵਿੱਟਰ 'ਤੇ ਤਸਵੀਰ ਵੀ ਸਾਂਝੀ ਕੀਤੀ ਹੈ।

# ਮੋਦੀ ਨਾਲ ਮੇਰੀ ਪੁਰਾਣੀ ਅਤੇ ਗੂੜ੍ਹੀ ਸਾਂਝ: ਕੈਪਟਨ

**ਪਟਿਆਲਾ:** ਹਲਕਾ ਪਟਿਆਲਾ ਸ਼ਹਿਰੀ ਤੋਂ ਪੰਜਾਬ ਲੋਕ ਕਾਂਗਰਸ ਦੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ ਪੁਰਾਣੀ ਅਤੇ ਗੂੜ੍ਹੀ ਸਾਂਝ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਬਹੁਤ ਨੇੜਿਓਂ ਵਾਚਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਜੋ ਨਿਸ਼ਚੈ ਕਰ ਲੈਂਦੇ ਹਨ, ਉਹ ਕਰ ਕੇ ਵਿਖਾਉਂਦੇ ਹਨ। ਉਨ੍ਹਾਂ ਦਾ ਅਗਲਾ ਨਿਸ਼ਾਨਾ ਪੰਜਾਬ ਵਿਚ ਭਾਜਪਾ, ਪੀ.ਐਲ.ਸੀ. ਅਤੇ ਅਕਾਲੀ ਦਲ ਸੰਯੁਕਤ ਦੀ ਸਾਂਝੀ ਸਰਕਾਰ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਹਕੂਮਤ ਦੇ ਸਹਿਯੋਗ ਤੋਂ ਬਿਨਾਂ ਕਿਸੇ ਵੀ ਸੂਬੇ ਦਾ ਵਿਕਾਸ ਸੰਭਵ ਨਹੀਂ ਹੈ। ਸੂਬਿਆਂ ਦੇ ਵਿਕਾਸ ਲਈ ਵਧੇਰੇ ਫੰਡ ਕੇਂਦਰ 'ਤੇ ਹੀ ਨਿਰਭਰ ਹੁੰਦੇ ਹਨ। ਇਸ ਵੇਲੇ ਕੇਂਦਰੀ ਹਕੂਮਤ ਭਾਜਪਾ ਦੇ ਹੱਥ ਹੈ, ਇਸ ਲਈ ਪੰਜਾਬ ਦੀ ਬਿਹਤਰੀ ਅਤੇ ਵਡੇਰੇ ਹਿੱਤਾਂ ਲਈ ਭਾਜਪਾ ਨਾਲ ਸਾਂਝ ਜਰੂਰੀ ਸੀ। ਉਨ੍ਹਾਂ ਦੱਸਿਆ ਕਿ ਭਾਜਪਾ, ਪੀ.ਐਲ.ਸੀ. ਅਤੇ ਅਕਾਲੀ ਦਲ (ਸੰਯੁਕਤ) ਦਾ ਸਾਂਝਾ ਚੋਣ ਮੈਨੀਫੈਸਟੋ ਜਲਦੀ



ਹੀ ਜਾਰੀ ਕਰ ਦਿੱਤਾ ਜਾਵੇਗਾ। ਕੈਪਟਨ ਨੇ ਕਿਹਾ ਕਿ ਨਰਿੰਦਰ ਮੋਦੀ ਉਸਾਰੂ ਸੋਚ ਅਤੇ ਵਿਸ਼ਾਲ ਹਿਰਦੇ ਵਾਲੇ ਆਗੂ ਹਨ। ਬਤੌਰ ਮੁੱਖ ਮੰਤਰੀ ਉਨ੍ਹਾਂ ਨਾਲ ਬਿਤਾਏ ਸਮੇਂ ਦੇ ਹਵਾਲੇ ਨਾਲ ਅਮਰਿੰਦਰ ਸਿੰਘ ਨੇ ਆਖਿਆ ਕਿ ਰਾਜਸੀ ਵਖਰੇਵਿਆਂ ਦੇ ਬਾਵਜੂਦ ਮੋਦੀ ਨੇ ਪੰਜਾਬ ਨਾਲ ਕਦੇ ਵਿਤਕਰਾ ਨਹੀਂ ਕੀਤਾ। ਬਲਕਿ ਬਤੌਰ ਮੁੱਖ ਮੰਤਰੀ ਉਨ੍ਹਾਂ ਨੂੰ ਜਦੋਂ ਵੀ ਕਦੇ ਸੂਬੇ ਦੇ ਹਿੱਤਾਂ ਲਈ ਕਿਸੇ ਫੰਡ ਜਾਂ ਹੋਰ ਕੰਮ ਦੀ ਲੋੜ ਪਈ ਤਾਂ ਮੋਦੀ ਨੇ ਪੰਜਾਬ ਲਈ ਹਮੇਸ਼ਾ ਆਪਣੇ ਦਰ ਖੁੱਲ੍ਹੇ ਰੱਖੇ।

# ਜਥੇਬੰਦੀਆਂ ਵੱਲੋਂ ਸਾਂਝੀ ਰੈਲੀ 'ਚ ਚੋਣ ਬਾਈਕਾਟ ਦਾ ਸੱਦਾ

**ਮੋਗਾ:** ਸਥਾਨਕ ਨਵੀਂ ਅਨਾਜ ਮੰਡੀ ਵਿਚ ਸੂਬੇ ਦੀਆਂ ਸੱਤ ਇਨਕਲਾਬੀ ਜਥੇਬੰਦੀਆਂ ਲੋਕ ਸੰਗਰਾਮ ਮੋਰਚਾ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਆਜ਼ਾਦ ਕਿਸਾਨ ਕਮੇਟੀ ਦੋਆਬਾ, ਇਨਕਲਾਬੀ ਗਰੁੱਪ ਮਖੂ, ਐਸ.ਐਫ.ਐਸ. ਅਤੇ ਡੀ.ਐਸ.ਓ. ਨੇ ਸਾਂਝੀ ਸੂਬਾਈ ਰੈਲੀ ਕਰਕੇ ਚੋਣਾਂ ਤੇ ਵੋਟ ਬਾਈਕਾਟ ਦਾ ਹੋਕਾ ਦਿੱਤਾ।

ਲੋਕ ਸੰਗਰਾਮ ਮੋਰਚਾ ਸੂਬਾ ਪ੍ਰਧਾਨ ਤਾਰਾ ਸਿੰਘ ਨੇ ਕਿਹਾ ਕਿ ਕਾਣੀਵੰਡ ਕਰਕੇ ਅਮੀਰੀ-ਗਰੀਬੀ ਦਾ ਪਾੜਾ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਅਖੌਤੀ ਆਜ਼ਾਦੀ ਦਾ ਨਾਅਰਾ ਲਾ ਕੇ ਵੋਟ ਤੰਤਰ ਵਿਚ ਉਲਝਾਈ ਰੱਖਣ ਵਾਲੇ ਸਿਸਟਮ ਨੂੰ ਨਕਾਰਨ ਲਈ ਇਨਕਲਾਬੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਉਤੇ ਵਿਧਾਨ ਸਭਾ ਚੋਣਾਂ ਤੇ ਵੋਟਾਂ ਦਾ ਬਾਈਕਾਟ ਦਾ ਨਾਅਰਾ ਬੁਲੰਦ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿਆਸੀ ਧਿਰਾਂ ਨੂੰ ਪਾਈਆਂ ਵੋਟਾਂ ਕਿਰਤੀਆਂ ਦੀਆਂ ਸਮੱਸਿਆਵਾਂ ਨੂੰ ਹੋਰ ਵਧਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾਵਾਂ 75 ਸਾਲਾਂ ਵਿਚ ਕਾਣੀ ਵੰਡ ਖਤਮ ਨਹੀਂ ਕਰ ਸਕੀਆਂ। ਲੋਕਾਂ ਨੂੰ ਲਾਲਚ ਦੇ ਕੇ ਜਾਂ ਧਮਕਾ ਕੇ ਵੋਟ ਲੁੱਟੀ ਜਾਂਦੀ ਹੈ। ਇਹ ਸਿਸਟਮ ਕਾਰਪੋਰੇਟ



ਘਰਾਣਿਆਂ, ਸਾਮਰਾਜੀ ਕੰਪਨੀਆਂ ਤੇ ਦਲਾਲਾਂ ਵੱਲੋਂ ਸਿਰਜਿਆ ਗਿਆ ਹੈ, ਜਿਸ ਵਿਚ ਹਰੇਕ ਮਿਹਨਤੀ ਤਬਕੇ ਦੀ ਲਗਾਤਾਰ ਲੁੱਟ ਕੀਤੀ ਜਾ ਰਹੀ ਹੈ।

ਇਸ ਮੌਕੇ ਲਖੀਮਪੁਰ ਕਾਂਡ ਅਤੇ ਕਰਨਾਟਕ ਵਿਚ ਮੁਸਲਿਮ ਲੜਕੀਆਂ ਲਈ ਇਨਸਾਫ, ਕਸ਼ਮੀਰੀ ਪੱਤਰਕਾਰ ਫਾਹਦ ਸ਼ਾਹ, ਸਿੱਖ ਬੰਦੀਆਂ ਅਤੇ ਬੁੱਧੀਜੀਵੀਆਂ ਦੀ ਤੁਰਤ ਰਿਹਾਈ, ਦਿੱਲੀ ਕਿਸਾਨ ਘੋਲ ਦੀਆਂ ਬਕਾਇਆ ਮੰਗਾਂ, ਕਿਸਾਨਾਂ-ਮਜਦੂਰਾਂ ਦੇ ਕਰਜ਼ਿਆਂ ਦਾ ਖਾਤਮਾ ਤੇ ਛੋਟੇ ਬੱਚਿਆਂ ਦੇ ਸਕੂਲ ਤੁਰਤ ਖੋਲ੍ਹਣ ਦੇ ਮਤੇ ਪਾਸ ਕੀਤੇ ਗਏ।

# ਸਿੱਖਾਂ ਨਾਲ ਭਾਜਪਾ ਦੀ ਨੇੜਤਾ ਤੋਂ ਵਿਰੋਧੀ ਧਿਰਾਂ ਚਿੰਤਤ: ਸ਼ਾਹ

**ਪਟਿਆਲਾ:** ਪਟਿਆਲਾ ਵਿਚ ਭਾਜਪਾ, ਪੰਜਾਬ ਲੋਕ ਕਾਂਗਰਸ ਤੇ ਅਕਾਲੀ ਦਲ (ਸੰਯੁਕਤ) ਦੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਭਾਜਪਾ ਅਤੇ ਸਿੱਖ ਸਫਾਂ ਦਰਮਿਆਨ ਮੋਹ ਤੇ ਸਾਂਝ ਵਧਣ ਨੇ ਵਿਰੋਧੀ ਰਾਜਸੀ ਧਿਰਾਂ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ ਹੈ। ਗ੍ਰਿਹ ਮੰਤਰੀ ਨੇ ਇਸ ਮੌਕੇ ਕਿਹਾ ਕਿ ਕੇਂਦਰ ਸਰਕਾਰ ਪੂਰੀ ਸ਼ਿੱਦਤ ਤੇ ਸ਼ਰਧਾ ਭਾਵਨਾ ਨਾਲ ਸਿੱਖਾਂ ਦੇ, ਤੇ ਖਾਸ ਕਰਕੇ ਪੰਥਕ ਮਸਲਿਆਂ ਦਾ ਹੱਲ ਕਰਨ 'ਚ ਲੱਗੀ ਹੋਈ ਹੈ। ਜਦਕਿ ਭਾਜਪਾ ਲਈ ਵਧ ਰਹੀ ਹਮਾਇਤ ਕਾਰਨ ਵਿਰੋਧੀ ਧਿਰਾਂ ਸਾਜ਼ਿਸ਼ ਕਰਨ ਵਿਚ ਲੱਗੀਆਂ ਹੋਈਆਂ ਹਨ। ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ, 26 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਵੀਰ ਬਾਲ ਦਿਵਸ ਮਨਾਉਣ ਦੇ ਰੂਪ ਵਿਚ ਕਈ ਕਦਮ ਚੁੱਕੇ ਹਨ। ਉਨ੍ਹਾਂ ਕਾਲੀ ਸੂਚੀ ਵਿਚੋਂ ਨਾਂ ਹਟਾਉਣ ਦਾ ਜ਼ਿਕਰ ਵੀ ਕੀਤਾ।



ਅਮਿਤ ਸ਼ਾਹ ਨੇ ਸੂਬੇ ਦੀਆਂ ਸਨਅਤਾਂ ਲਈ ਕਈ ਵੱਡੇ ਐਲਾਨ ਕੀਤੇ। ਸ਼ਾਹ ਨੇ ਇਸ ਮੌਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਨਾਅਰਾ ਵੀ ਦਿੱਤਾ ਤੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦਾ ਐਲਾਨ ਵੀ ਕੀਤਾ। ਰੈਲੀ ਨੂੰ ਸੰਬੋਧਨ ਕਰਦਿਆਂ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ ਵਿਚ ਐਨ.ਡੀ.ਏ. ਦੀ ਸਰਕਾਰ ਬਣਨ 'ਤੇ ਤੁਰਤ ਪੰਜਾਬ ਦੇ ਕਿਸਾਨਾਂ ਦਾ 50 ਹਜ਼ਾਰ ਤੱਕ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ। ਇਸ ਦੇ ਨਾਲ ਹੀ ਨਸ਼ਾ ਮੁਕਤ ਪੰਜਾਬ ਲਈ, ਸੂਬੇ ਦੇ ਚਾਰ ਵੱਡੇ ਸ਼ਹਿਰਾਂ ਵਿਚ ਨਾਰਕੋਟਿਕਸ ਬਿਊਰੋ ਬਣਾਏ ਜਾਣਗੇ, ਹਰ ਸ਼ਹਿਰ ਵਿਚ ਐਸ.ਟੀ.ਐਫ. ਹੋਵੇਗਾ। ਸੂਬੇ ਦੀ ਜੋ ਸਨਅਤ ਬਾਹਰਲੇ ਸੂਬਿਆਂ ਵਿਚ ਚਲੀ ਗਈ ਹੈ, ਉਸ ਨੂੰ ਵਾਪਸ ਲਿਆਂਦਾ ਜਾਵੇਗਾ। ਉਨ੍ਹਾਂ ਵਾਅਦਾ ਕੀਤਾ ਕਿ ਜੇ ਸਨਅਤਕਾਰ ਤੇ ਲੋਕ ਭਾਜਪਾ ਨੂੰ ਜਿਤਾਉਣਗੇ ਤਾਂ ਲੁਧਿਆਣਾ ਦੇ ਸਾਈਕਲ ਉਦਯੋਗ ਨੂੰ ਵਿਸ਼ਵ ਪੱਧਰ 'ਤੇ ਲਿਜਾਣ ਲਈ ਵੱਡੇ ਉਪਰਾਲੇ ਕੀਤੇ ਜਾਣਗੇ। ਇਸ ਤੋਂ ਇਲਾਵਾ ਹੋਰ ਵੀ ਵੱਡੇ ਪ੍ਰੋਜੈਕਟ ਲਿਆਂਦੇ ਜਾਣਗੇ। ਸੂਬੇ ਦੀਆਂ ਸਨਅਤਾਂ ਨੂੰ ਚਾਰ ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇਗੀ। ਰੈਲੀ ਦੌਰਾਨ ਸ਼ਾਹ ਨੇ ਲੁਧਿਆਣਾ ਜ਼ਿਲ੍ਹੇ ਦੇ 14 ਵਿਧਾਨ ਸਭਾ ਹਲਕਿਆਂ ਦੇ ਉਮੀਦਵਾਰਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਤੇ ਉਨ੍ਹਾਂ ਦੇ ਗੱਠਜੋੜ ਵਿਚ ਸ਼ਾਮਲ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਜਿਤਾਉਣ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਭਾਜਪਾ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਲੋਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨਾਲ ਗੱਠਜੋੜ ਕੀਤਾ ਹੈ। ਉਨ੍ਹਾਂ ਪੰਜਾਬ ਨੂੰ ਭਾਰਤ ਦੇ ਜਿਗਰ ਦਾ ਟੁਕੜਾ ਦੱਸਦੇ ਹੋਏ ਕਿਹਾ ਕਿ ਪੰਜਾਬ ਬਿਨਾਂ ਦੇਸ਼ ਦਾ ਸਨਮਾਨ ਨਹੀਂ। ਰੈਲੀ ਦੌਰਾਨ ਅਮਿਤ ਸ਼ਾਹ ਨੇ ਪਾਕਿਸਤਾਨ ਵਿਚ ਕੀਤੀ ਸਰਜੀਕਲ ਸਟ੍ਰਾਈਕ 'ਤੇ ਵੀ ਗੱਲ ਕੀਤੀ। ਉਨ੍ਹਾਂ ਨਾਲ ਹੀ ਕਿਹਾ ਕਿ ਜੇ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਇੱਥੇ ਸਿੱਖਾਂ ਤੇ ਹਿੰਦੂਆਂ ਦਾ ਧਰਮ ਬਦਲਾਉਣ ਵਾਲੇ ਲੋਕਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਏਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਾਂ ਦੀ ਭਲਾਈ ਲਈ ਕਈ ਕਦਮ ਚੁੱਕੇ ਹਨ। ਸ਼ਾਹ ਨੇ ਇਸ ਮੌਕੇ ਕਰਤਾਰਪੁਰ ਲਾਂਘੇ, ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 300 ਥਾਵਾਂ 'ਤੇ ਮਨਾਉਣ ਦਾ ਜ਼ਿਕਰ ਕੀਤਾ।

# ਭੁੱਲਰ ਦੀ ਰਿਹਾਈ ਲਈ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਉਪ ਰਾਜਪਾਲ ਤੱਕ ਪਹੁੰਚ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਦੇ ਉਪ ਰਾਜਪਾਲ ਅਨਿਲ ਬੈਜਲ ਨੂੰ ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਦੀ ਬੈਠਕ ਬੁਲਾ ਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਅੱਠ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਸੀ। ਇਸ ਸੂਚੀ ਵਿਚ ਪ੍ਰੋ. ਭੁੱਲਰ ਦਾ ਨਾਂ ਵੀ ਸ਼ਾਮਲ ਸੀ ਪਰ ਕੇਜਰੀਵਾਲ ਸਰਕਾਰ 'ਤੇ ਪ੍ਰੋ. ਦਵਿੰਦਰ ਪਾਲ ਸਿੰਘ ਨੂੰ ਰਿਹਾਅ ਨਾ ਕਰਨ ਦੇ ਦੋਸ਼ ਲੱਗ ਰਹੇ ਹਨ। ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਪਿਛਲੇ 26 ਸਾਲ ਸਲਾਖਾਂ ਪਿੱਛੇ ਰਹਿਣ ਦੇ ਬਾਵਜੂਦ ਪ੍ਰੋ. ਭੁੱਲਰ ਦੀ ਰਿਹਾਈ ਨਾ ਹੋਣ 'ਤੇ ਦੇਸ਼ ਅਤੇ ਦੁਨੀਆ ਭਰ ਦੀ ਸਿੱਖ ਸੰਗਤ ਵਿਚ ਰੋਸ ਹੈ। ਉਨ੍ਹਾਂ ਉਪ ਰਾਜਪਾਲ ਅਨਿਲ ਬੈਜਲ ਨੂੰ ਅਪੀਲ ਕੀਤੀ ਕਿ ਉਹ ਮਾਮਲੇ 'ਚ ਦਖਲ ਦਿੰਦਿਆਂ ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਦੀ ਬੈਠਕ ਬੁਲਾ ਕੇ ਪ੍ਰੋ. ਭੁੱਲਰ ਦੀ ਰਿਹਾਈ ਯਕੀਨੀ ਬਣਾਉਣ। ਕਾਲਕਾ ਨੇ ਕਿਹਾ ਕਿ ਕੇਜਰੀਵਾਲ ਪੰਜਾਬ ਤੇ ਪੰਜਾਬੀਅਤ ਦੇ ਵਿਰੋਧੀ ਹਨ। ਉਨ੍ਹਾਂ ਦੀ ਸਰਕਾਰ ਨੇ ਪ੍ਰੋ. ਭੁੱਲਰ ਦੀ ਰਿਹਾਈ ਦੀ ਅਰਜ਼ੀ ਚਾਰ ਵਾਰ ਖਾਰਜ ਕਰ ਦਿੱਤੀ ਹੈ। ਦਿੱਲੀ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਪ੍ਰੋ. ਭੁੱਲਰ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰ ਦਿੱਤਾ ਸੀ। ਸਜ਼ਾ ਪੂਰੀ ਕਰਨ ਦੇ ਬਾਅਦ ਵੀ ਪ੍ਰੋ. ਭੁੱਲਰ ਨੂੰ ਜੇਲ੍ਹ 'ਚ ਰੱਖਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

# ਸਹਿਜਧਾਰੀ ਸਿੱਖ ਪਾਰਟੀ ਵੱਲੋਂ ਭਾਜਪਾ ਨੂੰ ਸਮਰਥਨ ਦੇਣ ਦਾ ਐਲਾਨ

**ਮੁਹਾਲੀ:** ਸਹਿਜਧਾਰੀ ਸਿੱਖ ਪਾਰਟੀ ਨੇ ਭਾਜਪਾ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਪਾਰਟੀ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂ ਨੇ ਦੱਸਿਆ ਕਿ ਸਹਿਜਧਾਰੀ ਸਿੱਖ ਪਾਰਟੀ ਨੇ ਪੰਜਾਬ ਦੇ ਵੱਖ-ਵੱਖ ਹਲਕਿਆਂ ਵਿਚ 30 ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਇਨ੍ਹਾਂ ਸਾਰੇ ਉਮੀਦਵਾਰਾਂ ਨੂੰ ਭਾਜਪਾ ਦੇ ਹੱਕ ਵਿਚ ਵਾਪਸ ਲੈ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਰਾਜਨੀਤਕ ਅਸਥਿਰਤਾ ਦਾ ਮਾਹੌਲ ਹੈ ਅਤੇ ਪੰਜਾਬ ਦੀ ਵਾਗਡੋਰ ਗੈਰ ਜ਼ਿੰਮੇਵਾਰ ਆਗੂਆਂ ਦੇ ਹੱਥ ਦੇਣੀ ਦੇਸ਼ ਹਿੱਤ ਵਿਚ ਨਹੀਂ ਹੈ। ਉਨ੍ਹਾਂ ਕੇਂਦਰੀ ਵਿਦੇਸ਼ ਮੰਤਰੀ ਅਤੇ ਪੰਜਾਬ ਮਾਮਲਿਆਂ ਦੇ ਮੁਖੀ ਮੀਨਾਕਸ਼ੀ ਲੇਖੀ ਦੀ ਮੌਜੂਦਗੀ ਵਿਚ ਭਾਜਪਾ ਨੂੰ ਸਮਰਥਨ ਦਿੱਤਾ। ਇਸ ਤੋਂ ਪਹਿਲਾਂ ਜਥੇਬੰਦੀ ਦੀ ਆਪ ਅਤੇ ਸੰਯੁਕਤ ਸਮਾਜ ਮੋਰਚਾ ਨਾਲ ਰਲੇਵੇਂ ਦੀ ਗੱਲ ਚੱਲੀ ਸੀ ਪਰ ਗੱਲ ਸਿਰੇ ਨਹੀਂ ਚੜ੍ਹੀ।

# ਯਾਦਗਾਰੀ ਹੋ ਨਿੱਬੜਿਆ ਸ਼ਿਕਾਗੋ ਦਾ ਲੋਹੜੀ ਪ੍ਰੋਗਰਾਮ

ਸੁੰਦਰ ਮੁੰਦਰੀਏ ਹੋ,
ਤੇਰਾ ਕੌਣ ਵਿਚਾਰਾ ਹੋ,
ਦੁੱਲਾ ਭੱਟੀ ਵਾਲਾ ਹੋ...

ਲੋਹੜੀ, ਜੋ ਕਿ ਪੰਜਾਬ ਜਾਂ ਕਹਿ ਲਓ ਉੱਤਰੀ ਭਾਰਤ ਦਾ ਪ੍ਰਸਿੱਧ ਤਿਓਹਾਰ ਹੈ, ਪੰਜਾਬ ਦੇ ਨਾਇਕ ਦੁੱਲਾ ਭੱਟੀ ਨਾਲ ਸਬੰਧਤ ਗੀਤਾਂ ਤੋਂ ਬਿਨਾਂ ਅਧੂਰਾ ਹੈ। ਮਾਘ ਦੀ ਸੰਗਰਾਂਦ ਤੋਂ ਇਕ ਦਿਨ ਪਹਿਲਾਂ ਪੰਜਾਬੀਆਂ ਵਲੋਂ ਧੂਮਧਾਮ ਨਾਲ ਇਹ ਤਿਓਹਾਰ ਮਨਾਇਆ ਜਾਂਦਾ ਹੈ। ਵੱਡੇ ਦਿਨਾਂ ਦੀ ਆਮਦ ਤੇ ਸਿਆਲ ਦੇ ਪਾਲੇ ਤੋਂ ਨਿਜਾਤ ਮਿਲਣ ਦੀ ਖੁਸ਼ੀ 'ਚ ਰਿਉੜੀਆਂ, ਮੂੰਗਫਲੀ, ਗੱਚਕ ਦਾ ਖੂਬ ਆਨੰਦ ਮਾਣਿਆ ਜਾਂਦਾ ਹੈ। ਪਰਿਵਾਰ ਦੇ ਜੀਅ ਘਰ ਵਿਚ ਭੁੱਗਾ ਬਾਲ ਕੇ ਨਾਲੇ ਅੱਗ ਸੇਕਦੇ ਨੇ ਤੇ ਨਾਲ ਹੀ ਅੱਗ ਵਿਚ ਤਿਲ, ਮੂੰਗਫਲੀ ਸੁੱਟ ਕੇ 'ਇਸਰ ਆਏ, ਦਲਿੱਦਰ ਜਾਏ, ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ' ਆਖ ਕੇ ਦਲਿੱਦਰ ਨੂੰ ਦੂਰ ਭੱਜਣ ਦੀ ਦੁਆ ਕਰਦੇ ਨੇ।

ਪੰਜਾਬ ਦੇ ਨਾਲ-ਨਾਲ ਵਿਦੇਸ਼ੀਂ ਵਸਦੇ ਪੰਜਾਬੀਆਂ ਵਲੋਂ ਵੀ ਲੋਹੜੀ ਦਾ ਤਿਉਹਾਰ ਪੂਰੀ ਧੂਮ-ਧਾਮ ਨਾਲ ਮਨਾ ਕੇ ਪੰਜਾਬ ਦੀਆਂ ਯਾਦਾਂ ਨੂੰ ਤਰੋ-ਤਾਜ਼ਾ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਭਾਈਚਾਰੇ ਨਾਲ ਸੰਬੰਧਤ ਹਰੇਕ ਤਿਓਹਾਰ ਨੂੰ ਵਧ-ਚੜ੍ਹ ਕੇ ਮਨਾਉਣ ਤੇ ਲੜਕੀਆਂ ਦੀ ਮਦਦ ਲਈ ਹਮੇਸ਼ਾ ਤਤਪਰ ਰਹਿੰਦੀ ਸ਼ਿਕਾਗੋ ਦੀ ਸੰਸਥਾ





'ਸਵੇਰਾ ਸਿੱਖ ਵਿਮੈਨ ਇਰਾ' ਵਲੋਂ 12 ਫਰਵਰੀ ਨੂੰ ਐਟਲਾਂਟਿਕ ਬੈਂਕੁਇਟਸ ਵਿਚ 'ਪੁੱਤ ਦੀ ਨਾ ਧੀ ਦੀ, ਲੋਹੜੀ ਹਰ ਜੀਅ ਦੀ' ਦੇ ਸਿਰਲੇਖ ਹੇਠ ਲੋਹੜੀ ਦਾ ਤਿਉਹਾਰ ਵੱਡੇ ਪੱਧਰ 'ਤੇ ਮਨਾਇਆ ਗਿਆ, ਜਿਸ ਵਿਚ ਭਾਈਚਾਰੇ ਦੇ ਲੋਕਾਂ ਨੇ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਤੇ ਖੂਬ ਰੌਣਕਾਂ ਲਾਈਆਂ। ਦੋ ਸੌ ਦਰਸ਼ਕਾਂ ਲਈ ਤੈਅ ਇਸ ਪ੍ਰੋਗਰਾਮ 'ਚ ਭਾਵੇਂ 300 ਦੇ ਕਰੀਬ ਹਾਜਰੀਨ ਪੁੱਜ ਗਏ ਸਨ ਪਰ ਫੇਰ ਵੀ ਸਭਨਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਵਧੀਆ ਨੇਪਰੇ ਚੜ੍ਹ ਗਿਆ।

ਸੰਸਥਾ ਵਲੋਂ ਕਰੋਨਾ ਮਹਾਮਾਰੀ ਦੇ ਆਉਣ ਤੋਂ ਪਹਿਲਾਂ ਸਾਲ 2020 ਵਿਚ ਪਹਿਲੀ ਵਾਰ ਲੋਹੜੀ ਮਨਾਈ ਗਈ ਸੀ ਤੇ ਐਤਕੀਂ ਕਰੋਨਾ ਮਹਾਮਾਰੀ ਤੋਂ ਬਾਅਦ ਸੰਸਥਾ ਦੀ ਰੂਹ-ਏ-ਰਵਾਂ ਬੀਬੀ ਜਸਬੀਰ ਕੌਰ ਦੇ ਯਤਨਾਂ ਸਦਕਾ ਇਸ ਸਾਲ ਦਾ ਲੋਹੜੀ ਦਾ ਇਹ ਪਹਿਲਾ ਤਿਓਹਾਰ ਮਨਾਇਆ ਗਿਆ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਸਤੰਬਰ ਵਿਚ ਤੀਆਂ ਦਾ ਮੇਲਾ ਵੀ ਲਾਇਆ ਗਿਆ ਸੀ, ਜਿਸ 'ਚ ਬੀਬੀਆਂ ਨੇ ਨੱਚ-ਨੱਚ ਕੇ ਖੂਬ ਧਮਾਲਾਂ ਪਾਈਆਂ ਸਨ।

ਪ੍ਰੋਗਰਾਮ ਦਾ ਆਗਾਜ਼ ਸੰਸਥਾ ਦੀ ਪ੍ਰਧਾਨ ਬੀਬੀ ਜਸਬੀਰ ਕੌਰ ਮਾਨ ਨੇ


ਗੱਡ ਕੇ ਕੱਢੀਆਂ ਟੌਹਰਾਂ ਨੂੰ,
ਟਿੱਕੇ ਨੂੰ ਤੇ ਝੂਮਰ ਨੂੰ
ਤੇ ਗਲ ਦੇ ਸੋਹਣੇ ਹਾਰਾਂ ਨੂੰ,
ਇਨ੍ਹਾਂ ਛੱਲਿਆਂ ਨੂੰ, ਇਨ੍ਹਾਂ ਮੁੰਦੀਆਂ ਨੂੰ,
ਸੁਰਮੇ ਦੀਆਂ ਤਿੱਖੀਆਂ ਧਾਰਾਂ ਨੂੰ,
ਝਿਲਮਿਲ ਕਰਦੀਆਂ ਚੁੰਨੀਆਂ ਨੂੰ
ਤੇ ਪੋਚਵੀਆਂ ਦਸਤਾਰਾਂ ਨੂੰ
ਇਨ੍ਹਾਂ ਨਖਰੇਬਾਜ਼ ਮੁਟਿਆਰਾਂ ਨੂੰ
ਅਤੇ ਰੋਅਬਦਾਰ ਸਰਦਾਰਾਂ ਨੂੰ
ਸਾਡੇ ਸੋਹਣੇ ਸਭ ਪਰਿਵਾਰਾਂ ਨੂੰ।
ਅਸੀਂ 'ਜੀ ਆਇਆਂ' ਨੂੰ ਕਹਿੰਦੇ ਹਾਂ,
ਨਾਲ ਭਾਈਚਾਰੇ ਦੇ ਲੋਕਾਂ ਨੂੰ ਜੀ ਆਇਆਂ

ਆਖ ਕੇ ਕੀਤਾ। ਸੰਸਥਾ ਦੀਆਂ ਬਾਨੀ ਸੁਖਵਿੰਦਰ ਕੌਰ ਸਿੱਧੂ ਤੇ ਅਮਰਜੀਤ ਕੌਰ ਮਾਂਗਟ ਵੀ ਉਨ੍ਹਾਂ ਨਾਲ ਮੌਜੂਦ ਸਨ। ਭਾਈਚਾਰੇ ਦੇ ਕੰਮਾਂ 'ਚ ਵਧ-ਚੜ੍ਹ ਕੇ ਹਿੱਸਾ ਲੈਣ ਵਾਲੇ, ਜ਼ੂਮ 'ਤੇ ਮੁਸ਼ਾਇਰੇ ਕਰਵਾਉਣ ਵਾਲੇ ਤੇ ਸ਼ਿਵ ਕੁਮਾਰ ਬਟਾਲਵੀ ਦੇ ਸ਼ਹਿਰ ਬਟਾਲਾ ਦੇ ਉਘੇ ਲੇਖਕ ਤੇ ਸ਼ਾਇਰ ਰਾਜ ਲਾਲੀ ਬਟਾਲਾ ਨੇ ਬੀਬੀ ਜਸਬੀਰ ਕੌਰ ਨਾਲ ਮਿਲ ਕੇ ਮੰਚ ਦਾ ਸੰਚਾਲਨ ਕੀਤਾ ਤੇ ਆਪਣੀ ਸ਼ਾਇਰੋ-ਸ਼ਾਇਰੀ ਨਾਲ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾਈ ਰੱਖਿਆ। ਧੀਆਂ, ਕੁੜੀਆਂ ਬਾਰੇ ਕਵਿਤਾਵਾਂ ਪੜ੍ਹ ਕੇ ਉਨ੍ਹਾਂ ਮਾਹੌਲ ਨੂੰ ਕੁਝ ਸੰਜੀਦਾ ਕਰ ਦਿੱਤਾ। ਗੁਰਮਤਿ ਸਕੂਲ ਦੇ ਬੱਚਿਆਂ-ਏਕਮ ਕੌਰ, ਹਰਨੂਰ ਕੌਰ, ਜਪਜੀਤ ਕੌਰ, ਸ਼ਮਸ਼ੇਰ ਸਿੰਘ ਤੇ ਪੀਹੂ ਸ਼ਰਮਾ ਨੇ ਮੁਹਾਰਨੀ ਗਾਈ ਤੇ ਨਾਲ ਆਪਣੇ ਹੱਥਾਂ ਬਾਹਾਂ ਨਾਲ ਅੱਖਰ ਬਣਾ ਕੇ ਬਹੁਤ ਸੋਹਣੀ ਪੇਸ਼ਕਾਰੀ ਦਿੱਤੀ। ਨੰਨ੍ਹੇ-ਮੁੰਨੇ ਇਨ੍ਹਾਂ ਬੱਚਿਆਂ ਨੂੰ ਪਰਮਵੀਰ ਕੌਰ ਨੇ ਤਿਆਰੀ ਕਰਵਾਈ ਸੀ, ਜਿਸ ਦੀ ਸਭ ਨੇ ਸ਼ਲਾਘਾ ਕੀਤੀ।

ਸ. ਗੁਰਮੁਖ ਸਿੰਘ ਭੁੱਲਰ, ਚਰਨਦੀਪ ਸਿੰਘ, ਜਸਮੀਤ ਸਿੰਘ, ਗੁਰਪ੍ਰੀਤ ਕੌਰ ਸਿੰਘ, ਰੀਤੂ ਕੌਰ, ਅਸੀਸ ਕੌਰ ਤੇ ਅਜੂੰਨੀ ਕੌਰ ਨੇ ਜਦੋਂ ਭਰੂਣ ਹੱਤਿਆ 'ਤੇ ਆਧਾਰਤ ਆਪਣੀ ਸਕਿੱਟ 'ਕਿਉਂ' ਪੇਸ਼ ਕੀਤੀ ਤਾਂ ਦਰਸ਼ਕ ਆਪਣੇ ਹੰਝੂ ਰੋਕ ਨਾ ਸਕੇ। ਬਹੁਤ ਹੀ ਥੋੜ੍ਹੇ ਸਮੇਂ ਵਿਚ ਤਿਆਰ ਕੀਤੀ ਗਈ ਤੇ ਘੱਟ ਵਸੀਲਿਆਂ ਦੇ ਬਾਵਜੂਦ ਸਕਿੱਟ ਟੀਮ ਆਪਣਾ ਸੁਨੇਹਾ ਕਿ 'ਜੇ ਰੁੱਖ ਵੱਢ ਦਿਆਂਗੇ ਤਾਂ ਛਾਵਾਂ ਕਿੱਥੋਂ ਆਉਣਗੀਆਂ, ਜੇ ਧੀਆਂ ਮਾਰ ਦਿਆਂਗੇ ਤਾਂ ਮਾਵਾਂ ਕਿੱਥੋਂ ਆਉਣਗੀਆਂ' ਦੇਣ 'ਚ ਸਫਲ ਰਹੀ। ਦਰਸ਼ਕਾਂ ਨੇ ਭਿੱਜੀਆਂ ਅੱਖਾਂ ਤੇ ਜ਼ੋਰਦਾਰ ਤਾੜੀਆਂ ਨਾਲ ਟੀਮ ਦੀ ਹੌਸਲਾ-ਅਫਜ਼ਾਈ ਕੀਤੀ।



ਪ੍ਰੋਗਰਾਮ ਦੀ ਕਾਰਵਾਈ ਨੂੰ ਅੱਗੇ ਤੋਰਦਿਆਂ ਹਰਿਆਣਾ ਦੇ ਭਰਤ ਕੁਮਾਰ ਨੇ ਗੀਤ 'ਗੁਲਾਬੀ ਆਂਖੇਂ' ਗਾ ਕੇ ਸਭ ਦਾ ਮਨ ਮੋਹ ਲਿਆ। ਲਹਿੰਗਿਆਂ 'ਚ ਸਜੀਆਂ ਨਿੱਕੀਆਂ-ਨਿੱਕੀਆਂ ਬੱਚੀਆਂ ਗੁਰਲੀਨ ਕੌਰ, ਸਿਮਰਜੋਤ ਕੌਰ ਤੇ ਪਰਮਲੀਨ ਕੌਰ ਨੇ ਜਦੋਂ ਆਪਣਾ ਡਾਂਸ ਪੇਸ਼ ਕੀਤਾ ਤਾਂ ਸਾਰੇ ਤਾੜੀਆਂ ਮਾਰਨ ਲਈ ਮਜਬੂਰ ਹੋ ਗਏ। ਬੀਬੀ ਜਸਬੀਰ ਕੌਰ ਨੇ ਦੱਸਿਆ ਕਿ ਅੱਜ ਨਵਜੰਮੇ ਬੱਚਿਆਂ, ਜੁੜਵਾ ਧੀਆਂ ਹੀਰਾ ਕੌਰ ਕਾਹਲੋਂ ਤੇ ਜ਼ੋਰਾ ਕੌਰ ਕਾਹਲੋਂ, ਅਰਜ਼ੋਈ ਕੌਰ, ਹੀਰਾ ਕੌਰ ਕਲੇਰ, ਪਰਵਾਨ ਸਿੰਘ ਰਾਏ, ਜੋਵਨ ਸਿੰਘ ਬੋਪਾਰਾਏ, ਹਜ਼ੂਰ ਸਿੰਘ, ਯੁਗਰਾਜ ਸਿੰਘ, ਹਰਸ਼ਾਨ ਸਿੰਘ, ਐਮ ਜੇ ਓਹੈਲਰਨ, ਗੁਰੀਸ਼ਾ ਕਿਰਨ ਤੇ ਨਵ-ਵਿਆਹੇ ਜੋੜੇ ਨਵਜੀਤ ਸਿੰਘ-ਪ੍ਰੀਆ ਕੌਰ ਧਨੋਆ ਦੀ ਲੋਹੜੀ ਮਨਾਈ ਗਈ ਹੈ।



ਲੋਹੜੀ ਦੀ ਵਿਸ਼ੇਸ਼ ਮਹਿਮਾਨ, 'ਡੈਨਮਾਰਕ ਦੀ ਹੀਰ' ਦੇ ਨਾਂ ਨਾਲ ਜਾਣੀ ਜਾਂਦੀ ਗਾਇਕਾ ਅਨੀਤਾ ਲਰਚੇ ਜਦੋਂ ਪੰਜਾਬੀ ਪਹਿਰਾਵੇ ਵਿਚ ਹਾਲ ਵਿਚ ਆਈ ਤਾਂ ਸਾਰਿਆਂ ਨੇ ਤਾੜੀਆਂ ਨਾਲ ਉਸ ਦਾ ਸਵਾਗਤ ਕੀਤਾ। ਇਹ ਗੋਰੀ ਕੁੜੀ ਸਾਡੇ ਵਿਦੇਸ਼ਾਂ 'ਚ ਰਹਿੰਦੇ ਪੰਜਾਬੀ ਨੌਜਵਾਨਾਂ ਤੋਂ ਵਧੀਆ ਪੰਜਾਬੀ ਬੋਲ ਕੇ ਸਭ ਨੂੰ ਹੈਰਾਨ ਕਰ ਦਿੰਦੀ ਹੈ। ਅਨੀਤਾ ਨੇ ਆਪਣਾ ਮਸ਼ਹੂਰ ਗੀਤ 'ਆਓ ਜੀ ਜੀਅ ਆਇਆਂ ਨੂੰ' ਤੇ 'ਬਾਬਾ ਵੇ ਕਲਾ ਮਰੋੜ', 'ਬੱਤੀ ਬਾਲ ਕੇ ਬਨ੍ਹੇਰੇ ਉਤੇ ਰੱਖਦੀ ਆਂ', 'ਚੰਨ ਵੇ ਸ਼ੌਂਕਣ ਮੇਲੇ ਦੀ' ਗਾ ਕੇ ਖੂਬ ਰੰਗ ਬੰਨ੍ਹਿਆ। ਉਸ ਨੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਨੂੰ ਆਪਣੇ ਗੀਤਾਂ 'ਤੇ ਝੂਮਣ ਲਈ ਮਜਬੂਰ ਕਰ ਦਿੱਤਾ। ਉਹ ਸਾਰਿਆਂ ਕੋਲ ਟੇਬਲਾਂ 'ਤੇ ਜਾ ਕੇ ਉਨ੍ਹਾਂ ਨੂੰ ਆਪਣੇ ਨਾਲ ਨਚਾ ਰਹੀ ਸੀ। ਉਸ ਦੇ ਕਹਿਣ 'ਤੇ ਭਾਵੇਂ ਬੰਦਿਆਂ ਨੇ ਸਟੇਜ 'ਤੇ ਆ ਕੇ ਖੂਬ ਭੰਗੜਾ ਪਾਇਆ ਪਰ ਕਈ ਸ਼ਇਦ ਘਰਵਾਲੀਆਂ ਤੋਂ ਡਰਦੇ ਕੁਰਸੀਆਂ ਤੋਂ ਨਾ ਉਠੇ। ਅਨੀਤਾ ਨੇ ਦੱਸਿਆ ਕਿ ਉਸ ਨੂੰ ਪੰਜਾਬੀ ਸਭਿਆਚਾਰ ਤੇ ਪੰਜਾਬੀ ਬੋਲੀ ਨਾਲ ਖਾਸ ਲਗਾਵ ਹੈ ਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੇ ਚੰਡਾਗੜ੍ਹ 'ਚ ਸ਼ੋਅ ਕਰ ਚੁੱਕੀ ਹੈ, ਉਸ ਨੇ ਪ੍ਰੋਗਰਾਮ 'ਚ ਬੁਲਾਉਣ ਲਈ ਬੀਬੀ ਮਾਨ ਦਾ ਧੰਨਵਾਦ ਕੀਤਾ।

ਪ੍ਰੋਗਰਾਮ ਵਿਚ ਕਾਰ ਸੇਵਾ ਗਰੁੱਪ ਦੇ ਮੁੱਖ ਸੇਵਾਦਾਰ ਸਤਨਾਮ ਸਿੰਘ ਔਲਖ ਨੇ ਪਰਿਵਾਰ ਸਣੇ ਸ਼ਿਰਕਤ ਕੀਤੀ। ਉਹ ਆਪਣੇ ਪਿੰਡ ਵਿਚ ਕੁੜੀਆਂ ਦੀ ਮਦਦ ਕਰਦੇ ਰਹਿੰਦੇ ਹਨ। ਉਨ੍ਹਾਂ ਸਵੇਰਾ ਟੀਮ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਨ੍ਹਾਂ ਬੀਬੀਆਂ ਨੇ ਕਰੋਨਾ ਮਗਰੋਂ ਪਹਿਲਾਂ ਤੀਆਂ ਤੇ ਹੁਣ ਲੋਹੜੀ ਮਨਾ ਕੇ ਬੰਦਿਆਂ ਤੋਂ ਬਾਜ਼ੀ ਮਾਰ ਲਈ ਹੈ। ਉਨ੍ਹਾਂ ਆਖਿਆ ਕਿ ਇਹ ਸ਼ੇਰਨੀਆਂ ਹਨ, ਜੋ ਸੱਭਿਆਚਾਰ ਦੀ ਸੇਵਾ 'ਚ ਜੁਟੀਆਂ ਰਹਿੰਦੀਆਂ ਹਨ।

ਇਸ ਮੌਕੇ ਸੰਜੀਵਨੀ4ਯੂ ਤੋਂ ਪ੍ਰੋਮਿਲਾ ਕੁਮਾਰ ਨੇ ਆਪਣੇ ਪਤੀ ਸਣੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਤੇਲਗੂ ਦੀ ਲੜਕੀਆਂ ਲਈ ਕੰਮ ਕਰਦੀ ਸੰਸਥਾ ਤਨਾ (ਤੇਲਗੂ ਐਸੋਸੀਏਸ਼ਨ ਆਫ ਨੌਰਥ ਅਮਰੀਕਾ) ਦੀ ਵਿਮੈਨਜ਼ ਫੋਰਮ ਚੇਅਰ ਤੇ 'ਵਿਮੈਨ ਆਫ ਦਿ ਡੈਕੇਡ' ਤੇ 'ਆਈ ਕੈਨ ਐਵਾਰਡ' ਜੇਤੂ ਉਮਾ ਅਰਮਾਂਦਲਾ ਨੇ ਪ੍ਰੋਗਰਾਮ 'ਚ ਪੁੱਜ ਕੇ ਇਸ ਨੂੰ ਚਾਰ ਚੰਨ ਲਾਏ।



ਇਸ ਮੌਕੇ ਸਾਰੇ ਧਰਮਾਂ ਦੀਆਂ ਕੁੜੀਆਂ ਪੁੱਜੀਆਂ ਹੋਈਆਂ ਸਨ।

ਹਮੇਸ਼ਾ ਵਾਂਗ ਐਤਕੀਂ ਵੀ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਸੁਖਵੀਰ ਕੌਰ ਢਿੱਲੋਂ ਨੇ ਜਦੋਂ ਗਿੱਧੇ 'ਚ ਧਮਾਲ ਪਾਈ ਤਾਂ ਸਾਰੀਆਂ ਕੁੜੀਆਂ ਨੂੰ ਨੱਚਣ ਲਾ ਦਿੱਤਾ। ਰੰਗ-ਬਿਰੰਗੇ ਸੋਹਣੇ ਸੂਟ, ਗਰਾਰੇ-ਸ਼ਰਾਰੇ, ਲਹਿੰਗੇ ਪਾ ਕੇ ਆਈਆਂ ਕੁੜੀਆਂ ਨੇ ਬੋਲੀਆਂ 'ਤੇ ਗਿੱਧਾ ਪਾਇਆ ਤੇ ਨੱਚ-ਨੱਚ ਦੂਹਰੀਆਂ ਹੋਈਆਂ। ਇਸ ਮੌਕੇ ਲਿਆਂਦੇ ਸਰਦਾਰ ਬੱਚੇ ਵਾਲੇ ਖਿਡੌਣੇ ਨੂੰ ਚੁਕ-ਚੁਕ ਕੇ ਸਭ ਨੇ ਬੋਲੀਆਂ ਪਾਈਆਂ। ਅਨੀਤਾ ਲਰਚੇ ਨੇ ਵੀ



ਮੁਟਿਆਰਾਂ ਨਾਲ ਖੂਬ ਠੁਮਕੇ ਲਾਏ।

ਸ. ਪਰਸ਼ਨ ਸਿੰਘ ਮਾਨ ਸਾਰੇ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਜਸਪ੍ਰੀਤ ਸਿੰਘ ਮਾਨ ਤੇ ਹਰਪ੍ਰੀਤ ਸਿੰਘ ਮਾਨ ਆਪਣੀਆਂ ਦੋਸਤਾਂ ਨਾਲ ਪਰਚੀਆਂ ਕੱਟਣ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ। ਇਸ ਮੌਕੇ ਗਿਫਟ ਹੈਂਪਰ ਵੀ ਦਿੱਤੇ ਗਏ, ਜਿਸ ਦੀ ਸੇਵਾ ਅਰਚਨਾ ਭਿਡੇ ਪੈਂਟੋਮਥ ਸਕੂਲ ਦੀ ਬਾਨੀ ਨੇ ਨਿਭਾਈ। ਮਨਪ੍ਰੀਤ ਬੈਂਸ ਨੇ ਲਾਈਵ ਤੇ ਜੀਤੂ ਨੇ ਡੀ ਜੇ 'ਤੇ ਡਿਊਟੀ ਨਿਭਾਈ। ਕਮਲਜੀਤ ਕੌਰ ਸਹੋਤਾ, ਲਾਡੀ ਕੇ ਸਿੰਘ ਤੇ ਰੂਪੀ ਸਿੱਧੂ ਨੇ ਪ੍ਰੋਗਰਾਮ ਨੂੰ ਸਪਾਂਸਰ ਕੀਤਾ। ਟੀਮ ਸਵੇਰਾ ਤੇ ਬਲਵਿੰਦਰ ਕੌਰ ਔਲਖ ਨੇ ਕਮਲ ਤੇ ਉਸਦੀ ਭੈਣ ਨੂੰ ਇਕੱਠਿਆਂ ਤੇ ਨਰਿੰਦਰ ਰੰਗੀ ਤੇ ਭੁਪਿੰਦਰ ਧਨੋਆ (ਨਣਦ-ਭਰਜਾਈ), ਲਾਡੀ, ਉਮਾ, ਰੂਪੀ ਸਿੱਧੂ ਨੂੰ ਫੁਲਕਾਰੀਆਂ ਦੇ ਕੇ ਸਨਮਾਨਤ ਕੀਤਾ।

ਲਜ਼ੀਜ਼ ਖਾਣੇ ਤੋਂ ਬਿਨਾਂ ਤਾਂ ਕੋਈ ਵੀ ਪ੍ਰੋਗਰਾਮ ਅਧੂਰਾ ਹੁੰਦਾ ਹੈ। ਕੇ ਕੇ ਪੰਮੇ ਵਲੋਂ ਲਾਏ ਖਾਣੇ ਦਾ ਸਭ ਨੇ ਲੁਤਫ ਲਿਆ।

***(ਬਾਕੀ ਅਗਲੇ ਸਫੇ 'ਤੇ)***

# ਸ਼ਿਕਾਗੋ ਵਿਚ ਪਾਕਿਸਤਾਨ ਦੇ ਜਨਾਬ ਅਸਜਦ ਗਨੀ ਤਾਹਿਰ ਦਾ ਸਵਾਗਤ

**ਸ਼ਿਕਾਗੋ:** ਅਮਰੀਕਾ ਰਹਿੰਦੇ ਪਾਕਿਸਤਾਨੀ ਭਰਾਵਾਂ ਵਲੋਂ ਬੀਤੀ ਸ਼ਾਮ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਜਨਾਬ ਅਸਜਦ ਗਨੀ ਤਾਹਿਰ (ਚੀਫ ਆਫ ਪ੍ਰੋਟੋਕੋਲ) ਲਈ ਦੀਵਾਨ ਐਵੇਨਿਊ ਸ਼ਿਕਾਗੋ ਦੇ ਇੱਕ ਰੈਸਟੋਰੈਂਟ ਵਿਚ ਰੱਖੇ ਗਏ ਰਾਤ ਦੇ ਭੋਜਨ ਦੇ ਪ੍ਰੋਗਰਾਮ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸ. ਮੱਖਣ ਸਿੰਘ ਕਲੇਰ ਅਤੇ ਕਰਮਜੀਤ ਸਿੰਘ ਨੇ ਵੀ ਸ਼ਿਰਕਤ ਕੀਤੀ। ਉਨ੍ਹਾਂ ਨੇ ਇਸ ਨੂੰ ਸਿੱਖ ਭਾਈਚਾਰੇ ਦੇ ਵਿਕਾਸ ਅਤੇ ਪਾਕਿਸਤਾਨ ਵਿੱਚ ਸਿਖ ਗੁਰਧਾਮਾਂ ਦੇ ਨਵੀਨੀਕਰਨ ਬਾਰੇ ਗੱਲਬਾਤ ਕਰਨ ਦਾ ਇਕ ਮੌਕਾ ਸਮਝਿਆ।

ਜਨਾਬ ਤਾਹਿਰ ਸਾਹਿਬ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਵਲੋਂ ਘੱਟ-ਗਿਣਤੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸੁਲਝਾ ਕੇ ਉਨ੍ਹਾਂ ਵਿਚ ਵਿਸ਼ਵਾਸ ਪੈਦਾ ਕਰਨ ਦੀਆਂ ਤਰਜੀਹਾਂ ਬਾਰੇ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਘੱਟ ਗਿਣਤੀਆਂ ਦੇ ਵਿਕਾਸ ਅਤੇ ਬਰਾਬਰ ਭਾਗੀਦਾਰੀ ਦੇਖਣ ਲਈ ਉਤਸੁਕ ਹਨ। ਉਹ ਸਿੱਖਾਂ ਪ੍ਰਤੀ ਵਧੇਰੇ ਸਦਭਾਵਨਾ ਰੱਖਦੇ ਹਨ ਅਤੇ ਉਨ੍ਹਾਂ ਦਾ ਹਰ ਤਰ੍ਹਾਂ ਨਾਲ ਵਿਕਾਸ ਚਾਹੁੰਦੇ ਹਨ।

ਸਿੱਖਾਂ ਦੀ ਨੁਮਾਇੰਦਗੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸ. ਮੱਖਣ ਸਿੰਘ ਕਲੇਰ ਅਤੇ ਕਰਮਜੀਤ ਸਿੰਘ ਨੇ ਕੁਝ ਚਿੰਤਾ ਵਾਲੇ ਨੁਕਤੇ ਉਠਾਏ, ਜਿਸ ਬਾਰੇ ਜਨਾਬ ਤਾਹਿਰ ਸਾਹਿਬ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਸਿੱਖਾਂ ਦੇ ਕਿਸੇ ਵੀ ਮੁੱਦੇ 'ਤੇ ਗੰਭੀਰ ਹੈ ਅਤੇ ਯਕੀਨੀ ਤੌਰ 'ਤੇ ਇਸ ਵੱਲ ਧਿਆਨ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਰੋਹਤਾਸ ਦੇ ਇਤਿਹਾਸਕ ਕਿਲ੍ਹੇ (ਸ਼ੇਰ ਸ਼ਾਹ ਸੂਰੀ ਦੁਆਰਾ 1545 ਈਸਵੀ ਦੇ ਆਸ-ਪਾਸ ਬਣਵਾਇਆ ਗਿਆ ਸੀ) ਦੇ ਨੇੜੇ ਗੁਰਦੁਆਰਾ ਚੋਵਾ ਸਾਹਿਬ ਸਮੇਤ ਮਹੱਤਵਪੂਰਨ ਸਿੱਖ ਅਸਥਾਨਾਂ ਦੀ ਮੁਰੰਮਤ, ਰੱਖ-ਰਖਾਅ ਅਤੇ ਫੇਸ ਲਿਫਟਿੰਗ ਦਾ ਬਹੁਤ ਸਾਰਾ ਕੰਮ ਚੱਲ ਰਿਹਾ ਹੈ। ਪਾਕਿਸਤਾਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਸਕੂਲਾਂ ਵਿਚ ਗੁਰਮੁਖੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸ਼ਿਕਾਗੋ ਵਿਖੇ ਕੌਂਸਲ ਜਨਰਲ, ਜਨਾਬ ਤਾਰਿਕ ਕਰੀਮ ਸਾਹਿਬ ਨੇ ਉਨ੍ਹਾਂ ਵਿਕਾਸ ਪ੍ਰੋਜੈਕਟਾਂ ਬਾਰੇ ਗੱਲ ਕੀਤੀ, ਜਿਨ੍ਹਾਂ ਵਿਚ ਇਹ ਸੱਦਾ ਦਿੱਤਾ ਗਿਆ ਸੀ ਕਿ ਵਿਦੇਸ਼ਾਂ ਵਿਚ ਰਹਿੰਦੇ ਪਾਕਿਸਤਾਨੀ ਨਾਗਰਿਕ ਆਪਣੇ ਦੇਸ਼ ਵਿਚ ਹਿੱਸਾ ਲੈ ਸਕਦੇ ਹਨ, ਜਿਸ ਵਿੱਚ ਅਮਰੀਕੀ ਸਿੱਖ ਪ੍ਰਵਾਸੀ ਵੀ ਸ਼ਾਮਲ ਹਨ।

ਜਨਾਬ ਮੁਹੰਮਦ ਉਮਰ ਜੋ ਅਮਰੀਕਾ ਵਿਚ 3ਈ ਟੂਰ ਚਲਾਉਂਦੇ ਹਨ, ਨੇ ਸਿੱਖ ਸ਼ਰਧਾਲੂਆਂ ਲਈ ਵਿਸ਼ੇਸ਼ ਚਾਰਟਰਡ 8 ਦਿਨਾਂ ਦੇ ਟੂਰ ਪ੍ਰੋਗਰਾਮ ਬਾਰੇ ਦੱਸਿਆ। ਉਹ ਇਸ ਵਿਸਾਖੀ 'ਤੇ ਸਿੱਖ ਸ਼ਰਧਾਲੂਆਂ ਨੂੰ ਇਸ ਟੂਰ 'ਤੇ ਲਿਜਾਣ ਲਈ ਉਤਸੁਕ ਹਨ। ਹਾਜ਼ਰੀਨ ਨੂੰ ਸੁੰਦਰ ਬਰੋਸ਼ਰ/ਫਲਾਇਰ ਬੁੱਕਲੈਟ ਸੌਂਪਿਆ ਗਿਆ। ਉਥੇ ਵਪਾਰੀ ਅਤੇ ਸਮਾਜਿਕ ਕਾਰਕੁਨ ਸ੍ਰੀ ਰਾਜਾ ਯਾਕੂਬ ਅਤੇ ਸਲੀਮ ਸ਼ੇਖ ਸਾਹਿਬ ਨੇ ਮਹਿਮਾਨਾਂ ਦੀ ਜਾਣ-ਪਛਾਣ ਕਰਾਈ ਅਤੇ ਧੰਨਵਾਦ ਕੀਤਾ। ਇਸ ਮੌਕੇ ਗਰੁੱਪ ਫੋਟੋਆਂ ਵੀ ਖਿੱਚੀਆਂ ਗਈਆਂ।



# ਅਸਜਦ ਗਨੀ ਤਾਹਿਰ ਨੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਬਾਰੇ ਦਿੱਤੀ ਜਾਣਕਾਰੀ



**ਸ਼ਿਕਾਗੋ:** ਪਾਕਿਸਤਾਨ ਦੇ ਡਾਇਰੈਕਟਰ ਜਨਰਲ ਜਨਾਬ ਅਸਜਦ ਗਨੀ ਤਾਹਿਰ (ਚੀਫ ਆਫ ਪ੍ਰੋਟੋਕੋਲ) ਦਾ ਗੁਰਦੁਆਰਾ ਪੈਲਾਟਾਈਨ ਪੁੱਜਣ 'ਤੇ ਗੁਰਦੁਆਰੇ ਦੇ ਪ੍ਰਧਾਨ ਸ. ਅਮਰਦੇਵ ਸਿੰਘ ਬਦੇਸ਼ਾ ਨੇ ਸਵਾਗਤ ਕੀਤਾ।

ਇਸ ਮੌਕੇ ਜਨਾਬ ਤਾਹਿਰ ਨੇ 3ਈ ਟੂਅਰਜ਼ ਵਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਵਿਸਾਖੀ ਮੌਕੇ ਜਥਾ ਲੈ ਕੇ ਜਾਣ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਿੱਖ ਸੰਗਤ ਨੂੰ ਵਧ-ਚੜ੍ਹ ਕੇ ਇਸ ਯਾਤਰਾ 'ਤੇ ਜਾਣ ਦੀ ਅਪੀਲ ਕੀਤੀ। ਉਨ੍ਹਾਂ ਨੇ ਦੱਸਿਆ ਕਿ ਯਾਤਰੀਆਂ ਦੇ ਰਹਿਣ-ਸਹਿਣ, ਖਾਣ-ਪੀਣ ਦਾ ਸਾਰਾ ਵਧੀਆ ਪ੍ਰਬੰਧ ਕੀਤਾ ਜਾਵੇਗਾ।

ਇਸ ਮੌਕੇ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਤੋਂ ਇਲਾਵਾ ਇਲਾਕੇ ਦੀ ਸੰਗਤ ਵੀ ਹਾਜ਼ਰ ਸੀ। 3ਈ ਟੂਅਰਜ਼ ਦੇ ਉਮਰ ਮੁਹੰਮਦ ਨੇ ਦੱਸਿਆ ਕਿ ਇਸ ਅੱਠ ਦਿਨਾਂ ਯਾਤਰਾ 'ਤੇ 3500 ਡਾਲਰ ਖਰਚਾ ਆਵੇਗਾ, ਜਿਸ ਵਿਚ ਯਾਤਰੀਆਂ ਦੇ ਰਹਿਣ-ਸਹਿਣ, ਖਾਣੇ, ਆਉਣ-ਜਾਣ, ਗੁਰਦੁਆਰਿਆਂ ਦੇ ਦਰਸ਼ਨ ਕਰਾਉਣ ਦੀ ਸੇਵਾ ਮੁਹੱਈਆ ਕਰਾਈ ਜਾਵੇਗੀ।



*ਸ੍ਰੀ ਨਰਿੰਦਰ ਸਿੰਘ ਤੇ ਸਿੱਖ ਭਾਈਚਾਰੇ ਦੇ ਨੁਮਾਇੰਦੇ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਜਨਾਬ ਅਸਜਦ ਗਨੀ ਤਾਹਿਰ (ਚੀਫ ਆਫ ਪ੍ਰੋਟੋਕੋਲ) ਦਾ ਸਨਮਾਨ ਕਰਦੇ ਹੋਏ।*

# ਪੰਜਾਬ ਦੀ ਖੇਤੀ ਬਚਾਉਣ ਲਈ ਪਾਕਿ ਲਾਂਘਾ ਖੋਲ੍ਹਿਆ ਜਾਵੇ: ਸਿਮਰਨਜੀਤ

**ਕੁੱਪ ਕਲਾਂ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਹਲਕਾ ਅਮਰਗੜ੍ਹ ਤੋਂ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੇ ਪਿੰਡ ਸਰੌਦ ਸਮੇਤ ਅੱਧੀ ਦਰਜਨ ਪਿੰਡਾਂ ਵਿਚ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਖੇਤੀ ਤੇ ਸਨਅਤ ਬਚਾਉਣ ਲਈ ਪਾਕਿਸਤਾਨ ਲਾਂਘਾ ਖੋਲ੍ਹਿਆ ਜਾਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਕਿਸਾਨਾਂ ਤੇ ਵਪਾਰੀਆਂ ਨੂੰ ਆਪਣੀਆਂ ਵਸਤਾਂ ਦਾ ਸਹੀ ਲਾਗਤ ਮੁੱਲ ਮਿਲ ਸਕੇਗਾ ਅਤੇ ਪੰਜਾਬ ਦਾ ਭਵਿੱਖ ਸੁਰੱਖਿਅਤ ਹੋ ਜਾਵੇਗਾ। ਇਸ ਨਾਲ ਕਿਸਾਨੀ ਅਤੇ ਛੋਟਾ ਵਪਾਰ ਬਚ ਜਾਵੇਗਾ। ਮਾਨ ਨੇ ਆਖਿਆ ਕਿ ਕੇਂਦਰੀ ਹਕੂਮਤ ਵੱਲੋਂ ਸਿੱਖੀ ਦੀ ਹੋਂਦ ਮਿਟਾਉਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਉਹ ਆਪਣੀਆਂ ਚਾਲਾਂ ਵਿਚ ਕਾਮਯਾਬ ਨਹੀਂ ਹੋਣਗੇ। ਇਸ ਮੌਕੇ ਅਦਾਕਾਰਾ ਸੋਨੀਆ ਮਾਨ ਨੇ ਵੀ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿਚ ਪ੍ਰਚਾਰ ਕੀਤਾ।

# ਯਾਦਗਾਰੀ ਹੋ ਨਿੱਬੜਿਆ ਸ਼ਿਕਾਗੋ ਦਾ ਲੋਹੜੀ ਪ੍ਰੋਗਰਾਮ

*(ਪਿਛਲੇ ਸਫੇ ਦੀ ਬਾਕੀ)*

ਸਿੰਘ ਗਰੇਸਰ ਦੇ ਜਸਬੀਰ ਸਿੰਘ ਵਲੋਂ ਆਪਣੀ ਪੋਤਰੀ ਦੇ ਜਨਮ ਦੀ ਖੁਸ਼ੀ 'ਚ ਮੂੰਗਫਲੀ ਤੇ ਗੱਚਕ ਅਤੇ ਸਟਾਰ ਫੂਡਜ਼ ਵਲੋਂ ਮਰਹੂਮ ਅਯੁੱਧਿਆ ਸਲਵਾਨ ਦੀ ਯਾਦ ਵਿਚ ਗੱਚਕ ਤੇ ਰਿਉੜੀਆਂ ਵੰਡੀਆਂ ਗਈਆਂ। ਡੀ ਜੇ ਬਿਗ ਐਨ ਸੀ ਨੀਲ ਚੌਕਸ਼ੀ ਦਾ ਸੀ ਤੇ ਸਟੇਜ ਸਪਾਂਸਰ ਸ਼ਿਕਾਗੋ ਮੈਰੀਅਟ ਹਾਫਮੈਨ ਅਸਟੇਟ ਦੇ ਬਾਨੀ ਅਮਰਵੀਰ ਸਿੰਘ ਘੁੰਮਣ ਨੇ ਕੀਤਾ।

ਇਸ ਮੌਕੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਨੁਮਾਇੰਦੇ ਡਾ. ਹਰਗੁਰਮੁਖਪਾਲ ਸਿੰਘ ਅਤੇ ਹਰਦਿਆਲ ਸਿੰਘ ਦਿਓਲ, ਜੈ ਰਾਮ ਸਿੰਘ ਕਾਹਲੋਂ, ਅੰਮ੍ਰਿਤਪਾਲ ਸਿੰਘ ਸੰਘਾ, ਲਖਵੀਰ ਸਿੰਘ ਸਹੋਤਾ, ਡਾ.ਹਰਜਿੰਦਰ ਖਹਿਰਾ, ਰਣਜੀਤ ਸਿੰਘ ਕੌਂਸਲ (ਪ੍ਰੈਸ, ਇਨਫੋ ਐਂਡ ਕਲਚਰ) ਤੇ ਨਰਿੰਦਰ ਰੰਗੀ ਨੇ ਵੀ ਸ਼ਿਰਕਤ ਕੀਤੀ। ਰੰਗੀ, ਧਨੋਆ, ਧਾਲੀਵਾਲ, ਰਾਏ ਤੇ ਬੋਪਾਰਾਏ ਪਰਿਵਾਰਾਂ ਨੇ ਖੂਬ ਰੰਗ ਬੰਨ੍ਹਿਆ। ਕਾਰ ਸੇਵਾ ਵਾਲੇ ਪਰਿਵਾਰਾਂ ਸਣੇ ਸ਼ਾਮਲ ਹੋਏ। ਟਿਕਟੌਕ ਸਟਾਰ ਈਸ਼ਰ ਸਿੰਘ ਆਪਣੀ ਮਾਤਾ ਰਾਜਵੀਰ ਕੌਰ ਕੁਲਾਰ ਤੇ ਪਿਤਾ ਅਮਨਦੀਪ ਕੁਲਾਰ ਸਮੇਤ ਹਾਜ਼ਰ ਸੀ।

ਇਸ ਮੌਕੇ ਗਹਿਣਿਆਂ ਤੇ ਕੱਪੜਿਆਂ ਦੇ ਲਾਏ ਸਟਾਲਾਂ ਤੋਂ ਮੁਟਿਆਰਾਂ ਨੇ ਖਰੀਦੋ-ਫਰੋਖਤ ਕਰ ਕੇ ਮਨ ਦੇ ਚਾਅ ਪੂਰੇ ਕੀਤੇ ਤੇ ਅਗਲੇ ਪ੍ਰੋਗਰਾਮਾਂ ਦੀ ਵੀ ਤਿਆਰੀ ਖਿੱਚ ਲਈ, ਹਾਲ ਦੇ ਬਾਹਰ ਫੁਲਾਂ ਨਾਲ ਸ਼ਿੰਗਾਰ ਕੇ ਖੜ੍ਹੇ ਕੀਤੇ ਰਿਕਸ਼ਾ 'ਤੇ ਬੈਠ ਕੇ ਸਭ ਨੇ ਪੋਜ਼ ਬਣਾ-ਬਣਾ ਫੋਟੋਆਂ ਖਿਚਵਾਈਆਂ ਤੇ ਕਈਆਂ ਨੇ ਹੱਸ-ਹੱਸ ਸੈਲਫੀਆਂ ਵੀ ਲਈਆਂ।



ਸੁਰੇਸ਼ ਬੋਦੀਵਾਲਾ ਨੇ ਸਾਰੇ ਪ੍ਰੋਗਰਾਮ ਨੂੰ ਕੈਮਰੇ 'ਚ ਕੈਦ ਕੀਤਾ।

ਇਸ ਮੌਕੇ ਟੀਮ ਸਵੇਰਾ ਤੋਂ ਕਿਰਨਪਾਲ ਕੌਰ ਲਾਲ, ਰਾਜ ਧਾਲੀਵਾਲ, ਸੁਖਵੀਰ ਕੌਰ, ਨਿੱਕੀ ਸੇਖੋਂ, ਜੀਤੂ ਕੌਰ, ਅਨੁਰੀਤ ਢਿੱਲੋਂ, ਮਨਦੀਪ ਸੰਧੂ, ਬੇਅੰਤ ਕੌਰ ਵਿਰਕ, ਮਨਜੀਤ ਕੌਰ ਸਿੱਧੂ, ਜੋਤੀ ਖਹਿਰਾ, ਮਨਮੀਤ ਕੌਰ, ਪਰਮਜੀਤ ਭੱਠਲ, ਮਨਦੀਪ ਮਾਨ, ਅਮਰਜੀਤ ਕੌਰ, ਸੁਖਜੀਤ ਕਾਹਲੋਂ, ਜੋਤੀ ਕਾਹਲੋਂ, ਸੁਖਵਿੰਦਰ ਕੌਰ, ਗੁਰਪ੍ਰੀਤ ਕੌਰ ਸਿੰਘ, ਅਮਨ ਢਿੱਲੋਂ, ਭੁਪਿੰਦਰ ਧਨੋਆ, ਕਮਲ ਸਹੋਤਾ, ਸਤਿੰਦਰ ਕੌਰ, ਰੰਮੀ ਹੰਜਰਾ, ਨਵਜੋਤ ਕੌਰ, ਪ੍ਰਭ ਖੈਰਾ, ਪੰਮੀ ਸੰਘਾ, ਨਰਿੰਦਰ ਸੰਧੂ ਅਤੇ ਵਿਪਨ ਕਲੇਰ ਨੇ ਸਹਿਯੋਗ ਦਿਤਾ।

# ਡਾ. ਸਾਗਰਜੀਤ ਸਿੰਘ ਯੂ ਕੇ ਦੇ ਉੱਚ ਐਵਾਰਡ ਲਈ ਨਾਮਜ਼ਦ

**ਵਾਸ਼ਿੰਗਟਨ ਡੀ.ਸੀ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਡਾ. ਸਾਗਰ ਸਿੰਘ ਨੂੰ ਯੂ.ਕੇ. ਵਿਚ ਬ੍ਰਿਟਿਸ਼ ਸਿੱਖ ਐਵਾਰਡਜ਼ ਵਿਚ 'ਇੰਟਰਨੈਸ਼ਨਲ ਸਿੱਖ ਆਫ ਦਾ ਈਅਰ 2021' ਸ਼੍ਰੇਣੀ ਲਈ ਨਾਮਜ਼ਦ ਕੀਤਾ ਗਿਆ ਹੈ। ਏਸ਼ੀਆ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂਰਪ, ਅਫਰੀਕਾ ਅਤੇ ਮੱਧ ਪੂਰਬ ਸਮੇਤ ਦੁਨੀਆ ਭਰ ਤੋਂ ਚੁਣੇ ਗਏ ਜੇਤੂਆਂ ਵਿਚ ਉਹ ਲੋਕ ਸ਼ਾਮਲ ਹਨ, ਜੋ ਕਾਰੋਬਾਰ, ਚੈਰਿਟੀ, ਖੇਡਾਂ, ਕਲਾ, ਸਭਿਆਚਾਰ, ਧਾਰਮਿਕ ਵਕਾਲਤ, ਸਿੱਖਿਆ ਅਤੇ ਦਵਾਈਆਂ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰਦੇ ਹਨ। 33 ਸਾਲਾ ਡਾਕਟਰ ਸਿੰਘ ਸਿੰਧ ਦਾ ਰਹਿਣ ਵਾਲਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਜ਼ਿਆਦਾਤਰ ਭਾਰਤ, ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਸਿੱਖਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਵਾਰ ਇਹ ਇਕ ਪਾਕਿਸਤਾਨੀ ਸਿੱਖ ਹੈ, ਜਿਸ ਨੂੰ ਇਹ ਪੁਰਸਕਾਰ ਮਿਲੇਗਾ ਅਤੇ ਉਹ ਯੂਕੇ ਵਿਚ ਪਾਕਿਸਤਾਨੀ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰੇਗਾ। ਉਨ੍ਹਾਂ ਕਿਹਾ, 'ਇਹ ਸਿਰਫ਼ ਮੇਰੇ ਲਈ ਹੀ ਨਹੀਂ, ਸਗੋਂ ਪਾਕਿਸਤਾਨ ਵਿਚ ਰਹਿ ਰਹੇ ਸਮੁੱਚੇ ਸਿੱਖ ਭਾਈਚਾਰੇ ਲਈ ਵੀ ਮਾਣ ਵਾਲੀ ਗੱਲ ਹੈ।'



ਆਪਣੇ ਤਜ਼ਰਬੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖਾਂ ਨੇ ਪਾਕਿਸਤਾਨ ਵਿਚ ਮੈਡੀਕਲ ਸਾਇੰਸ, ਪੁਲਿਸ ਵਿਭਾਗ, ਬੈਂਕਿੰਗ ਉਦਯੋਗ, ਰੱਖਿਆ ਆਦਿ ਖੇਤਰਾਂ ਵਿਚ ਪ੍ਰਮੁੱਖਤਾ ਹਾਸਲ ਕੀਤੀ ਹੈ ਅਤੇ ਇਹ ਸਭ ਸਿੱਖਿਆ ਸਦਕਾ ਹੀ ਸੰਭਵ ਹੋਇਆ ਹੈ।

ਡਾ. ਸਾਗਰ ਸਿੰਘ ਨੇ ਕਿਹਾ, 'ਮੈਂ ਚੈਰਿਟੀ ਦਾ ਕੰਮ ਕੀਤਾ, ਆਪਣੇ ਦੇਸ਼ ਅਤੇ ਆਪਣੇ ਭਾਈਚਾਰੇ ਦੇ ਲੋਕਾਂ ਦੀ ਸ਼ਰਧਾ ਨਾਲ ਸੇਵਾ ਕੀਤੀ। ਮੈਨੂੰ ਆਪਣੇ ਦੇਸ਼ ਵਿਚ ਆਪਣੇ ਸਾਥੀਆਂ ਦੀ ਸੇਵਾ ਕਰਨ ਲਈ ਜਗ੍ਹਾ ਦਿੱਤੀ ਗਈ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਕਿਸਤਾਨ ਘੱਟ ਗਿਣਤੀਆਂ ਦਾ ਹਿਤੈਸ਼ੀ ਦੇਸ਼ ਹੈ। ਮੈਂ ਪਾਕਿਸਤਾਨ ਵਿਚ ਪੱਗ ਬੰਨ੍ਹਦਾ ਹਾਂ ਤੇ ਕਦੇ ਵੀ ਕਿਸੇ ਕਿਸਮ ਦਾ ਵਿਤਕਰਾ ਮਹਿਸੂਸ ਨਹੀਂ ਕੀਤਾ।' ਇਸ ਮੌਕੇ ਸਿੱਖ ਆਫ ਯੂ ਐਸ ਏ ਨੇ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਆਪਣੀ ਕੌਮ 'ਤੇ ਫ਼ਖ਼ਰ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 19 ਫਰਵਰੀ 2022

# ਚੋਣ ਸਿਆਸਤ ਅਤੇ ਹਕੀਕੀ ਮੁੱਦੇ

ਇਹ ਕੋਈ ਇਤਫਾਕ ਨਹੀਂ ਕਿ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਭਰ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਤੋਂ ਬਾਅਦ ਹੋ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਿਸਾਨ ਅੰਦੋਲਨ ਵਾਲੀਆਂ ਮੰਗਾਂ ਮੁੱਦੇ ਹੀ ਨਹੀਂ ਬਣ ਸਕੇ ਹਨ। ਅਸਲ ਵਿਚ ਭਾਰਤ ਵਿਚ ਚੋਣ ਢਾਂਚਾ ਇੰਨਾ ਆਪ-ਮੁਹਾਰਾ ਹੋ ਗਿਆ ਹੈ ਕਿ ਹਰ ਪਾਰਟੀ ਸਿਰਫ ਤੇ ਸਿਰਫ ਚੋਣਾਂ ਜਿੱਤਣ ਲਈ ਹੀ ਮੈਦਾਨ ਵਿਚ ਨਿੱਤਰਦੀ ਹੈ। ਇਹ ਠੀਕ ਹੈ ਕਿ ਮੁੱਖ ਸਿਆਸੀ ਧਿਰਾਂ ਚੋਣਾਂ ਜਿੱਤਣ ਲਈ ਹੀ ਲੜਦੀਆਂ ਹਨ ਪਰ ਇਸ ਕਵਾਇਦ ਦੌਰਾਨ ਲੋਕਾਂ ਅਤੇ ਇਲਾਕੇ ਨੂੰ ਦਰਪੇਸ਼ ਮਸਲੇ ਵੀ ਨਿੱਠ ਕੇ ਵਿਚਾਰੇ ਜਾਂਦੇ ਹਨ। ਇਤਿਹਾਸਕ ਕਿਸਾਨ ਅੰਦੋਲਨ ਇਸੇ ਕਰਕੇ ਹੀ ਅਹਿਮੀਅਤ ਅਖਤਿਆਰ ਕਰ ਸਕਿਆ ਸੀ ਕਿਉਂਕਿ ਸੱਤਾਧਿਰ ਲੋਕਾਂ ਦੇ ਮਸਲੇ ਵਿਚਾਰਨ ਲਈ ਰਾਜ਼ੀ ਹੀ ਨਹੀਂ ਸੀ। ਸਭ ਤੋਂ ਪਹਿਲਾਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਮੋਦੀ ਸਰਕਾਰ ਦੇ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਆਵਾਜ਼ ਬੁਲੰਦ ਕੀਤੀ, ਉਹ ਵੀ ਉਸ ਵਕਤ ਜਦੋਂ ਕਰੋਨਾ ਵਾਇਰਸ ਦੇ ਖੌਫ ਕਾਰਨ ਲੋਕ ਘਰਾਂ ਅੰਦਰ ਦੜੇ ਰਹਿਣ ਲਈ ਮਜਬੂਰ ਸੀ, ਬਲਕਿ ਮੋਦੀ ਸਰਕਾਰ ਨੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਉਸ ਵਕਤ ਕਿਸਾਨ ਜਥੇਬੰਦੀਆਂ ਨੇ ਇਕ-ਇਕ ਕਰਕੇ ਲੋਕਾਂ ਨੂੰ ਖੇਤੀ ਕਾਨੂੰਨਾਂ ਬਾਰੇ ਸੁਚੇਤ ਕੀਤਾ ਅਤੇ ਅੰਦੋਲਨ ਜਥੇਬੰਦ ਕੀਤਾ। ਫਿਰ ਕੁਝ ਕੁ ਮਹੀਨਿਆਂ ਅੰਦਰ ਪੰਜਾਬ ਦੀ ਸਿਆਸੀ ਫਿਜ਼ਾ ਬਦਲਣ ਲੱਗ ਪਈ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਿਹੜਾ ਅੰਦੋਲਨਕਾਰੀ ਖਿਲਾਫ ਪੁਲਿਸ ਕਾਰਵਾਈ ਕਰਦਾ ਫਿਰਦਾ ਸੀ, ਪਿਛਾਂਹ ਹਟ ਗਿਆ। ਕੇਂਦਰ ਵਿਚ ਸੱਤਾਧਾਰੀ ਦਾ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਜਿਹੜਾ ਬਹੁਤ ਜ਼ੋਰ-ਸ਼ੋਰ ਨਾਲ ਤਿੰਨਾਂ ਕਾਨੂੰਨਾਂ ਦੇ ਹੱਕ ਵਿਚ ਪ੍ਰਚਾਰ ਕਰ ਰਿਹਾ ਸੀ ਕਿ ਇਹ ਕਾਨੂੰਨ ਕਿਸਾਨਾਂ ਦੇ ਹੱਕ ਲਈ ਬਣਾਏ ਗਏ ਹਨ, ਨੂੰ ਕੇਂਦਰੀ ਵਜ਼ਾਰਤ ਛੱਡਣੀ ਪਈ ਅਤੇ ਫਿਰ ਲੋਕਾਂ ਦੇ ਦਬਾਅ ਹੇਠ ਭਾਰਤੀ ਜਨਤਾ ਪਾਰਟੀ ਨਾਲੋਂ ਭਾਈਵਾਲੀ ਤੱਕ ਤੋੜਨੀ ਪਈ।

ਇਸ ਸਮੁੱਚੀ ਲੜਾਈ ਦਾ ਇਕ ਹੀ ਮੁੱਦਾ ਸੀ ਕਿ ਖੇਤੀ ਉਤੇ ਕਾਰਪੋਰੇਟ ਜਗਤ ਦਾ ਕਬਜ਼ਾ ਨਹੀਂ ਹੋਣ ਦੇਣਾ। ਇਸ ਮੁੱਦੇ 'ਤੇ ਲੜਾਈ ਲੜਦਿਆਂ ਕਿਸਾਨਾਂ ਨੇ ਦਿੱਲੀ ਦੇ ਬਾਰਡਰਾਂ 'ਤੇ ਲੱਖ ਮੁਸੀਬਤਾਂ ਝੱਲੀਆਂ, ਮੋਦੀ ਸਰਕਾਰ ਦੀਆਂ ਸਾਜ਼ਿਸ਼ਾਂ ਦਾ ਸਾਹਮਣਾ ਕੀਤਾ ਅਤੇ ਅੰਦੋਲਨ ਨੂੰ ਦੇਸ਼ ਭਰ ਵਿਚ ਲਿਜਾਣ ਦੀ ਕੋਸ਼ਿਸ਼ ਕੀਤੀ। ਫਿਰ ਭਾਰਤੀ ਜਨਤਾ ਪਾਰਟੀ ਨੂੰ 'ਵੋਟ ਦੀ ਚੋਟ' ਦੇ ਆਧਾਰ 'ਤੇ ਹਲੂਣਾ ਦਿੱਤਾ ਅਤੇ ਪੱਛਮੀ ਬੰਗਾਲ ਵਰਗੇ ਸੂਬਿਆਂ ਜਿੱਥੇ ਵਿਧਾਨ ਸਭਾ ਚੋਣਾਂ ਹੋਈਆਂ, ਵਿਚ ਭਾਰਤੀ ਜਨਤਾ ਪਾਰਟੀ ਦੇ ਪ੍ਰਚਾਰ ਕੀਤਾ। ਫਿਰ ਜਦੋਂ ਉਤਰ ਪ੍ਰਦੇਸ਼, ਪੰਜਾਬ ਅਤੇ ਉਤਰਾਖੰਡ ਸਮੇਤ ਪੰਜ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਨੇੜੇ ਢੁੱਕੀਆਂ ਤਾਂ ਮੋਦੀ ਸਰਕਾਰ ਨੇ ਚੁਪ-ਚਪੀਤੇ ਤਿੰਨੇ ਕਾਨੂੰਨ ਰੱਦ ਕਰਨ ਦਾ ਐਲਾਨ ਕਰ ਦਿੱਤਾ। ਮੋਦੀ ਸਰਕਾਰ ਨੂੰ ਜਾਪਦਾ ਸੀ ਕਿ ਤਿੰਨੇ ਕਾਨੂੰਨ ਰੱਦ ਕਰਨ ਬਾਰੇ ਸੁਣ ਕੇ ਕਿਸਾਨ ਤੁਰੰਤ ਦਿੱਲੀ ਦੇ ਬਾਰਡਰ ਖਾਲੀ ਕਰ ਦੇਣਗੇ ਪਰ ਕਿਸਾਨ ਅੰਦੋਲਨ ਦੀ ਲੀਡਰਸ਼ਿਪ ਨੇ ਸਿਆਣਪ ਦਿਖਾਉਂਦਿਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਾ ਮੁੱਦਾ ਜ਼ੋਰ-ਸ਼ੋਰ ਨਾਲ ਸਾਹਮਣੇ ਲੈ ਆਂਦਾ ਅਤੇ ਸਰਕਾਰ ਨੂੰ ਮਜਬੂਰਨ ਇਸ ਮਸਲੇ 'ਤੇ ਵਿਚਾਰ ਲਈ ਬਾਕਇਦਾ ਕਮੇਟੀ ਬਣਾਉਣੀ ਪਈ।

ਅਸਲ ਵਿਚ ਪੰਜਾਬ ਹੀ ਨਹੀਂ, ਭਾਰਤ ਦਾ ਸਮੁੱਚਾ ਖੇਤੀ ਸੈਕਟਰ ਕਾਰਪੋਰੇਟ ਨੀਤੀਆਂ ਕਾਰਨ ਸੰਕਟ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਇਨ੍ਹਾਂ ਨੀਤੀਆਂ ਕਾਰਨ ਹੀ ਵਾਤਾਵਰਨ ਵਰਗੇ ਵਿਗਾੜ ਪੈਦਾ ਹੋ ਰਹੇ ਹਨ। ਕਾਰਪੋਰੇਟ ਨੀਤੀ ਹੀ ਆਰਥਿਕ ਸੰਕਟ ਦੀ ਜੜ੍ਹ ਹਨ। ਹੁਣ ਐਮ.ਐਸ.ਪੀ. ਦਾ ਹੀ ਮੁੱਦਾ ਹੈ। ਸਰਕਾਰ ਜੇਕਰ ਉਨ੍ਹਾਂ ਫਸਲਾਂ ਦੀ ਖਰੀਦ ਦੀ ਗਰੰਟੀ ਦਿੰਦੀ ਹੈ ਜਿਨ੍ਹਾਂ ਉਤੇ ਹਰ ਸਾਲ ਐਮ.ਐਸ.ਪੀ. ਐਲਾਨਿਆ ਜਾਂਦਾ ਹੈ ਤਾਂ ਪੰਜਾਬ ਵਿਚ ਕਣਨ-ਝੋਨੇ ਦਾ ਚੱਕਰ ਤੋੜਿਆ ਜਾ ਸਕਦਾ ਹੈ। ਕਣਕ-ਝੋਨੇ ਦੀ ਕਾਸ਼ਤ ਨੇ ਪੰਜਾਬ ਨੂੰ ਪਾਣੀ ਦੇ ਸੰਕਟ ਵੱਲ ਤਾਂ ਧੱਕਿਆ ਹੀ ਹੈ, ਸੂਬੇ ਅੰਦੇ ਵਾਤਵਰਨ ਦੇ ਵਿਗਾੜ ਵੀ ਬਹੁਤ ਵਧਾ ਦਿੱਤੇ ਹਨ। ਜੇ ਕਣਕ ਅਤੇ ਝੋਨੇ ਵਾਂਗ ਹੋਰ ਫਸਲਾਂ ਦੀ ਖਰੀਦ ਗਰੰਟੀ ਮਿਲਦੀ ਹੈ ਤਾਂ ਬਿਨਾਂ ਸ਼ੱਕ ਪੰਜਾਬ ਦਾ ਕਿਸਾਨ ਕਣਕ-ਝੋਨੇ ਦੀ ਥਾਂ ਉਨ੍ਹਾਂ ਫਸਲਾਂ ਦੀ ਕਾਸ਼ਤ ਨੂੰ ਪਹਿਲ ਦੇਵੇਗਾ ਜਿਨ੍ਹਾਂ ਲਈ ਘੱਟ ਪਾਣੀ ਦੀ ਲੋੜ ਪੈਂਦੀ ਹੈ। ਇਸ ਲਈ ਸਾਰੇ ਦਾ ਸਮਲਾ ਨੀਤੀਗਤ ਹੈ। ਇਸ ਸਬੰਧੀ ਕੇਂਦਰ ਸਰਕਾਰ ਨੂੰ ਪਹਿਲ ਕਰਨੀ ਪਵੇਗੀ; ਤੇ ਇਹੀ ਕੰਮ ਸਰਕਾਰ ਕਰ ਨਹੀਂ ਰਹੀ। ਇਸ ਦੀਆਂ ਸਾਰੀਆਂ ਨੀਤੀਆਂ ਕਾਰਪੋਰੇਟ ਪੱਖੀ ਹਨ। ਇਸੇ ਕਰਕੇ ਹੀ ਕਾਰਪੋਰੇਟ ਨੀਤੀਆਂ ਦਾ ਵਿਰੋਧ ਪੰਜਾਬ ਦੇ ਚੋਣ ਪ੍ਰਚਾਰ ਦੌਰਾਨ ਮੁੱਦਾ ਨਹੀਂ ਬਣਿਆ। ਅਸਲ ਵਿਚ ਸਰਕਾਰ ਬਣਾਉਣ ਲਈ ਦਾਅਵੇ ਕਰ ਰਹੀਆਂ ਸਾਰੀਆਂ ਸਿਆਸੀ ਧਿਰਾਂ ਮੋਦੀ ਸਰਕਾਰ ਦੀਆਂ ਕਾਰਪੋਰੇਟ ਨੀਤੀਆਂ ਦੇ ਖਿਲਾਫ ਹੀ ਨਹੀਂ ਹਨ। ਇਸੇ ਕਰਕੇ ਇਹ ਧਿਰਾਂ ਨੂੰ ਮੁਫਤ ਸਹੂਲਤਾਂ ਜਾਂ ਕੁਝ ਹੋਰ ਵਾਅਦੇ ਤਾਂ ਕਰ ਰਹੀਆਂ ਹਨ ਪਰ ਇਹ ਨਹੀਂ ਕਹਿ ਰਹੀਆਂ ਕਿ ਕਾਰਪੋਰੇਟ ਨੀਤੀਆਂ ਦਾ ਭੋਗ ਪਾ ਕੇ ਸਰਕਾਰ ਦੀ ਜ਼ਿੰਮੇਵਾਰੀ ਵਧਾਈ ਜਾਵੇਗੀ। ਹੁਣ ਗੱਲ ਇਸ ਨੁਕਤੇ 'ਤੇ ਫਸੀ ਹੋਈ ਹੈ ਕਿ ਦੇਸ਼ ਅਤੇ ਵੱਖ-ਵੱਖ ਰਾਜਾਂ ਨੂੰ ਜਿਹੜੀਆਂ ਸਮੱਸਿਆਵਾਂ ਦਰਪੇਸ਼ ਹਨ, ਉਸ ਦਾ ਇਕੋ-ਇਕ ਹੱਲ ਸਰਕਾਰ ਦੀ ਜ਼ਿੰਮੇਵਾਰੀ ਵਧਾਉਣਾ ਹੈ। ਇਸ ਬਾਰੇ ਆਰਥਿਕ ਮਾਹਿਰ ਵੀ ਸਹਿਮਤ ਹਨ ਪਰ ਸਰਕਾਰਾਂ ਕਿਉਂਕਿ ਨਿੱਜੀਕਰਨ ਦੀਆਂ ਨੀਤੀਆਂ ਮੁਤਾਬਿਕ ਚੱਲ ਰਹੀਆਂ ਹਨ, ਇਸ ਲਈ ਸਰਕਾਰ ਵਿਚ ਸ਼ਾਮਿਲ ਸਿਆਸੀ ਧਿਰਾਂ ਲਈ ਇਹ ਕੋਈ ਮੁੱਦਾ ਹੀ ਨਹੀਂ। ਇਸੇ ਲਈ ਬਹੁਤ ਨਿਗੂਣੇ ਅਤੇ ਗੌਣ ਮੁੱਦਿਆਂ ਨੂੰ ਹੀ ਚੋਣ ਪ੍ਰਚਾਰ ਦੌਰਾਨ ਉਭਾਰਿਆ ਗਿਆ, ਪੰਜਾਬ ਨੂੰ ਦਰਪੇਸ਼ ਹਕੀਕੀ ਮਸਲਿਆਂ ਬਾਰੇ ਗੱਲ ਹੀ ਨਹੀਂ ਤੁਰੀ ਹੈ। ਇਹ ਮਸਲੇ ਤਦ ਹੀ ਜ਼ੋਰ-ਸ਼ੋਰ ਨਾਲ ਉਭਾਰੇ ਜਾ ਸਕਣਗੇ ਜੇਕਰ ਲੋਕ ਸਿਆਸੀ ਤੌਰ 'ਤੇ ਚੇਤੰਨ ਹੋਣਗੇ। ਐਤਕੀਂ ਚੋਣਾਂ ਦੌਰਾਨ ਲੋਕਾਂ ਨੇ ਪ੍ਰਚਾਰ ਕਰਨ ਆਏ ਲੀਡਰਾਂ ਨੂੰ ਬਥੇਰੀ ਥਾਈਂ ਘੇਰਿਆ ਅਤੇ ਸਵਾਲ ਕੀਤੇ ਪਰ ਇਨ੍ਹਾਂ ਵਿਚੋਂ ਕਈ ਕਾਰਵਾਈਆਂ ਧੜੇਬੰਦੀ ਵਿਚੋਂ ਵੀ ਹੋਈਆਂ ਹਨ। ਇਸ ਲਈ ਸਿਆਸੀ ਪੱਧਰ 'ਤੇ ਸੁਚੇਤ ਅਤੇ ਕਾਇਮ ਹੋ ਕੇ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਸਹੀ ਰਾਸਤੇ ਉਤੇ ਲਿਆਂਦਾ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

*ਗੱਫੇ ਖਿਆਲੀ ਖੀਰ ਦੇ !*

ਵਾਅਦੇ ਕਰ ਭਰਮਾਉਂਦੇ ਨੇ ਵੋਟਰਾਂ ਨੂੰ, ਦਾਅ ਜਿਹੜਾ ਵੀ ਲੱਗਦਾ ਲਾਈ ਜਾਂਦੇ,
ਡੀਂਗਾਂ ਮਾਰਦੇ ਰੈਲੀਆਂ ਵਿਚ ਖੜ੍ਹ ਕੇ, ਨਾਲੇ 'ਡੋਰ ਟੂ ਡੋਰ' ਵੀ ਜਾਈ ਜਾਂਦੇ।
ਮੌਕਾ ਮੰਗਣਾ 'ਨਵਿਆਂ' ਨੂੰ ਸੋਘਦਾ ਏ, 'ਪਰਖ ਹੋਏ' ਵੀ ਝੋਲੀ ਫੈਲਾਈ ਜਾਂਦੇ।
ਖਾ ਲਿਆ ਪੰਜਾਬ ਨੂੰ ਲੁੱਟ ਜਿਨ੍ਹਾਂ, ਉਹ ਵਿਕਾਸ ਦੀ ਦੇਈ ਦੁਹਾਈ ਜਾਂਦੇ।
ਪੀੜ੍ਹੀ ਆਪਦੀ ਹੇਠ ਨੂੰ ਝਾਕਦੇ ਨਹੀਂ, ਇਕ ਦੂਜੇ ਦੇ ਐਬ ਗਿਣਾਈ ਜਾਂਦੇ।
ਮਿੱਠਾ ਦੁੱਗਣਾ ਪਾਇਕੇ ਵਿਚ ਉਹਦੇ, ਖਿਆਲੀ ਖੀਰ ਦੇ ਗੱਫੇ ਵਰਤਾਈ ਜਾਂਦੇ।

# ਹਿਜਾਬ ਦੇ ਵਿਰੋਧ ਪਿੱਛੇ ਕੰਮ ਕਰਦੇ ਖਤਰਨਾਕ ਮਨਸੂਬੇ

*ਭਾਰਤ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਆਪਣਾ ਭਗਵਾਂ ਏਜੰਡਾ ਲਾਗੂ ਕਰਨ ਲਈ ਪੂਰਾ ਟਿੱਲ ਲਾ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਕਰਨਾਟਕ ਵਿਚ ਸਾਹਮਣੇ ਆਈ ਜਿੱਥੇ ਮੁਸਲਮਾਨ ਕੁੜੀਆਂ ਨੂੰ ਸਕੂਲਾਂ ਕਾਲਜਾਂ ਵਿਚ ਹਿਜਾਬ ਪਹਿਨ ਕੇ ਜਾਣ ਤੋਂ ਜਬਰੀ ਰੋਕਿਆ ਜਾ ਰਿਹਾ ਹੈ। ਅਸਲ ਵਿਚ ਇਸ ਭਗਵਾਂ ਧਿਰ ਦਾ ਅਸਲ ਮਕਸਦ ਸਮਾਜ ਨੂੰ ਵੰਡ ਕੇ ਆਪਣਾ ਫਿਰਕੂ ਏਜੰਡਾ ਲਾਗੂ ਕਰਨਾ ਹੈ। ਇਸ ਮਸੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*

ਬੂਟਾ ਸਿੰਘ
ਫੋਨ: +91-94634-74342

ਕਰਨਾਟਕ ਵਿਚ ਮੁਸਲਿਮ ਲੜਕੀਆਂ ਨੂੰ ਸਕੂਲਾਂ ਕਾਲਜਾਂ ਵਿਚ ਹਿਜਾਬ ਪਹਿਨ ਕੇ ਆਉਣ ਤੋਂ ਧੱਕੇ ਨਾਲ ਰੋਕਣਾ ਆਪ-ਮੁਹਾਰਾ ਧਾਰਮਿਕ ਉਭਾਰ ਨਹੀਂ ਸਗੋਂ ਯੋਜਨਾਬੱਧ ਫਾਸ਼ੀਵਾਦੀ ਮੁਹਿੰਮ ਹੈ। ਹਿਜਾਬ ਦਾ ਵਿਰੋਧ ਕਰਨ ਲਈ ਕਾਲਜਾਂ ਵਿਚ ਭਗਵੇਂ ਆਗੂਆਂ ਵੱਲੋਂ ਗੈਰ-ਵਿਦਿਆਰਥੀ ਅਨਸਰਾਂ ਨੂੰ ਭਗਵੇਂ ਪਟਕੇ/ਪੱਗਾਂ ਪਹਿਨਾ ਕੇ ਵਿਦਿਅਕ ਸੰਸਥਾਵਾਂ ਲਿਜਾ ਕੇ ਹੜਦੁੰਗ ਮਚਾਇਆ ਗਿਆ। ਇਹ ਗੁੰਡਾਗਰਦੀ ਉਹ ਤਾਕਤ ਕਰਵਾ ਰਹੀ ਹੈ ਜਿਸ ਦੇ ਸਿਆਸੀ ਵਿੰਗ ਬੀ.ਜੇ.ਪੀ. ਦੇ ਆਗੂ ਖੁਦ ਭਗਵੀਂ ਪੁਸ਼ਾਕ ਪਹਿਨ ਕੇ ਤਖਤਨਸ਼ੀਨ ਹਨ। ਭੋਪਾਲ ਤੋਂ ਸੰਸਦ ਮੈਂਬਰ ਸਾਧਵੀ ਪ੍ਰੱਗਿਆ, ਯੂ.ਪੀ. ਦਾ ਮੁੱਖ ਮੰਤਰੀ ਮਹੰਤ ਆਦਿੱਤਿਆਨਾਥ ਆਦਿ ਹਰ ਸਮੇਂ ਭਗਵੀਂ ਪੁਸ਼ਾਕ 'ਚ ਦੇਖੇ ਜਾ ਸਕਦੇ ਹਨ। ਨਵੇਂ-ਨਵੇਂ ਡਿਜ਼ਾਇਨਾਂ ਦੇ ਮਹਿੰਗੇ ਕੱਪੜੇ ਪਾਉਣ ਦਾ ਸ਼ੌਕੀ ਆਧੁਨਿਕ 'ਫਕੀਰ' ਨਰਿੰਦਰ ਮੋਦੀ ਵੀ ਕਈ ਮੌਕਿਆਂ 'ਤੇ ਨਾ ਸਿਰਫ ਭਗਵੇਂ ਪਹਿਰਾਵੇ ਦੀ ਨੁਮਾਇਸ਼ ਲਾਉਂਦਾ ਹੈ ਸਗੋਂ ਮੱਥੇ ਉੱਪਰ ਤਿਲਕ ਲਗਾ ਕੇ ਬ੍ਰਾਹਮਣਵਾਦੀ ਰਸਮਾਂ ਨਿਭਾਉਂਦੇ ਦੀਆਂ ਤਸਵੀਰਾਂ ਦੁਨੀਆ ਕਈ ਵਾਰ ਦੇਖ ਚੁੱਕੀ ਹੈ। ਚਾਹੇ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਵਿਦਿਅਕ ਸੰਸਥਾਵਾਂ ਵਿਚ ਇਕ ਸਾਰ ਡਰੈੱਸ ਲਾਗੂ ਹੈ ਅਤੇ ਹਿਜਾਬ ਤੇ ਬੁਰਕਾ ਪਹਿਨਣਾ ਡਰੈੱਸ ਕੋਡ ਦੀ ਉਲੰਘਣਾ ਹੈ; ਲੇਕਿਨ ਧਰਮਨਿਰਪੱਖ ਕਹਾਉਣ ਵਾਲੇ ਸਟੇਟ ਵਿਚ ਹੁਕਮਰਾਨ ਧਿਰ ਵੱਲੋਂ ਆਪਣੀ ਪਸੰਦ ਦੇ ਧਾਰਮਿਕ ਆਡੰਬਰ ਦੀ ਰਾਜਕੀ ਪੁਸ਼ਤਪਨਾਹੀ ਕਰਨ ਜਦਕਿ ਘੱਟਗਿਣਤੀ ਧਾਰਮਿਕ ਫਿਰਕਿਆਂ ਨੂੰ ਆਪਣੀ ਪਸੰਦ ਦੀ ਸਮਾਜੀ-ਸਭਿਆਚਾਰਕ ਜ਼ਿੰਦਗੀ ਜਿਊਣ ਤੋਂ ਰੋਕੇ ਜਾਣ ਤੋਂ ਉਨ੍ਹਾਂ ਦੇ ਦੋਹਰੇ ਮਿਆਰ ਅਤੇ ਖਤਰਨਾਕ ਮਨਸ਼ੇ ਪੂਰੀ ਤਰ੍ਹਾਂ ਸਪਸ਼ਟ ਹਨ।

ਹਿਜਾਬ ਦੇ ਵਿਰੋਧ ਦੀ ਦਲੀਲ ਪੂਰੀ ਤਰ੍ਹਾਂ ਝੂਠੀ ਅਤੇ ਬੇਬੁਨਿਆਦ ਹੈ। ਦਰਅਸਲ, ਇਹ ਕੋਈ ਸਮਾਜਕ ਸਰੋਕਾਰ ਨਹੀਂ ਸਗੋਂ ਖਾਸ ਮਨੋਰਥ ਤਹਿਤ ਸਿਰਜਿਆ ਫਿਰਕੂ ਬਿਰਤਾਂਤ ਹੈ। ਪਹਿਲੀ ਗੱਲ, ਹਿਜਾਬ ਪਾਉਣ ਵਾਲੀਆਂ ਕੁੜੀਆਂ ਸਕੂਲਾਂ ਦੀ ਬਾਕਾਇਦਾ ਵਰਦੀ ਪਾਉਂਦੀਆਂ ਹਨ ਅਤੇ ਹਿਜਾਬ ਮੁਸਲਿਮ ਭਾਈਚਾਰੇ ਵਿਚ ਸਿਰ ਨੂੰ ਢਕਣ ਲਈ ਦੁਪੱਟੇ ਨੂੰ ਵਿਸ਼ੇਸ਼ ਅੰਦਾਜ਼ 'ਚ ਪਹਿਨਣ ਦਾ ਤਰੀਕਾ ਹੈ। ਵੱਖ-ਵੱਖ ਸਭਿਆਚਾਰਕ ਪਿਛੋਕੜ ਵਾਲੇ ਵਿਦਿਆਰਥੀ ਸਕੂਲੀ ਵਰਦੀ ਪਾਉਣ ਦੇ ਨਾਲ ਆਪਣੀ ਪਸੰਦ ਅਤੇ ਪਰੰਪਰਾ ਅਨੁਸਾਰ ਪੱਗ, ਦੁਪੱਟਾ ਜਾਂ ਟੋਪੀ ਪਹਿਨਦੇ ਹਨ। ਇਹ ਕਿਸੇ ਵੀ ਤਰ੍ਹਾਂ ਸਕੂਲੀ ਵਰਦੀ ਦੀ ਉਲੰਘਣਾ ਨਹੀਂ ਹੈ। ਦੂਜੀ ਗੱਲ, ਵਰਦੀ ਵਿਦਿਅਕ ਸੰਸਥਾਵਾਂ ਨੇ ਲਾਗੂ ਕਰਾਉਣੀ ਹੈ, ਹਿੰਦੂ ਹੰਕਾਰਵਾਦੀਆਂ ਨੂੰ ਇਸ ਦਾ ਕੋਈ ਹੱਕ ਨਹੀਂ ਹੈ।

ਜੇ ਉਹ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਹਿੰਦੂ ਸੰਸਕ੍ਰਿਤੀ ਵਿਕਾਸਸ਼ੀਲ ਹੈ ਅਤੇ ਸਿਰਫ ਮੁਸਲਮਾਨ ਹੀ ਰੂੜ੍ਹੀਵਾਦੀ ਮੁੱਲਾਂ 'ਚ ਗ੍ਰਸੇ ਹੋਏ ਹਨ ਤਾਂ ਸਭ ਨੂੰ ਪਤਾ ਹੈ ਕਿ ਉਹ ਔਰਤਾਂ ਦੀ ਆਧੁਨਿਕ ਜੀਵਨ ਜਾਚ ਦੇ ਮੁਕਾਬਲੇ ਮੱਧਯੁਗੀ ਅਤੇ ਮਨੂਵਾਦੀ ਮਰਿਯਾਦਾ ਥੋਪਣ 'ਚ ਯਕੀਨ ਰੱਖਦੇ ਹਨ ਅਤੇ ਔਰਤ ਵੱਲੋਂ ਆਪਣੀ ਪਸੰਦ ਦਾ ਜੀਵਨ ਸਾਥੀ ਚੁਣਨ ਦੇ ਘੋਰ ਵਿਰੋਧੀ ਹਨ। ਜੇ ਉਨ੍ਹਾਂ ਦਾ ਵੱਸ ਚੱਲੇ ਤਾਂ ਮੁੜ ਸਤੀ ਪ੍ਰਥਾ ਲਾਗੂ ਕਰਵਾਉਣ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਯੂ.ਪੀ. ਅਤੇ ਕਈ ਹੋਰ ਭਾਜਪਾ ਸ਼ਾਸ਼ਿਤ ਰਾਜਾਂ ਵਿਚ 'ਲਵ ਜਹਾਦ' ਨੂੰ ਰੋਕਣ ਲਈ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਹੋਰ ਹਿੰਦੂਤਵੀ ਅਤਿਵਾਦੀ ਜਥੇਬੰਦੀਆਂ ਦੇ 'ਐਂਟੀ ਮਜਨੂ' ਦਸਤੇ ਬਾਕਾਇਦਾ ਰਾਜਕੀ ਪੁਸ਼ਤਪਨਾਹੀ ਹੇਠ ਕੰਮ ਕਰ




ਰਹੇ ਹਨ ਜੋ ਨੌਜਵਾਨ ਹਿੰਦੂ ਲੜਕੀਆਂ ਅਤੇ ਮੁਸਲਿਮ ਨੌਜਵਾਨਾਂ ਉੱਪਰ ਸ਼ਰੇਆਮ ਹਮਲੇ ਕਰਦੇ ਹਨ। ਕਈ ਰਾਜਾਂ ਨੇ ਧਰਮ ਬਦਲੀ ਦੇ ਨਾਂ ਹੇਠ ਫਾਸ਼ੀਵਾਦੀ ਕਾਨੂੰਨ ਥੋਪ ਦਿੱਤੇ ਹਨ। ਵੈਲੇਂਟਾਈਨ ਦਿਵਸ ਉੱਪਰ ਤਾਂ ਹਿੰਦੂ ਲੜਕੀਆਂ ਦਾ ਪਾਰਕਾਂ ਅਤੇ ਹੋਰ ਜਨਤਕ ਥਾਵਾਂ ਉੱਪਰ ਜਾਣਾ ਹੀ ਮੁਸ਼ਕਿਲ ਹੋ ਜਾਂਦਾ ਹੈ। ਤੀਜੀ ਗੱਲ, ਜੋ ਔਰਤਾਂ ਪੜ੍ਹ-ਲਿਖ ਕੇ ਆਪਣੇ ਪੈਰਾਂ ਉੱਪਰ ਖੜ੍ਹੀਆਂ ਹੋ ਜਾਂਦੀਆਂ ਹਨ, ਉਹ ਪਹਿਰਾਵਾ ਵੀ ਆਪਣੀ ਮਰਜ਼ੀ ਅਨੁਸਾਰ ਪਾਉਣ ਲਈ ਆਜ਼ਾਦ ਹੁੰਦੀਆਂ ਹਨ। ਉਨ੍ਹਾਂ ਨੂੰ ਕਿਸੇ ਦੂਜੇ ਧਰਮ ਦੇ ਸਹਾਰੇ ਦੀ ਜ਼ਰੂਰਤ ਨਹੀਂ ਹੈ। ਵੈਸੇ ਵੀ ਹਿਜਾਬ ਪਹਿਨਣਾ ਔਰਤਾਂ ਦੀ ਪੜ੍ਹਾਈ ਵਿਚ ਰੋਕ ਨਹੀਂ ਬਣਦਾ ਸਗੋਂ ਬਹੁਤ ਸਾਰੀਆਂ ਐਸੀਆਂ ਔਰਤਾਂ ਉੱਚ ਪੜ੍ਹਾਈ ਕਰਕੇ ਉੱਚੇ ਅਹੁਦਿਆਂ ਉੱਪਰ ਭੂਮਿਕਾ ਨਿਭਾ ਰਹੀਆਂ ਹਨ। ਨਾਗਰਿਕਤਾ ਸੋਧ ਕਾਨੂੰਨ ਥੋਪਣ ਸਮੇਂ ਜਦੋਂ ਮੁਸਲਿਮ ਔਰਤਾਂ ਨੂੰ ਆਪਣੇ ਨਾਗਰਿਕਤਾ ਹੱਕ ਖੁੱਸਦੇ ਨਜ਼ਰ ਆਏ ਤਾਂ ਇਹ ਹਿਜਾਬ ਅਤੇ ਬੁਰਕੇ ਪਹਿਨੀਂ ਮੁਸਲਿਮ ਔਰਤਾਂ ਸਨ ਜਿਨ੍ਹਾਂ ਨੇ ਸ਼ਾਹੀਨ ਬਾਗ਼ ਦੇ ਮੋਰਚਿਆਂ ਰਾਹੀਂ ਫਾਸ਼ੀਵਾਦੀ ਹਮਲੇ ਨਾਲ ਟੱਕਰ ਲਈ ਅਤੇ ਹੋਰ ਇਨਸਾਫਪਸੰਦ ਹਿੱਸਿਆਂ ਨੂੰ ਉੱਠਣ ਲਈ ਪ੍ਰੇਰਿਆ।

ਹਿੰਦੂਤਵਵਾਦੀ ਤਾਕਤਾਂ ਔਰਤਾਂ ਦੀਆਂ ਮੁਕਤੀ ਦੀਆਂ ਘੋਰ ਵਿਰੋਧੀ ਹਨ, ਉਹ ਕਦੇ ਵੀ ਹਿੰਦੂ ਔਰਤਾਂ ਉੱਪਰ ਥੋਪੇ ਘੁੰਢ ਅਤੇ ਹੋਰ ਰੂੜ੍ਹੀਵਾਦੀ ਦਸਤੂਰਾਂ ਵਿਰੁੱਧ ਮੂੰਹ ਨਹੀਂ ਖੋਲ੍ਹਦੇ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਹਿਜਾਬ ਨੂੰ ਫਿਰਕੂ ਰੰਗਤ ਦੇਣ ਅਤੇ ਐਸੇ ਮੁੱਦੇ ਉਛਾਲਣ ਪਿੱਛੇ ਉਨ੍ਹਾਂ ਦਾ ਮਨੋਰਥ ਭਾਰਤੀ ਅਵਾਮ ਦੇ ਭਿਆਨਕ ਬੇਰੁਜ਼ਗਾਰੀ, ਖੇਤੀ ਸੰਕਟ, ਸਿੱਖਿਆ ਅਤੇ ਸਿਹਤ ਵਰਗੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣਾ ਵੀ ਹੈ। ਯੂ.ਪੀ. ਸਮੇਤ ਪੰਜ ਰਾਜਾਂ ਵਿਚ ਚੋਣਾਂ ਹੋ ਰਹੀਆਂ ਹਨ। ਅਗਲੇ ਸਾਲ ਕਰਨਾਟਕ ਵਿਚ ਚੋਣਾਂ ਹੋਣਗੀਆਂ। ਇਸ ਫੌਰੀ ਜ਼ਰੂਰਤ 'ਚੋਂ ਅਤੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਅੰਜਾਮ ਦੇਣ ਦੀ ਦੂਰਗਾਮੀ ਜ਼ਰੂਰਤ 'ਚੋਂ ਫਿਰਕੂ ਪਾਟਕ ਪਾਉਣਾ ਆਰ.ਐਸ.ਐਸ.-ਬੀ.ਜੇ.ਪੀ. ਦੀ ਅਣਸਰਦੀ ਜ਼ਰੂਰਤ ਹੈ।

ਇਹ ਦਲੀਲ ਗਲਤ ਹੈ ਕਿ ਅਜੋਕੇ ਹਮਲੇ ਦੇ ਹਾਲਾਤ 'ਚ ਹਿਜਾਬ ਦੀ ਹਮਾਇਤ ਪਿਛਾਂਹ ਖਿੱਚੂ ਰੂੜ੍ਹੀਵਾਦੀ ਮੁੱਲਾਂ ਦੇ ਹੱਕ 'ਚ ਭੁਗਤਦੀ ਹੈ। ਅੱਜ ਹਿੰਦੂਤਵਵਾਦੀ ਜਥੇਬੰਦੀਆਂ ਦੇ ਧੌਂਸਬਾਜ਼ ਮਨੋਰਥ ਨੂੰ ਸਮਝਣ ਦੇ ਨਾਲ-ਨਾਲ ਮੁਸਲਿਮ ਅਤੇ ਹੋਰ ਔਰਤਾਂ ਦੇ ਪਹਿਰਾਵੇ ਦੇ ਹੱਕ ਦੀ ਰਾਖੀ ਦਾ ਸਵਾਲ ਵਧੇਰੇ ਮਹੱਤਵਪੂਰਨ ਹੈ। ਬੀ.ਜੇ.ਪੀ. ਦੇ ਰਾਜ ਵਿਚ ਔਰਤਾਂ ਦੇ ਬਲਾਤਕਾਰ ਅਤੇ ਹੱਤਿਆਵਾਂ ਦੀਆਂ ਹੌਲਨਾਕ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਬਲਾਤਕਾਰੀ ਅਤੇ ਹਤਿਆਰੇ ਰਾਜਕੀ ਅਤੇ ਰਾਜਸੀ ਪੁਸ਼ਤਪਨਾਹੀ ਹੇਠ ਦਨਦਨਾਉਂਦੇ ਫਿਰਦੇ ਹਨ। ਸਿਰਸੇ ਵਾਲੇ ਬਲਾਤਕਾਰੀ ਸਾਧ ਨੂੰ ਪੈਰੋਲ ਦੇ ਦਿੱਤੀ ਗਈ ਹੈ। ਕਠੂਆ ਸਮੂਹਿਕ ਬਲਾਤਕਾਰ/ਕਤਲ ਕੇਸ ਦੇ ਦੋ ਸਜ਼ਾਯਾਫਤਾ ਦੋਸ਼ੀ ਜੇਲ੍ਹ ਤੋਂ ਬਾਹਰ ਆ ਚੁੱਕੇ ਹਨ। ਮੁੱਖ ਦੋਸ਼ੀ ਦੀ ਸਜ਼ਾ ਰੱਦ ਕਰਨ ਦੀ ਅਰਜ਼ੀ ਸੁਣਵਾਈ ਅਧੀਨ ਹੈ। ਓਨਾਓ ਬਲਾਤਕਾਰ ਕੇਸ ਦੇ ਮੁੱਖ ਮੁਜਰਿਮ ਭਾਜਪਾ ਆਗੂ ਕੁਲਦੀਪ ਸੈਂਗਰ ਨੂੰ ਯੋਗੀ ਹਕੂਮਤ ਨੇ ਸੜਕੀ ਹੱਤਿਆ ਦੇ ਮਾਮਲੇ 'ਚ ਅਦਾਲਤ ਤੋਂ ਬਰੀ ਕਰਵਾ ਲਿਆ ਹੈ। ਸੰਘ ਪਰਿਵਾਰ ਔਰਤਾਂ ਨੂੰ ਸੁਰੱਖਿਅਤ ਸਮਾਜਕ-ਪ੍ਰਸ਼ਾਸਨਿਕ ਮਾਹੌਲ ਮੁਹੱਈਆ ਕਰਨ ਦੀ ਬਜਾਇ ਹਿਜਾਬ ਵਰਗੇ ਮੁੱਦੇ ਭੜਕਾ ਕੇ ਹੋਰ ਜ਼ਿਆਦਾ ਅਸੁਰੱਖਿਆ, ਡਰ ਅਤੇ ਦਹਿਸ਼ਤ ਪੈਦਾ ਕਰ ਰਿਹਾ ਹੈ। ਉਨ੍ਹਾਂ ਨੂੰ ਇਸ ਦੀ ਪ੍ਰਵਾਹ ਨਹੀਂ ਕਿ ਹਿਜਾਬ ਮੁਸਲਿਮ ਔਰਤਾਂ ਦੀ ਸਮਾਜੀ-ਸਭਿਆਚਾਰਕ ਜ਼ਿੰਦਗੀ ਦਾ ਹਿੱਸਾ ਬਣ ਚੁੱਕਾ ਹੈ। ਉਨ੍ਹਾਂ ਦੇ ਰੂੜ੍ਹੀਵਾਦੀ ਪਰਿਵਾਰ ਹਿਜਾਬ ਪਹਿਨ ਕੇ ਉਨ੍ਹਾਂ ਨੂੰ ਪੜ੍ਹਾਈ ਕਰਨ ਅਤੇ ਸਮਾਜ 'ਚ ਵਿਚਰਨ ਦੀ ਖੁੱਲ੍ਹ ਦਿੰਦੇ ਹਨ। ਇਸ ਦੇ ਉਲਟ ਸਕੂਲਾਂ ਕਾਲਜਾਂ ਵਿਚ ਧੱਕੇ ਨਾਲ ਹਿਜਾਬ ਬੰਦ ਕਰਵਾ ਕੇ ਹਿੰਦੂਤਵਵਾਦੀ ਅਨਸਰ ਉਨ੍ਹਾਂ ਨੂੰ ਪੜ੍ਹਾਈ ਦੇ ਹੱਕ ਤੋਂ ਵੀ ਵਿਰਵਾ ਕਰ ਰਹੇ ਹਨ ਅਤੇ ਉਨ੍ਹਾਂ ਤੋਂ ਆਪਣੀ ਮਰਜ਼ੀ ਦਾ ਪਹਿਰਾਵਾ ਪਹਿਨਣ ਦਾ ਹੱਕ ਵੀ ਖੋਹ ਰਹੇ ਹਨ।

ਜਿਵੇਂ ਵਿਆਹੁਤਾ ਔਰਤਾਂ ਨੇ ਪੰਜਾਬ ਵਿਚ ਘੁੰਢ ਕੱਢ ਕੇ ਰੱਖਣ ਤੋਂ ਮੁਕਤੀ ਪਾ ਲਈ, ਮੁਸਲਿਮ ਔਰਤਾਂ ਵੀ ਪੜ੍ਹ-ਲਿਖ ਕੇ ਅਤੇ ਆਪਣੇ ਪੈਰਾਂ ਉੱਪਰ ਖੜ੍ਹ ਕੇ ਹਿਜਾਬ ਪਹਿਨਣ ਜਾਂ ਨਾ ਪਹਿਨਣ ਦੀ ਚੋਣ ਖੁਦ ਹੀ ਕਰ ਲੈਣਗੀਆਂ। ਉਨ੍ਹਾਂ ਦੇ ਹਿਜਾਬ ਜਬਰੀ ਲੁਹਾ ਕੇ ਹਿੰਦੂਤਵਵਾਦੀ ਨਾ ਸਿਰਫ ਉਨ੍ਹਾਂ ਦੀ ਪੜ੍ਹਾਈ ਛੁਡਾਉਣਾ ਚਾਹੁੰਦੇ ਹਨ ਸਗੋਂ ਹਰ ਤਰੀਕੇ ਨਾਲ ਉਨ੍ਹਾਂ ਨੂੰ ਇਸ ਮੁਲਕ ਦੂਜੇ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਾਉਣਾ ਚਾਹੁੰਦੇ ਹਨ। ਆਪਣੇ ਮਜ਼ਹਬੀ ਹਉਮੈ ਨੂੰ ਸੰਤੁਸ਼ਟ ਕਰਨ ਲਈ ਇਹ ਉਨ੍ਹਾਂ ਦੇ ਮੁਸਲਿਮ ਫਿਰਕੇ ਨੂੰ ਕਿਸੇ ਨਾ ਕਿਸੇ ਬਹਾਨੇ ਧੱਕ ਕੇ ਕੰਧ ਨਾਲ ਲਾਉਣ ਦੇ ਪ੍ਰੋਜੈਕਟ ਦਾ ਹਿੱਸਾ ਹੈ ਅਤੇ ਇਸ ਤਰੀਕੇ ਨਾਲ ਉਹ ਧਾੜਵੀ ਮੁਸਲਿਮ ਹੁਕਮਰਾਨਾਂ ਦੀ '1200 ਸੌ ਸਾਲ ਦੀ ਗੁਲਾਮੀ' ਦਾ ਬਦਲਾ ਹੁਣ ਬਹੁਗਿਣਤੀਵਾਦੀ ਧੌਂਸ ਜਮਾ ਕੇ ਲੈਣਾ ਚਾਹੁੰਦੇ ਹਨ।

ਇਹ ਸਿਲਸਿਲਾ ਹਿਜਾਬ ਤੱਕ ਸੀਮਤ ਰਹਿਣ ਵਾਲਾ ਨਹੀਂ ਹੈ, ਭਵਿੱਖ 'ਚ ਕਿਸੇ ਹੋਰ ਘੱਟਗਿਣਤੀ ਫਿਰਕੇ ਦੀ ਵਾਰੀ ਆ ਸਕਦੀ ਹੈ। ਪਿਛਲੇ ਦਿਨੀਂ ਈਸਾਈ ਸਕੂਲਾਂ ਅਤੇ ਚਰਚਾਂ ਉੱਪਰ ਹਮਲੇ ਹੋ ਚੁੱਕੇ ਹਨ। ਬਲਾਕਤਾਰਾਂ ਦੀਆਂ ਘਟਨਾਵਾਂ ਲਈ ਕੁੜੀਆਂ ਦੇ ਸਕਰਟਾਂ, ਜੀਨਾਂ ਪਹਿਨਣ ਨੂੰ ਜ਼ਿੰਮੇਵਾਰ ਠਹਿਰਾਉਂਦੇ ਪਿਛਾਂਹਖਿਚੂ ਬਿਆਨ ਅਕਸਰ ਹੀ ਸੁਣਨ ਨੂੰ ਮਿਲਦੇ ਹਨ। ਕਰਨਾਟਕ ਹਾਈਕੋਰਟ ਦੇ ਅੰਤ੍ਰਿਮ ਹੁਕਮ ਸੰਕੇਤ ਹੈ। ਅਦਾਲਤੀ ਪ੍ਰਬੰਧ ਵੱਲੋਂ ਮੁਸਲਿਮ ਘੱਟਗਿਣਤੀ ਦੇ ਬੁਨਿਆਦੀ ਹੱਕਾਂ ਨੂੰ ਨਜ਼ਰਅੰਦਾਜ਼ ਕਰਕੇ ਬਹੁਗਿਣਤੀਵਾਦੀਆਂ ਦੇ ਹੱਕ 'ਚ ਭੁਗਤਣ ਦਾ ਖਤਰਾ ਬਣਿਆ ਹੋਇਆ ਹੈ। ਇਸ ਧੌਂਸਬਾਜ਼ੀ ਦੇ ਮੱਦੇਨਜ਼ਰ ਮੁਸਲਿਮ ਲੜਕੀਆਂ ਦੇ ਹਿਜਾਬ ਪਹਿਨਣ ਦੇ ਹੱਕ ਦੀ ਰਾਖੀ ਲਈ ਡਟਣਾ ਜ਼ਰੂਰੀ ਹੈ।

*ਕਰਨਾਟਕ ਵਿਚ ਹਿਜਾਬ ਪਹਿਨਣ ਵਾਲੀਆਂ ਮੁਸਲਿਮ ਕੁੜੀਆਂ ਲਈ ਸਿੱਖਿਆ ਸੰਸਥਾਵਾਂ ਦੇ ਦਰਵਾਜ਼ੇ ਬੰਦ ਕਰ ਦੇਣ ਨਾਲ ਹਾਲਾਤ ਗੰਭੀਰ ਹੋ ਗਏ ਹਨ। 1938 'ਚ ਨਾਜ਼ੀਵਾਦੀਆਂ ਨੇ ਵੀ ਆਸਟਰੀਆ ਦੀ ਵੀਆਨਾ ਯੂਨੀਵਰਸਿਟੀ 'ਚ ਯਹੂਦੀ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਰੋਕ ਦਿੱਤਾ ਸੀ। ਭਾਰਤ ਅੰਦਰ ਬਣ ਰਹੇ ਇਨ੍ਹਾਂ ਹਾਲਾਤ ਬਾਰੇ ਉੱਘੇ ਸਿਆਸੀ ਚਿੰਤਕ ਰਘੂ ਕੇਸਵਨ ਦੀ ਇਹ ਟਿੱਪਣੀ ਗੌਰਤਲਬ ਹੈ ਜਿਸ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਨ੍ਹਾਂ ਕੁੜੀਆਂ ਦੇ ਮਨਾਂ ਉਪਰ ਵੀ ਉਨ੍ਹਾਂ ਦੇ ਤਲਖ ਅਨੁਭਵਾਂ ਦੀ ਛਾਪ ਰਹੇਗੀ। ਕਾਲਜ ਦਾ ਪ੍ਰਿੰਸੀਪਲ ਵੀ ਸੰਤਾਪ ਝੱਲੇਗਾ ਜਿਸ ਨੇ ਉਨ੍ਹਾਂ ਲਈ ਕਾਲਜ ਦਾ ਗੇਟ ਬੰਦ ਕਰਵਾ ਦਿੱਤਾ, ਉਹ ਅਧਿਆਪਕ ਵੀ ਜੋ ਉਨ੍ਹਾਂ ਕੁੜੀਆਂ ਤੋਂ ਬਿਨਾਂ ਜਮਾਤਾਂ ਨੂੰ ਪੜ੍ਹਾਉਂਦੇ ਰਹੇ ਅਤੇ ਉਨ੍ਹਾਂ ਦੇ ਸਹਿਪਾਠੀ ਵੀ ਜਿਨ੍ਹਾਂ ਨੇ ਭਾਈਚਾਰਕ ਏਕਤਾ ਤੋਂ ਮੂੰਹ ਮੋੜ ਲਿਆ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।*

# ਹਿਜਾਬ: ਕੱਟੜਤਾ ਬਹੁਗਿਣਤੀ ਦਾ ਨੁਕਸਾਨ ਵੀ ਕਰੇਗੀ







*1960 ਵਿਚ ਨਿਊ ਔਰਲੀਨਜ਼ ਦੇ ਵਿਲੀਅਮ ਫਰਾਂਜ਼ ਐਲੀਮੈਂਟਰੀ ਸਕੂਲ ਵਿਚ ਮਾਰਸ਼ਲਾਂ ਦੇ ਪਹਿਰੇ ਹੇਠ ਜਾ ਰਹੀ ਕਾਲੀ ਵਿਦਿਆਰਥਣ ਰੂਬੀ ਬ੍ਰਿਜਸ, (ਵਿਚਕਾਰ) ਉੱਤਰੀ ਕੈਰੋਲੀਨਾ ਦੇ ਚਾਰਲੋਟ ਹਾਰਡਿੰਗ ਹਾਈ ਸਕੂਲ ਦੀ ਪਹਿਲੀ ਕਾਲੀ ਵਿਦਿਆਰਥਣ ਡੋਰੋਥੀ ਕਾਊਂਟਸ ਜਿਸ ਨੂੰ ਸਹਿਪਾਠੀਆਂ ਵੱਲੋਂ ਜ਼ਲੀਲ ਕੀਤੇ ਜਾਣ 'ਤੇ ਚਾਰ ਦਿਨ ਵਿਚ ਹੀ ਸਕੂਲ ਛੱਡਣਾ ਪਿਆ ਸੀ ਅਤੇ (ਐਨ ਸੱਜੇ) 'ਲਿਟਲ ਰੌਕ ਨਾਈਨ' ਵਜੋਂ ਮਸ਼ਹੂਰ ਵਿਦਿਆਰਥੀ ਟੋਲੀ ਦੀ ਇਕ ਵਿਦਿਆਰਥਣ ਗੋਰੇ ਸਹਿਪਾਠੀਆਂ ਹੱਥੋਂ ਜ਼ਲਾਲਤ ਝੱਲਦੀ ਹੋਈ ਜੋ ਲਿਟਲ ਰੌਕ ਦੇ ਸੈਂਟਰਲ ਹਾਈ ਸਕੂਲ 'ਚ ਦਾਖਲ ਹੋਣ ਵਾਲੀ ਪਹਿਲੀ ਵਿਦਿਆਰਥੀ ਟੋਲੀ ਸੀ।*

ਇਹ ਮੰਨਣਾ ਗਲਤੀ ਹੈ ਕਿ ਚੁਣੀ ਹੋਈ ਨੁਮਾਇੰਦਾ ਸਰਕਾਰ ਸਿਰਫ ਉਨ੍ਹਾਂ ਨਾਗਰਿਕਾਂ ਦੀਆਂ ਤਰਜੀਹਾਂ ਨੂੰ ਦਰਸਾਉਂਦੀ ਹੈ ਜੋ ਇਸ ਨੂੰ ਚੁਣਦੇ ਹਨ। ਨੁਮਾਇੰਦਗੀ ਵੋਟਰਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਦਰਮਿਆਨ ਇਕ ਸੰਵਾਦ ਹੈ ਜੋ ਵੋਟਰਾਂ ਦੀ ਮਾਨਸਿਕਤਾ ਨੂੰ ਵੀ ਓਨਾ ਹੀ ਘੜਦਾ ਹੈ ਜਿੰਨਾ ਇਹ ਚੁਣੇ ਹੋਏ ਵਿਅਕਤੀਆਂ ਦੀ ਮਾਨਸਿਕਤਾ ਨੂੰ ਘੜਦਾ ਹੈ। ਭਾਰਤ ਵਿਚ ਅਸੀਂ ਇਹ ਸਾਫ-ਸਾਫ ਦੇਖ ਸਕਦੇ ਹਾਂ ਜਿੱਥੇ ਹਫਤੇ-ਦਰ-ਹਫਤੇ ਸਮਾਜ ਵਿਚ ਨਰਿੰਦਰ ਮੋਦੀ ਦੀ ਛਾਪ ਹੋਰ ਵੀ ਡੂੰਘੀ ਮਹਿਸੂਸ ਕੀਤਾ ਜਾ ਰਹੀ ਹੈ। 2019 'ਚ ਇਕ ਸਪਸ਼ਟ ਬਹੁਮਤ ਵਾਲੀ ਸਰਕਾਰ ਮੁੜ ਚੁਣੇ ਜਾਣ ਨੇ ਅਸੰਭਵ ਕੱਟੜਤਾ ਨੂੰ ਲੋਕਾਂ ਨੂੰ ਲੁਭਾਉਣ ਵਾਲੀ ਆਮ ਸੂਝ ਵਿਚ ਬਦਲ ਦਿੱਤਾ ਹੈ।

**ਰਘੂ ਕੇਸਵਨ**
**ਅਨੁਵਾਦ: ਬੂਟਾ ਸਿੰਘ**

ਪਿਛਲੇ ਕੁਝ ਦਿਨਾਂ 'ਚ ਅਸੀਂ ਨਵੀਆਂ ਨੀਵਾਣਾਂ 'ਚ ਜਾ ਡਿੱਗੇ ਹਾਂ ਜਦੋਂ ਕਰਨਾਟਕ ਦੇ ਕਾਲਜਾਂ ਨੇ ਮੁਸਲਿਮ ਕੁੜੀਆਂ ਨੂੰ ਹਿਜਾਬ ਪਹਿਨ ਕੇ ਆਪਣੇ ਕਲਾਸ ਰੂਮ ਵਿਚ ਜਾਣ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ। ਇਮਤਿਹਾਨ ਸਿਰ 'ਤੇ ਹੋਣ ਕਾਰਨ ਕੁੜੀਆਂ ਦੀ ਚਿੰਤਾ ਦੇ ਮੱਦੇਨਜ਼ਰ ਸਾਡਾ ਧਿਆਨ ਇਸ ਬੇਦਖਲੀ ਦੀ ਕਾਰਵਾਈ ਦੇ ਇਤਿਹਾਸਕ ਮਹੱਤਵ ਤੋਂ ਨਹੀਂ ਭਟਕਣਾ ਚਾਹੀਦਾ।

ਇਸ ਤੋਂ ਪਿੱਛੋਂ ਦੀਆਂ ਘਟਨਾਵਾਂ ਤੋਂ ਦੋ ਪ੍ਰਮੁੱਖ ਤਸਵੀਰਾਂ ਸਾਹਮਣੇ ਆਈਆਂ। ਪਹਿਲੀ ਤਸਵੀਰ ਕੁੰਡਾਪੁਰ ਦੇ ਇਕ ਕਾਲਜ ਦੇ ਗੇਟ ਨੂੰ ਕੁੜੀਆਂ ਦੀ ਇਕ ਟੋਲੀ ਲਈ ਬੰਦ ਕੀਤੇ ਜਾਣ ਦੀ ਹੈ ਜੋ ਅੰਦਰ ਜਾਣ ਦੇਣ ਲਈ ਕਹਿ ਰਹੀਆਂ ਹਨ। ਦੂਜੀ ਤਸਵੀਰ ਹਿੰਦੂ ਵਿਦਿਆਰਥੀਆਂ ਦੇ ਹਜੂਮ ਦੀ ਹੈ ਜੋ ਆਪਣੇ ਸੰਵਿਧਾਨਕ ਹੱਕਾਂ ਦੀ ਮੰਗ ਕਰ ਰਹੀਆਂ ਮੁਸਲਿਮ ਕੁੜੀਆਂ ਦੀ ਹੱਕ ਜਤਾਈ ਤੋਂ ਭੜਕ ਕੇ ਅਗਲੇ ਦਿਨ ਸਕੂਲ 'ਚ ਭਗਵੇਂ ਪਰਨੇ ਪਾ ਕੇ ਆ ਗਏ। ਜਿਵੇਂ ਉਹ ਬਦਲਾ ਲੈ ਰਹੇ ਹੋਣ।

### ਇਕ ਹੋਰ ਜ਼ਮਾਨਾ, ਇਕ ਹੋਰ ਸਥਾਨ

ਕਰਨਾਟਕ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਮੈਂ ਜੋ ਵੀਡੀਓ ਕਲਿੱਪ ਦੇਖੇ, ਉਨ੍ਹਾਂ ਨੇ ਮੈਨੂੰ ਅਮਰੀਕਾ ਵਿਚ 60 ਸਾਲ ਪਹਿਲਾਂ ਲਈਆਂ ਗਈਆਂ ਤਸਵੀਰਾਂ ਚੇਤੇ ਕਰਾ ਦਿੱਤੀਆਂ। 1954 ਵਿਚ ਅਮਰੀਕਨ ਸੁਪਰੀਮ ਕੋਰਟ ਵੱਲੋਂ ਸਰਕਾਰੀ ਸਕੂਲਾਂ ਵਿਚ ਨਸਲੀ ਵਿਤਕਰੇ ਨੂੰ ਰਸਮੀ ਤੌਰ 'ਤੇ ਖਤਮ ਕਰ ਦਿੱਤਾ ਗਿਆ। ਜਦੋਂ ਨਸਲਾਂ ਦਾ ਏਕੀਕਰਨ ਹੋਇਆ ਤਾਂ ਇਸ ਦੇ ਨਾਲ ਹੀ ਸਿਵਲ ਰਾਈਟਸ ਅੰਦੋਲਨ ਦੀਆਂ ਕੁਝ ਸਭ ਤੋਂ ਪ੍ਰਭਾਵਸਾਲੀ ਤਸਵੀਰਾਂ ਵੀ ਸਾਹਮਣੇ ਆਈਆਂ। ਮੈਂ ਖਾਸ ਤੌਰ 'ਤੇ ਸਕੂਲ ਜਾ ਰਹੀਆਂ ਤਿੰਨ ਕਾਲੀਆਂ ਕੁੜੀਆਂ ਦੀਆਂ ਤਸਵੀਰਾਂ ਬਾਰੇ ਸੋਚ ਰਿਹਾ ਹਾਂ ਜੋ ਉਦੋਂ ਤੱਕ ਪੂਰੀ ਤਰ੍ਹਾਂ ਗੋਰਿਆਂ ਦੇ ਸਕੂਲ ਸਨ।

ਪਹਿਲੀ ਤਸਵੀਰ ਵਿਚ ਰੂਬੀ ਬ੍ਰਿਜਸ ਜੋ ਉਦੋਂ ਛੇ ਸਾਲ ਦੀ ਸੀ, ਨੂੰ ਤਿੰਨ ਫੈਡਰਲ ਮਾਰਸ਼ਲ (ਸੁਰੱਖਿਆ ਕਰਮਚਾਰੀ) ਸਕੂਲ ਲਿਜਾ ਰਹੇ ਹਨ। ਇਕ ਗੁੱਸੇ ਨਾਲ ਭਰੇ-ਪੀਤੇ ਵੱਖਵਾਦੀ ਨੇ ਉਸ ਨੂੰ ਜ਼ਹਿਰ ਦੇਣ ਦੀ ਧਮਕੀ ਦਿੱਤੀ ਸੀ, ਇਸ ਲਈ ਮਾਰਸ਼ਲਾਂ ਨੇ ਉਸ ਨੂੰ ਸਿਰਫ ਘਰ ਤੋਂ ਲਿਆਂਦਾ ਖਾਣਾ ਖਾਣ ਦੀ ਇਜਾਜ਼ਤ ਦਿੱਤੀ ਸੀ।

ਦੂਜੀ ਤਸਵੀਰ ਵਿਚ ਡੋਰੋਥੀ ਕਾਊਂਟਸ ਇਕੱਲੀ ਸਕੂਲ ਜਾ ਰਹੀ ਹੈ ਜੋ ਉਦੋਂ ਪੰਦਰਾਂ ਸਾਲ ਦੀ ਸੀ ਅਤੇ ਗੋਰਿਆਂ ਦਾ ਹਜੂਮ ਉਸ ਨੂੰ ਆਪਣੀ ਨਫਰਤ ਦਾ ਨਿਸ਼ਾਨਾ ਬਣਾ ਰਿਹਾ ਹੈ। ਲੇਖਕ ਜੇਮਜ਼ ਬਾਲਡਵਿਨ ਨੇ ਬਾਅਦ ਵਿਚ ਲਿਖਿਆ ਕਿ ਇਹ ਉਹ ਤਸਵੀਰ ਸੀ ਜਿਸ ਨੇ ਉਸ ਨੂੰ ਫਰਾਂਸ ਤੋਂ ਵਾਪਸ ਆਉਣ ਲਈ ਮਜਬੂਰ ਕੀਤਾ ਜਿੱਥੇ ਉਹ ਅਮਰੀਕਾ ਵਿਚ ਝੱਲਣੇ ਪੈ ਰਹੇ ਰੋਜ਼ਮੱਰਾ ਅੱਤਿਆਚਾਰਾਂ ਤੋਂ ਬਚਣ ਲਈ ਜਲਾਵਤਨ ਹੋ ਗਿਆ ਸੀ।

ਤੀਸਰੀ ਤਸਵੀਰ ਵਿਚ ਐਲਿਜਾਬਥ ਐਕਫੋਰਡ ਲਿਟਲ ਰੌਕ ਸੈਂਟਰਲ ਹਾਈ ਸਕੂਲ (ਉੱਥੇ ਜਾਣ ਵਾਲੇ ਅਫਰੀਕਨ ਮੂਲ ਦੇ ਅਮਰੀਕਨ ਬੱਚਿਆਂ ਦਾ ਪਹਿਲਾ ਸਮੂਹ ਲਿਟਲ ਰੌਕ ਨਾਈਨ ਵਜੋਂ ਮਸ਼ਹੂਰ ਹੋਇਆ) ਨੂੰ ਜਾ ਰਹੀ ਹੈ, ਉਸ ਦੇ ਪਿੱਛੇ-ਪਿੱਛੇ ਉਸ ਦਾ ਮਜ਼ਾਕ ਉਡਾਉਂਦੇ ਗੋਰਿਆਂ ਦਾ ਇਸੇ ਤਰ੍ਹਾਂ ਦਾ ਹਜੂਮ ਚੱਲ ਰਿਹਾ ਹੈ। ਉਨ੍ਹਾਂ ਵਿਚ ਉਸੇ ਸਕੂਲ ਦੀ ਇਕ ਕੁੜੀ ਹੇਜ਼ਲ ਬ੍ਰਾਇਨ ਵੀ ਹੈ ਜੋ ਉਦੋਂ 15 ਸਾਲ ਦੀ ਸੀ। ਉਹ ਗੁੱਸੇ ਨਾਲ ਬੇਚੈਨ ਹੈ, ਗੁੱਸੇ ਦੇ ਹਾਵ-ਭਾਵ ਉਸ ਦੇ ਚਿਹਰੇ ਤੋਂ ਸਪਸ਼ਟ ਹਨ।

ਅਮਰੀਕਾ ਦੇ ਦੱਖਣ ਅਤੇ ਕਰਨਾਟਕ ਦਰਮਿਆਨ ਤੁਲਨਾ ਅਸੰਭਵ ਹੈ ਜੋ ਸਾਨੂੰ ਕੁਝ ਗੱਲਾਂ ਦੱਸਦੀ ਹੈ। ਇਹ ਸਾਨੂੰ ਦੱਸਦੀ ਹੈ ਕਿ ਇਤਿਹਾਸਕ ਤੌਰ 'ਤੇ ਦੇਖੀਏ ਤਾਂ ਨੌਜਵਾਨਾਂ 'ਚ ਵੀ ਸਖਤ ਕੱਟੜਤਾ ਹੁੰਦੀ ਹੈ। ਹੇਜ਼ਲ ਬ੍ਰਾਇਨ ਜੋ ਬਾਅਦ 'ਚ ਹੇਜ਼ਲ ਮੈਸਰੀ ਬਣੀ, ਨੇ ਬਚਪਨ ਵਿਚ ਜੋ ਕੁਝ ਕੀਤਾ ਸੀ, ਉਸ ਦਾ ਪਛਤਾਵਾ ਕਰਨ ਦੀ ਕੋਸ਼ਿਸ਼ 'ਚ ਉਸ ਦੀ ਜ਼ਿੰਦਗੀ ਗੁਜ਼ਰ ਗਈ। ਹਾਲਾਂਕਿ ਐਕਫੋਰਡ ਨੇ ਉਸ ਨੂੰ ਮੁਆਫ ਕਰ ਦਿੱਤਾ - ਦੋਹਾਂ ਦਾ ਥੋੜ੍ਹੇ ਸਮੇਂ ਲਈ ਸਹੇਲਪੁਣਾ ਵੀ ਰਿਹਾ - ਲਿਟਲ ਰੌਕ ਨਾਇਨ ਟੋਲੀ ਦੀਆਂ ਬਾਕੀ ਕੁੜੀਆਂ ਨੇ ਉਸ ਨੂੰ ਮੁਆਫ ਨਹੀਂ ਕੀਤਾ। ਜਦੋਂ ਤੱਕ ਤੁਸੀਂ ਵਿਸਤਾਰ 'ਚ ਜਾ ਕੇ ਜਾਣਕਾਰੀ ਦੇ ਰੂਬਰੂ ਨਹੀਂ ਹੁੰਦੇ, ਇਤਿਹਾਸ ਵਿਚ ਉਸ ਦਾ ਸਥਾਨ ਉਸ ਤਸਵੀਰ ਦੁਆਰਾ ਹੀ ਨਿਸ਼ਚਿਤ ਕੀਤਾ ਜਾਂਦਾ ਹੈ। ਇੱਥੋਂ ਤੱਕ ਕਿ ਉਹ ਵਿਕੀਪੀਡੀਆ ਦੇ 'ਨਫਰਤ' ਦੇ ਇੰਦਰਾਜ 'ਚ ਵੀ ਉਹ ਨਮੂਨੇ ਦੀ ਮਿਸਾਲ ਵਜੋਂ ਦਰਜ ਹੈ।

ਤੁਲਨਾ ਸਾਨੂੰ ਚੇਤੇ ਕਰਾਉਂਦੀ ਹੈ ਕਿ ਪੱਖਪਾਤ ਦੀ ਤਿੱਖੀ ਧਾਰ ਹਮੇਸ਼ਾ ਪਦਾਰਥਕ ਵਾਂਝਾਪਣ ਹੀ ਹੁੰਦੀ ਹੈ: ਘਰ, ਪੜ੍ਹਾਈ ਅਤੇ ਸਿਹਤ ਸੰਭਾਲ ਤੋਂ ਬੇਦਖਲੀ। ਬੁਰਕੇ ਨੂੰ ਲੈ ਕੇ ਫਰਾਂਸੀਸੀ ਬਹਿਸ ਦਾ ਇਹ ਦਰਾਮਦ ਕੀਤਾ ਸੰਸਕਰਨ ਇਸ ਗੱਲ ਨੂੰ ਨਹੀਂ ਦਰਸਾਉਂਦਾ ਕਿ ਤੱਟਵਰਤੀ ਕਰਨਾਟਕਾ ਵਿਚ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਅਕਾਦਮਿਕ ਗਾਹਕਾਂ ਉੱਪਰ ਅਚਾਨਕ ਫਰਾਂਸ ਮਾਰਕਾ ਧਰਮਨਿਰਪੱਖਤਾ ਵਾਲਾ ਭੂਤ ਸਵਾਰ ਹੈ; ਇਹ ਦਰਸਾਉਂਦਾ ਹੈ ਕਿ ਧਰਮ ਦੇ ਆਧਾਰ 'ਤੇ ਵੱਖਰੇ ਮੁਹੱਲਿਆਂ ਦੀ ਘਿਨਾਉਣੀ ਭਾਰਤੀ ਹਕੀਕਤ ਦਾ ਵਧਾਰਾ-ਪਸਾਰਾ ਹੁਣ ਪੜ੍ਹਾਈ ਦੇ ਖੇਤਰ ਤੱਕ ਹੋ ਗਿਆ ਹੈ।

ਇਸ ਤੋਂ ਇਹ ਨਿਰਾਸ਼ਾਜਨਕ ਤੱਥ ਸਮਝ ਪੈ ਜਾਂਦਾ ਹੈ ਕਿ ਜਿਹੜੇ ਲੋਕ ਬਿਮਾਰ ਸਮਾਜਾਂ ਦੇ ਮੁਤੱਸਬਾਂ ਦਾ ਸ਼ਿਕਾਰ ਹੁੰਦੇ ਹਨ, ਉਹ ਉਨ੍ਹਾਂ ਸਮਾਜ ਦੇ ਸਭ ਤੋਂ ਕਮਜ਼ੋਰ ਨਾਗਰਿਕ ਹੁੰਦੇ ਹਨ। ਉਨ੍ਹਾਂ ਮੁਟਿਆਰਾਂ - ਦਰਅਸਲ ਕੁੜੀਆਂ ਨੂੰ - 'ਅਕਹਿ ਘੁਮੰਡ, ਤਣਾਓ ਤੇ ਪੀੜਾ' ਦਾ ਸੰਤਾਪ ਝੱਲਣਾ ਪਿਆ, ਜਿਵੇਂ ਬਾਲਡਵਿਨ ਨੇ ਕਾਊਂਟਸ ਬਾਰੇ ਲਿਖਿਆ ਸੀ। ਇਹ ਉਨ੍ਹਾਂ ਦੇ ਸਵੈਮਾਣ ਅਤੇ ਉਨ੍ਹਾਂ ਨੂੰ ਚਿੜਾਉਣ ਵਾਲਿਆਂ ਦੇ ਗੁੱਸੇ ਦੇ ਅੰਤਰ ਨੂੰ ਵਧਾਉਂਦਾ ਹੈ।

### ਆਸ਼ਾਵਾਦੀ ਹੋਣ ਦੀ ਕੋਈ ਵਜ੍ਹਾ ਨਹੀਂ

ਹੇਜ਼ਲ ਮੈਸਰੀ ਦਾ ਪਛਤਾਵਾ ਕੋਈ ਆਦਰਸ਼ ਮਿਸਾਲ ਨਹੀਂ ਹੈ; ਇਹ ਵਿਸ਼ਵਾਸ ਕਰਨ ਦੀ ਕੋਈ ਵਜ੍ਹਾ ਨਹੀਂ ਹੈ ਕਿ ਭਗਵੇਂ ਪਰਨਿਆਂ ਵਾਲੇ ਉਹ ਹਿੰਦੂ ਵਿਦਿਆਰਥੀ ਮੈਸਰੀ ਵਾਂਗ ਆਪਣੇ ਕੀਤੇ 'ਤੇ ਪਛਤਾਵਾ ਕਰਨਗੇ। ਇਕ ਕਾਰਨ ਤਾਂ ਇਹ ਹੈ ਕਿ ਅਮਰੀਕਾ ਵਿਚ ਰਸਮੀਂ ਅਲਹਿਦਗੀ ਖਤਮ ਹੋ ਰਹੀ ਸੀ। ਮੈਸਰੀ ਦੀ ਸੋਚ 'ਚ ਬਦਲਾਓ ਇਕ ਹੱਦ ਤੱਕ ਉਸ ਤਸਵੀਰ ਦੇ ਛਪਣ ਦੇ ਜਵਾਬ 'ਚ ਉੱਤਰੀ ਅਮਰੀਕੀ ਰਾਜਾਂ ਤੋਂ ਉਸ ਨੂੰ ਲਿਖੀਆਂ ਗਈਆਂ ਨਫਰਤ ਭਰੀਆਂ ਚਿੱਠੀਆਂ ਨਾਲ ਆਇਆ ਸੀ।

ਜਿਸ ਨਿਰਾਸ਼ਾ ਕਾਰਨ ਉਨ੍ਹਾਂ ਗੋਰੇ ਦੱਖਣੀ ਲੋਕਾਂ ਨੇ ਛੇ ਸਾਲ ਦੀ ਉਮਰ ਦੀਆਂ ਕੁੜੀਆਂ 'ਤੇ ਪੱਥਰ ਸੁੱਟੇ, ਉਨ੍ਹਾਂ 'ਤੇ ਥੁੱਕਿਆ, ਇਹ ਇਕ ਹੱਦ ਤੱਕ ਹਾਰ ਦਾ ਨਤੀਜਾ ਸੀ। ਉਹ ਹਾਰ ਗਏ ਸਨ ਅਤੇ ਉਹ ਇਸ ਹਕੀਕਤ ਨੂੰ ਜਾਣਦੇ ਸਨ। ਦੂਜੇ ਪਾਸੇ ਹਿੰਦੂਤਵ ਚੜ੍ਹਤ ਦੀ ਹਾਲਤ ਹੈ। ਭਾਰਤੀ ਅਦਾਰੇ ਜਾਂ ਤਾਂ ਬੇਵੱਸ ਹਨ ਜਾਂ ਇਹ ਉਨ੍ਹਾਂ ਨਾਲ ਮਿਲੇ ਹੋਏ ਹਨ। ਮੋਦੀ ਦਾ ਸਿਆਸੀ ਵਿਰੋਧ ਪਾਟੋਧਾੜ ਦਾ ਸ਼ਿਕਾਰ ਹੈ।

ਇਸ ਅੰਤਰ ਦੇ ਮੱਦੇਨਜ਼ਰ ਕੀ ਇਹ ਤੁਲਨਾ ਸਾਨੂੰ ਕੁਝ ਹੋਰ ਦੱਸ ਸਕਦੀ ਹੈ? ਇੱਥੇ, ਬਾਲਡਵਿਨ ਦੀ ਗੋਰੇ ਦੱਖਣੀ ਲੋਕਾਂ ਦੇ ਮਨਾਂ ਦੀ ਡੂੰਘੀ ਸਮਝ ਸਾਡੇ ਲਈ ਲਾਭਦਾਇਕ ਹੈ। 1965 ਵਿਚ ਕੈਂਬ੍ਰਿਜ ਯੂਨੀਅਨ ਵਿਚ ਦਿੱਤੇ ਭਾਸ਼ਣ ਵਿਚ ਉਸ ਨੇ ਕਿਹਾ, "ਉਨ੍ਹਾਂ ਦੀ ਪਰਵਰਿਸ਼ ਇਸ ਵਿਸ਼ਵਾਸ ਨਾਲ ਹੋਈ ਹੈ ਅਤੇ ਹੁਣ ਤੱਕ ਉਹ ਬੇਵੱਸ ਹੋ ਕੇ ਇਹ ਵਿਸ਼ਵਾਸ ਕਰਦੇ ਹਨ ਕਿ ਭਾਵੇਂ ਉਨ੍ਹਾਂ ਦੀ ਜ਼ਿੰਦਗੀ ਕਿੰਨੀ ਵੀ ਭਿਆਨਕ ਕਿਉਂ ਨਾ ਹੋਵੇ ਅਤੇ ਉਨ੍ਹਾਂ ਦੀ ਜ਼ਿੰਦਗੀ ਬਹੁਤ ਭਿਆਨਕ ਰਹੀ ਹੈ ਅਤੇ ਇਸ ਗੱਲ ਨਾਲ ਵੀ ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿੰਨਾ ਵੀ ਡਿਗ ਜਾਂਦੇ ਹਨ, ਭਾਵੇਂ ਕੋਈ ਵੀ ਆਫਤ ਉਨ੍ਹਾਂ ਨੂੰ ਦੱਬ ਲਵੇ, ਉਨ੍ਹਾਂ ਕੋਲ ਖੁਦ ਨੂੰ ਤਸੱਲੀ ਦੇਣ ਲਈ ਇਕ ਬਹੁਤ ਵੱਡਾ ਗਿਆਨ ਹੈ ਜੋ ਇਕ ਦੈਵੀ ਇਲਹਾਮ ਦੀ ਤਰ੍ਹਾਂ ਹੈ: ਘੱਟੋ-ਘੱਟ, ਉਹ ਕਾਲੇ ਤਾਂ ਨਹੀਂ।"

ਇਹ ਤਸੱਲੀ ਦੂਸਰਿਆਂ ਦੇ ਪਦਾਰਥਕ ਵਾਂਝੇਪਣ ਨਾਲ ਮਿਲ ਕੇ, ਬਹੁਗਿਣਤੀਵਾਦੀ ਸਿਆਸਤ ਦੀ ਪੇਸ਼ਕਸ਼ ਦਾ ਜੋੜ ਹੈ: ਭਾਵੇਂ ਤੁਸੀਂ ਕਿੰਨਾ ਵੀ ਡਿਗ ਜਾਵੋ, ਭਾਵੇਂ ਕੋਈ ਵੀ ਆਫਤ ਤੁਹਾਨੂੰ ਦੱਸ ਲਵੇ, ਘੱਟੋ ਘੱਟ ਤੁਸੀਂ ਮੁਸਲਮਾਨ ਨਹੀਂ ਹੋ।

ਮੈਂ ਰਤਾ ਕੁ ਉਨ੍ਹਾਂ ਕੁੜੀਆਂ ਵੱਲ ਪਰਤਣਾ ਚਾਹੁੰਦਾ ਹਾਂ ਜੋ ਆਪਣੇ ਕਾਲਜਾਂ ਦੇ ਬਾਹਰ ਬੈਠੀਆਂ ਹਨ ਜਿਨ੍ਹਾਂ ਨੂੰ ਜ਼ਾਹਰਾ ਤੌਰ 'ਤੇ ਮੁਸਲਮਾਨ ਨਜ਼ਰ ਆਉਂਦੀਆਂ ਹੋਣ ਦੇ ਅਪਰਾਧ ਬਦਲੇ ਪੜ੍ਹਾਈ ਦੇ ਹੱਕ ਤੋਂ ਨਾਂਹ ਕਰ ਦਿੱਤੀ ਗਈ। ਇਹ ਸਹੀ ਹੈ ਕਿ ਅਸੀਂ ਉਸ ਨੁਕਸਾਨ ਤੋਂ ਡਰਦੇ ਹਾਂ ਜੋ ਬਹੁਗਿਣਤੀਵਾਦੀ ਕੱਟੜਤਾ ਉਨ੍ਹਾਂ ਦਾ ਕਰ ਸਕਦੀ ਹੈ। ਐਲਿਜਾਬਥ ਐਕਫੋਰਡ ਕਦੇ ਵੀ ਉਸ ਸੰਤਾਪੇ ਹਾਲਾਤ 'ਚੋਂ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕੀ ਜੋ ਵਕਤ ਉਸ ਨੇ ਉਸ ਸਕੂਲ ਵਿਚ ਗੁਜ਼ਾਰਿਆ ਸੀ। ਬਾਅਦ 'ਚ ਸਾਹਮਣੇ ਆਇਆ ਕਿ ਉਹ ਉਸ ਸਦਮੇ ਨਾਲ ਬਣੇ ਤਣਾਓ ਦੀ ਮਰੀਜ਼ ਸੀ ਅਤੇ ਇਸ ਨਾਲ ਪੈਦਾ ਹੋਏ ਮਾਨਸਿਕ ਵਿਗਾੜ ਨੇ ਬਾਕੀ ਜ਼ਿੰਦਗੀ ਉਸ ਦਾ ਖਹਿੜਾ ਨਹੀਂ ਛੱਡਿਆ।

ਇਨ੍ਹਾਂ ਕੁੜੀਆਂ ਦੇ ਮਨਾਂ ਉੱਪਰ ਵੀ ਉਨ੍ਹਾਂ ਦੇ ਤਲਖ ਅਨੁਭਵਾਂ ਦੀ ਛਾਪ ਰਹੇਗੀ। ਕਾਲਜ ਦਾ ਪ੍ਰਿੰਸੀਪਲ ਵੀ ਸੰਤਾਪ ਝੱਲੇਗਾ ਜਿਸ ਨੇ ਉਨ੍ਹਾਂ ਲਈ ਕਾਲਜ ਦਾ ਗੇਟ ਬੰਦ ਕਰਵਾ ਦਿੱਤਾ, ਉਹ ਅਧਿਆਪਕ ਵੀ ਜੋ ਉਨ੍ਹਾਂ ਕੁੜੀਆਂ ਤੋਂ ਬਿਨਾਂ ਜਮਾਤਾਂ ਨੂੰ ਪੜ੍ਹਾਉਂਦੇ ਰਹੇ ਅਤੇ ਉਨ੍ਹਾਂ ਦੇ ਸਹਿਪਾਠੀ ਵੀ ਜਿਨ੍ਹਾਂ ਨੇ ਭਾਈਚਾਰਕ ਏਕਤਾ ਤੋਂ ਮੂੰਹ ਮੋੜ ਲਿਆ। ਬਹੁਗਿਣਤੀਵਾਦ ਤੋਂ ਬਹੁਗਿਣਤੀ ਵੀ ਅਛੋਹ ਨਹੀਂ ਰਹਿੰਦੀ। ਬਾਲਡਵਿਨ ਦੇ ਕਥਨ ਨੂੰ ਸਾਡੇ ਹਾਲਾਤ ਅਨੁਸਾਰ ਕਹਿਣਾ ਹੋਵੇ ਤਾਂ ਉਨ੍ਹਾਂ ਦੀਆਂ ਨੈਤਿਕ ਜ਼ਿੰਦਗੀਆਂ ਹਿੰਦੂਤਵ ਨਾਮ ਦੀ ਪਲੇਗ ਨੇ ਤਬਾਹ ਕਰ ਦਿੱਤੀਆਂ ਹਨ।

ਉਨ੍ਹਾਂ ਦੀਆਂ ਅਤੇ ਸਾਡੀਆਂ ਵੀ, ਜ਼ਿੰਦਗੀਆਂ ਉੱਪਰ ਐਸਾ ਕਲੰਕ ਲੱਗ ਚੁੱਕਾ ਹੈ ਜੋ ਕਦੇ ਨਹੀਂ ਲੱਥੇਗਾ।

*ਹਿੰਦੂਤਵੀ ਫਾਸ਼ੀਵਾਦੀ ਹਿਜਾਬ ਪਹਿਨਣ ਵਾਲੀਆਂ ਮੁਸਲਿਮ ਲੜਕੀਆਂ ਨੂੰ ਸਕੂਲਾਂ ਕਾਲਜਾਂ ਜਾਣ ਤੋਂ ਰੋਕ ਰਹੇ ਹਨ। ਇਸ ਫਰਮਾਨ ਨੂੰ ਚੁਣੌਤੀ ਦੇਣ ਵਾਲੀਆਂ ਬਹਾਦਰ ਕੁੜੀਆਂ ਨੂੰ ਸਮਰਪਿਤ ਹੈ ਇਹ ਕਵਿਤਾ।*

### ਮੈਨੂੰ ਪ੍ਰਤੀਰੋਧ ਕਹਿ ਕੇ ਬੁਲਾਓ

ਮੌਮਿਤਾ ਆਲਮ

ਮੈਂ ਪੜ੍ਹਾਂਗੀ
ਮੈਂ ਲਿਖਾਂਗੀ
ਮੈਂ ਕੀ ਪਹਿਨਣਾ ਹੈ
ਇਹ ਫੈਸਲਾ ਮੈਂ ਖੁਦ ਕਰਾਂਗੀ।

ਤੁਹਾਡੀ ਨਫਰਤ
ਅਤੇ ਹੁੱਲੜਬਾਜ਼ੀ ਸਾਹਮਣੇ
ਤੁਹਾਡੇ ਚੀਕਣ ਸਾਹਮਣੇ
ਮਜ਼ਾਕ ਉਡਾਉਣ ਸਾਹਮਣੇ
ਮੈਂ ਰੁੱਖ ਵਾਂਗ ਅਡੋਲ ਹਾਂ
ਸਕੂਲ ਦੀ ਘੰਟੀ ਵੱਜ ਰਹੀ ਹੈ

ਤੁਸੀਂ ਨਫਰਤ ਥੁੱਕਦੇ ਹੋ
ਮੈਂ ਤਾਕਤ ਬੀਜਦੀ ਹਾਂ
ਤੁਸੀਂ ਫਾਟਕ ਭੇੜ ਲਏ
ਮੇਰਾ ਹੱਕ ਖੋਹ ਲਿਆ
ਤੁਸੀਂ ਮੇਰੀ ਤਾਕਤ ਨਹੀਂ ਜਾਣਦੇ
ਮੈਂ ਸ਼ਮਾਂ ਹਾਂ
ਜੋ ਪਿਘਲਦੀ ਹੈ ਪਰ ਫਿਰ ਵੀ ਬਲਦੀ ਹੈ।

ਮੈਂ ਫੀਨਿਕਸ ਨਹੀਂ ਹਾਂ
ਜੋ ਮਰ ਕੇ ਫਿਰ ਜ਼ਿੰਦਾ ਹੋ ਜਾਂਦਾ ਹੈ
ਮੈਂ ਅਤੀਤ ਹਾਂ
ਮੈਂ ਭਵਿੱਖ ਹਾਂ
ਮੈਂ ਵਰਤਮਾਨ ਹਾਂ
ਮੈਂ ਸਥਿਰ ਹਾਂ
ਮੈਂ ਯੁੱਧ ਹਾਂ
ਜੋ ਤੁਸੀਂ ਕਦੇ ਨਹੀਂ ਜਿੱਤ ਸਕਦੇ।

ਮੇਰਾ ਨਾਮ ਹਰਗਿਜ਼ ਨਾ ਭੁੱਲਣਾ
ਮੈਂ ਮੁਹੱਬਤ ਹਾਂ
ਮੈਂ ਹਿਜਾਬ 'ਚ ਲੜਕੀ ਹਾਂ
ਅਤੇ ਲੋਕ ਮੈਨੂੰ ਪ੍ਰਤੀਰੋਧ ਕਹਿੰਦੇ ਹਨ।

*(08 ਫਰਵਰੀ 2022)*

# ਪੰਜ ਰੋਜ਼ਾ ਰੰਧਾਵਾ ਉਤਸਵ ਦੀ ਉੱਤਮਤਾਈ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੰਜਾਬੀ ਸਾਹਿਤ, ਸਭਿਆਚਾਰ ਤੇ ਕੋਮਲ ਕਲਾ ਦੇ ਪ੍ਰੇਮੀਆਂ ਲਈ ਚੰਡੀਗੜ੍ਹ ਦੇ ਰੋਜ਼ ਗਾਰਡਨ ਦੀ ਸ਼ਾਨ ਪੰਜਾਬ ਕਲਾ ਪ੍ਰੀਸ਼ਦ ਵਿਚ 2022 ਦਾ ਵਰ੍ਹਾ ਇਸ ਵਾਰ ਵੀ ਰੰਗਾਰੰਗ ਪ੍ਰੋਗਰਾਮ ਪੇਸ਼ ਕਰਨ ਵਿਚ ਬਾਜ਼ੀ ਮਾਰ ਗਿਆ। ਚੰਡੀਗੜ੍ਹ ਪ੍ਰਸ਼ਾਸਨ ਦੀ ਰੂਹ-ਏ-ਰਵਾਂ ਡਾ. ਮਹਿੰਦਰ ਸਿੰਘ ਰੰਧਾਵਾ ਦੇ 114ਵੇਂ ਜਨਮ ਦਿਨ ਨੂੰ ਸਮਰਪਿਤ ਇਹ ਵਿਲੱਖਣ ਉਤਸਵ ਪੂਰੇ ਪੰਜਾਬ ਤੇ ਕਿਸੇ ਹੱਦ ਤਕ ਹਿਮਾਚਲ ਤੇ ਹਰਿਆਣਾ ਦੇ ਕਲਾ ਜਗਤ, ਦਾ ਸ਼ੀਸ਼ਾ ਮੰਨਿਆ ਜਾਂਦਾ ਹੈ। ਏਸ ਵਰ੍ਹੇ ਦੇ ਉਤਸਵ ਦਾ ਉਦਘਾਟਨ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਵਾਈਸ ਚਾਂਸਲਰ ਅਰਵਿੰਦ ਜੀ ਨੇ ਕੀਤਾ ਤੇ ਕੁੰਜੀਵਤ ਭਾਸ਼ਣ ਸੇਵਾਮੁਕਤ ਆਈ ਏ ਐਸ ਅਧਿਕਾਰੀ ਕਾਹਨ ਸਿੰਘ ਪੰਨੂ ਨੇ ਪੇਸ਼ ਕੀਤਾ, ਜਿਸ ਨਾਲ ਐਮ ਐਸ ਰੰਧਾਵਾ ਦੀ ਬਹੁਪੱਖੀ ਤੇ ਬਹੁ-ਦਿਸ਼ਾਵੀ ਸੋਚ, ਸਿਮਰਤੀ ਤੇ ਧਾਰਨਾ ਚੇਤੇ ਕਰਨ ਨੂੰ ਮਿਲੀ। ਉਹੀਓ ਸੀ, ਜਿਸਨੇ ਰੋਜ਼ ਗਾਰਡਨ ਦੀ ਬੇਸ਼ਕੀਮਤ ਭੂਮੀ ਵਿਚ ਸਾਹਿਤ, ਸੰਗੀਤ ਤੇ ਕਲਾ ਦੇ ਮਹਾਰਥੀਆਂ ਨੂੰ ਇਕ ਦੂਜੇ ਨਾਲ ਇਕਮਿਕ ਕਰਨ ਦਾ ਸੁਪਨਾ ਲਿਆ ਤੇ ਇਸ ਨੂੰ ਸਾਕਾਰ ਕਰਨ ਵਿਚ ਕੋਈ ਕਸਰ ਨਾ ਛੱਡੀ।

ਪਹਿਲਾਂ ਵਾਂਗ ਹੀ 2022 ਦੇ ਉਤਸਵ ਵਿਚ ਵੀ ਸਾਹਿਤ, ਸੱਭਿਆਚਾਰ ਤੇ ਕਲਾ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ ਪੰਜ ਹਸਤੀਆਂ ਨੂੰ ਪੰਜਾਬ ਗੌਰਵ ਸਨਮਾਨ ਨਾਲ ਨਿਵਾਜਿਆ ਗਿਆ, ਜਿਸ ਵਿਚ ਫੁਲਕਾਰੀ ਤੇ ਪ੍ਰਮਾਣ ਪੱਤਰ ਤੋਂ ਇਲਾਵਾ ਇਕ ਲੱਖ ਰੁਪਏ ਦੀ ਨਕਦ ਰਾਸ਼ੀ ਹਰੇਕ ਪ੍ਰਾਪਤ ਕਰਤਾ ਲਈ ਸ਼ਾਮਲ ਸੀ। ਇਨ੍ਹਾਂ ਹਸਤੀਆਂ ਵਿਚ ਪੰਜਾਬੀ ਪਾਠਕਾਂ ਤਕ ਵਡਮੁੱਲਾ ਵਿਦੇਸ਼ੀ ਸਾਹਿਤ ਪਹੁੰਚਦਾ ਕਰਨ ਵਾਲਾ ਜੰਗ ਬਹਾਦਰ ਗੋਇਲ, ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਕਲਾਕਾਰ ਪ੍ਰੇਮ ਸਿੰਘ, ਸਿਰੜੀ ਤੇ ਉੱਦਮੀ ਸਾਹਿਤ ਰਸੀਆ ਰਤਨ ਸਿੰਘ ਜੱਗੀ, ਹਰਮਨਪਿਆਰੀ ਥੀਏਟਰ ਆਰਟਿਸਟ ਨੀਲਮ ਮਾਨ ਸਿੰਘ ਤੇ ਲੋਕ ਗਾਇਕੀ ਨੂੰ ਲੋਕ ਮਨਾਂ ਵਿਚ ਵਸਾਉਣ ਵਾਲਾ ਅਮਰਜੀਤ ਸਿੰਘ ਗੁਰਦਾਸਪੁਰੀ ਸ਼ਾਮਲ ਸਨ। ਇਹ ਸਾਰੇ ਮਹਾਰਥੀ ਪੰਜ ਦੇ ਪੰਜ ਦਿਨ ਇਕ ਇਕ ਕਰ ਕੇ ਸਰੋਤਿਆਂ ਦੇ ਰੂਬਰੂ ਵੀ ਹੋਏ ਤੇ ਉਨ੍ਹਾਂ ਨੇ ਦਰਸ਼ਕਾਂ ਤੇ ਸਰੋਤਿਆਂ ਨਾਲ ਆਪੋ-ਆਪਣੀ ਪ੍ਰਾਪਤੀ ਦਾ ਸਫਰ ਸਾਂਝਾ ਕੀਤਾ।

ਚੇਤੇ ਰਹੇ ਕਿ ਇਸ ਉਤਸਵ ਦਾ ਹਰ ਦਿਨ ਕੋਮਲ ਕਲਾ ਤੇ ਸਾਹਿਤ ਸਭਿਆਚਾਰ ਦੀ ਵੱਖਰੀ ਪੇਸ਼ਕਾਰੀ ਲੈ ਕੇ ਆਇਆ। ਜੇ ਇਕ ਦਿਨ ਲੋਕ ਸਾਜ਼ਾਂ, ਲੋਕ ਨਾਚਾਂ ਤੇ ਸਾਹਿਤਕ ਗੀਤਾਂ ਦੀ ਪੇਸ਼ਕਾਰੀ ਨੇ ਰੰਗ ਬੰਨ੍ਹਿਆ ਤਾਂ ਇਕ ਹੋਰ ਦਿਨ ਕਵੀ ਦਰਬਾਰ ਵਿਚ 32 ਨਵੇਂ ਪੁਰਾਣੇ ਕਵੀਆਂ ਨੇ ਕਵਿਤਾਵਾਂ ਪੇਸ਼ ਕੀਤੀਆਂ। ਜੇ ਇਕ ਪਾਸੇ ਸੂਫੀ ਬਲਬੀਰ ਦੀ ਗਾਇਕੀ ਸੀ ਤਾਂ ਨਾਲ ਹੀ ਢਾਡੀ ਮੱਖਣ ਤੇ ਉਸਦੇ ਸਾਥੀਆਂ ਦੀ ਢੱਡ ਸਾਰੰਗੀ ਦੀਆਂ ਧੁਨਾਂ। ਪ੍ਰੀਤਮ ਰੁਪਾਲ ਦੀ ਅਗਵਾਈ ਵਾਲਾ ਮਲਵਈ ਗਿੱਧਾ ਤੇ ਕੇਵਲ ਧਾਲੀਵਾਲ ਦੇ ਨਾਟਕੀ ਰੰਗ ਵਿਚ ਰੰਗੀ ਵਰਿਆਮ ਸੰਧੂ ਦੀ ਕਹਾਣੀ 'ਮੈਂ ਰੋ ਨਾ ਲਵਾਂ ਇਕਵਾਰ' ਦਾ ਰੰਗ ਵੀ ਨਿਆਰਾ ਸੀ। ਉਤਸਵ ਵਿਚ ਦਵਿੰਦਰ ਦਮਨ, ਅਨੀਤਾ ਸ਼ਬਦੀਸ਼ ਤੇ ਸ਼ਬਦੀਸ਼ ਦੀ ਹਾਜ਼ਰੀ ਵੀ ਨੋਟ ਕੀਤੀ ਗਈ ਭਾਵੇਂ ਲੋਕ ਨਾਚਾਂ ਦਾ ਮਾਹਿਰ ਭੋਲਾ ਕਲਹਿਰੀ ਅਤੇ ਸਵਰਗਵਾਸੀ ਲਾਲ ਚੰਦ ਯਮਲਾ ਜੱਟ ਦੇ ਪੋਤੇ ਦੀ ਅਗਵਾਈ ਹੇਠ ਸਾਰੰਗੀ, ਤੂੰਬੀ, ਢੋਲ, ਚਿਮਟਾ, ਘੜਾ ਆਦਿ ਸਾਜ਼ ਪੇਸ਼ ਕਰਨ ਵਾਲਿਆਂ ਵਿਚ ਆਦਿਲ ਤੇ ਸਤਿਗੁਰੂ ਸਿੰਘ ਵਰਗੇ ਨਵੇਂ ਨਾਂ ਵੀ ਸੁਣਨ ਨੂੰ ਮਿਲੇ, ਖਾਸ ਕਰਕੇ ਬੈਨੀਵਾਲ ਭੈਣਾਂ ਦੇ। ਅਮਰੀਕਾ ਨਿਵਾਸੀ ਕਵੀਆਂ ਸੁਰਿੰਦਰ ਸਿੰਘ ਸੁੰਨੜ ਤੇ ਕੁਲਵਿੰਦਰ ਦੀ ਸ਼ਿਰਕਤ ਵੀ ਖਿਚ ਦਾ ਕੇਂਦਰ ਬਣੀ।

ਸਾਹਿਤ ਤੇ ਕਲਾ ਦੇ ਖੇਤਰ ਵਿਚ ਪਈਆਂ ਨਵੀਆਂ ਤੇ ਪੁਰਾਣੀਆਂ ਪੈੜਾਂ ਨੂੰ ਪਛਾਨਣ ਵਾਲਾ ਇਹ ਉਤਸਵ ਡਾ. ਮਹਿੰਦਰ ਸਿੰਘ ਰੰਧਾਵਾ ਦੀ ਸੋਚ ਦੀ ਤਰਜਮਾਨੀ ਹੋ ਗੁਜ਼ਰਿਆ। ਜੇ ਸੱਚ ਪੁੱਛੋ ਤਾਂ ਇਸਦੀ ਨੀਂਹ ਤਿੰਨ ਹਫਤੇ ਪਹਿਲਾਂ ਪ੍ਰਬੰਧਕਾਂ ਵਲੋਂ ਕਲਾ ਪ੍ਰੀਸ਼ਦ ਦੇ ਵਿਹੜੇ ਵਿਚ ਰਚਾਈ ਸੁਰਮਈ ਸ਼ਾਮ ਨਾਲ ਰੱਖੀ ਜਾ ਚੁੱਕੀ ਸੀ। ਪੰਜਾਬ ਕਲਾ ਪ੍ਰੀਸ਼ਦ ਦੀਆਂ ਇਨ੍ਹਾਂ ਵੰਨ ਸੁਵੰਨੀਆਂ ਤੇ ਰਸਰੰਗ ਵਾਲੀਆਂ ਗਤੀਵਿਧੀਆਂ ਲਈ ਕਲਾ ਦੇ ਚੇਅਰਮੈਨ ਸੁਰਜੀਤ ਪਾਤਰ, ਵਾਈਸ ਚੇਅਰਮੈਨ ਯੋਗ ਰਾਜ, ਜਨਰਲ ਸਕੱਤਰ ਲਖਵਿੰਦਰ ਜੌਹਲ ਤੇ ਮੀਡੀਆ ਕੋਆਰਡੀਨੇਟਰ ਵਧਾਈ ਦੇ ਹੱਕਦਾਰ ਹਨ। ਡਾ. ਰੰਧਾਵਾ ਵਰਗੀ ਹਸਤੀ ਨੂੰ ਚੇਤੇ ਰੱਖਣ ਦੇ ਇਨ੍ਹਾਂ ਢੰਗ ਤਰੀਕਿਆਂ ਦਾ ਸਵਾਗਤ ਕਰਨਾ ਬਣਦਾ ਹੈ।

### ਹੱਦਾਂ ਸਰਹੱਦਾਂ ਟੱਪਣ ਵਾਲੀ ਗਾਇਕਾ



'ਆਜ ਫਿਰ ਜੀਨੇ ਕੀ ਤਮੰਨਾ ਹੈ', 'ਆਏਗਾ ਆਨੇ ਵਾਲਾ', 'ਪਿਆਰ ਕੀਆ ਤੋ ਡਰਨਾ ਕਿਆ' ਤੇ 'ਇਕ ਪਿਆਰ ਕਾ ਨਗ਼ਮਾ ਹੈ' ਵਰਗੇ ਗੀਤਾਂ ਨਾਲ ਭਾਰਤ, ਪਾਕਿਸਤਾਨ, ਬੰਗਲਾ ਦੇਸ਼, ਨੇਪਾਲ ਤੇ ਸ੍ਰੀਲੰਕਾ ਦੇ ਸਰੋਤਿਆਂ ਨੂੰ ਮੋਹਣ ਵਾਲੇ ਗੀਤਾਂ ਦੀ ਮਲਿਕਾ ਲਤਾ ਮੰਗੇਸ਼ਕਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ ਹੈ ਪਰ ਉਸਦੀ ਆਵਾਜ਼ ਤੇ ਆਤਮਾ ਇਨ੍ਹਾਂ ਸਾਰੇ ਦੇਸ਼ਾਂ ਵਿਚ ਗੂੰਜਦੀ ਰਹੇਗੀ। ਉਸਦੇ ਅਕਾਲ ਚਲਾਣੇ 'ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਬੰਗਲਾ ਦੇਸ਼ ਦੀ ਸ਼ੇਖ ਹਸੀਨਾ, ਸ੍ਰੀ ਲੰਕਾ ਦੇ ਮਹਿੰਦਰਾ ਰਾਜਾਪਾਕਸਾ ਤੇ ਨੇਪਾਲ ਦੀ ਵਿਦਿਆ ਦੇਵੀ ਭੰਡਾਰੀ ਵਲੋਂ ਕੀਤਾ ਦੁੱਖ ਦਾ ਪ੍ਰਗਟਾਵਾ ਦੱਸਦਾ ਹੈ ਕਿ ਉਹ ਕਿੰਨੇ ਦੇਸ਼ਾਂ ਦੀ ਰੂਹ-ਏ-ਰਵਾਂ ਸੀ। ਹਿੰਦੁਸਤਾਨ ਨੂੰ ਪਰਨਾਏ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਉਸਦੇ ਦਾਹ ਸਸਕਾਰ 'ਤੇ ਹਾਜ਼ਰੀ ਭਰਨਾ ਉਸਦੀ ਹਰਮਨ ਪਿਆਰਤਾ ਉੱਤੇ ਮੋਹਰ ਲਾਉਂਦਾ ਹੈ। ਉਸਨੇ ਦਰਜਨਾਂ ਭਾਸ਼ਾਵਾਂ ਵਿਚ ਹਜ਼ਾਰਾਂ ਗੀਤ ਗਾਏ ਅਤੇ ਉਸਦੇ ਬੋਲਾਂ ਦੀ ਮੰਗ ਅੰਤਲੀ ਉਮਰ ਤਕ ਬਣੀ ਰਹੀ।

### ਕੁਫਰ ਟੁੱਟਾ ਖੁਦਾ ਖੁਦਾ ਕਰ ਕੇ

ਪਿਛਲੇ ਕੁਝ ਅਰਸੇ ਤੋਂ ਪੰਜਾਬ ਦੀ ਰਾਜਨੀਤੀ ਵਿਚ ਆਏ ਉਤਰਾਅ ਚੜ੍ਹਾਅ ਚਿੰਤਾ ਦਾ ਵਿਸ਼ਾ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦਾ ਬੀਜੇਪੀ ਨਾਲ ਹੱਥ ਮਿਲਾਉਣਾ, 'ਆਪ' ਦੇ ਭਗਵੰਤ ਮਾਨ ਦਾ ਮੁਖ ਮੰਤਰੀ ਦੇ ਸੁਪਨੇ ਲੈਣਾ, ਕਿਸਾਨ ਜਥੇਬੰਦੀਆਂ ਦਾ ਖੇਡ ਮੈਦਾਨ ਵਿਚ ਕੁੱਦਣਾ ਤੇ ਖੱਬੀਆਂ ਪਾਰਟੀਆਂ ਦਾ ਸਮੇਂ ਦੇ ਹਾਣੀ ਹੋਣਾ ਇਸਦੇ ਕੁਝ ਲੱਛਣ ਹਨ। ਪਾਸਾ ਕਿਹੜੇ ਪਾਸੇ ਪਰਤਦਾ ਹੈ ਇਹ ਤਾਂ ਸਮੇਂ ਨੇ ਦੱਸਣਾ ਹੈ ਪਰ ਇਸ ਰਾਜਨੀਤਕ ਡਰਾਮੇ ਵਿਚ ਨਵਜੋਤ ਸਿੱਧੂ ਦਾ ਪਾਕਿਸਤਾਨ ਦੇ ਇਮਰਾਨ ਖਾਨ ਦੀ ਬਰਾਬਰੀ ਦਾ ਸੁਪਨਾ ਲੈਣਾ ਸਵਾਲਾਂ ਦਾ ਸਵਾਲ ਬਣਿਆ ਹੋਇਆ ਹੈ। ਏਸ ਵਿਚ ਚਰਨਜੀਤ ਸਿੰਘ ਚੰਨੀ ਦਾ ਮੁੱਖ ਮੰਤਰੀ ਦੀ ਕੁਰਸੀ ਉੱਤੇ ਬੈਠਣਾ ਕਿੰਨਾ ਵੀ ਸੰਭਾਵੀ ਰਿਹਾ ਹੋਵੇ ਇਸਨੇ ਸੂਬੇ ਦੀ ਰਾਜਨੀਤੀ ਨੂੰ ਕਈ ਦਿਸ਼ਾਵਾਂ ਵਲ ਤੋਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਵਿਚ ਦਲਿਤ ਭਾਈਚਾਰੇ ਦੀ ਭਾਵਨਾ ਕੀ ਰੋਲ ਅਦਾ ਕਰਦੀ ਹੈ, ਸਮੇਂ ਨੇ ਦੱਸਣਾ ਹੈ। ਭਾਵੇਂ ਕਾਂਗਰਸ ਹਾਈ ਕਮਾਂਡ ਨੇ ਚੰਨੀ ਦੇ ਹੱਕ ਵਿਚ ਖਲੋਅ ਕੇ ਯੋਗ ਚਾਲ ਚੱਲੀ ਹੈ ਪਰ ਏਧਰੋਂ ਓਧਰੋਂ ਪਰ ਤੋਲ ਰਹੀਆਂ ਪਾਰਟੀਆਂ ਕੀ ਅਸਰ ਰੱਖਦੀਆਂ ਹਨ ਵੇਖਣ ਵਾਲੀ ਗੱਲ ਹੈ। ਹਾਲ ਦੀ ਘੜੀ ਇਸ ਸਿਆਸੀ ਖੇਡ ਵਿਚ ਸੁਨੀਲ ਜਾਖੜ ਦਾ ਪੈਂਤੜਾ ਸ਼ਲਾਘਾ ਦੀ ਮੰਗ ਕਰਦਾ ਹੈ। ਉਸਦਾ ਹਿੰਦੂ ਹੋਣਾ ਉਹਦੇ ਰਸਤੇ ਵਿਚ ਕਿੰਨਾ ਵੀ ਅੜਿੱਕਾ ਬਣੇ ਇਹ ਨਵਜੋਤ ਸਿੱਧੂ ਨੂੰ ਸਹੀ ਰਾਜਨੀਤੀ ਅਪਨਾਉਣ ਵਿਚ ਸਹਾਈ ਹੋ ਸਕਦਾ ਹੈ। ਅੱਜ ਨਹੀਂ ਤਾਂ ਕੱਲ੍ਹ। ਵੇਖੋ ਕੀ ਬਣਦਾ ਹੈ।

**ਅੰਤਿਕਾ**

ਸਿਮਰਤ ਸੁਮੈਰਾ
ਮੇਰੀ ਆਵਾਜ਼ ਨੂੰ ਕਹਿ ਕੇ
ਬਗਾਵਤ ਕਿਉਂ ਦਬਾਉਂਦੇ ਨੇ,
ਜ਼ਰੂਰੀ ਤਾਂ ਨਹੀਂ ਓਹੀ ਕਰਾਂ
ਹਾਕਮ ਜੋ ਚਾਹੁੰਦੇ ਨੇ।

# ਸਿੱਖਾਂ ਨੂੰ ਪੰਜਾਬੀ ਨਾਲ ਪਿਆਰ ਕਿਉਂ ਨਹੀਂ?



ਅਮਰਜੀਤ ਸਿੰਘ ਮੁਲਤਾਨੀ

ਜੇ ਐਫ ਕੇ ਏਅਰਪੋਰਟ 'ਤੇ ਕੰਮ ਦੌਰਾਨ ਮੇਰਾ ਉੱਥੇ ਬਹੁਤ ਸਾਰੇ ਬੰਗਲਾਦੇਸ਼ੀ ਸਹਿ ਕਰਮੀਆਂ ਨਾਲ ਵਾਸਤਾ ਪਿਆ। ਕਲਕੱਤੇ ਦਾ ਨਿਵਾਸੀ ਹੋਣ ਕਰਕੇ ਮੈਨੂੰ ਬੰਗਲਾ ਬੋਲਣੀ ਵੀ ਆਉਂਦੀ ਹੋਣ ਕਰਕੇ ਸਾਰੇ ਬੰਗਲਾਦੇਸ਼ੀ ਕਰਮੀਆਂ ਨਾਲ ਮੇਰੇ ਰਿਸ਼ਤੇ ਕਾਫ਼ੀ ਵਧੀਆ ਸਨ। ਜਦੋਂ ਕਦੇ ਵਿਹਲੇ ਸਮੇਂ ਅਸੀਂ ਇੱਕਠੇ ਬੈਠਦੇ ਤਾਂ ਆਪੋ-ਆਪਣੀਆਂ ਫੇਸਬੁੱਕ ਵੇਖਦੇ ਰਹਿੰਦੇ। ਮੈਂ ਨੋਟ ਕੀਤਾ ਕਿ ਉਨ੍ਹਾਂ ਦੀ ਫੇਸਬੁੱਕ 'ਤੇ ਵੱਧ ਤੋਂ ਵੱਧ ਪੋਸਟਾਂ ਉਨ੍ਹਾਂ ਦੀ ਆਪਣੀ ਮਾਤ ਭਾਸ਼ਾ ਬੰਗਲਾ ਵਿਚ ਹੀ ਹੁੰਦੀਆਂ ਸਨ ਪਰ ਗੱਲ ਇੱਥੇ ਹੀ ਨਹੀਂ ਮੁੱਕਦੀ। ਉਹ ਤਕਰੀਬਨ ਸੌ ਪ੍ਰਤੀਸ਼ਤ ਪੋਸਟਾਂ ਤੇ ਕੁਮੈਂਟ ਵੀ ਬੰਗਲਾ ਭਾਸ਼ਾ ਵਿਚ ਕਰਦੇ, ਜਦਕਿ ਔਸਤਨ ਉਨ੍ਹਾਂ ਸਾਰਿਆਂ ਨੂੰ ਪੰਜਾਬੀਆਂ ਤੋਂ ਵੱਧ ਅੰਗਰੇਜ਼ੀ ਭਾਸ਼ਾ ਦਾ ਗਿਆਨ ਹੈ। ਪਰ ਉਹ ਨਿੱਜੀ ਗੱਲਬਾਤ ਜਾਂ ਆਪਸੀ ਪੱਤਰ ਵਿਹਾਰ ਵਿਚ ਬੰਗਲਾ ਭਾਸ਼ਾ ਦੀ ਵਰਤੋਂ ਨੂੰ ਹੀ ਪਹਿਲ ਦਿੰਦੇ। ਬੋਲਚਾਲ ਵਿਚ ਵੀ ਉਹ ਸ਼ੁੱਧ ਜ਼ੁਬਾਨ ਅਤੇ ਸਹੀ ਸ਼ਬਦਾਂ ਦੀ ਵਰਤੋਂ ਕਰਦੇ। ਉਹ ਗਲਤ ਸ਼ਬਦ ਦੀ ਵਰਤੋਂ ਅਤੇ ਬਣਤਰ ਲਈ ਵੀ ਆਪਣੇ ਸੰਗੀਆਂ ਨੂੰ ਸਹੀ ਕਰਨ ਦਾ ਯਤਨ ਕਰਦੇ। ਉਹ ਭਾਸ਼ਾ ਦੇ ਵਿਆਕਰਣ 'ਤੇ ਵੀ ਪੂਰਾ ਧਿਆਨ ਦਿੰਦੇ। ਅਜਿਹਾ ਕਰਦਿਆਂ ਮੈਂ ਕਦੇ ਵੀ ਉਨ੍ਹਾਂ ਨੂੰ ਕੋਈ ਛੋਟੇਪਣ ਦੇ ਅਹਿਸਾਸ ਦਾ ਸ਼ਿਕਾਰ ਹੁੰਦਿਆਂ ਨਹੀਂ ਵੇਖਿਆ। ਮੁੱਕਦੀ ਗੱਲ ਇਹ ਕਿ ਉਨ੍ਹਾਂ ਨੂੰ ਆਪਣੀ ਭਾਸ਼ਾ ਨਾਲ ਪਿਆਰ ਇਸ 'ਤੇ ਮਾਣ ਹੈ। ਇੱਥੇ ਨਿਊ ਯਾਰਕ ਵਿਚ ਵੀ ਜਦੋਂ ਮੈਂ ਕਿਸੇ ਬੰਗਾਲੀ ਨਾਲ ਬੰਗਲਾ ਭਾਸ਼ਾ ਵਿਚ ਗੱਲ ਕਰਦਾ ਹਾਂ ਤਾਂ ਉਹ ਖੁਸ਼ੀ ਦਾ ਇਜ਼ਹਾਰ ਕਰਦੇ ਹਨ।

ਜਦੋਂ ਬੰਗਲਾਦੇਸ਼ ਪਾਕਿਸਤਾਨ ਦੇ ਅਧੀਨ ਹੁੰਦਾ ਸੀ, ਪਾਕਿਸਤਾਨ ਸਰਕਾਰ ਨੇ ਪੂਰਾ ਟਿੱਲ ਲਾ ਲਿਆ ਸੀ, ਉਨ੍ਹਾਂ 'ਤੇ ਉਰਦੂ ਜ਼ੁਬਾਨ ਥੋਪਣ ਦਾ ਪਰ ਬਲਿਹਾਰੇ ਜਾਈਏ ਬੰਗਲਾਦੇਸ਼ੀਆਂ ਦੇ ਉਨ੍ਹਾਂ ਦੇ ਆਪਣੀ ਭਾਸ਼ਾ ਪ੍ਰਤੀ ਪਿਆਰ ਦੇ। ਉਨ੍ਹਾਂ ਨੇ ਪਾਕਿਸਤਾਨ ਸਰਕਾਰ ਦੇ ਇਸ ਨਾਪਾਕ ਇਰਾਦੇ ਦਾ ਡਟ ਕੇ 'ਭਾਸ਼ਾ ਅੰਦੋਲਨ' ਦੇ ਰੂਪ ਵਿਚ ਵਿਰੋਧ ਕੀਤਾ। ਇਹ ਭਾਸ਼ਾ ਅੰਦੋਲਨ 21 ਫ਼ਰਵਰੀ 1952 ਨੂੰ ਢਾਕਾ ਯੂਨੀਵਰਸਿਟੀ ਤੋਂ ਅਰੰਭ ਹੋਇਆ। ਇਹ ਅੰਦੋਲਨ ਇੰਨਾ ਵਿਆਪਕ ਤੇ ਜ਼ਬਰਦਸਤ ਸੀ ਕਿ ਹੰਭ ਕੇ 1956 ਵਿਚ ਪਾਕਿਸਤਾਨ ਸਰਕਾਰ ਨੂੰ 'ਬੰਗਲਾ' ਭਾਸ਼ਾ ਨੂੰ ਪੂਰਬੀ ਪਾਕਿਸਤਾਨ ਦੀ ਸਰਕਾਰੀ ਭਾਸ਼ਾ ਵਜੋਂ ਮਾਨਤਾ ਦੇਣੀ ਪਈ। ਇਸ ਅੰਦੋਲਨ ਦੌਰਾਨ ਕਾਫ਼ੀ ਨੌਜਵਾਨਾਂ ਨੇ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ। ਹੁਣ ਹਰ ਸਾਲ 21 ਫ਼ਰਵਰੀ ਵਾਲੇ ਦਿਨ ਨੂੰ ਬੰਗਲਾਦੇਸ਼ ਅਤੇ ਭਾਰਤੀ ਸੂਬੇ ਪੱਛਮੀ ਬੰਗਾਲ ਦੇ ਬੰਗਲਾ ਭਾਸ਼ਾ ਪ੍ਰੇਮੀ 'ਭਾਸ਼ਾ ਅੰਦੋਲਨ ਦਿਨ' ਵਜੋਂ ਮਨਾਉਂਦੇ ਹਨ। 1999 ਸਾਲ ਵਿਚ ਭਾਸ਼ਾ ਅੰਦੋਲਨ ਦੇ ਸ਼ਹੀਦਾਂ ਦੀ ਯਾਦ ਵਿਚ ਢਾਕਾ ਮੈਡੀਕਲ ਕਾਲਜ ਦੇ ਨੇੜੇ 'ਸ਼ਹੀਦ ਮੀਨਾਰ' ਦੇ ਨਾਮ 'ਤੇ ਇਕ ਯਾਦਗਾਰ ਵੀ ਸਥਾਪਿਤ ਕੀਤੀ ਗਈ ਹੈ। 21 ਫ਼ਰਵਰੀ ਨੂੰ ਬੰਗਲਾਦੇਸ਼ ਵਿਚ ਸਰਕਾਰੀ ਛੁੱਟੀ ਹੁੰਦੀ ਹੈ ਅਤੇ ਹਰ ਪੱਧਰ 'ਤੇ ਸਰਕਾਰੀ/ਗੈਰ ਸਰਕਾਰੀ ਸਮਾਗਮਾਂ ਦਾ ਆਯੋਜਨ ਹੁੰਦਾ ਹੈ। ਭਾਰਤੀ ਸੂਬੇ ਪੱਛਮੀ ਬੰਗਾਲ ਵਿਚ ਵੀ ਇਹ ਦਿਨ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਬੰਗਾਲੀਆਂ ਦੇ ਭਾਸ਼ਾ ਪ੍ਰਤੀ ਪਿਆਰ ਅਤੇ ਉਸ ਲਈ ਕੀਤੇ ਸੰਘਰਸ਼ ਨੂੰ ਮਾਨਤਾ ਦਿੰਦਿਆਂ ਯੂਨੈਸਕੋ ਨੇ ਵੀ ਆਪਣੇ ਅਧਿਕਾਰਕ ਕੈਲੰਡਰ ਵਿਚ 21 ਫ਼ਰਵਰੀ ਦੇ ਦਿਨ ਨੂੰ 'ਕੌਮਾਂਤਰੀ ਮਾਤ ਭਾਸ਼ਾ ਦਿਨ' ਐਲਾਨਿਆ ਹੈ।

ਨਿਊ ਯਾਰਕ ਵਿਚ ਬੰਗਲਾਦੇਸ਼ੀ ਲੋਕਾਂ ਦਾ ਪ੍ਰਵਾਸ ਪੰਜਾਬੀਆਂ ਤੋਂ ਕਿਤੇ ਬਾਅਦ ਹੋਇਆ। ਬੰਗਲਾ ਦੇਸ਼ੀਆਂ ਨੇ ਇੱਥੇ ਪ੍ਰਵਾਸ ਦੌਰਾਨ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਸਥਾਪਿਤ ਕਰਨ ਦੇ ਯਤਨਾਂ ਦੇ ਸਮਾਨਾਂਤਰ ਆਪਣੇ ਸੱਭਿਆਚਾਰ ਅਤੇ ਭਾਸ਼ਾ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਨਹੀਂ ਵਿਸਾਰਿਆ ਅਤੇ ਇਹ ਉਨ੍ਹਾਂ ਦੀ ਜਾਗਰੂਕਤਾ ਦੀ ਨਿਸ਼ਾਨੀ ਹੈ ਕਿ ਇੱਥੇ ਸਿਟੀ ਦੇ ਪ੍ਰਬੰਧਕੀ ਸਿਸਟਮਾਂ ਵਿਚ ਆਪਣੀ ਮਾਤ ਭਾਸ਼ਾ ਬੰਗਲਾ ਨੂੰ ਲੋਕ ਵਿਹਾਰ ਦੇ ਹਰ ਪੱਧਰ 'ਤੇ ਦਰਜ ਕਰਵਾ ਲਿਆ ਹੈ। ਪੰਜਾਬੀ ਦਾ ਸਿਟੀ ਪ੍ਰਬੰਧਨ ਵਿਚ ਕੀ ਸਥਾਨ ਹੈ, ਇਹ ਹਰ ਪੰਜਾਬੀ ਜਾਣਦਾ ਹੈ, ਪਰ ਇਸ ਬਾਰੇ ਕਦੇ ਕੋਈ ਠੋਸ ਯਤਨ ਨਹੀਂ ਕੀਤੇ। ਤੁਹਾਨੂੰ ਇਹ ਜਾਣ ਕੇ ਵੀ ਹੈਰਾਨੀ ਹੋਵੇਗੀ ਕਿ 90% ਸਿੱਖਾਂ ਨੂੰ ਔਸਤ ਦਰਜੇ ਦੀ ਪੰਜਾਬੀ ਵੀ ਨਹੀਂ ਲਿਖਣੀ ਆਉਂਦੀ। ਹਰ ਪੰਜਾਬੀ ਨੂੰ ਪੰਜਾਬੀ ਪੜ੍ਹਨੀ ਅਤੇ ਲਿਖਣੀ ਆਉਣੀ ਚਾਹੀਦੀ ਹੈ ,ਸਿੱਖਾਂ ਵਿਚ ਇਸ ਗੱਲ ਦੇ ਅਹਿਸਾਸ ਨੇ ਕਦੇ ਵੀ ਸਿੱਖਾਂ ਨੂੰ ਹਲੂਣਿਆ ਹੀ ਨਹੀਂ ਲੱਗਦਾ। ਸ਼ਾਇਦ ਇਸੇ ਕਰਕੇ ਉਹ ਅਜਿਹੇ ਸੰਵੇਦਨਸ਼ੀਲ ਵਿਸ਼ੇ 'ਤੇ ਵੀ ਸ਼ਰਮਿੰਦਗੀ ਮਹਿਸੂਸ ਨਹੀਂ ਕਰਦੇ।

ਬੰਗਲਾ ਦੇਸ਼ੀਆਂ ਨੇ ਆਪਣੇ ਹਰ ਕਿਸਮ ਦੇ ਬਿਜ਼ਨਸਾਂ ਦੇ ਸਾਈਨ ਬੋਰਡ ਵੀ ਬੰਗਲਾ ਜ਼ੁਬਾਨ ਵਿਚ ਲਾਉਣ ਦੀ ਦਲੇਰੀ ਵਿਖਾਈ ਹੈ। ਹਰ




ਬੰਗਲਾਦੇਸ਼ੀ ਬਿਜ਼ਨਸ ਦੇ ਬਾਹਰ ਲੱਗੇ ਸਾਈਨ ਬੋਰਡ 'ਤੇ ਇਸ ਗੱਲ ਦਾ ਉਚੇਚਾ ਜ਼ਿਕਰ ਕੀਤਾ ਹੁੰਦਾ ਹੈ ਕਿ "ਇਹ ਇਕ ਬੰਗਲਾਦੇਸ਼ੀ ਵਪਾਰਕ ਪ੍ਰਤਿਸ਼ਠਾਨ ਹੈ"। ਕਿੰਨਾ ਪਿਆਰ ਹੈ ਆਪਣੀ ਮਾਂ ਬੋਲੀ ਨਾਲ ਅਤੇ ਕਿੰਨਾ ਸਵੈਮਾਨ ਹੈ ਆਪਣੇ ਦੇਸ਼ ਦੇ ਨਾਗਰਿਕ ਹੋਣ ਦਾ। ਇਸਦੇ ਉਲਟ ਸਿੱਖਾਂ ਵਿਚ ਕੋਈ ਵਿਰਲਾ ਹੀ ਸਿੱਖ ਹੋਵੇਗਾ, ਜਿਸਨੇ ਆਪਣੇ ਬਿਜ਼ਨਸ ਦੇ ਸਾਈਨ ਬੋਰਡ ਪੰਜਾਬੀ ਵਿਚ ਲੁਆਏ ਹੋਣ। ਵਧੇਰੇ ਸਿੱਖ ਬਿਜ਼ਨਸਮੈਨ ਸ਼ਾਇਦ ਇਸ ਹੀਣ ਭਾਵਨਾ ਤੋਂ ਗ੍ਰਸਤ ਲੱਗਦੇ ਹਨ ਕਿ ਜੇ ਉਨ੍ਹਾਂ ਨੇ ਪੰਜਾਬੀ ਵਿਚ ਆਪਣੇ ਬਿਜ਼ਨਸ ਦੇ ਸਾਈਨ ਬੋਰਡ ਲੁਆ ਲਏ ਤਾਂ ਕਿਤੇ ਉਨ੍ਹਾਂ ਦੀ ਗਿਣਤੀ ਗਵਾਰਾਂ ਵਿਚ ਨਾ ਹੋਣ ਲੱਗ ਪਵੇ? ਪੰਜਾਬੀ/ਭਾਰਤੀ ਬਿਜ਼ਨਸ ਹੋਣ ਦਾ ਪਤਾ ਲੱਗਣ 'ਤੇ ਸ਼ਾਇਦ ਗ੍ਰਾਹਕਾਂ ਦੀ ਆਮਦ ਨਾ ਘਟ ਜਾਵੇ? ਜਦਕਿ ਹਕੀਕਤ ਵਿਚ ਅਜਿਹਾ ਨਹੀਂ ਹੁੰਦਾ। ਪਰ ਪੰਜਾਬੀ ਡਰਾਕਲਾਂ ਵਾਂਗ ਅਸਥਿਰ ਮਾਨਸਿਕਤਾ ਦਾ ਸ਼ਿਕਾਰ ਬਣੇ ਰਹਿਣਾ ਹੀ ਪਸੰਦ ਕਰਦੇ ਹਨ। ਪੰਜਾਬੀ ਬਿਜ਼ਨਸ ਮਾਲਿਕਾਂ ਨੂੰ ਆਪਣੇ ਭਾਈਚਾਰੇ ਦੇ ਕਰਮਚਾਰੀਆਂ ਦਾ ਸ਼ੋਸ਼ਣ ਕਰਨ ਵਿਚ ਵੀ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ। ਮਿਸਾਲ ਦੇ ਤੌਰ 'ਤੇ ਪੰਜਾਬੀ ਮਾਲਕੀ ਵਾਲੇ ਗੈਸ ਸਟੇਸ਼ਨਾਂ 'ਤੇ ਘੱਟ ਰੇਟ ਦੇ ਕੇ ਦੇਸੀਆਂ ਤੋਂ ਲਗਾਤਾਰ 12 ਘੰਟੇ ਕੰਮ ਲੈਣਾ ਹੁਣ ਆਮ ਹੋ ਗਿਆ ਹੈ। ਮਾਲਕ ਜਾਣਦੇ ਹਨ ਕਿ ਵੱਡੀਆਂ ਰਕਮਾਂ ਖਰਚ ਕੇ ਮੈਕਸੀਕੋ ਬਾਰਡਰ ਟੱਪ ਕੇ ਆਏ ਬਿਨਾਂ ਸਟੇਟਸ ਵਾਲਿਆਂ ਨੇ ਬਚੇ ਰਹਿਣ ਲਈ ਕੰਮ ਤਾਂ ਕਰਨਾ ਹੀ ਹੈ। ਉਹ ਸ਼ੋਸ਼ਣ ਕਰ ਕੇ ਵੀ ਪੰਜਾਬੀ ਕਰਮਚਾਰੀਆਂ ਦੇ ਸਿਰ 'ਤੇ ਅਹਿਸਾਨ ਦਾ ਟੋਕਰਾ ਰੱਖ ਦਿੰਦੇ ਹਨ ਕਿ ਅਸੀਂ ਤੁਹਾਨੂੰ ਨੌਕਰੀ ਦਿੱਤੀ ਹੈ ਪਰ ਬੰਗਲਾ ਦੇਸ਼ੀਆਂ ਵਿਚ ਇਸਦੇ ਉਲਟ ਆਪਣੇ ਲੋਕਾਂ ਨੂੰ ਪਿਆਰ ਅਤੇ ਆਪਣੇਪਨ ਨਾਲ ਮਿਲਣਾ ਤੇ ਹਰ ਸੰਭਵ ਸਹਾਇਤਾ ਕਰਨਾ ਆਮ ਜਿਹਾ ਵਿਹਾਰ ਹੈ।

ਮੇਰਾ ਆਪਣਾ ਵਿਚਾਰ ਹੈ ਕਿ ਬੰਗਲਾ ਦੇਸ਼ੀਆਂ ਨੇ ਆਪਣੇ ਆਪ ਅਤੇ ਆਪਣੀ ਭਾਸ਼ਾ 'ਤੇ ਮਾਣ ਅਤੇ ਆਪਣੀ ਵੱਖਰੀ ਪਛਾਣ ਸਥਾਪਿਤ ਕਰਨ ਦੀ ਜਾਚ ਚੀਨੀਆਂ ਤੋਂ ਸਿੱਖੀ ਹੈ। ਬੰਗਲਾਦੇਸ਼ੀ ਵੀ ਚੀਨ ਦੇ ਲੋਕਾਂ ਵਾਂਗ ਖਾਸ ਇਲਾਕਿਆਂ ਵਿਚ ਸਮੂਹਿਕ ਤੌਰ 'ਤੇ ਰਹਿੰਦੇ ਹਨ, ਵਪਾਰ ਵੀ ਕਰਦੇ ਹਨ। ਮਿਸਾਲ ਵਜੋਂ ਬੰਗਲਾ ਦੇਸ਼ੀਆਂ ਨੇ ਨਿਊ ਯਾਰਕ ਦੀ ਕਵੀਨਸ ਬੋਰੋ ਦੇ ਇਲਾਕੇ ਜੈਕਸਨ ਹਾਈਟਸ ਵਿਚ ਕੁਝ ਇਸ ਢੰਗ ਨਾਲ ਬਿਜ਼ਨਸ ਸਥਾਪਿਤ ਕੀਤੇ ਹਨ, ਜਿੱਥੇ ਹਰ ਪਾਸੇ ਬੰਗਲਾ ਜ਼ੁਬਾਨ ਤੁਹਾਡੇ ਕੰਨਾਂ ਵਿਚ ਪਵੇਗੀ। ਇੱਥੇ ਬੰਗਲਾ ਜ਼ੁਬਾਨ ਵਿਚ ਲਿਖੇ ਵੱਡੇ ਸਾਈਨ ਬੋਰਡਾਂ ਵਾਲੇ ਬੰਗਲਾਦੇਸ਼ੀ ਬਿਜ਼ਨਸਾਂ ਦੀ ਭਰਮਾਰ ਵਿਚ ਬੰਗਾਲੀ ਭਾਸ਼ਾ ਵਿਚ ਵਾਰਤਾਲਾਪ ਕਰਦੇ ਵੱਡੀ ਗਿਣਤੀ ਬੰਗਲਾਦੇਸ਼ੀ ਮਿਲਣਗੇ। ਕਦੇ ਜੈਕਸਨ ਹਾਈਟ ਪੰਜਾਬੀ ਮਾਲਕੀ ਵਾਲੇ ਬਿਜ਼ਨਸਾਂ ਦਾ ਗੜ੍ਹ ਹੁੰਦਾ ਸੀ। ਹੁਣ ਉੱਥੇ ਗਿਣਤੀ ਦੇ ਪੰਜਾਬੀ ਬਿਜ਼ਨਸ ਰਹਿ ਗਏ ਹਨ। ਚੀਨੇ ਵੀ ਹੋਰਨਾਂ ਏਸ਼ੀਅਨ ਕੌਮੀਅਤਾਂ ਵਾਂਗ ਗੋਰੇ ਅਮਰੀਕਨਾਂ ਦੀ ਗੁੱਡ ਬੁੱਕ ਵਿਚ ਦਰਜ ਨਹੀਂ ਹਨ, ਪਰ ਉਨ੍ਹਾਂ ਨੇ ਆਪਣੀ ਕਾਬਲੀਅਤ ਅਤੇ ਪੂਰੇ ਦਮ-ਖਮ ਨਾਲ ਅਮਰੀਕਨਾਂ ਦੀ ਹਿੱਕ 'ਤੇ ਦੀਵਾ ਬਾਲਿਆ ਹੋਇਆ ਹੈ। ਪੰਜਾਬੀ ਠੋਸ ਗੱਲਾਂ ਤਾਂ ਘੱਟ ਵੱਧ ਹੀ ਕਰਦੇ ਹਨ, ਪਰ ਆਪਣੀ ਫੋਕੀ ਸ਼ਾਨ ਦੀਆਂ ਫੜ੍ਹਾਂ ਮਾਰਦੇ ਥੱਕਦੇ ਨਹੀਂ ਹਨ। ਲੱਗਦਾ ਹੈ ਜਿਵੇਂ ਉਨ੍ਹਾਂ ਵਿਚ ਸਮੂਹਿਕ ਸਵੈਮਾਨ ਦੀ ਘਾਟ ਹੈ ਅਤੇ ਸ਼ਾਇਦ ਇਸੇ ਕਰਕੇ ਆਮ ਸਿੱਖ ਵੀ ਸਵੈਮਾਨ ਦੀ ਅਣਹੋਂਦ ਦਾ ਸ਼ਿਕਾਰ ਹੈ।

ਸਿੱਖ ਜਦੋਂ ਭਾਰਤ ਵਿਚ ਹੁੰਦੇ ਹਨ ਤਾਂ ਆਪਣੇ ਪਰਿਵਾਰ ਨਾਲ ਵਾਰਤਾਲਾਪ ਦੌਰਾਨ ਹਿੰਦੀ ਵਿਚ ਗੱਲ ਕਰ ਕੇ ਆਪਣੇ ਆਪ ਨੂੰ ਵਡਿਆਉਂਦੇ ਹਨ। ਵਿਦੇਸ਼ਾਂ ਵਿਚ ਫਿਰ ਇਹੋ ਸਿੱਖ ਪੰਜਾਬੀ ਭਾਸ਼ਾ ਦੀ ਵਰਤੋਂ ਨਾ ਕਰ ਕੇ ਅੰਗਰੇਜ਼ੀ ਜ਼ੁਬਾਨ ਦੀ ਅਜਿਹੀ ਧੂੰਆਂਧਾਰ ਵਰਤੋਂ ਕਰਦੇ ਹਨ, ਜਿਵੇਂ ਇਹ ਸਿੱਖ ਨਾ ਹੋ ਕੇ ਜਨਮ ਜਾਤ ਗੋਰੇ ਹੋਣ। ਪੰਜਾਬੀ ਬੋਲਣ ਅਤੇ ਲਿਖਣ ਵਿਚ ਪਤਾ ਨਹੀਂ ਕਿਹੜੀ ਵੱਡੀ ਸ਼ਰਮ ਤੇ ਹਯਾ ਦਾ ਇਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ, ਜੋ ਇਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਹੈ। ਫੇਸਬੁੱਕ 'ਤੇ ਵੀ ਪੰਜਾਬੀ ਦੀ ਥਾਂ ਗਲਤ ਅੰਗਰੇਜ਼ੀ ਦੀ ਵਰਤੋਂ ਧੜੱਲੇ ਨਾਲ ਕਰਦੇ ਹਨ। ਪੰਜਾਬੀ ਵਿਚ ਲਿਖੀਆਂ ਪੋਸਟਾਂ ਵਿਚ ਵੀ ਸ਼ਬਦਾਂ ਦਾ ਜੋੜ ਸਹੀ ਨਹੀਂ ਹੁੰਦਾ।

ਹੈਰਾਨੀ ਹੁੰਦੀ ਹੈ ਕਿ ਪੰਜਾਬੀ ਸਰਲ ਤੇ ਸੌਖੀ ਪੰਜਾਬੀ ਭਾਸ਼ਾ ਦਾ ਗਿਆਨ ਵੀ ਪ੍ਰਾਪਤ ਨਹੀਂ ਕਰ ਸਕੇ ਅਤੇ ਜੇ ਪੰਜਾਬੀ ਭਾਸ਼ਾ ਔਖੀ ਹੁੰਦੀ, ਫਿਰ ਤਾਂ ਰੱਬ ਹੀ ਰਾਖਾ ਹੁੰਦਾ ਪੰਜਾਬੀ ਜ਼ੁਬਾਨ ਦਾ। ਪ੍ਰਸਿੱਧ ਬਾਲੀਵੁੱਡ ਅਭਿਨੇਤਾ ਬਲਰਾਜ ਸਾਹਨੀ ਨੂੰ ਜਦੋਂ ਇਹ ਅਹਿਸਾਸ ਹੋਇਆ ਕਿ ਪੰਜਾਬੀ ਕਹਾਉਣ ਲਈ ਪੰਜਾਬੀ ਪੜ੍ਹਨੀ ਅਤੇ ਲਿਖਣੀ ਆਉਣੀ ਜ਼ਰੂਰੀ ਹੈ, ਤਾਂ ਉਸ ਨੇ ਸ਼ਿੱਦਤ ਦੀ ਹੱਦ ਤਕ ਜਾ ਕੇ ਪੰਜਾਬੀ ਭਾਸ਼ਾ ਲਿਖਣ ਦਾ ਗਿਆਨ ਪ੍ਰਾਪਤ ਕੀਤਾ ਅਤੇ ਅਣਗਿਣਤ ਕਿਤਾਬਾਂ ਵੀ ਲਿਖੀਆਂ। ਸਾਰੇ ਪੰਜਾਬੀਆਂ ਵਿਚ ਆਪਣੀ ਮਾਂ ਬੋਲੀ ਪੰਜਾਬੀ ਪ੍ਰਤੀ ਪਿਆਰ ਕਦੋਂ ਜਾਗੇਗਾ, ਇਸ ਸਵਾਲ ਦਾ ਜੁਆਬ ਤਾਂ ਸ਼ਾਇਦ ਗੁਰੂ ਨਾਨਕ, ਉਨ੍ਹਾਂ ਦੇ ਨੌਂ ਅਵਤਾਰਾਂ ਅਤੇ ਵਰਤਮਾਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਸ ਵੀ ਨਹੀਂ ਹੋਣਾ? ਹੇ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ! ਸਿੱਖਾਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਪਿਆਰ ਕਰਨ ਦਾ ਗੈਬੀ ਦਾਨ ਬਖ਼ਸ਼ਿਸ਼ ਕਰੋ।

# ਹਿੰਦੂ-ਸਿੱਖ ਤੇ ਸਾਰੇ ਧਰਮਾਂ ਦੀ ਏਕਤਾ ਦਾ ਮਸਲਾ

***ਸਿਆਸੀ ਆਗੂ ਧਰਮਾਂ ਦੀ ਏਕਤਾ ਦਾ ਨਾਅਰਾ ਸਿਰਫ ਸਿਆਸਤ ਵਿਚੋਂ ਲਾਹਾ ਖੱਟਣ ਲਈ ਹੀ ਦਿੰਦੇ ਹਨ। ਉਘੇ ਵਿਦਵਾਨ ਗੁਰਬਚਨ ਸਿੰਘ ਨੇ ਇਸ ਲੇਖ ਵਿਚ ਧਰਮਾਂ ਦੀ ਏਕਤਾ ਦੇ ਬਹੁ-ਪਸਾਰੀ ਮਸਲੇ ਦੇ ਧਾਰਮਿਕ-ਅਧਿਆਤਮਿਕ ਪੱਖਾਂ ਦੀ ਗੱਲ ਕੀਤੀ ਹੈ।***

ਹਰ ਵਾਰ ਚੋਣਾਂ ਨੇੜੇ ਆ ਕੇ ਪੰਜਾਬ ਅੰਦਰ ਹਿੰਦੂ ਸਿੱਖ ਏਕਤਾ ਦੇ ਨਾਹਰੇ ਲੱਗਣੇ ਆਮ ਜਿਹੀ ਗੱਲ ਹੈ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਭਾਜਪਾ ਦੀ ਚੋਣ ਮੁਹਿੰਮ ਦਾ ਆਰੰਭ ਕਰਦਿਆਂ ਕਿਹਾ ਕਿ ਕੁਝ ਲੋਕ ਹਿੰਦੂ-ਸਿੱਖ ਏਕਤਾ ਦੇ ਵਿਰੋਧੀ ਹਨ, ਇਸ ਲਈ ਉਹ ਸਿੱਖਾਂ ਅਤੇ ਭਾਜਪਾ ਵਿਚ ਸਾਂਝ ਨਹੀਂ ਬਣਨ ਦੇਣਾ ਚਾਹੁੰਦੇ। ਜਦੋਂ ਕਿ ਭਾਜਪਾ ਅਤੇ ਸਿੱਖਾਂ ਵਿਚਲੀ ਦੂਰੀ ਦਾ ਕਾਰਨ ਧਰਮ ਨਹੀਂ ਬਲਕਿ ਮਨੂਵਾਦੀ ਮਨ-ਕਲਪਿਤ ਵਿਚਾਰਧਾਰਾ ਹੈ।

ਯਕੀਨਨ, ਕਰੀਬ ਪੰਜ ਸਦੀਆਂ ਪਹਿਲਾਂ ਨਾ ਸਿਰਫ ਹਿੰਦੂ-ਸਿੱਖ ਏਕਤਾ ਬਲਕਿ ਸਾਰੇ ਧਰਮਾਂ ਦੀ ਏਕਤਾ ਬਾਰੇ ਗੁਰੂ ਨਾਨਕ ਜੀ ਸਪਸ਼ਟ ਕਰ ਗਏ ਹਨ। ਇਸ ਦੇ ਬਾਵਜੂਦ ਕੁਝ ਸੁਆਰਥੀ ਰਾਜਨੀਤਕ ਧਿਰਾਂ ਹੁਣ ਤਕ ਇਸ ਮਸਲੇ ਬਾਰੇ ਬਹਿਸ ਕਰ ਰਹੀਆਂ ਹਨ। ਗੁਰੂ



**ਗੁਰਬਚਨ ਸਿੰਘ**
**ਫੋਨ: +91-98156-98451**

ਨਾਨਕ ਜੀ ਦੇ ਆਗਮਨ ਨਾਲ ਪਹਿਲਾਂ ਤੋਂ ਚੱਲ ਰਹੀ ਧਰਮ ਦੀ ਵਿਆਖਿਆ ਬਦਲ ਗਈ। ਗੁਰੂ ਜੀ ਨੇ ਸਪਸ਼ਟ ਅਤੇ ਸਰਲ ਸ਼ਬਦਾਂ ਵਿਚ ਧਰਮ ਦੀ ਵਿਆਖਿਆ ਕੀਤੀ ਹੈ:

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (ਪੰਨਾ 3)

ਇਹ ਧਾਰਨਾ ਕਿ ਧਰਤੀ ਕਿਸੇ ਧੌਲੇ ਬੌਲਦ ਦੇ ਸਿੰਙਾਂ ਉਤੇ ਖੜ੍ਹੀ ਹੈ, ਦਾ ਪੂਰਨ ਰੂਪ ਵਿਚ ਖੰਡਨ ਕਰਦੇ ਹੋਏ ਗੁਰੂ ਜੀ ਬੁਲੰਦ ਐਲਾਨ ਕਰਦੇ ਹਨ ਕਿ ਧਰਤੀ ਭਾਵ ਧਰਤੀ ਉਤਲਾ ਮਨੁੱਖੀ ਸਮਾਜ ਕਿਸੇ ਧੌਲੇ ਬਲਦ ਦੇ ਸਿੰਙਾਂ ਉਤੇ ਨਹੀਂ ਬਲਕਿ ਧਰਮ ਦੀ ਬੁਨਿਆਦ ਉਤੇ ਖੜ੍ਹਾ ਹੈ। ਧਰਮ ਜਿਹੜਾ ਦਇਆ ਦਾ ਪੁੱਤਰ ਹੈ ਅਤੇ ਜਿਸ ਨੂੰ ਸੰਤੋਖ ਨੇ ਬੰਨ੍ਹ ਕੇ ਰੱਖਿਆ ਹੋਇਆ ਹੈ; ਭਾਵ ਧਰਮ ਕੋਈ ਕਰਮਕਾਂਡ ਜਾਂ ਭੇਖ ਨਹੀਂ ਬਲਕਿ ਦਇਆ ਅਤੇ ਸੰਤੋਖ ਦੇ ਜਜ਼ਬਿਆਂ ਨੂੰ ਆਪਣੇ ਆਤਮ ਵਿਚ ਵਸਾ ਕੇ, ਭਾਵ ਪਰਉਪਕਾਰੀ ਬਣ ਕੇ ਜ਼ਿੰਦਗੀ ਜਿਊਣਾ ਹੈ। ਦਇਆ ਅਤੇ ਸੰਤੋਖ ਦੋ ਮਨੁੱਖੀ ਜਜ਼ਬੇ ਸਾਰੇ ਧਰਮਾਂ ਦਾ ਮੂਲ ਆਧਾਰ ਹਨ। ਇਹੀ ਦੋ ਜਜ਼ਬੇ ਸਾਰੇ ਧਰਮਾਂ ਦੀ ਏਕਤਾ ਦੀ ਬੁਨਿਆਦ ਹਨ। ਧਾਰਮਿਕ ਹੋਣ ਦਾ ਭਾਵ ਭੇਖੀ ਜਾਂ ਕਰਮਕਾਂਡੀ ਹੋਣਾ ਨਹੀਂ ਬਲਕਿ ਪਰਉਪਕਾਰੀ ਹੋਣਾ ਹੈ।

ਕਰਤਾਰਪੁਰ ਵਿਚ ਇਕ ਦਿਨ ਪਿਤਾ ਮਹਿਤਾ ਕਾਲੂ ਨੇ ਗੁਰੂ ਨਾਨਕ ਜੀ ਨੂੰ ਪੁੱਛਿਆ ਕਿ "ਪੁੱਤਰ ਤੂੰ ਜਿਸ ਮੰਤਰ ਨਾਲ ਰੱਬ ਦਾ ਧਿਆਨ ਧਰਦਾ ਹੈ, ਉਹ ਠੀਕ ਨਹੀਂ। ਵੈਸ਼ਨਵ ਲੋਕ ਤੀਰਥ ਯਾਤਰਾ ਲਈ ਜਾਂਦੇ ਹਨ। ਕੇਸਰ ਅਤੇ ਸੰਦਲ ਦੀਆਂ ਸੁਗੰਧੀਆਂ ਦਾ ਆਨੰਦ ਮਾਣਦੇ ਹਨ। ਕੀ ਉਨ੍ਹਾਂ ਨੂੰ ਕਿਸੇ ਚੀਜ਼ ਦੀ ਘਾਟ ਹੈ?

... ਫਿਰ ਤੂੰ ਤਿਲਕ ਨਹੀਂ ਲਾਉਂਦਾ। ਧੋਤੀ ਨਹੀਂ ਪਹਿਨਦਾ। ਚੌਕੇ ਦੀ ਕਾਰ ਵੀ ਨਹੀਂ ਕੱਢਦਾ। ਤੇਰੀ ਜ਼ਿੰਦਗੀ ਨਾ ਵੈਸ਼ਨਵਾਂ ਅਤੇ ਨਾ ਦੁਨਿਆਵੀ ਲੋਕਾਂ ਨਾਲ ਮਿਲਦੀ ਹੈ। ਨਾ ਤੂੰ ਤਿਆਗੀ ਹੈ। ਨਾ ਤੂੰ ਬੈਰਾਗੀ ਹੈ। ਨਾ ਤੂੰ ਤਾਂਤਰਿਕ ਹੈ।

... ਫਿਰ ਤੇਰੀ ਰੱਬ ਬਾਰੇ ਕੀ ਸਮਝ ਹੈ।"

ਗੁਰੂ ਨਾਨਕ ਜੀ ਦਾ ਉਤਰ ਹੈ:

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ॥ ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥ ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ॥੧॥ ਬਾਬਾ ਹੋਰ ਮਤਿ ਹੋਰ ਹੋਰ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥ ੧॥ (ਪੰਨਾ 17)

ਯਥਾ ਸਾਡਾ ਇਹ ਸਰੀਰ ਕੇਸਰ ਦੀ ਨਿਆਈਂ ਹੈ। ਸਰੀਰ ਵਿਚਲੀ ਜ਼ਬਾਨ ਹੀਰੇ ਦੀ ਨਿਆਈਂ ਹੈ। ਇਸ ਸਰੀਰ ਵਿਚੋਂ ਸਾਹ ਦਾ ਚਲਣਾ ਅਗਰ ਦੀਆਂ ਸੁਗੰਧੀਆ ਬਿਖੇਰਨ ਵਾਂਗ ਹੈ। ਅਠਾਹਠ ਤੀਰਥਾਂ ਦੀ ਯਾਤਰਾ ਟਿਕੇ ਵਾਂਗ ਚਿਹਰੇ ਉਤੇ ਭਾਹ ਮਾਰ ਰਹੀ ਹੈ। ਸਿਰ ਦੇ ਅੰਦਰ ਮਤਿ ਭਾਵ ਸਿਆਣਪ ਖਿੜ ਰਹੀ ਹੈ। ਇਸ ਸਿਆਣਪ ਨਾਲ ਗੁਣਾਂ ਦੇ ਖਜ਼ਾਨੇ ਸਿਰਜਣਹਾਰ ਦੇ ਗੁਣ ਗਾਉਣੇ ਹੀ ਰੱਬ ਦਾ ਧਿਆਨ ਧਰਨਾ ਹੈ। ਬਾਬਾ! ਭਾਵ ਹੇ ਸਿਆਣੇ ਦਾਨੇ ਮਨੁੱਖ! ਇਸ ਤੋਂ ਬਿਨਾਂ ਹੋਰ ਸਾਰੇ ਮਤਿ ਝੂਠੇ ਹਨ। ਝੂਠ ਨੂੰ ਭਾਵੇਂ ਸੌ ਵਾਰ ਦੁਹਰਾਈ ਜਾਈਏ ਪਰ ਉਸ ਨੇ ਝੂਠ ਹੀ ਰਹਿਣਾ ਹੈ।

ਗੁਰਮਤਿ ਅਨੁਸਾਰ ਮਨੁੱਖੀ ਸਰੀਰ ਸਿਰਜਣਹਾਰ ਕਰਤਾ ਪੁਰਖ ਦੀ ਦਿਤੀ ਅਨਮੋਲ ਨਿਆਮਤ ਹੈ:

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥ (ਪੰਨਾ 754)

ਮਹਿਤਾ ਕਾਲੂ ਫਿਰ ਪੁੱਛਦੇ ਹਨ, "ਜਿਹੜੇ ਲੋਕ ਆਪਣੇ ਆਪ ਨੂੰ ਸੰਸਾਰ ਦੇ ਪੀਰ ਸਦਵਾਉਂਦੇ ਹਨ ਅਤੇ ਸਾਰੇ ਉਨ੍ਹਾਂ ਦੀ ਪੂਜਾ ਕਰਦੇ ਹਨ, ਕੀ ਉਨ੍ਹਾਂ ਦੀ ਸਿਆਣਪ ਅਮਰ ਹੈ?"

ਗੁਰੂ ਸਾਹਿਬ ਦਾ ਫਰਮਾਨ ਹੈ:

ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ॥ ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ॥ ਜਾ ਪਤਿ ਲੇਖੈ ਨ ਪਵੈ ਸਭਾ ਪੂਜ ਖੁਆਰੁ॥ ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ॥ ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ॥ ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ॥ (ਪੰਨਾ 17)

ਜੇ ਕਿਸੇ ਦੀ ਪੂਜਾ ਹੋਣ ਲੱਗ ਪਵੇ, ਉਹ ਖੁਦ ਨੂੰ ਪੀਰ ਸਦਵਾਉਣ ਲੱਗ ਪਵੇ, ਸੰਸਾਰ ਵਿਚ ਉਸ ਦੀ ਮਾਨਤਾ ਹੋ ਜਾਏ, ਉਹ ਆਪਣਾ ਕੋਈ ਖਾਸ ਨਾਂ ਰੱਖ ਲਏ, ਆਪਣੇ ਕੋਲ ਰਿਧੀਆਂ ਸਿਧੀਆਂ ਭਾਵ ਕਰਾਮਾਤੀ ਸ਼ਕਤੀਆਂ ਹੋਣ ਦਾ ਦਾਅਵਾ ਵੀ ਕਰੇ ਪਰ ਜੇ ਉਹ ਸਤਿਕਾਰ ਦਾ ਪਾਤਰ ਨਹੀਂ ਬਣਦਾ ਤਾਂ ਇਹ ਸਾਰੀ ਪੂਜਾ ਫਜ਼ੂਲ ਹੈ। ਨਿਰੋਲ ਖੱਜਲ ਖੁਆਰੀ ਹੈ। ਜਿਨ੍ਹਾਂ ਨੂੰ ਸਤਿਗੁਰੂ ਦੀ ਥਾਪਣਾ ਮਿਲੀ ਹੈ, ਉਨ੍ਹਾਂ ਨੂੰ ਕੋਈ ਮੇਟ ਨਹੀਂ ਕਰ ਸਕਦਾ। ਉਨ੍ਹਾਂ ਦੇ ਆਤਮ ਅੰਦਰ ਨਾਮ ਦਾ ਖਜ਼ਾਨਾ ਹੈ ਜਿਹੜਾ ਨਾਮ ਨਾਲ ਹੀ ਪ੍ਰਗਟ ਹੁੰਦਾ ਹੈ। ਉਸ ਨਾਮ ਨੂੰ ਪੂਜਣਾ ਅਤੇ ਮੰਨਣਾ ਚਾਹੀਦਾ ਹੈ। ਇਹ ਨਾਮ ਅਖੰਡ ਅਤੇ ਸਦੀਵੀ ਰਹਿਣ ਵਾਲਾ ਹੈ।

**ਹਵਾਲਾ ਜਨਮਸਾਖੀ:** ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਕਰਤਾਰਪੁਰ ਬੈਠਾ ਥਾ। ਅਰੁ ਅੰਗਦ ਬੇਨਤੀ ਕਰੀ ਜੀ, "ਜਿ ਮਿਹਰਵਾਨ ਇਕ ਬੇਨਤੀ ਹੈ ਜੇ ਤੁਧ ਭਾਵੇ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ, "ਆਖੁ ਪੁਰਖਾ ਅੰਗਦਾ ਜਿ ਕਿਛੁ ਤੇਰੇ ਜੀ ਹੈ ਸੁ ਤੂ ਅਰਦਾਸ ਕਰਿ।"

ਤਬ ਗੁਰੂ ਅੰਗਦ ਕਹਿਆ ਜਿ "ਜੀ ਪਾਤਿਸਾਹ ਮੇਰੀ ਏਹ ਅਰਦਾਸ ਹੈ ਜਿ ਸੰਸਾਰੁ ਕੋਈ ਤੀਰਥੀ ਗੈਆ। ਕਿੰਨੇ ਵੇਦ ਕੀ ਵਿਦਿਆ ਪੜ੍ਹੀ। ਕਿਨੈ ਸੰਨਿਆਸੁ ਮਾਰਗੁ ਕਮਾਇ। ਕੋਈ ਜਤੀ ਹੋਇ ਕਰਿ ਜੋਗੁ ਲਾਗਾ ਕਮਾਵਣ। ਕਿਨੈ ਦੇਹ ਸਾਧੀ ਨਗਨੁ ਹੋਇ ਕਰਿ ਦਿਗੰਬਰ ਦੇ ਰੂਪਿ ਹੋ ਫਿਰਿਆ। ਦਿਖਾ ਜੀ ਪਾਤਸ਼ਾਹ! ਅਸਾਡੀ ਕਵਨ ਗਤਿ। ਅਸਾਂ ਤਾਂ ਇਨਾਂ ਗਲਾਂ ਵਿਚਹੁ ਕਾਈ ਗਲ ਨਾ ਹੋਇ ਆਈਆ ਜੀ। ਅਸੀ ਕਿਛੁ ਨਾਹੀ ਜਾਣਦੇ ਜਿ ਪਰਮੇਸੁਰੁ ਕਿਨੀ ਗੁਣੀ ਪਾਈਦਾ ਹੈ। ਪਰਮੇਸੁਰ ਨੂੰ ਕਵਣ ਸੇਵਾ ਭਾਵਦੀ ਹੈ। ਅਤੇ ਕਿਤੁ ਸੰਜਮਿ ਪਰਮੇਸੁਰ ਖੁਸੀ ਹੁੰਦਾ ਹੈ ਜੀ। ਜਿਤੁ ਕਿਤੇ ਗਲ ਪਰਮੇਸੁਰੁ ਸੁ ਪ੍ਰਸੰਨੁ ਹੋਂਦਾ ਹੈ ਜੀ। ਅਸਾ ਨੋ ਮਿਹਰ ਕਰਿ ਕਰਿ ਓਹ ਗਲ ਸਮਝਾਈਐ ਜੀ। ਜਿਤੁ ਕਰਿ ਕਰਿ ਅਸਾਡੇ ਜੀ ਦੀ ਗਤਿ ਹੋਇ ਜੀ। ਇਸੁ ਜੀਅ ਨੂ ਜਮੁ ਪੋਹਿ ਨਾ ਸਕੈ ਜੀ। ਜਮ ਕੀ ਸਾਸਨਾ ਤੇ ਜਿਤੁ ਏਹੁ ਜੀਉ ਉਬਰੈ ਸਾ ਵਿਧਿ ਸਮਝਾਈਐ।"

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਪੁਰਖਾ ਅੰਗਦਾ ਨਾ ਪਰਮੇਸੁਰ ਖੁਸੀ ਹੋਂਦਾ ਹੈ ਵੇਦ ਕੀ ਵਿਦਿਆ ਪੜਿਆਂ ਅਰੁ ਬੀਚਾਰਿਆਂ। ਅਤੈ ਨਾ ਪਰਮੇਸੁਰ ਖੁਸੀ ਹੋਂਦਾ ਹੈ ਸੰਨਿਆਸ ਰੂਪ ਕੀਤੇ। ਨਾ ਪਰਮੇਸੁਰ ਖੁਸੀ ਹੋਂਦਾ ਹੈ ਤੀਰਥੁ ਵਾਸੁ ਕੀਤਿਆਂ। ਨਾ ਪਰਮੇਸਰੁ ਖੁਸੀ ਹੋਦਾ ਹੈ ਜਤਿ ਜੋਗ ਕਮਾਇਐ। ਨਾ ਪਰਮੇਸੁਰ ਖੁਸੀ ਹੋਂਦਾ ਹੈ ਦਿਗੰਬਰ ਰੂਪ ਫਿਰਿਆਂ।"

ਤਬ ਗੁਰੂ ਅੰਗਦ ਕਹਿਆ ਜਿ, "ਗਰੀਬ ਨਿਵਾਜ! ਮਿਹਰਵਾਨੁ ਹੋਇ ਕੈ ਕਹੀਐ ਜਿਤੁ ਗਲੈ ਪਰਮੇਸੁਰੁ ਖੁਸੀ ਹੋਂਦਾ ਹੈ।"

ਤਬ ਗੁਰੂ ਬਾਬਾ ਨਾਨਕ ਜੀ ਆਸਾ ਰਾਗ ਮਹਿ ਬਾਨੀ ਓਪਦੇਸੀ। ਬੋਲਿ ਉਠਿਆ ਜਿ :

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਜਾ ਪੰਚ ਰਾਸੀ ਤਾਂ ਤੀਰਥ ਵਾਸੀ॥ ੧॥

ਘੁੰਘਰੂ ਵਾਜੈ ਜੇ ਮਨੁ ਲਾਗੈ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ॥ ੧॥ ਰਹਾਉ ॥

ਆਸ ਨਿਰਾਸੀ ਤਉ ਸੰਨਿਆਸੀ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ॥ ੨॥

ਦਇਆ ਦਿਗੰਬਰੁ ਦੇਹ ਬੀਚਾਰੀ॥ ਆਪਿ ਮਰੈ ਅਵਰਾ ਨਹ ਮਾਰੀ॥ ੩॥

ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥ (ਆਸਾ ਮਹਲਾ ੧ ਘਰ ੨ ਚਉਪਦੇ। ੨੫। (੩੫੬)॥)

ਯਥਾ ਉਸ ਵਿਦਿਆ ਦਾ ਵੀਚਾਰ ਕੀਤਾ ਜਾਏ, ਜਿਹੜੀ ਬੰਦੇ ਨੂੰ ਪਰਉਪਕਾਰੀ ਬਣਾਵੇ। ਗਿਆਨ ਨੂੰ ਅਪਣੇ ਆਤਮ ਵਿਚ ਵਸਾ ਕੇ ਹੀ ਪੰਜਾਂ ਵਿਕਾਰਾਂ



ਕਾਮ ਕ੍ਰੋਧ ਲੋਭ ਮੋਹ ਹੰਕਾਰ ਉਤੇ ਕਾਬੂ ਪਾਇਆ ਜਾ ਸਕਦਾ ਹੈ। ਆਪਣੇ ਵਿਕਾਰਾਂ ਉਤੇ ਕਾਬੂ ਪਾ ਕੇ ਹੀ ਤੀਰਥ ਵਾਸੀ ਹੋਣ ਦਾ ਅਹਿਸਾਸ ਕੀਤਾ ਜਾ ਸਕਦਾ ਹੈ ਅਤੇ ਸਦੀਵੀ ਅਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਤੀਰਥਾਂ ਉਤੇ ਜਾ ਕੇ ਵਸਣ ਦਾ ਇਹੀ ਮੰਤਵ ਹੈ। ਵਿਦਿਆ ਰਾਹੀਂ ਪ੍ਰਾਪਤ ਹੋਇਆ ਗਿਆਨ ਜੇ ਮਨ ਨੂੰ ਆਪਣੇ ਨਾਲ ਸਹਿਮਤ ਕਰ ਲਵੇ ਤੇ ਮਨ ਸਹਿਜ ਅਵਸਥਾ ਵਿਚ ਆ ਜਾਵੇ ਤਾਂ ਘੁੰਗਰੂ ਵਜਣ ਭਾਵ ਅਨਹਦ ਨਾਦ ਦੇ ਅਹਿਸਾਸ ਨਾਲ ਮਨ ਵਿਸਮਾਦ ਦੀ ਅਵਸਥਾ ਵਿਚ ਆ ਜਾਂਦਾ ਹੈ। ਜਦੋਂ ਮਨੁਖ ਨੂੰ ਆਪਣੇ ਆਲੇ-ਦੁਆਲੇ ਦੀ ਕੁਦਰਤ ਨਾਲ ਆਪਣੇ ਅਟੁਟ ਰਿਸ਼ਤੇ ਦਾ ਅਹਿਸਾਸ ਹੋ ਜਾਏ ਤਾਂ ਜਮਾਂ ਦਾ ਡਰ ਉਂਝ ਹੀ ਖਤਮ ਹੋ ਜਾਂਦਾ ਹੈ। ਕਿਉਂਕਿ ਮਨੁਖ ਨੂੰ ਸੋਝੀ ਹੋ ਜਾਂਦੀ ਹੈ ਕਿ ਨਰਕ-ਸੁਰਗ-ਜਮ ਪੁਨਰ ਜਨਮ ਆਦਿ ਸਭ ਐਵੇਂ ਭਰਮ ਹਨ। ਇਹ ਸਾਰਾ ਬ੍ਰਾਹਮਣਵਾਦ ਦਾ ਪੈਦਾ ਕੀਤਾ ਹੋਇਆ ਭਰਮਜਾਲ ਹੈ। ਇਸ ਗਿਆਨ ਨਾਲ ਜਦੋਂ ਜਮਾਂ ਦੀ ਹੋਂਦ ਹੀ ਮਨੁਖੀ ਚੇਤਨਾ ਵਿਚੋਂ ਨਿਕਲ ਜਾਂਦੀ ਹੈ ਤਾਂ ਇਨ੍ਹਾਂ ਦੇ ਡਰ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਇਸੇ ਲਈ ਗੁਰੂ ਜੀ ਕਹਿੰਦੇ ਹਨ ਕਿ ਜਮ ਮੇਰਾ ਕੀ ਵਿਗਾੜ ਸਕਦੇ ਹਨ। ਜੇ ਮਨ ਤ੍ਰਿਸਨਾ ਭਾਵ ਬੇਲੋੜੀਆਂ ਇਛਾਵਾਂ ਤੋਂ ਸੁਰਖਰੂ ਹੋ ਜਾਏ ਤਾਂ ਬੰਦਾ ਸੰਨਿਆਸੀਆਂ ਵਾਲਾ ਅਹਿਸਾਸ ਘਰ ਬੈਠਿਆ ਹੀ ਕਰ ਸਕਦਾ ਹੈ। ਜਤੀ ਭਾਵ ਵਿਕਾਰ ਰਹਿਤ ਮਨੁਖ ਹੀ ਜੋਗੀ ਹੈ। ਜੋਗੀ ਭਾਵ ਜਤੀ ਬਣ ਕੇ ਹੀ ਕਾਇਆ ਨੂੰ ਭੋਗਿਆ ਜਾ ਸਕਦਾ ਹੈ। ਭਾਵ ਸਰੀਰ ਦੇ ਸਾਰੇ ਅਸਲੀ (ਕੁਦਰਤੀ) ਰਸ ਮਾਣੇ ਜਾ ਸਕਦੇ ਹਨ। ਦਿਆਲੂ ਹੋਣਾ ਹੀ ਦਿਗੰਬਰ ਭਾਵ ਤਰਕਸ਼ੀਲ ਹੋਣਾ ਹੈ। ਆਪਣੇ ਮਨ ਨੂੰ ਮਾਰ (ਭਾਵ ਸਵੈਕਾਬੂ ਵਿਚ ਰਖ) ਕੇ ਹੋਰਨਾਂ ਨੂੰ ਮਾਰਨ ਦੀ ਲੋੜ ਨਹੀਂ ਪੈਂਦੀ। ਗੁਰੂ ਨਾਨਕ ਜੀ ਦੇ ਬਚਨ ਹਨ: ਸਿਰਜਣਹਾਰ ਤੂੰ ਇਕ ਹੈ ਬਾਕੀ ਸਾਰੇ ਤੇਰੇ ਅਡ ਅਡ ਵੇਸ ਹਨ। ਤੇਰੇ ਸਾਰੇ ਕੌਤਕਾਂ ਦਾ ਭੇਦ ਨਹੀਂ ਪਾਇਆ ਜਾ ਸਕਦਾ।

ਪੁਰਖਾ ਬੋਲਣੇ ਕਾ ਏਹੋ ਫਲੁ ਹੈ ਜਿ ਕਿਛੁ ਬੋਲੀਐ। ਸੁ ਪਰਮੇਸੁਰ ਕਾ ਨਾਮ ਹੀ ਬੋਲੀਐ ਬਿਚਾਰੀਐ ਗਾਈਐ ਸੁਣੀਐ ਸਿੱਖੀਐ ਸਮਝੀਐ। ਤਿਤੁ ਕਰਿ ਕਰਿ ਇਸ ਨੂੰ ਲਾਹਾ ਹੈ। ਪੁਰਖਾ ਅੰਗਦਾ ਤੈਂ ਬਹੁਤੁ ਭਲਾ ਕੀਆ ਜਿ ਪਰਮੇਸੁਰ ਦੀ ਗਲ ਚਿਤਿ ਅਣਾਈ। ਏਤੁ ਗਲ ਕਿਛੁ ਅਸਾਨੋ ਲਾਹਾ ਹੈ। ਪੁਰਖਾ ਮੈ ਭਾਂਵਦੀ ਹੈ ਏਹ ਗਲ।"

ਗੁਰਮਤਿ ਅਨੁਸਾਰ ਉਹ ਪੜ੍ਹਿਆ ਮਨੁਖ ਮੂਰਖ ਹੈ ਜਿਸ ਨੂੰ ਲੋਭ, ਲਾਲਚ, ਹਿਰਸ ਅਤੇ ਹੰਕਾਰ ਨੇ ਗ੍ਰਸਿਆ ਹੋਇਆ ਹੈ:

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ (ਪੰਨਾ 140)

"ਰਾਜ (ਸਰਕਾਰ) ਖੁਦ ਲੋਕਾਂ ਨੂੰ ਆਪਣਾ ਅੰਗ ਬਣਾ ਕੇ, ਵਿਅਕਤੀ ਦੇ ਉਦੇਸ਼ਾਂ ਨੂੰ ਸਮੂਹ ਦੇ ਨਿਸ਼ਾਨਿਆਂ ਵਿਚ ਢਾਲ ਕੇ, ਮਨੁਖ ਦੀਆਂ ਉਜਡ ਬਿਰਤੀਆਂ (ਸਾਮਰਾਜੀ ਖਪਤਕਾਰੀ ਦੀ ਹਵਸ) ਨੂੰ ਸਦਾਚਾਰਕ ਬਿਰਤੀਆਂ (ਤਰਕਸੰਗਤ ਮਨੁਖੀ ਲੋੜਾਂ ਦੀਆਂ ਇਛਾਵਾਂ) ਵਿਚ ਬਦਲ ਕੇ, ਕੁਦਰਤੀ ਆਜ਼ਾਦੀ ਨੂੰ ਆਤਮਿਕ ਆਜ਼ਾਦੀ ਵਿਚ ਬਦਲ ਕੇ, ਇਸ ਤਰ੍ਹਾਂ ਸਿਖਿਅਤ ਕਰੇ, ਕਿ ਹਰ ਵਿਅਕਤੀ ਆਪਣਾ ਭਲਾ ਸਰਬਤ ਦੇ ਭਲੇ ਵਿਚ ਲੋਚੇ ਅਤੇ ਸਰਬਤ ਨੂੰ ਆਪਣੇ ਨਿਜੀ ਮਨ ਦੇ ਚੌਖਟੇ ਵਿਚੋਂ ਪਛਾਣੇ।" (ਮਾਰਕਸ)

ਭਾਈ ਗੁਰਦਾਸ ਜੀ ਨੇ ਲਿਖਿਆ ਹੈ: ਮਾਰਿਆ ਸਿੱਖਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।

ਯਥਾ ਗੁਰੂ ਸਾਹਿਬ ਨੇ ਨਵੀਂ ਪਿਰਤ ਪਾਈ। ਉਨ੍ਹਾਂ ਨੇ ਪੈਸੇ (ਮੁੱਲ) ਦਾ ਸਿੱਖਾ ਮਾਰਨ ਦੀ ਥਾਂ 'ਪੰਥ' ਭਾਵ ਮਨੁਖੀ ਜੀਵਨ ਜਿਊਣ ਦਾ ਨਵਾਂ ਰਾਹ ਦਸਿਆ। ਇਉਂ ਗੁਰੂ ਨਾਨਕ ਜੀ ਨੇ ਮਨੁਖਤਾ ਦੇ ਇਤਿਹਾਸ ਵਿਚ ਨਵੇਂ ਯੁਗ ਦਾ ਆਰੰਭ ਕੀਤਾ। ਉਨ੍ਹਾਂ ਨੇ ਮਨੁਖਤਾ ਦੇ ਅਨੁਭਵੀ ਗਿਆਨ ਨੂੰ ਨਵੀਂ ਦਿਸ਼ਾ ਦਿਤੀ। ਕੁਦਰਤ ਦੇ ਭਾਣੇ ਅਤੇ ਹੁਕਮ ਵਿਚ ਰਹਿੰਦਿਆ ਹੋਇਆਂ ਕੁਦਰਤ ਦੀ ਅਨਮੋਲ ਦਾਤ ਆਪਣੇ ਮਨ ਨੂੰ ਵਿਕਸਿਤ ਕਰਕੇ ਸਰਲ, ਸਾਦੀ, ਸਹਿਜ ਅਤੇ ਸੰਤੁਸ਼ਟ ਜਿੰਦਗੀ ਜਿਊਣ ਦੀ ਚੇਤਨਾ ਦਿਤੀ।

ਇਸ ਚੇਤਨਾ ਦਾ ਆਰੰਭ ਹੇਠ ਲਿਖੀ ਧਾਰਨਾ ਤੋਂ ਹੁੰਦਾ ਹੈ:

ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ (ਪੰਨਾ 292)

ਯਥਾ ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਪਸਰਿਆ ਪਸਾਰਾ ਇਕ (ਏਕੋ) ਹੈ। ਹੋਰ ਦੂਜਾ ਕਿਤੇ ਕੋਈ ਨਜ਼ਰ ਨਹੀਂ ਆਉਂਦਾ।

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ 350)

ਇਹ ਏਕੋ ਹੀ ਮੇਰਾ ਮਾਲਕ ਹੈ। ਇਸ ਦੀ ਪੁਸ਼ਟੀ ਕਰਨ ਲਈ ਇਕ ਵਾਰ ਫਿਰ ਦੁਹਰਾਇਆ ਗਿਆ ਹੈ ਕਿ ਇਹ ਏਕੋ ਹੀ ਮੇਰਾ ਮਾਲਕ ਹੈ। ਮੇਰੇ ਇਸ ਮਾਲਕ ਤੋਂ ਬਿਨਾਂ ਹੋਰ ਕਿਸੇ ਦੂਜੇ 'ਰਬ' ਦੀ ਕੋਈ ਹੋਂਦ ਨਹੀਂ ਅਤੇ ਮੇਰੇ ਇਸ ਮਾਲਕ ਦਾਤਾਰ ਭਾਵ ਮੈਨੂੰ ਸਾਰੀਆਂ ਦਾਤਾਂ ਦੇਣ ਵਾਲੇ 'ਰਬ' ਦੀ ਪਛਾਣ ਕੁਦਰਤ ਵਿਚੋਂ ਹੁੰਦੀ ਹੈ। ਨਾਨਕ ਸਚੁ ਦਾਤਾਰੁ ਸਿਨਾਖਤ ਕੁਦਰਤੀ॥ (ਪੰਨਾ 141)

ਮਨੁਖੀ ਆਤਮਿਕ ਗਿਆਨ ਦੇ ਖੇਤਰ ਵਿਚ ਆਇਆ ਇਹ ਨਵਾਂ ਇਨਕਲਾਬ ਹੈ। ਇਸ ਆਤਮਿਕ ਗਿਆਨ ਨੇ ਸ੍ਰਿਸ਼ਟੀ ਅਤੇ ਸ੍ਰਿਸ਼ਟੀ ਰਚਨਾ ਬਾਰੇ ਆਪਣੇ ਤੋਂ ਪਹਿਲੀਆਂ ਧਾਰਨਾਵਾਂ ਦਾ ਪੂਰਨ ਰੂਪ ਵਿਚ ਖੰਡਨ ਕਰ ਕੇ ਮਨੁਖਤਾ ਨੂੰ ਨਵੀਂ ਚੇਤਨਾ ਦਿਤੀ ਹੈ। ਗੁਰੂ ਨਾਨਕ ਜੀ ਤੋਂ ਪਹਿਲਾਂ ਸ੍ਰਿਸ਼ਟੀ ਅਤੇ ਸ੍ਰਿਸ਼ਟੀ ਰਚਨਾ ਬਾਰੇ ਮਨੂਵਾਦੀ ਸ਼ੰਕਰਾਚਾਰੀਆ ਦੀ ਇਹ ਮਾਨਤਾ ਭਾਰੂ ਸੀ ਕਿ ਅਦ੍ਰਿਸ਼ਟ 'ਬ੍ਰਹਮ' ਸਚ ਹੈ ਪਰ ਦ੍ਰਿਸ਼ਟਮਾਨ ਸੰਸਾਰ ਮਿਥਿਆ ਹੈ। ਆਪਣੀ ਸੀਮਤ ਉਮਰ ਭੋਗ ਕੇ ਜਦੋਂ ਬੰਦੇ ਦੀ ਮੌਤ ਅਟਲ ਹੈ ਤਾਂ ਫਿਰ ਇਹ ਦ੍ਰਿਸ਼ਟਮਾਨ ਸੰਸਾਰ ਮਾਇਆ ਭਾਵ ਛਲਾਵਾ ਹੈ। ਮਨੁਖੀ ਮਨ ਦੀ ਕੋਰੀ ਕਲਪਨਾ ਹੈ ਅਤੇ ਸ੍ਰਿਸ਼ਟੀ ਦੀ ਰਚਨਾ ਮਨੂ ਮਨ-ਕਲਪਿਤ ਬ੍ਰਹਮਾ ਨੇ ਕੀਤੀ ਹੈ ਜਿਸ ਨੇ ਮਨੁਖਤਾ ਨੂੰ ਚਾਰ ਵਰਣਾਂ ਵਿਚ ਵੰਡਿਆ ਹੈ। ਗੁਰੂ ਜੀ ਨੇ ਸ਼ੰਕਰਾਚਾਰੀਆ ਦੀ ਇਸ ਧਾਰਨਾ ਦਾ ਪੂਰਨ ਰੂਪ ਵਿਚ ਖੰਡਨ ਕੀਤਾ। ਗੁਰੂ ਸਾਹਿਬ ਨੇ ਬੁਲੰਦ ਐਲਾਨ ਕੀਤਾ ਕਿ ਇਹ ਦ੍ਰਿਸ਼ਟਗੋਚਰ ਹੁੰਦਾ 'ਸੰਸਾਰ' ਅਤੇ ਅੰਤਹੀਣ ਅਦ੍ਰਿਸ਼ਟ 'ਬ੍ਰਹਮ' ਭਾਵ ਇਹ ਅਸੀਮ ਬ੍ਰਹਿਮੰਡੀ ਵਿਸਥਾਰ ਇਕ ਹੈ। ਇਹ ਮਨੁਖੀ ਮਨ ਦੀ ਕੋਰੀ ਕਲਪਨਾ ਨਹੀਂ ਬਲਕਿ ਹਕੀਕਤ ਹੈ।

ਕੁਦਰਤਿ ਕਰਨੈਹਾਰ ਅਪਾਰਾ॥ ਕੀਤੇ ਕਾ ਨਾਹੀ ਕਿਹੁ ਚਾਰਾ॥ ਜੀਅ ਉਪਾਇ ਰਿਜਕ ਦੇ ਆਪੇ ਸਿਰਿ ਸਿਰਿ ਹੁਕਮ ਚਲਾਇਆ॥ (ਪੰਨਾ 1042)

ਯਥਾ ਇਹ ਅਸੀਮ ਕੁਦਰਤ ਹੀ ਕਰਨ ਕਰਾਵਣਹਾਰ ਹੈ। ਇਸ ਦਾ ਪਾਰਾਵਾਰ ਨਹੀਂ। ਤਥਾ ਇਸ ਬ੍ਰਹਿਮੰਡੀ ਕੁਦਰਤ ਦੇ ਉਰਵਾਰ-ਪਾਰ ਮਨੁਖੀ ਮਨ ਦੀ ਪਕੜ ਵਿਚ ਨਹੀਂ ਆ ਸਕਦੇ। ਕੁਦਰਤ ਦੇ ਕੀਤੇ ਦਾ ਕੋਈ ਚਾਰਾ ਨਹੀਂ। ਕੁਦਰਤ ਦੇ ਕੰਮਾਂ ਵਿਚ ਕੋਈ ਮਨੁਖ ਦਖਲ ਨਹੀਂ ਦੇ ਸਕਦਾ। ਕੁਦਰਤ ਆਪ ਹੀ ਜੀਆ ਜੰਤ ਪੈਦਾ ਕਰਦੀ ਹੈ ਅਤੇ ਆਪ ਹੀ ਸਾਰਿਆਂ ਨੂੰ ਰਿਜਕ ਦਿੰਦੀ ਹੈ। ਇਹ ਅਸੀਮ ਬ੍ਰਹਿਮੰਡੀ ਹੋਂਦ ਆਪਣੇ ਆਪ ਹੀ ਹੁਕਮ ਭਾਵ ਕੁਦਰਤੀ ਨੇਮਾਂ ਅਨੁਸਾਰ ਗਤੀਸ਼ੀਲ ਹੈ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਪੰਨਾ 695)

ਨਿਕਟਿ ਜੀਅ ਕੈ ਸਦ ਹੀ ਸੰਗਾ ਕੁਦਰਤਿ ਵਰਤੈ ਰੂਪ ਅਰੁ ਰੰਗਾ॥ (ਪੰਨਾ 376)

ਬ੍ਰਹਮੋ ਪਸਾਰਾ ਬ੍ਰਹਮ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ॥ (ਪੰਨਾ 792)

ਯਥਾ ਜੋ ਬ੍ਰਹਮੰਡ ਵਿਚ ਹੈ, ਉਹੀ ਸਾਡੇ ਪਿੰਡੇ ਭਾਵ ਸਰੀਰ ਵਿਚ ਹੈ। ਸਾਡੇ ਚਾਰ-ਚੁਫੇਰੇ ਫੈਲਿਆ ਇਹ ਸਾਰਾ ਪਸਾਰਾ ਬ੍ਰਹਮ ਹੈ। ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ। ਬ੍ਰਹਮ ਹੀ ਸਗਲ ਦ੍ਰਿਸ਼ਟੀ ਵਿਚ ਆਉਂਦਾ ਹੈ। ਇਸ ਬ੍ਰਹਮ ਤੋਂ ਬਿਨਾਂ ਕਿਸੇ ਬ੍ਰਹਮਾ ਬਿਸਨੁ ਮਹੇਸ ਦੀ ਹੋਰ ਕੋਈ ਹੋਂਦ ਨਹੀਂ।

ਇਹੀ ਚੇਤਨਾ ਧਰਮਾਂ ਦੀ ਏਕਤਾ ਦਾ ਆਧਾਰ ਹੈ। ਹਿੰਦੂ-ਸਿੱਖ ਏਕਤਾ ਦਾ ਸੁਆਲ ਰਾਜਨਾਥ ਸਿੰਘ ਵਰਗੇ ਮਨੂਵਾਦੀ ਆਗੂਆਂ ਦਾ ਪੈਦਾ ਕੀਤਾ ਹੋਇਆ ਹੈ। ਧਰਮਾਂ ਦੇ ਵਖਰੇਵੇਂ ਮਨੂਵਾਦੀ ਵਰਤਾਰਾ ਹੈ। ਇਸ ਵਰਤਾਰੇ ਦਾ ਗੁਰਮਤਿ ਨੇ ਪੂਰਨ ਰੂਪ ਵਿਚ ਖੰਡਨ ਕੀਤਾ ਹੈ। ਗੁਰੂ ਜੀ ਨੇ ਹਿੰਦੂ ਮਤਿ ਅਤੇ ਇਸਲਾਮ ਵਿਚਲੀ 'ਰਬੀ ਹਸਤੀ' ਬਾਰੇ ਆਮ ਵਰਤੇ ਜਾਂਦੇ ਸਾਰੇ ਸ਼ਬਦਾਂ ਰਾਹੀਂ ਕੁਦਰਤ ਵਿਚੋਂ ਸ਼ਨਾਖਤ ਕੀਤੇ ਜਾਣ ਵਾਲੇ ਦਾਤਾਰ ('ਏਕੋ') ਦੀ ਵਿਆਖਿਆ ਕੀਤੀ ਹੈ। ਇਹ ਏਕੋ ਹੀ ਅਲਹ ਖੁਦਾ ਮਉਲਾ ਪੈਗੰਬਰ ਅਤੇ ਕੁਰਾਨ ਕਤੇਬ ਵਿਚਲਾ ਪਵਿਤਰ ਰਬ ਹੈ। ਇਹ ਏਕੋ ਹੀ ਹਿੰਦੂ ਮਤਿ ਵਿਚਲਾ ਭਗਵੰਤ ਗੁਸਾਈਂ ਨਾਰਾਇਣ ਨਰਹਰਿ ਓਮ ਨਮੋ ਬਾਸੁਦੇਵ ਰਿਖੀਕੇਸ਼ ਗੋਪਾਲ ਗੋਬਿੰਦ ਮੁਕੰਦ ਕ੍ਰਿਸ਼ਨ ਜਗੰਨਾਥ ਮਾਧੋ ਜਗਜੀਵਨ ਹੈ। ਮਨੁਖੀ ਸਰੀਰ ਇਸ ਏਕੋ ਦੀ ਅਨਮੋਲ ਦੇਣ ਹੈ।

ਗੁਰੂ ਨਾਨਕ ਜੀ ਦੇ ਆਤਮਿਕ ਗਿਆਨ ਦਾ ਦੂਜਾ ਅਹਿਮ ਪਖ ਇਹ ਹੈ ਕਿ ਮਨੁਖ ਦਾ ਆਪਣਾ ਮਨ ਹੀ ਸਿਰਮੌਰ ਹੈ। ਮਨੁਖ ਦਾ ਆਪਣਾ ਮਨ ਹੀ ਉਸ ਦੀ ਸ਼ਕਤੀ ਅਤੇ ਉਸ ਦੀ ਸੀਮਾ ਹੈ। ਜਿੰਨਾ ਕਿਸੇ ਮਨੁਖ ਦਾ ਆਪਣਾ ਮਨ ਵਿਕਸਿਤ ਹੋਵੇਗਾ, ਓਨਾ ਹੀ ਉਹ ਆਪਣੀ ਜਿੰਦਗੀ ਨੂੰ ਖੂਬਸੂਰਤ ਢੰਗ ਨਾਲ ਜੀਅ ਸਕੇਗਾ।

ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥ (ਪੰਨਾ 61)

ਮਨ ਸਰੀਰ ਦਾ ਰਾਜਾ ਹੈ, ਸੁਲਤਾਨ ਹੈ। ਸਰੀਰ 'ਤੇ ਮਨੁਖੀ ਮਨ ਦਾ ਹੁਕਮ ਚਲਦਾ ਹੈ। ਮਨ ਜਿਵੇਂ ਚਾਹੁੰਦਾ ਹੈ, ਸਰੀਰ ਨੂੰ ਚਲਾਉਂਦਾ ਹੈ; ਜੇ ਆਪਣੇ ਮਨ ਨੂੰ ਜਿਤ ਲਿਆ ਜਾਏ ਤਾਂ ਸਾਰਾ ਜਗ ਜਿਤਣ ਦਾ ਅਹਿਸਾਸ ਕੀਤਾ ਜਾ ਸਕਦਾ ਹੈ। ਮਨ ਸਾਧੇ ਸਿਧਿ ਹੋਇ। ਗਿਆਨ ਕਾ ਬਧਾ ਮਨ ਰਹੈ ਗੁਰ ਬਿਨੁ ਗਿਆਨੁ ਨ ਹੋਇ। (ਪੰਨਾ 469)

ਗੁਰੂ ਨਾਨਕ ਜੀ ਦੇ ਆਤਮਿਕ ਗਿਆਨ ਦਾ ਤੀਜਾ ਪਖ ਸਤਿਗੁਰ ਹੈ। ਇਸ ਰਬੀ ਹਸਤੀ ਭਾਵ ਏਕੋ ਕਰਤਾ ਦਾ ਮਨੁਖੀ ਮਨ ਵਿਚ ਅਹਿਸਾਸ ਕਰਵਾਉਣ ਵਾਲਾ ਗੁਰੂ ਹੀ ਸਤਿਗੁਰ ਹੈ। ਜਿਹੜਾ ਬ੍ਰਹਿਮੰਡੀ ਨੇਮਾਂ (ਹੁਕਮੁ) ਤੇ ਇਨ੍ਹਾਂ ਨੇਮਾਂ ਅਨੁਸਾਰ ਬਣੇ ਸਮਾਜੀ ਨੇਮਾਂ ਦਾ ਗਿਆਨ ਦੇ ਰਿਹਾ ਹੈ। ਇਨ੍ਹਾਂ ਅਨੁਸਾਰ ਮਨ ਨੂੰ ਸਾਧਣ ਤੇ ਸਹਿਜ ਜ਼ਿੰਦਗੀ ਜਿਊਣ ਦੀ ਜੁਗਤ ਦੱਸ ਰਿਹਾ ਹੈ। ਮਨ ਨੂੰ ਜਿਤ ਕੇ ਹੀ ਜੱਗ ਜਿਤਣ ਦਾ ਅਹਿਸਾਸ ਕੀਤਾ ਜਾ ਸਕਦਾ ਹੈ।

ਕੁਦਰਤੀ ਅਤੇ ਸਮਾਜੀ ਯਥਾਰਥ ਨੂੰ ਸਮਝਣ ਵਿਚ ਵਡਾ ਅੜਿਕਾ ਮਨੁਖ ਦੀ ਭਰਮਾਊ ਸੋਚ ਹੈ ਜਿਹੜੀ ਪੀੜ੍ਹੀ ਦਰ ਪੀੜ੍ਹੀ ਦੁਹਰਾਉਣ ਨਾਲ ਸਦੀਵੀ ਸਚ ਹੋਣ ਦੇ ਭਰਮ ਕਾਰਨ ਮਨੁਖੀ ਆਤਮ ਦਾ ਅੰਗ ਬਣ ਗਈ ਹੈ। ਇਸ ਭ੍ਰਿਸ਼ਟ ਆਤਮ ਨੇ ਮਨੁਖੀ ਲੋੜਾਂ ਨੂੰ ਬੇਪਛਾਣ ਕਰ ਦਿਤਾ ਹੈ। ਸਾਮਰਾਜੀ ਕੂੜ ਪ੍ਰਚਾਰ ਵਲੋਂ ਇਨ੍ਹਾਂ ਬੇਪਛਾਣ ਲੋੜਾਂ ਨੂੰ ਇਛਾਵਾਂ ਦਾ ਰੂਪ ਦੇਣ ਅਤੇ ਇਨ੍ਹਾਂ ਇਛਾਵਾਂ ਨੂੰ ਮਨੁਖ ਦੀਆਂ ਬੁਨਿਆਦੀ ਲੋੜਾਂ ਵਜੋਂ ਪੇਸ਼ ਕਰਨ ਨਾਲ ਸਮੁਚਾ ਕੁਦਰਤੀ ਅਤੇ ਸਮਾਜੀ ਯਥਾਰਥ ਹੀ ਬੇਪਛਾਣ ਹੋ ਗਿਆ ਹੈ। ਇਸ ਬੇਪਛਾਣ ਯਥਾਰਥ ਨੇ ਮਨੁਖੀ, ਪਰਿਵਾਰਕ ਅਤੇ ਸਮਾਜੀ ਰਿਸ਼ਤਿਆਂ ਦਾ ਘਾਣ ਕਰ ਦਿਤਾ ਹੈ। ਸਾਮਰਾਜੀ ਦੌਰ ਦਾ ਮਨੁਖ ਨਿਰੋਲ ਖਿਆਲੀ ਕਲਪਨਾ ਵਿਚ ਜਿਊਣ ਦਾ ਆਦੀ ਹੋ ਗਿਆ ਹੈ। ਇਸ ਸਾਮਰਾਜੀ ਕਲਪਨਾ ਨੂੰ ਤਿਆਗਣ ਅਤੇ ਗੁਰਮਤਿ ਚੇਤਨਾ ਨੂੰ ਅਪਨਾਉਣ ਦੀ ਲੋੜ ਹੈ।

# ਪੰਜਾਬੀ ਭਾਸ਼ਾ: ਸਾਡੀ ਵਾਰੀ ਆਈ ਪਤੀਲਾ ਖੜਕੇ...

***ਪੰਜਾਬ ਵਿਧਾਨ ਸਭਾ ਚੋਣਾਂ ਲਈ ਵੋਟਾਂ ਪਾਉਣ ਦਾ ਦਿਨ ਆਣ ਢੁੱਕਿਆ ਹੈ। ਚਿਰਾਂ ਤੋਂ ਭਖੇ ਸਿਆਸੀ ਪਿੜ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਦਾ ਅੱਡੀ-ਚੋਟੀ ਦਾ ਜ਼ੋਰ ਲੱਗਿਆ ਹੋਇਆ ਹੈ। ਇਨ੍ਹਾਂ ਪਾਰਟੀਆਂ ਨੇ ਵੋਟਾਂ ਖਿੱਚਣ ਲਈ ਹਰ ਹੀਲਾ-ਵਸੀਲਾ ਕਰਨ ਦਾ ਯਤਨ ਕੀਤਾ ਪਰ ਪੰਜਾਬ ਦੇ ਅਸਲ ਮੁੱਦਿਆਂ ਦੀ ਚਰਚਾ ਦੇ ਮਾਮਲੇ ਵਿਚ ਤਕਰੀਬਨ ਸਾਰੀਆਂ ਹੀ ਸਿਆਸੀ ਧਿਰਾਂ ਫਾਡੀ ਰਹਿ ਗਈਆਂ ਹਨ। ਹੋਰ ਮਸਲਿਆਂ ਦੀ ਤਾਂ ਗੱਲ ਹੀ ਛੱਡੋ, ਕਿਸੇ ਵੀ ਧਿਰ ਨੇ ਭਾਸ਼ਾ ਦਾ ਮੁੱਦਾ ਉਸ ਜ਼ੋਰ ਨਾਲ ਉਠਾਉਣ ਦਾ ਯਤਨ ਨਹੀਂ ਕੀਤਾ ਜਿੰਨਾ ਅੱਜ ਕੱਲ੍ਹ ਇਸ ਨੂੰ ਉਭਾਰਨ ਜ਼ਰੂਰਤ ਸੀ। ਡਾ. ਸੁਖਦੇਵ ਸਿੰਘ ਨੇ ਆਪਣੇ ਇਸ ਲੇਖ ਵਿਚ ਪੰਜਾਬੀ ਭਾਸ਼ਾ ਦੇ ਮੁੱਦੇ ਦੇ ਵੱਖ-ਵੱਖ ਪੱਖਾਂ ਬਾਰੇ ਗੱਲ ਕੀਤੀ ਹੈ।***

ਵਿਸ਼ਾਲ ਜਨ-ਆਧਾਰ ਵਾਲੇ ਕਿਸਾਨ ਅੰਦੋਲਨ ਤੋਂ ਬਾਅਦ ਵੱਖ-ਵੱਖ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋ ਰਹੀਆਂ ਹਨ। ਵੋਟਰਾਂ ਦਾ ਮਿਜ਼ਾਜ ਬਦਲਿਆ ਹੋਇਆ ਹੈ। ਉਹ ਤਿੱਖੇ, ਗੁਸਤਾਖ ਅਤੇ ਅਣਸੁਖਾਵੇਂ ਪ੍ਰਸ਼ਨ ਪੁੱਛ ਰਹੇ ਹਨ। ਰਾਜਸੀ ਨੇਤਾਵਾਂ ਨੂੰ ਲੋਕਾਂ ਅੰਦਰ ਚਿਰਾਂ ਤੋਂ ਧੁਖ ਰਹੇ ਰੋਹ ਦਾ ਅਹਿਸਾਸ ਨਹੀਂ। ਉਹ ਅਜੇ ਵੀ ਲੋਕ-ਲੁਭਾਉਣੇ ਤੇ ਭਰਮਾਊ ਲਾਰਿਆਂ ਦੀ ਰਾਜਨੀਤੀ ਦੇ ਘੋੜੇ ਉੱਪਰ ਸਵਾਰ ਹਨ। ਕਿਸੇ ਕੋਲ ਵਿਕਾਸ ਦਾ 'ਦਿੱਲੀ ਮਾਡਲ' ਹੈ ਅਤੇ ਕਿਸੇ ਕੋਲ ਪੰਜਾਬ ਦੀ ਉਜਾੜੇ ਦੇ ਰਾਹ ਪਈ ਆਰਥਕਤਾ ਲਈ ਨਵਾਂ ਰੋਡ-ਮੈਪ ਜਾਂ ਸ਼ੇਖ ਚਿਲੀ ਵਾਲਾ 'ਪੰਜਾਬ ਮਾਡਲ'।

ਕੀ ਪੰਜਾਬ ਦਾ ਸੰਕਟ ਕੇਵਲ ਆਰਥਕ ਹੈ? ਜਾਂ ਇਸ ਦੇ ਬਹੁ-ਪਾਸਾਰੀ ਅਤੇ ਗੁੰਝਲਦਾਰ ਸਮਾਜ-ਸਭਿਆਚਾਰਕ, ਬੌਧਿਕ ਅਤੇ ਨੈਤਿਕ ਪਾਸਾਰ ਵੀ ਹਨ। ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਸ਼ੁਰੂ ਹੋਏ ਨਵ-ਉਦਾਰਵਾਦੀ ਵਿਕਾਸ ਮਾਡਲ ਦੇ ਨਵ-ਸਾਮਰਾਜਵਾਦੀ ਏਜੰਡੇ ਤੋਂ ਬਾਅਦ



**ਡਾ. ਸੁਖਦੇਵ ਸਿੰਘ**
ਫੋਨ: +91-98156-36565

ਦੂਜੇ ਖਿੱਤਿਆਂ ਵਾਂਗ ਪੰਜਾਬ ਵੀ ਆਰਥਕ, ਸਮਾਜ-ਸਭਿਆਚਾਰਕ, ਰਾਜਨੀਤਕ, ਬੌਧਿਕ ਅਤੇ ਨੈਤਿਕ ਪੱਖੋਂ ਕੰਗਾਲੀ ਤੇ ਉਜਾੜੇ ਦੇ ਰਾਹ ਪੈਣ ਲਈ ਮਜਬੂਰ ਹੋਇਆ।

ਪੰਜਾਬ ਦਾ ਸਿੱਖਿਆ ਪ੍ਰਬੰਧ, ਸਿਹਤ ਵਿਵਸਥਾ, ਪ੍ਰਸ਼ਾਸਨਿਕ ਢਾਂਚਾ (ਪੁਲਿਸ, ਨਿਆਂ ਵਿਵਸਥਾ, ਸਮਾਜਕ ਸੰਸਥਾਵਾਂ) ਅਤੇ ਰਾਜਸੀ ਵਿਵਸਥਾ ਵਿਚ ਹੀ ਵਿਗਾੜ ਨਹੀਂ ਪਏ ਸਗੋਂ ਨਸ਼ਿਆਂ ਦੇ ਕਾਰੋਬਾਰ, ਜ਼ਮੀਨ-ਰੇਤ ਮਾਫੀਆ, ਗੈਂਗਵਾਰਜ਼ ਦੀ ਅੰਨ੍ਹੀ ਹਿੰਸਾ, ਬੇਰੁਜ਼ਗਾਰੀ ਅਤੇ ਨੌਜਵਾਨਾਂ ਦੇ ਪਰਵਾਸ ਦੇ ਰੂਪ ਵਿਚ ਪੰਜਾਬ ਦੀ ਬੌਧਿਕ ਸੰਪਦਾ ਦਾ ਵਿਦੇਸ਼ਾਂ ਵੱਲ ਰੁਝਾਨ, ਇਸ ਦੀਆਂ ਹੀ ਅਲਾਮਤਾਂ ਹਨ।

ਸੱਤਾ ਹਥਿਆਉਣ ਲਈ ਤਰਲੋਮੱਛੀ ਹੋ ਰਹੀਆਂ ਪੰਜਾਬ ਦੀਆਂ ਬੁਰਜੂਆ ਰਾਜਨੀਤਕ ਪਾਰਟੀਆਂ ਕੋਲ ਪੰਜਾਬ ਦੇ ਆਰਥਕ, ਸਮਾਜ-ਸਭਿਆਚਾਰਕ, ਰਾਜਨੀਤਕ, ਬੌਧਿਕ ਅਤੇ ਨੈਤਿਕ ਸੰਕਟਾਂ ਦਾ ਕੋਈ ਠੋਸ ਹੱਲ ਨਜ਼ਰ ਨਹੀਂ ਆਉਂਦਾ। ਰਾਜਸੀ ਸੱਤਾ ਹਥਿਆਉਣ ਅਤੇ ਅਨੈਤਿਕ ਢੰਗਾਂ ਨਾਲ ਇਕੱਠੇ ਕੀਤੇ ਪੈਸੇ ਦੇ ਬੇਲਗਾਮ ਰੁਝਾਨ ਨੇ ਪੰਜਾਬ ਦੇ ਰਾਜਨੀਤਕ ਮੰਜ਼ਰ ਨੂੰ ਗੰਧਲਾ ਅਤੇ ਦੂਸ਼ਿਤ ਕਰ ਦਿੱਤਾ ਹੈ। ਪੰਜਾਬ ਦੇ ਰਾਜਸੀ ਸਭਿਆਚਾਰ ਵਿਚੋਂ ਸਿਧਾਂਤ ਆਧਾਰਿਤ ਰਾਜਨੀਤੀ ਅਤੇ ਪਾਰਟੀ ਨਾਲ ਪ੍ਰਤੀਬੱਧਤਾ ਦਾ ਭੋਗ ਪੈ ਚੁੱਕਾ ਜਾਪਦਾ ਹੈ। ਰਾਤੋ-ਰਾਤ ਵਫਾਦਾਰੀਆਂ ਬਦਲਣ ਵਾਲੇ ਰਾਜਸੀ ਨੇਤਾਵਾਂ ਨੇ ਰਾਜਸੀ ਢਾਂਚੇ ਅਤੇ ਸੰਵਿਧਾਨਕ ਸੰਸਥਾਵਾਂ ਪ੍ਰਤੀ ਹੀ ਬੇਭਰੋਸਗੀ ਪੈਦਾ ਕਰ ਦਿੱਤੀ ਹੈ।

ਪੰਜਾਬ ਦਾ ਸੰਕਟ ਕੇਵਲ ਆਰਥਕ ਸੰਕਟ ਹੀ ਨਹੀਂ, ਜਿਵੇਂ ਸਾਡੇ ਰਾਜਸੀ ਆਕਾ ਸਮਝ ਰਹੇ ਹਨ। ਪੰਜਾਬ ਨੂੰ ਸਿੱਖਿਆ, ਸਿਹਤ ਸੇਵਾਵਾਂ, ਰੁਜ਼ਗਾਰ, ਭਾਸ਼ਾ ਅਤੇ ਸਭਿਆਚਾਰ ਦੇ ਖੇਤਰ ਵਿਚ ਦਰਪੇਸ਼ ਗੰਭੀਰ ਚੁਣੌਤੀਆਂ ਬਾਰੇ ਨਾ ਸਾਡੇ ਰਾਜਸੀ ਨੇਤਾ ਤੇ ਉੱਚ ਪ੍ਰਸ਼ਾਸਨਿਕ ਅਧਿਕਾਰੀ ਸੰਵੇਦਨਸ਼ੀਲ ਹਨ ਅਤੇ ਨਾ ਹੀ ਉਨ੍ਹਾਂ ਕੋਲ ਇਨ੍ਹਾਂ ਮਸਲਿਆਂ ਨਾਲ ਨਜਿੱਠਣ ਵਾਲੀ ਦੂਰ-ਦ੍ਰਿਸ਼ਟੀ ਅਤੇ ਇੱਛਾ-ਸ਼ਕਤੀ ਹੈ। ਸਿੱਖਿਆ, ਭਾਸ਼ਾਵਾਂ ਤੇ ਸਭਿਆਚਾਰ ਦਾ ਮਹਿਕਮਾ ਅਕਸਰ ਸਾਡੇ ਮੰਤਰੀਆਂ ਦੀ ਪਹਿਲੀ ਪਸੰਦ ਨਹੀਂ ਬਣਦਾ। ਕਿਉਂ? ਰੇਤ ਦੀਆਂ ਖੱਡਾਂ ਤੇ ਸ਼ਰਾਬ ਦੇ ਠੇਕੇ ਸਕੂਲਾਂ, ਕਾਲਜਾਂ, ਹਸਪਤਾਲਾਂ, ਭਾਸ਼ਾ ਅਤੇ ਸਭਿਆਚਾਰ ਦੇ ਪ੍ਰਚਾਰ-ਪਾਸਾਰ ਵਾਲੇ ਅਦਾਰਿਆਂ ਤੋਂ ਅਹਿਮ ਕਿਉਂ ਹੋ ਗਏ ਹਨ?

ਹਿੰਦੋਸਤਾਨ ਦੇ ਕੌਮੀ ਸੁਤੰਤਰਤਾ ਸੰਗਰਾਮ ਨੇ ਵੱਖ-ਵੱਖ ਰਿਆਸਤਾਂ ਵਿਚ ਵੰਡੇ ਭਾਰਤੀ ਅਵਾਮ ਅੰਦਰ ਰਾਸ਼ਟਰਵਾਦ ਦੀ ਭਾਵਨਾ ਪੈਦਾ ਕੀਤੀ ਸੀ ਅਤੇ ਇਸ ਨੇ ਭਾਰਤ ਦੀਆਂ ਭਾਸ਼ਾਈ ਤੇ ਸਭਿਆਚਾਰਕ ਵਿਭਿੰਨਤਾਵਾਂ ਬਾਰੇ ਚੇਤਨਾ ਨੂੰ ਪ੍ਰਪੱਕ ਕੀਤਾ ਸੀ। ਦੇਸ਼ ਦੀ ਕੌਮੀ ਲੀਡਰਸ਼ਿਪ ਨੇ ਸੁਤੰਤਰਤਾ ਅੰਦੋਲਨ ਦੌਰਾਨ ਹੀ ਇਹ ਅਹਿਸਾਸ ਕਰ ਲਿਆ ਸੀ ਕਿ ਆਜ਼ਾਦੀ ਹਾਸਿਲ ਕਰਨ ਉਪਰੰਤ ਭਾਰਤ ਦੀਆਂ ਦੇਸੀ ਬੋਲੀਆਂ/ਭਾਸ਼ਾਵਾਂ ਅਤੇ ਖੇਤਰੀ ਸਭਿਆਚਾਰਾਂ ਨੂੰ ਸੰਵਿਧਾਨਕ ਮਾਨਤਾ ਦੇ ਕੇ ਹੀ ਰਾਸ਼ਟਰ ਨੂੰ ਇਕੱਠਾ ਰੱਖਿਆ ਜਾ ਸਕਦਾ ਹੈ। ਕਾਂਗਰਸ ਪਾਰਟੀ ਨੇ 1929 ਵਿਚ ਲਾਹੌਰ ਸੈਸ਼ਨ ਵਿਚ ਇਹ ਐਲਾਨ ਕਰ ਦਿੱਤਾ ਸੀ ਕਿ ਆਜ਼ਾਦ ਹੋਣ ਤੋਂ ਬਾਅਦ ਮਾਤ-ਭਾਸ਼ਾਵਾਂ ਨੂੰ ਸਿੱਖਿਆ ਅਤੇ ਪ੍ਰਸ਼ਾਸਨ ਦਾ ਮਾਧਿਅਮ ਬਣਾਇਆ ਜਾਵੇਗਾ। ਮਹਾਤਮਾ ਗਾਂਧੀ ਨੇ ਆਪਣੀ ਪੁਸਤਕ 'ਹਿੰਦ ਸਵਰਾਜ' (1909) ਅਤੇ 1938 ਵਿਚ ਲਿਖੇ ਆਪਣੇ ਲੇਖ ਵਿਚ ਅੰਗਰੇਜ਼ੀ ਭਾਸ਼ਾ ਦਾ ਹੇਜ ਛੱਡ ਕੇ ਸਿੱਖਿਆ, ਸਿਵਲ ਪ੍ਰਸ਼ਾਸਨ, ਨਿਆਂ ਵਿਵਸਥਾ ਅਤੇ ਵਪਾਰਕ/ਕਾਰੋਬਾਰੀ ਖੇਤਰ ਵਿਚ ਭਾਰਤੀ ਭਾਸ਼ਾਵਾਂ ਨੂੰ ਅਪਣਾਉਣ ਉੱਤੇ ਜ਼ੋਰ ਦਿੱਤਾ ਸੀ। ਆਜ਼ਾਦੀ ਹਾਸਿਲ ਕਰਨ ਬਾਅਦ ਭਾਰਤ ਸਰਕਾਰ ਨੇ ਭਾਸ਼ਾਵਾਂ ਦੇ ਆਧਾਰ ਉੱਤੇ ਸੂਬਿਆਂ ਦੇ ਪੁਨਰ-ਗਠਨ ਜਾਂ ਸਥਾਪਨਾ ਦਾ ਫੈਸਲਾ ਕੀਤਾ। ਸਤੰਬਰ 1949 ਵਿਚ ਕਾਂਸਟੀਚਿਊਟ ਅਸੈਂਬਲੀ ਵਿਚ ਭਾਰਤ ਦੀ ਰਾਸ਼ਟਰੀ ਭਾਸ਼ਾ ਅਤੇ ਸਰਕਾਰੀ ਜਾਂ ਰਾਜ ਭਾਸ਼ਾ ਬਾਰੇ ਚਰਚਾ ਕੀਤੀ ਗਈ। 26 ਜਨਵਰੀ 1950 ਤੋਂ ਲਾਗੂ ਹੋਣ ਵਾਲੇ ਭਾਰਤੀ ਸੰਵਿਧਾਨ ਦੀਆਂ ਧਾਰਾਵਾਂ 343 ਤੋਂ 351 ਤੱਕ, ਭਾਰਤੀ ਗਣਰਾਜ ਦੀ ਸਰਕਾਰੀ ਭਾਸ਼ਾ, ਵੱਖ-ਵੱਖ ਪ੍ਰਦੇਸ਼ਾਂ ਦੀਆਂ ਸਰਕਾਰੀ/ਰਾਜ ਭਾਸ਼ਾਵਾਂ ਅਤੇ ਵੱਖ-ਵੱਖ ਖਿੱਤਿਆਂ ਦੀਆਂ ਭਾਸ਼ਾਵਾਂ ਦੇ ਵਿਸ਼ੇਸ਼ ਅਧਿਕਾਰਾਂ ਅਤੇ ਵਰਤੋਂ ਨਾਲ ਸੰਬੰਧਿਤ ਹਨ।




ਹਿੰਦੀ ਨੂੰ ਭਾਰਤ ਦੀ ਸਰਕਾਰੀ ਭਾਸ਼ਾ ਪ੍ਰਵਾਨ ਕੀਤਾ ਗਿਆ ਤੇ ਇਸ ਦੀ ਲਿੱਪੀ ਦੇਵਨਾਗਰੀ ਨੂੰ ਮੰਨਿਆ ਗਿਆ। ਅੰਗਰੇਜ਼ੀ ਭਾਸ਼ਾ ਨੂੰ ਆਉਣ ਵਾਲੇ 15 ਸਾਲਾਂ ਤੱਕ ਕੰਮ-ਕਾਜ ਦੀ ਸਹਿਯੋਗੀ ਭਾਸ਼ਾ ਪ੍ਰਵਾਨ ਕੀਤਾ ਗਿਆ ਸੀ। ਭਾਰਤ ਦੀਆਂ ਬਾਕੀ ਇਲਾਕਾਈ ਜ਼ੁਬਾਨਾਂ ਨੂੰ ਅਨੁਸੂਚਿਤ ਅਤੇ ਗੈਰ-ਅਨੁਸੂਚਿਤ ਭਾਸ਼ਾਵਾਂ ਵਿਚ ਰੱਖ ਕੇ ਮਾਨਤਾ ਦਿੱਤੀ ਗਈ ਸੀ। ਭਾਸ਼ਾਈ ਮਸਲਿਆਂ ਦੇ ਹੱਲ ਲਈ ਰਾਸ਼ਟਰਪਤੀ ਨੂੰ ਸਲਾਹ ਦੇਣ ਲਈ 7 ਜੂਨ 1955 ਨੂੰ ਪਹਿਲਾ ਸਰਕਾਰੀ ਭਾਸ਼ਾ ਕਮਿਸ਼ਨ ਸਥਾਪਿਤ ਕੀਤਾ ਗਿਆ ਸੀ। ਇਸ ਕਮਿਸ਼ਨ ਦੀ 31 ਜੁਲਾਈ 1956 ਨੂੰ ਆਈ ਰਿਪੋਰਟ ਵਿਚ ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਨੂੰ ਪ੍ਰਮੁੱਖਤਾ ਦੇਣ ਕਾਰਨ ਭਾਰਤ ਵਿਚ ਅਨੇਕਾਂ ਤਰ੍ਹਾਂ ਦੇ ਭਾਸ਼ਾਈ ਵਿਵਾਦ ਸਾਹਮਣੇ ਆਏ ਜਿਨ੍ਹਾਂ ਨੇ ਸਾਡੇ ਦੇਸ਼ ਦੇ ਧਰਮ ਨਿਰਪੱਖ ਸਰੂਪ, ਲੋਕਤੰਤਰੀ ਢਾਂਚੇ ਅਤੇ ਫੈਡਰਲ ਸਰੂਪ ਨੂੰ ਢਾਹ ਲਾਈ ਹੈ।

ਆਜ਼ਾਦੀ ਤੋਂ ਬਾਅਦ ਭਾਸ਼ਾ ਦੇ ਆਧਾਰ ਉੱਤੇ ਸੂਬਿਆਂ ਦੀ ਸਥਾਪਨਾ ਅਤੇ ਪੁਨਰ-ਗਠਨ ਸਮੇਂ ਪੰਜਾਬ ਨੂੰ ਦੋ-ਭਾਸ਼ੀ (ਪੰਜਾਬੀ ਜ਼ੋਨ, ਹਿੰਦੀ ਜ਼ੋਨ) ਪ੍ਰਾਂਤ ਮੰਨ ਲਿਆ ਗਿਆ। ਭਾਸ਼ਾ ਦੇ ਆਧਾਰ ਉੱਤੇ ਪੰਜਾਬੀ ਸੂਬੇ ਦੇ ਗਠਨ ਨੂੰ ਡੇਢ ਦਹਾਕਾ ਲਟਕਾਇਆ ਗਿਆ। 1966 ਵਿਚ ਤਿੱਖੇ ਸੰਘਰਸ਼ਾਂ ਤੋਂ ਬਾਅਦ ਪੰਜਾਬੀ ਸੂਬੇ ਦੀ ਸਥਾਪਨਾ ਤਾਂ ਕਰ ਦਿੱਤੀ ਪਰ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਤੇ ਹਰਿਆਣਾ ਵਿਚ ਰਹਿਣ ਦਿੱਤੇ। ਸ. ਲਛਮਣ ਸਿੰਘ ਗਿੱਲ ਦੀ ਸਰਕਾਰ ਨੇ 1967 ਵਿਚ ਪੰਜਾਬ ਰਾਜ ਭਾਸ਼ਾ ਐਕਟ 1967 ਪਾਸ ਕਰ ਕੇ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ ਐਲਾਨ ਦਿੱਤਾ। ਇਸ ਦੇ ਬਾਵਜੂਦ ਪੰਜਾਬ ਵਿਚ ਸਿੱਖਿਆ ਦਾ ਮਾਧਿਅਮ, ਸਰਕਾਰੀ ਕੰਮ-ਕਾਜ ਦੀ ਭਾਸ਼ਾ, ਨਿਆਂ ਪ੍ਰਬੰਧ ਅਤੇ ਕਾਰੋਬਾਰੀ ਅਦਾਰਿਆਂ ਵਿਚ ਪੰਜਾਬੀ ਭਾਸ਼ਾ ਨੂੰ ਬਣਦਾ ਸਰਕਾਰੀ ਤੇ ਸੰਵਿਧਾਨਕ ਰੁਤਬਾ ਨਹੀਂ ਦਿੱਤਾ ਗਿਆ।

ਇਸ ਐਕਟ ਵਿਚ ਚੋਰ-ਮੋਰੀਆਂ ਕਾਰਨ ਅਫਸਰਸ਼ਾਹੀ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਬੇਖੌਫ ਕਰਦੀ ਰਹੀ ਹੈ ਅਤੇ ਅੱਜ ਵੀ ਕਰ ਰਹੀ ਹੈ। ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਸਮਾਜ-ਸਭਿਆਚਾਰਕ ਸੰਗਠਨਾਂ ਦੇ ਲਗਾਤਾਰ ਦਬਾਉ ਕਾਰਨ ਪੰਜਾਬ ਸਰਕਾਰ ਨੇ ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਤਰਮੀਮ ਕਰ ਕੇ ਪੰਜਾਬ ਰਾਜ ਭਾਸ਼ਾ ਸੋਧ ਬਿੱਲ 2008 ਅਤੇ ਪੰਜਾਬ ਸਕੂਲ ਸਿੱਖਿਆ ਬਿੱਲ 2008 ਪਾਸ ਕੀਤੇ ਜਿਨ੍ਹਾਂ ਵਿਚ ਸਰਕਾਰੀ ਕੰਮ-ਕਾਜ ਤੇ ਪ੍ਰਸ਼ਾਸਨਿਕ ਮਾਮਲਿਆਂ ਵਿਚ ਕੰਮ ਨਾ ਕਰਨ ਵਾਲੇ ਰਾਜ ਸਰਕਾਰ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਲਈ ਸਜ਼ਾ ਦੀ ਮੱਦ ਤਾਂ ਸ਼ਾਮਿਲ ਕੀਤੀ ਪਰ ਸਜ਼ਾ ਦੇਣ ਦੀ ਪ੍ਰਕਿਰਿਆ ਨਾਕਸ ਤੇ ਅੱਖਾਂ ਪੂੰਝਣ ਵਾਲੀ ਹੈ। ਸਰਕਾਰ ਨੇ ਸਕੂਲ ਸਿੱਖਿਆ ਬਿੱਲ 2008 ਵਿਚ ਪੰਜਾਬ ਦੇ ਸਾਰੇ ਸਕੂਲਾਂ ਵਿਚ ਦਸਵੀਂ ਜਮਾਤ ਤੱਕ ਪੰਜਾਬੀ ਦੀ ਪੜ੍ਹਾਈ ਨੂੰ ਲਾਜ਼ਮੀ ਕਰਾਰ ਦੇ ਦਿੱਤਾ ਪਰ ਅੱਜ ਵੀ ਪੰਜਾਬ ਅੰਦਰ ਚਲਦੇ ਕੇਂਦਰੀ ਸਿੱਖਿਆ ਬੋਰਡਾਂ (ਸੀ.ਬੀ.ਐਸ.ਈ., ਆਈ.ਸੀ.ਐਸ.ਈ., ਨਵੋਦਿਆ ਵਿਦਿਆਲਿਆ) ਦੇ ਸਕੂਲਾਂ ਵਿਚ ਪੰਜਾਬੀ ਨੂੰ ਤੀਸਰੀ ਭਾਸ਼ਾ ਤੇ ਅਖਤਿਆਰੀ ਵਿਸ਼ੇ ਵਜੋਂ ਪੜ੍ਹਾਇਆ ਜਾਂਦਾ ਹੈ। ਸਕੂਲਾਂ ਵਿਚ ਬੱਚਿਆਂ ਨੂੰ ਪੰਜਾਬੀ ਬੋਲਣ ਉੱਤੇ ਜੁਰਮਾਨਾ ਕੀਤਾ ਜਾਂਦਾ ਹੈ। ਪੰਜਾਬ ਦੀ ਕਾਂਗਰਸ ਸਰਕਾਰ ਨੇ 2021 ਵਿਚ ਪੰਜਾਬ ਰਾਜ ਭਾਸ਼ਾ ਐਕਟ ਵਿਚ ਕੁਝ ਸੋਧਾਂ ਕੀਤੀਆਂ ਹਨ ਜਿਨ੍ਹਾਂ ਅਨੁਸਾਰ ਪੰਜਾਬੀ ਨੂੰ ਦਸਵੀਂ ਜਮਾਤ ਤੱਕ ਲਾਜ਼ਮੀ ਵਿਸ਼ੇ ਵਜੋਂ ਨਾ ਪੜ੍ਹਾਉਣ ਵਾਲੇ ਸਕੂਲਾਂ ਅਤੇ ਲਗਾਤਾਰ ਸਰਕਾਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਨਾ ਕਰਨ ਵਾਲੇ ਉੱਚ-ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਜੁਰਮਾਨਾ ਕਰਨ ਦੀ ਰਾਸ਼ੀ ਵਧਾ ਦਿੱਤੀ ਹੈ। ਦੁਨੀਆ ਭਰ ਦੇ ਭਾਸ਼ਾ ਮਾਹਿਰ, ਸਿੱਖਿਆ ਸ਼ਾਸਤਰੀ, ਸਮਾਜ-ਭਾਸ਼ਾ ਵਿਗਿਆਨੀ ਅਤੇ ਸਮਾਜ ਸ਼ਾਸਤਰੀ ਮੰਨਦੇ ਹਨ ਕਿ ਪ੍ਰਾਇਮਰੀ ਪੱਧਰ 'ਤੇ ਸਿੱਖਿਆ ਦਾ ਮਾਧਿਅਮ ਵਿਦਿਆਰਥੀ ਦੀ ਮਾਤ-ਭਾਸ਼ਾ ਹੋਣਾ ਚਾਹੀਦਾ ਹੈ।

ਯੂਨੈਸਕੋ ਨੇ ਸੰਸਾਰ ਪੱਧਰ 'ਤੇ ਭਾਸ਼ਾਵਾਂ ਦੇ ਮਰਨ ਜਾਂ ਲੋਪ ਹੋਣ ਦੀ ਚਿਤਾਵਨੀ ਦੇਣ ਸਮੇਂ ਇਹ ਸੁਝਾਅ ਵੀ ਦਿੱਤਾ ਹੈ ਕਿ ਇਸ ਬਹੁ-ਭਾਸ਼ੀ ਸੰਸਾਰ ਵਿਚ ਪ੍ਰਾਇਮਰੀ ਪੱਧਰ ਉੱਤੇ ਸਿੱਖਿਆ ਦਾ ਮਾਧਿਅਮ ਬੱਚੇ ਦੀ ਮਾਤ-ਭਾਸ਼ਾ ਹੋਣੀ ਚਾਹੀਦੀ ਹੈ। ਸਿੱਖਿਆ ਅਤੇ ਭਾਸ਼ਾ ਮਾਹਿਰਾਂ ਦੀ 'ਮਾਦਿਆਨਾ ਰਿਪੋਰਟ' ਤੋਂ ਇਹ ਸਾਫ ਹੋ ਜਾਂਦਾ ਹੈ ਕਿ ਮੁਢਲੇ ਪੱਧਰ ਉੱਤੇ ਮਾਤ-ਭਾਸ਼ਾ ਵਿਚ ਸਿੱਖਿਆ ਲੈਣ ਵਾਲੇ ਬੱਚਿਆਂ ਵਿਚ ਦੂਜੀਆਂ ਭਾਸ਼ਾਵਾਂ ਤੇ ਹੋਰ ਵਿਸ਼ਿਆਂ ਨੂੰ ਸਿੱਖਣ ਦੀ ਸਮਰੱਥਾ ਮੁਕਾਬਲਤਨ ਵੱਧ ਹੁੰਦੀ ਹੈ। ਕਿਸੇ ਭਾਸ਼ਾ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਅਪਣਾਉਣ ਨਾਲ ਸਿਖਿਆਰਥੀ ਦੀ ਗਿਆਨ ਗ੍ਰਹਿਣ ਕਰਨ ਦੀ ਸਮਰੱਥਾ ਵੀ ਵਧਦੀ ਹੈ, ਉਸ ਭਾਸ਼ਾ ਦਾ ਵਿਕਾਸ ਵੀ ਹੁੰਦਾ ਹੈ ਅਤੇ ਉਸ ਭਾਸ਼ਾ ਨੂੰ ਬੋਲਣ ਵਾਲੇ ਭਾਈਚਾਰੇ ਦੇ ਬਹੁ-ਮੁਖੀ ਵਿਕਾਸ ਦੀਆਂ ਸੰਭਾਵਨਾਵਾਂ ਵੀ ਪੈਦਾ ਹੁੰਦੀਆਂ ਹਨ।

ਤਾਮਿਲ, ਕੰਨੜ ਅਤੇ ਬੰਗਾਲੀ ਭਾਈਚਾਰੇ ਮਾਤ-ਭਾਸ਼ਾ ਦੇ ਮਹੱਤਵ ਬਾਰੇ ਵਧੇਰੇ ਸੁਚੇਤ ਹਨ, ਇਸੇ ਲਈ ਇਨ੍ਹਾਂ ਸੂਬਿਆਂ ਦਾ ਸਿੱਖਿਆ ਪ੍ਰਬੰਧ ਦੂਜੇ ਸੂਬਿਆਂ ਜਾਂ ਭਾਈਚਾਰਿਆਂ ਨਾਲੋਂ ਬਿਹਤਰ ਹੈ। ਕਰਨਾਟਕ ਸਰਕਾਰ ਨੇ ਤਾਂ ਸਾਰੀ ਸਕੂਲੀ ਸਿੱਖਿਆ ਕੰਨੜ ਭਾਸ਼ਾ ਵਿਚ ਦੇਣ ਦਾ ਕਾਨੂੰਨ ਵੀ ਪਾਸ ਕਰ ਦਿੱਤਾ ਸੀ ਜਿਸ ਉੱਪਰ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਸੀ। ਭਾਰਤ ਵਿਚ ਵਧੇਰੇ ਖਤਰਾ ਕਬੀਲਿਆਂ ਤੇ ਜਨ-ਜਾਤੀਆਂ ਦੀਆਂ ਭਾਸ਼ਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਨੂੰ ਹੈ।

ਸਕੂਲੀ ਸਿੱਖਿਆ ਤੇ ਪ੍ਰਸ਼ਾਸਨਿਕ ਕੰਮ-ਕਾਜ ਦੀਆਂ ਭਾਸ਼ਾਵਾਂ ਨਾ ਹੋਣ ਕਾਰਨ ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਸੁਨੀਤੀ ਕੁਮਾਰ ਚੈਟਰਜੀ ਨੇ 1940 ਵਿਚ ਇਹ ਪੇਸ਼ੀਨਗੋਈ ਕਰ ਦਿੱਤੀ ਸੀ ਕਿ ਭਾਰਤੀ ਜਨ-ਜਾਤੀਆਂ ਤੇ ਕਬੀਲਿਆਂ ਦੀਆਂ ਭਾਸ਼ਾਵਾਂ ਜਲਦੀ ਮਰ ਜਾਣਗੀਆਂ। ਪਿਛਲੇ ਅਰਸੇ ਵਿਚ 9 ਕਬਾਇਲੀ ਭਾਸ਼ਾਵਾਂ ਮਰ ਗਈਆਂ ਹਨ ਅਤੇ ਗਣੇਸ਼ ਐਨ. ਦੇਵੀ (ਪੀਪਲਜ਼ ਲਿੰਗੁਇਸਟਿਕ ਸਰਵੇ ਆਫ ਇੰਡੀਆ) ਦੀ ਖੋਜ ਅਨੁਸਾਰ ਢਾਈ ਦਰਜਨ ਕਬੀਲਾਈ ਭਾਸ਼ਾਵਾਂ ਮਰਨ ਕਿਨਾਰੇ ਹਨ। ਭਾਸ਼ਾਵਾਂ, ਸਿੱਖਿਆ ਅਤੇ ਮਨੁੱਖੀ ਭਾਈਚਾਰਿਆਂ ਦਾ ਵਿਕਾਸ ਇੱਕ ਦੂਜੇ ਨਾਲ ਜੁੜਿਆ ਹੁੰਦਾ ਹੈ। ਅੱਜ ਕੇਂਦਰੀ ਭਾਸ਼ਾਵਾਂ ਸੰਸਥਾਨ ਮੈਸੂਰ, ਕਲਿੰਗਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼, ਗਣੇਸ਼ ਐਨ. ਦੇਵੀ ਦੀ ਸੰਸਥਾ ਪੀ.ਐਸ.ਐਲ.ਆਈ. ਬੜੋਦਰਾ ਅਤੇ ਉੜੀਸਾ ਸਰਕਾਰ ਦੀ 'ਮਦਰ ਟੰਗ ਬੇਸਡ ਐਜੂਕੇਸ਼ਨ ਸਕੀਮ' ਤਹਿਤ ਵੱਖ-ਵੱਖ ਕਬੀਲਿਆਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਮੁਢਲੀ ਸਿੱਖਿਆ ਦੇਣ ਦੇ ਨਾਲ-ਨਾਲ ਦੂਜੀਆਂ ਭਾਸ਼ਾਵਾਂ ਵਿਚ ਵੀ ਮੁਹਾਰਤ ਹਾਸਿਲ ਕਰਵਾਈ ਜਾ ਰਹੀ ਹੈ।

ਭਾਸ਼ਾਵਾਂ ਦੇ ਵਿਕਾਸ ਲਈ ਕਿਸੇ ਭਾਸ਼ਾ ਨੂੰ ਬੋਲਣ ਵਾਲੇ ਭਾਈਚਾਰੇ ਦਾ ਆਪਣੀ ਭਾਸ਼ਾਈ ਪਛਾਣ ਲਈ ਚੇਤਨ ਹੋਣਾ ਅਤੇ ਸਰਕਾਰ ਦੀ ਸਰਪ੍ਰਸਤੀ ਜ਼ਰੂਰੀ ਹੈ। ਉਦਾਹਰਨ ਵਜੋਂ ਇਜ਼ਰਾਈਲ ਆਪਣੀ ਸਾਰੀ ਸਿੱਖਿਆ ਆਪਣੀ ਭਾਸ਼ਾ ਹਿਬਰੂ ਵਿਚ ਦਿੰਦਾ ਹੈ। ਯੂਨੈਸਕੋ ਨੇ 2001 ਵਿਚ ਖਾਸੀ ਬੋਲੀ ਨੂੰ ਮਰਨਾਊ ਭਾਸ਼ਾ ਦਾ ਦਰਜਾ ਦੇ ਦਿੱਤਾ ਸੀ ਪਰ ਮਨੀਪੁਰ ਸਰਕਾਰ ਨੇ ਖਾਸੀ ਬੋਲੀ ਨੂੰ ਸਕੂਲੀ ਸਿੱਖਿਆ ਪ੍ਰਬੰਧ ਦਾ ਹਿੱਸਾ ਬਣਾ ਕੇ ਲੋਪ ਹੋਣ ਤੋਂ ਬਚਾ ਲਿਆ। ਕੀ ਕਦੇ ਪੰਜਾਬ ਸਰਕਾਰ ਜਾਂ ਸਾਡੇ ਰਾਜਸੀ ਨੇਤਾ ਪੰਜਾਬੀ ਭਾਸ਼ਾ ਨੂੰ ਅਜਿਹੀ ਸਰਪ੍ਰਸਤੀ ਦੇਣ ਬਾਰੇ ਸੋਚਣਗੇ?

ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬ ਦੀਆਂ ਕਈ ਹੋਰ ਸਾਹਿਤਕ ਤੇ ਸਭਿਆਚਾਰਕ ਜਥੇਬੰਦੀਆਂ ਛੇ ਦਹਾਕਿਆਂ ਤੋਂ ਮੰਗ ਕਰ ਰਹੀਆਂ ਹਨ ਕਿ ਪੰਜਾਬੀ ਭਾਸ਼ਾ ਨੂੰ ਉਚੇਰੀ ਸਿੱਖਿਆ ਦੇ ਪੱਧਰ ਤੱਕ ਸਿੱਖਿਆ ਦਾ ਮਾਧਿਅਮ ਬਣਾਇਆ ਜਾਵੇ। ਸਾਡਾ ਸਰਕਾਰੀ ਕੰਮ-ਕਾਜ ਤੇ ਪੱਤਰ-ਵਿਹਾਰ ਪੰਜਾਬੀ ਭਾਸ਼ਾ ਵਿਚ ਹੋਵੇ। ਪੰਜਾਬ ਰਾਜ-ਭਾਸ਼ਾ ਸੋਧ ਬਿੱਲ 2008 ਵਿਚ ਇਹ ਮੱਦ ਪਾਈ ਗਈ ਸੀ ਕਿ ਛੇ ਮਹੀਨਿਆਂ ਦੇ ਅੰਦਰ-ਅੰਦਰ ਹੇਠਲੀਆਂ ਅਦਾਲਤਾਂ ਦਾ ਕੰਮ ਪੰਜਾਬੀ ਭਾਸ਼ਾ ਵਿਚ ਕਰਨਾ ਸੁਨਿਸ਼ਚਿਤ ਕੀਤਾ ਜਾਵੇ ਪਰ ਇਸ ਵੱਲ ਪਹਿਲੀ ਪੁਲਾਂਘ ਵੀ ਨਹੀਂ ਪੁੱਟੀ ਗਈ। ਪਿਛਲੇ ਸੱਤ ਦਹਾਕਿਆਂ ਵਿਚ ਭਾਰਤ ਅੰਦਰ ਸਾਡੇ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਜਾ ਕੇ ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਦਾ ਭਾਸ਼ਾਈ ਸਾਮਰਾਜ ਮਜ਼ਬੂਤ ਹੋਇਆ ਹੈ। ਨਿਰਸੰਦੇਹ, ਅੰਗਰੇਜ਼ੀ ਕੌਮਾਂਤਰੀ ਸੰਪਰਕਾਂ ਦੀ ਭਾਸ਼ਾ ਹੈ। ਯੂ.ਐਨ.ਓ., ਨਾਟੋ, ਕੌਮਾਂਤਰੀ ਮੁਦਰਾ ਕੋਸ਼, ਵਿਸ਼ਵ ਬੈਂਕ ਅਤੇ ਵਰਲਡ ਟਰੇਡ ਸੈਂਟਰ ਵਰਗੀਆਂ ਕੌਮਾਂਤਰੀ/ਆਲਮੀ ਸੰਸਥਾਵਾਂ ਵਿਚ ਸੰਪਰਕ ਦੀ ਭਾਸ਼ਾ ਅੰਗਰੇਜ਼ੀ ਹੈ। ਅਜੋਕੇ ਤਕਨਾਲੋਜੀ ਤੇ ਸੂਚਨਾ ਕ੍ਰਾਂਤੀ ਦੇ ਦੌਰ ਵਿਚ ਇੰਟਰਨੈੱਟ, ਕੰਪਿਊਟਰ ਅਤੇ ਡਿਜੀਟਲ ਖੇਤਰ ਦੀ ਬਹੁਤ ਜਾਣਕਾਰੀ ਅੰਗਰੇਜ਼ੀ ਭਾਸ਼ਾ ਵਿਚ ਮੌਜੂਦ ਹੈ। ਸੰਸਾਰ ਪੱਧਰ ਉੱਤੇ ਭਾਵੇਂ ਅੰਗਰੇਜ਼ੀ ਬੋਲਣ/ਸਮਝਣ ਵਾਲੀ ਵਸੋਂ ਕੇਵਲ 8 ਫੀਸਦੀ ਹੈ ਪਰ ਸੰਸਾਰ ਭਰ ਦਾ 80 ਫੀਸਦੀ ਗਿਆਨ ਅੰਗਰੇਜ਼ੀ ਵਿਚ ਮੌਜੂਦ ਹੈ। ਵਿਸ਼ਵੀਕਰਨ ਦੇ ਅਜੋਕੇ ਵਰਤਾਰੇ ਨੇ ਅੰਗਰੇਜ਼ੀ ਭਾਸ਼ਾ ਦੇ ਸਾਮਰਾਜ ਨੂੰ ਹੋਰ ਮਜ਼ਬੂਤ ਕੀਤਾ ਹੈ; ਅੰਗਰੇਜ਼ੀ ਗਿਆਨ ਰੁਜ਼ਗਾਰ, ਕੌਮਾਂਤਰੀ ਸੰਪਰਕਾਂ, ਸੂਚਨਾਵਾਂ ਦੇ ਸੰਚਾਰ ਅਤੇ ਇੰਟਰਨੈੱਟ/ਡਿਜੀਟਲ ਦੀ ਮੁਢਲੀ ਭਾਸ਼ਾ ਵਜੋਂ ਉੱਭਰੀ ਹੈ। ਅਸੀਂ ਬਹੁ-ਭਾਸ਼ਾਈ ਗਿਆਨ ਦੇ ਵਿਰੋਧੀ ਨਹੀਂ ਅਤੇ ਅਜੋਕੇ ਆਲਮੀ ਪ੍ਰਸੰਗ ਵਿਚ ਅੰਗਰੇਜ਼ੀ ਭਾਸ਼ਾ ਜਾਂ ਬਹੁ-ਭਾਸ਼ਾਈ ਗਿਆਨ ਦੇ ਮਹੱਤਵ ਨੂੰ ਵੀ ਸਮਝਦੇ ਹਾਂ ਪਰ ਸਾਡੀ ਇਹ ਦ੍ਰਿੜ ਧਾਰਨਾ ਹੈ ਕਿ ਸਿੱਖਿਆ ਦਾ ਮਾਧਿਅਮ ਬੱਚੇ ਦੀ ਮਾਤ-ਭਾਸ਼ਾ

***(ਬਾਕੀ ਅਗਲੇ ਸਫੇ 'ਤੇ)***

## ਭਾਸ਼ਾਵਾਂ ਦਾ ਵਿਕਾਸ ਅਤੇ ਸਰਕਾਰ ਦੀ ਸਰਪ੍ਰਸਤੀ

***ਭਾਸ਼ਾਵਾਂ ਦੇ ਵਿਕਾਸ ਲਈ ਕਿਸੇ ਭਾਸ਼ਾ ਨੂੰ ਬੋਲਣ ਵਾਲੇ ਭਾਈਚਾਰੇ ਦਾ ਆਪਣੀ ਭਾਸ਼ਾਈ ਪਛਾਣ ਲਈ ਚੇਤਨ ਹੋਣਾ ਅਤੇ ਸਰਕਾਰ ਦੀ ਸਰਪ੍ਰਸਤੀ ਜ਼ਰੂਰੀ ਹੈ। ਉਦਾਹਰਨ ਵਜੋਂ ਇਜ਼ਰਾਈਲ ਆਪਣੀ ਸਾਰੀ ਸਿੱਖਿਆ ਆਪਣੀ ਭਾਸ਼ਾ ਹਿਬਰੂ ਵਿਚ ਦਿੰਦਾ ਹੈ। ਯੂਨੈਸਕੋ ਨੇ 2001 ਵਿਚ ਖਾਸੀ ਬੋਲੀ ਨੂੰ ਮਰਨਾਊ ਭਾਸ਼ਾ ਦਾ ਦਰਜਾ ਦੇ ਦਿੱਤਾ ਸੀ ਪਰ ਮਨੀਪੁਰ ਸਰਕਾਰ ਨੇ ਖਾਸੀ ਬੋਲੀ ਨੂੰ ਸਕੂਲੀ ਸਿੱਖਿਆ ਪ੍ਰਬੰਧ ਦਾ ਹਿੱਸਾ ਬਣਾ ਕੇ ਲੋਪ ਹੋਣ ਤੋਂ ਬਚਾ ਲਿਆ। ਕੀ ਕਦੇ ਪੰਜਾਬ ਸਰਕਾਰ ਜਾਂ ਸਾਡੇ ਰਾਜਸੀ ਨੇਤਾ ਪੰਜਾਬੀ ਭਾਸ਼ਾ ਨੂੰ ਅਜਿਹੀ ਸਰਪ੍ਰਸਤੀ ਦੇਣ ਬਾਰੇ ਸੋਚਣਗੇ?***

# ਨਿਜ਼ਾਮ ਹੈਦਰਾਬਾਦ: ਮਹਾਂ ਅਮੀਰ, ਮਹਾਂ ਕੰਜੂਸ, ਮਹਾਂ ਦਾਨੀ

**ਵੱਡੇ ਲੋਕਾਂ ਦੀਆਂ ਛੁਪੀਆਂ ਗੱਲਾਂ**

***ਹੈਦਰਾਬਾਦ ਦੇ ਨਿਜ਼ਾਮ ਉਸਮਾਨ ਅਲੀ ਖਾਨ ਬਹਾਦਰ ਫਤਿਹ ਜੰਗ ਆਸਫ ਜਾਹ (1886-1967) ਨਾਲ ਜੁੜੇ ਕਿੱਸੇ ਬੜੇ ਦਿਲਚਸਪ ਹਨ। ਇਸ ਲੇਖ ਵਿਚ ਪ੍ਰੋ. ਬਸੰਤ ਸਿੰਘ ਬਰਾੜ ਨੇ ਇਨ੍ਹਾਂ ਕਿੱਸਿਆਂ ਵਿਚੋਂ ਕੁਝ ਇਕ ਦਾ ਜ਼ਿਕਰ ਕੀਤਾ ਹੈ। ਨਿਜ਼ਾਮ, ਭਾਰਤ ਦੀ ਆਜ਼ਾਦੀ ਮੌਕੇ ਆਪਣੀ ਰਿਆਸਤ ਨੂੰ ਆਜ਼ਾਦ ਰੱਖਣ ਦਾ ਚਾਹਵਾਨ ਸੀ; ਫਿਰ ਉਸ ਨੇ ਪਾਕਿਸਤਾਨ ਨਾਲ ਜਾਣ ਦਾ ਮਨ ਵੀ ਬਣਾਇਆ ਪਰ ਆਖਰਕਾਰ ਭਾਰਤ ਦੀ ਸਰਕਾਰ ਨੇ ਉਸ ਦੀ ਰਿਆਸਤ ਨੂੰ ਜਬਰੀ ਆਪਣੇ ਨਾਲ ਮਿਲਾ ਲਿਆ। ਉਂਜ, ਇਸ ਤੋਂ ਬਾਅਦ ਉਹ ਪੂਰਨ ਰੂਪ ਵਿਚ ਦੇਸ਼ਭਗਤ ਸਾਬਤ ਹੋਇਆ।***

ਆਜ਼ਾਦੀ ਮਿਲਣ ਵੇਲੇ ਭਾਰਤ ਦੀਆਂ ਰਿਆਸਤਾਂ ਵਿਚੋਂ ਹੈਦਰਾਬਾਦ ਸਭ ਤੋਂ ਵੱਡੀ ਰਿਆਸਤ ਸੀ ਅਤੇ ਇੱਥੋਂ ਦਾ ਨਿਜ਼ਾਮ ਉਸਮਾਨ ਅਲੀ ਖਾਨ ਬਹਾਦਰ ਫਤਿਹ ਜੰਗ ਆਸਫ ਜਾਹ (1886-1967) ਦੇਸ਼ ਵਿਚ ਸਭ ਤੋਂ ਅਮੀਰ ਸੀ। ਫਰਵਰੀ 1937 ਦੇ 'ਟਾਈਮ' ਮੈਗਜ਼ੀਨ ਦੇ ਅੰਕ ਵਿਚ ਉਸ ਨੂੰ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਐਲਾਨਿਆ ਗਿਆ ਸੀ ਪਰ ਉਹ ਅਤਿਅੰਤ ਕੰਜੂਸ ਸੀ। ਉਸ ਨੇ ਇਕ ਟੋਪੀ ਅਤੇ ਕੰਬਲ ਨਾਲ ਸਾਰੀ ਉਮਰ ਲੰਘਾ ਦਿੱਤੀ ਸੀ। ਉਸ ਨੇ ਕਦੇ ਛੁਰੀ ਕਾਂਟੇ ਜਾਂ ਚਮਚੇ ਵੀ ਨਹੀਂ ਵਰਤੇ ਸਨ। ਹਰ ਚੀਜ਼ ਹੱਥਾਂ ਨਾਲ ਖਾਂਦਾ ਸੀ। ਸ਼ੋਰਬਾ ਵੀ ਉਂਗਲਾਂ ਨਾਲ ਚੱਟਦਾ ਸੀ। ਉਸ ਦੇ ਪੂਰਵਜ ਮੁਗਲ ਖਾਨਦਾਨ ਨਾਲ ਸੰਬੰਧ ਰਖਦੇ ਸਨ ਅਤੇ ਉਸ ਨੇ 1911 ਤੋਂ 1948 ਤੱਕ ਸਖਤੀ ਨਾਲ ਰਾਜ ਕੀਤਾ। ਉਹ ਪ੍ਰਭਾਤ ਹੋਣ ਤੋਂ ਪਹਿਲਾਂ ਉੱਠ ਪੈਂਦਾ ਸੀ। ਉਸ ਨੂੰ ਸਾਜ਼ਾਂ ਦੀ ਮਧੁਰ ਆਵਾਜ਼ ਨਾਲ ਗੀਤ ਗਾ ਕੇ ਜਗਾਇਆ ਜਾਂਦਾ ਸੀ। ਆਪਣੇ ਧਰਮ ਦਾ ਪੱਕਾ ਸ਼ਰਧਾਵਾਨ ਹੋਣ ਕਰਕੇ ਉਹ ਫਰਸ਼ ਉੱਤੇ ਆਪਣੀ ਚਟਾਈ ਵਿਛਾਉਂਦਾ, ਮੱਕੇ ਵੱਲ ਮੂੰਹ ਕਰਦਾ ਅਤੇ ਨਮਾਜ਼ ਪੜ੍ਹਦਾ। ਉਸ ਦੀ 80 ਫੀਸਦੀ ਪਰਜਾ ਹਿੰਦੂ ਸੀ ਪਰ ਉਹ ਉਨ੍ਹਾਂ ਦੇ ਧਰਮ ਵਿਚ ਦਖਲ ਨਹੀਂ



**ਪ੍ਰੋ. ਬਸੰਤ ਸਿੰਘ ਬਰਾੜ**
**ਫੋਨ: +91-98149-41214**

ਦਿੰਦਾ ਸੀ। ਵੈਸੇ ਫੌਜ ਅਤੇ ਸਰਕਾਰੀ ਨੌਕਰੀਆਂ ਵਿਚ ਜ਼ਿਆਦਾਤਰ ਮੁਸਲਮਾਨ ਹੀ ਭਰਤੀ ਕੀਤੇ ਜਾਂਦੇ ਸਨ।

ਉਸ ਦੇ ਮਹਿਲ ਵਿਚ ਬਹੁਤ ਸਾਰੇ ਨੌਕਰ-ਚਾਕਰ ਸਨ। ਚਾਰ ਨੌਕਰ ਉਸ ਨੂੰ ਸਿਰਫ ਪੁਸ਼ਾਕ ਪਹਿਨਾਉਣ ਲਈ ਰੱਖੇ ਹੋਏ ਸਨ। ਹਰ ਇਕ ਦਾ ਕੰਮ ਉਸ ਨੂੰ ਵੱਖ-ਵੱਖ ਕੱਪੜੇ ਪਹਿਨਾਉਣਾ ਹੁੰਦਾ ਸੀ। ਜਿਹੜਾ ਉਸ ਨੂੰ ਪਤਲੂਣ ਪਹਿਨਾਉਂਦਾ ਸੀ, ਉਹ ਹੋਰ ਕੋਈ ਕੰਮ ਨਹੀਂ ਕਰਦਾ ਸੀ। ਜੇ ਉਸ ਨੂੰ ਕਮੀਜ਼ ਪਹਿਨਾਉਣ ਲਈ ਕਿਹਾ ਜਾਂਦਾ ਤਾਂ ਉਹ ਆਪਣੀ ਹਤਕ ਸਮਝਦਾ। ਹਰ ਇਕ 'ਸਪੈਸ਼ਲਿਸਟ' ਆਪਣਾ ਕੰਮ ਕਰ ਕੇ ਅਗਲੇ ਦਿਨ ਤੱਕ ਵਿਹਲਾ ਰਹਿੰਦਾ।

ਹੋਰ ਮਹਾਰਾਜਿਆਂ ਵਾਂਗ ਨਿਜ਼ਾਮ ਕੋਲ ਬੇਹੱਦ ਤਾਕਤ ਸੀ। ਆਪਣੀ ਡੇਢ ਕਰੋੜ ਪਰਜਾ ਵਿਚੋਂ ਉਹ ਕਿਸੇ ਦੀ ਵੀ ਜ਼ਿੰਦਗੀ ਜਾਂ ਮੌਤ ਦਾ ਫੈਸਲਾ ਕਰ ਸਕਦਾ ਸੀ। ਇਸ ਲਈ ਜਦੋਂ ਉਸ ਦੀ ਸਵਾਰੀ ਲੰਘਦੀ ਸੀ ਤਾਂ ਸਾਰੇ ਲੋਕ ਲੰਮੇ ਪੈ ਜਾਂਦੇ ਸਨ।

ਇਸ ਨੂੰ ਕੰਜੂਸੀ ਕਹੀਏ ਜਾਂ ਮਨਮਰਜ਼ੀ ਪਰ ਨਹਾਉਣ ਲਈ ਉਹ ਕਦੇ ਸਾਬਣ ਨਹੀਂ ਵਰਤਦਾ ਸੀ। ਇਸ ਦੀ ਥਾਂ ਉਹ ਇਕ ਦਰਖਤ ਦਾ ਪੀਸਿਆ ਹੋਇਆ ਛਿਲਕਾ ਵਰਤਦਾ ਸੀ। ਜਾਗਣ ਤੋਂ ਕੋਈ ਚਾਰ ਘੰਟੇ ਬਾਅਦ ਉਹ ਨਾਸ਼ਤਾ ਕਰਦਾ ਸੀ ਅਤੇ ਫਿਰ ਦੁਪਹਿਰ ਦਾ ਖਾਣਾ ਨਹੀਂ ਖਾਂਦਾ ਸੀ। ਉਹ ਚਾਹ ਜਾਂ ਕਾਫੀ ਬਿਲਕੁਲ ਨਹੀਂ ਪੀਂਦਾ ਸੀ। ਸੋਨੇ ਦੀਆਂ ਪਲੇਟਾਂ ਵਿਚ ਖਾਣਾ ਖਾਂਦਾ ਸੀ ਪਰ ਖਾਣਾ ਸਾਧਾਰਨ ਹੁੰਦਾ ਸੀ: ਦਰਜਨ ਭਰ ਮਸਾਲੇਦਾਰ ਸੂਪ, ਵੱਖ-ਵੱਖ ਤਰ੍ਹਾਂ ਤਿਆਰ ਕੀਤੇ ਆਂਡੇ ਅਤੇ ਜੰਗਲੀ ਜਾਨਵਰਾਂ ਦੇ ਮਾਸ ਦੇ ਪਕਵਾਨ।

ਆਮ ਤੌਰ 'ਤੇ ਉਹ ਸੋਨੇ ਦੀ ਕਢਾਈ ਵਾਲਾ ਰੇਸ਼ਮੀ ਕੋਟ ਪਹਿਨਦਾ ਸੀ ਅਤੇ ਉਸ ਦੇ ਗਲ ਵਿਚ ਹੀਰੇ-ਜਵਾਹਰਾਤ ਦੀਆਂ ਲੜੀਆਂ ਹੁੰਦੀਆਂ ਸਨ ਪਰ ਕਈ ਵਾਰ ਉਹ ਕਾਲਾ, ਤੇਲ ਨਾਲ ਥਿੰਦਾ ਹੋਇਆ ਕੋਟ ਪਹਿਨ ਕੇ ਵੀ ਲੋਕਾਂ ਵਿਚਕਾਰ ਘੁੰਮਦਾ ਰਹਿੰਦਾ ਸੀ। ਇਕ ਮਸ਼ਹੂਰ ਹੱਜਾਮ ਦਾ ਕੰਮ ਨਿਜ਼ਾਮ ਦੇ ਵਾਲ ਸੰਵਾਰਨਾ ਹੁੰਦਾ ਸੀ। ਫਿਰ ਵੀ ਕਈ ਵਾਰ ਉਹ ਵਾਲ ਵਾਹੇ ਬਗੈਰ ਅਤੇ ਹਜਾਮਤ ਕਰਾਏ ਬਗੈਰ ਹੀ ਬਾਹਰ ਖਿਸਕ ਜਾਂਦਾ ਸੀ।

ਨਿਜ਼ਾਮ ਦੇ ਮੇਜ਼, ਕੁਰਸੀਆਂ, ਪਲੰਘ, ਬੱਘੀਆਂ ਆਦਿ ਸ਼ੁੱਧ ਸੋਨੇ ਦੇ ਬਣੇ ਹੋਏ ਸਨ ਪਰ ਉਹ ਆਪ ਸਾਧਾਰਨ ਚਾਰਪਾਈ 'ਤੇ ਸੌਂਦਾ ਸੀ। ਕੁਝ ਤੋਪਾਂ ਵੀ ਨਿਰੋਲ ਸੋਨੇ ਦੀਆਂ ਬਣੀਆਂ ਹੋਈਆਂ ਸਨ ਅਤੇ ਉਨ੍ਹਾਂ ਉੱਤੇ ਹੀਰੇ ਤੇ ਲਾਲ ਜੜੇ ਹੋਏ ਸਨ। ਬਹੁਤ ਨਰਮ ਹੋਣ ਕਰਕੇ ਸੋਨੇ ਦੀਆਂ ਤੋਪਾਂ ਚਲਾਈਆਂ ਨਹੀਂ ਜਾ ਸਕਦੀਆਂ ਸਨ ਪਰ ਦੇਖਣ ਵਾਲਿਆਂ ਦੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ ਸਨ। ਨਿਜ਼ਾਮ ਕੋਲ ਹੀਰੇ-ਜਵਾਹਰਾਤ ਦਾ ਬਹੁਤ ਵੱਡਾ ਭੰਡਾਰ ਸੀ। 1995 ਵਿਚ ਭਾਰਤ ਸਰਕਾਰ ਨੇ ਇਹ ਆਪਣੇ ਕਬਜ਼ੇ ਵਿਚ ਲੈ ਲਏ ਅਤੇ 2001 ਵਿਚ ਆਮ ਜਨਤਾ ਨੂੰ ਦਿਖਾਉਣ ਲਈ ਪ੍ਰਦਰਸ਼ਨੀ ਲਗਾਈ ਗਈ। ਉਸ ਤੋਂ ਬਾਅਦ ਇਹ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.)ਦੇ ਤਹਿਖਾਨਿਆਂ ਵਿਚ ਸੰਭਾਲ ਦਿੱਤੇ ਗਏ।

ਉਸ ਨੇ ਇੰਨੀ ਦੌਲਤ ਆਖਰ ਕਿਥੋਂ ਪ੍ਰਾਪਤ ਕੀਤੀ? ਇਸ ਦਾ ਬਹੁਤ ਵੱਡਾ ਹਿੱਸਾ ਗੋਲਕੁੰਡਾ ਦੀ ਵਾਦੀ ਵਿਚੋਂ ਆਇਆ ਸੀ। ਇਹ ਸੰਸਾਰ ਦਾ ਸਭ ਤੋਂ ਵੱਧ ਹੀਰਿਆਂ ਨਾਲ ਭਰਿਆ ਇਲਾਕਾ ਹੈ। ਦੁਨੀਆ ਦੇ ਸਭ ਤੋਂ ਮਸ਼ਹੂਰ ਹੀਰੇ ਇੱਥੋਂ ਹੀ ਮਿਲੇ ਹਨ। ਕੋਹਿਨੂਰ, ਜਿਹੜਾ ਹੁਣ ਇੰਗਲੈਂਡ ਦੇ ਸ਼ਾਹੀ ਤਾਜ ਵਿਚ ਜੁੜਿਆ ਹੋਇਆ ਹੈ, ਇਥੋਂ ਹੀ ਮਿਲਿਆ ਸੀ। ਮੰਦਭਾਗਾ 'ਹੋਪ' ਹੀਰਾ ਜਿਸ ਬਾਰੇ ਵਹਿਮ ਹੈ ਕਿ ਉਸ ਦਾ ਮਾਲਕ ਮਰ ਜਾਂਦਾ ਹੈ, ਵੀ ਇਥੋਂ ਮਿਲਿਆ ਸੀ। ਇਸੇ ਤਰ੍ਹਾਂ ਬਹੁਤ ਵੱਡਾ 'ਉਰਲੇਵਾ' ਹੀਰਾ ਜੋ ਰੂਸ ਦੀ ਮਲਿਕਾ ਕੈਥਰੀਨ ਨੇ ਆਪਣੇ ਸ਼ਾਹੀ ਡੰਡੇ ਵਿਚ ਜੁੜਵਾਇਆ ਹੋਇਆ ਸੀ, ਇਥੋਂ ਹੀ ਲੱਭਿਆ ਸੀ। ਨਿਜ਼ਾਮ ਖੁਦ ਵੱਡਾ ਹੀਰਾ ਪੇਪਰਵੇਟ ਦੇ ਤੌਰ 'ਤੇ ਵਰਤਦਾ ਸੀ।



*ਨਿਜ਼ਾਮ ਉਸਮਾਨ ਅਲੀ ਖਾਨ ਦਾ ਇਕ ਚਿੱਤਰ।*

ਆਪਣੀ ਚਕਾਚੌਂਧ ਕਰ ਦੇਣ ਵਾਲੀ ਦੌਲਤ ਦੇ ਬਾਵਜੂਦ ਨਿਜ਼ਾਮ ਨੂੰ ਹੋਰ ਧਨ ਇਕੱਠਾ ਕਰਨ ਦੀ ਲਾਲਸਾ ਸੀ। ਉਹ ਬਹੁਤ ਸਾਰੀਆਂ ਦਾਅਵਤਾਂ ਦਿੰਦਾ ਅਤੇ ਬੁਲਾਏ ਗਏ ਮਹਿਮਾਨਾਂ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਉਹ ਕੁਝ ਰਕਮ ਤੋਹਫੇ ਵਜੋਂ ਦੇਣ। ਕਈ ਵਾਰ 500 ਤੱਕ ਮਹਿਮਾਨ ਹੁੰਦੇ ਸਨ ਅਤੇ ਕਾਫੀ ਪੈਸੇ ਇਕੱਠੇ ਹੋ ਜਾਂਦੇ ਸਨ। ਬਹੁਤ ਵਾਰ ਉਹ ਬਾਜ਼ਾਰ ਵਿਚੋਂ ਸਾਮਾਨ 'ਖਰੀਦਣ' ਜਾਂਦਾ। ਹਲਵਾਈਆਂ ਦੀਆਂ ਦੁਕਾਨਾਂ ਤੇ ਮਠਿਆਈਆਂ ਚੱਖ ਕੇ ਦੇਖਦਾ। ਬਹੁਤ ਸਾਰੀਆਂ ਪਸੰਦ ਆ ਜਾਂਦੀਆਂ। ਰਿਵਾਜ ਇਹ ਸੀ ਕਿ ਜਦੋਂ ਉਸ ਨੂੰ ਕੋਈ ਚੀਜ਼ ਪਸੰਦ ਆ ਜਾਂਦੀ ਤਾਂ ਉਹ ਉਸ ਨੂੰ ਮੁਫਤ ਭੇਜ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਜਦੋਂ ਉਹ ਵਾਪਸ ਜਾਂਦਾ ਸੀ ਤਾਂ ਨੌਕਰਾਂ ਦੀ ਫੌਜ ਨੇ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਭਰੀਆਂ ਟੋਕਰੀਆਂ ਚੁੱਕੀਆਂ ਹੁੰਦੀਆਂ ਸਨ। ਕਈ ਵਾਰ ਉਹ ਇਹ ਟੋਕਰੀਆਂ ਵੱਡੀ ਕੀਮਤ ਦੀ ਪਰਚੀ ਲਾ ਕੇ ਆਪਣੇ ਦੋਸਤਾਂ ਨੂੰ ਭੇਜ ਦਿੰਦਾ ਸੀ। ਨਿਜ਼ਾਮ ਤੋਂ ਤੋਹਫਾ ਲੈਣ ਲਈ ਉਨ੍ਹਾਂ ਨੂੰ ਭਾਰੀ ਕੀਮਤ ਚੁਕਾਉਣੀ ਪੈਂਦੀ ਸੀ।

ਇਕ ਵਾਰ ਨਿਜ਼ਾਮ ਨੇ ਐਲਾਨ ਕਰ ਦਿੱਤਾ ਕਿ ਉਹ ਆਪਣੀ ਸ਼ਾਇਰੀ ਦੀ ਕਿਤਾਬ ਛਪਵਾ ਰਿਹਾ ਹੈ। ਸਾਧਾਰਨ ਐਡੀਸ਼ਨ ਦੀ ਕੀਮਤ 80 ਰੁਪਏ ਅਤੇ ਸ਼ਾਹੀ ਐਡੀਸ਼ਨ ਦੀ ਕੀਮਤ 400 ਰੁਪਏ ਰੱਖੀ ਗਈ। ਇਸ ਕਿਤਾਬ ਦੀ ਧੜਾਧੜ ਬੁਕਿੰਗ ਹੋ ਗਈ, ਕਿਉਂਕਿ ਉਸ ਦੀ ਰਿਆਸਤ ਦੇ ਅਮੀਰ ਪਰਿਵਾਰਾਂ ਵਿਚੋਂ ਕਿਸੇ ਦੀ ਹਿੰਮਤ ਨਹੀਂ ਸੀ ਕਿ 'ਸ਼ਾਹੀ ਕਵੀ' ਦੀ ਕਿਤਾਬ ਨਾ ਖਰੀਦੇ। ਬਹੁਤ ਧਨ ਇਕੱਠਾ ਹੋ ਗਿਆ ਪਰ ਉਹ ਕਿਤਾਬ ਨਾ ਤਾਂ ਛਪ ਕੇ ਆਈ ਅਤੇ ਨਾ ਹੀ ਪੈਸੇ ਵਾਪਸ ਕੀਤੇ ਗਏ।

ਇਹ ਅਜੀਬ ਗੱਲ ਹੈ ਕਿ ਇਹ ਲਾਲਚੀ ਅਤੇ ਕੰਜੂਸ ਨਿਜ਼ਾਮ ਦਿਲ ਖੋਲ੍ਹ ਕੇ ਦਾਨ ਕਰਦਾ ਸੀ। ਬਨਾਰਸ ਹਿੰਦੂ ਯੂਨੀਵਰਸਿਟੀ ਨੂੰ ਉਸ ਨੇ ਇਕ ਲੱਖ ਰੁਪਏ ਦਾਨ ਦਿੱਤੇ ਸਨ ਅਤੇ ਉਸਮਾਨੀਆ ਯੂਨੀਵਰਸਿਟੀ ਉੱਤੇ ਬਹੁਤ ਦਿਲ ਖੋਲ੍ਹ ਕੇ ਖਰਚ ਕੀਤਾ ਸੀ। ਆਜ਼ਾਦੀ ਮਿਲਣ ਤੋਂ ਬਾਅਦ ਨਿਜ਼ਾਮ ਨੇ ਪਹਿਲਾਂ ਆਜ਼ਾਦ ਰਹਿਣ ਅਤੇ ਫਿਰ ਪਾਕਿਸਤਾਨ ਨਾਲ ਰਲਣ ਦਾ ਮਨ ਬਣਾ ਲਿਆ ਸੀ। ਪਾਕਿਸਤਾਨ ਕੋਲ ਉਸ ਸਮੇਂ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਜੋਗੇ ਪੈਸੇ ਵੀ ਨਹੀਂ ਸਨ। ਇਸ ਲਈ ਨਿਜ਼ਾਮ ਨੇ ਇੰਗਲੈਂਡ ਦੇ ਇਕ ਬੈਂਕ ਵਿਚ ਜਮ੍ਹਾਂ ਆਪਣੇ ਪੈਸਿਆਂ ਵਿਚੋਂ 1,07,940 ਪੌਂਡ ਅਤੇ 9 ਸ਼ਿਲਿੰਗ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਦੇਣ ਦੀ ਹਦਾਇਤ ਭੇਜ ਦਿੱਤੀ। ਭਾਰਤ ਦੇ ਇਤਰਾਜ਼ ਕਰਨ 'ਤੇ ਇਹ ਅਦਾਇਗੀ ਰੋਕ ਦਿੱਤੀ ਗਈ। 2019 ਤੱਕ ਇਹ ਰਕਮ ਵਿਆਜ ਸਹਿਤ 3 ਕਰੋੜ 50 ਲੱਖ ਪੌਂਡ ਹੋ ਗਈ ਸੀ। ਬਹੁਤ ਦੇਰ ਤੱਕ ਇਸ ਰਕਮ ਉੱਤੇ ਭਾਰਤ, ਪਾਕਿਸਤਾਨ ਅਤੇ ਨਿਜ਼ਾਮ ਦੇ ਵਾਰਿਸਾਂ ਵੱਲੋਂ ਹੱਕ ਜਤਾਉਣ ਕਰਕੇ ਬਰਤਾਨਵੀ ਅਦਾਲਤਾਂ ਵਿਚ ਮੁਕੱਦਮੇ ਚਲਦੇ ਰਹੇ। ਆਖਰ ਅਕਤੂਬਰ 2019 ਵਿਚ ਇਸ ਝਗੜੇ ਬਾਰੇ ਅਦਾਲਤੀ ਫੈਸਲਾ ਹੋ ਗਿਆ। ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦੇ ਦਾਅਵੇ ਰੱਦ ਹੋ ਗਏ ਅਤੇ ਸਾਰੀ ਰਕਮ ਨਿਜ਼ਾਮ ਦੇ 149 ਬੱਚਿਆਂ ਵਿਚੋਂ 120 ਵਾਰਿਸਾਂ ਵਿਚ ਵੰਡਣ ਦਾ ਹੁਕਮ ਹੋ ਗਿਆ।

'ਓਪਰੇਸ਼ਨ ਪੋਲੋ' (ਪੁਲਿਸ ਐਕਸ਼ਨ) ਕਰ ਕੇ ਜਦ ਹੈਦਰਾਬਾਦ ਰਿਆਸਤ ਭਾਰਤ ਵਿਚ ਮਿਲਾ ਲਈ ਗਈ ਤਾਂ ਨਿਜ਼ਾਮ ਪੱਕਾ ਦੇਸਭਗਤ ਸਿੱਧ ਹੋਇਆ। ਉਸ ਨੇ ਹਰ ਖੇਤਰ ਵਿਚ ਦਿਲ ਖੋਲ੍ਹ ਕੇ ਦਾਨ ਦਿੱਤਾ। ਵਿਨੋਬਾ ਭਾਵੇ ਦੇ ਭੂਦਾਨ ਅੰਦੋਲਨ ਵਿਚ ਉਸ ਨੇ ਆਪਣੀ ਜਾਇਦਾਦ ਵਿਚੋਂ 14,000 ਏਕੜ ਜ਼ਮੀਨ ਦਾਨ ਕੀਤੀ। 1965 ਦੀ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ ਜਦ ਚੀਨ ਵੱਲੋਂ ਹਮਲੇ ਦਾ ਖਤਰਾ ਪੈਦਾ ਹੋ ਗਿਆ ਤਾਂ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਆਮ ਲੋਕਾਂ ਤੋਂ ਇਲਾਵਾ ਭੂਤਪੂਰਵ ਰਾਜਿਆਂ ਮਹਾਰਾਜਿਆਂ ਤੋਂ ਵੀ ਆਰਥਿਕ ਯੋਗਦਾਨ ਪਾਉਣ ਦੀ ਮੰਗ ਕੀਤੀ। ਜਦੋਂ ਸ਼ਾਸਤਰੀ ਜੀ ਹੈਦਰਾਬਾਦ ਗਏ ਤਾਂ ਨਿਜ਼ਾਮ ਨੇ ਉਨ੍ਹਾਂ ਦਾ ਬਹੁਤ ਨਿੱਘਾ ਸਵਾਗਤ ਕੀਤਾ ਅਤੇ 5 ਟਨ ਸੋਨੇ ਦੇ ਭਰੇ ਟਰੰਕ ਉਨ੍ਹਾਂ ਦੇ ਹਵਾਈ ਜਹਾਜ਼ ਵਿਚ ਰਖਵਾ ਦਿੱਤੇ। ਦੇਸ਼ ਦੀ ਰੱਖਿਆ ਲਈ ਉਸ ਨੇ ਸਭ ਤੋਂ ਵੱਡਾ ਯੋਗਦਾਨ ਪਾਇਆ ਪਰ ਆਪਣੀਆਂ ਖਾਨਦਾਨੀ ਨਿਸ਼ਾਨੀਆਂ ਸੰਭਾਲ ਕੇ ਰੱਖਣ ਲਈ ਆਪਣੇ ਪੁਸ਼ਤੈਨੀ ਲੋਹੇ ਦੇ ਟਰੰਕ ਵਾਪਸ ਮੰਗਵਾ ਲਏ।

24 ਫਰਵਰੀ 1967 ਨੂੰ 81 ਸਾਲ ਦੀ ਉਮਰ ਵਿਚ ਉਸ ਦਾ ਦੇਹਾਂਤ ਹੋ ਗਿਆ। ਉਹ ਆਖਰੀ ਦਮ ਤੱਕ ਹਰਮਨਪਿਆਰਾ ਰਿਹਾ। ਸਸਕਾਰ ਸਮੇਂ ਮਾਤਮੀ ਜਲੂਸ ਵਿਚ ਸਭ ਧਰਮਾਂ ਦੇ ਦਸ ਲੱਖ ਲੋਕ ਸ਼ਾਮਲ ਹੋਏ ਜੋ ਰਿਕਾਰਡ ਹੈ। ਔਰਤਾਂ ਵੱਲੋਂ ਸਤਿਕਾਰ ਵਜੋਂ ਭੰਨੀਆਂ ਚੂੜੀਆਂ ਦੇ ਟੋਟਿਆਂ ਨਾਲ ਹੈਦਰਾਬਾਦ ਦੀਆਂ ਸੜਕਾਂ ਭਰ ਗਈਆਂ ਸਨ।

---

# ਪੰਜਾਬੀ ਭਾਸ਼ਾ: ਸਾਡੀ ਵਾਰੀ ਆਈ ਪਤੀਲਾ ਖੜਕੇ...

***(ਪਿਛਲੇ ਸਫੇ ਦੀ ਬਾਕੀ)***

ਹੀ ਹੋ ਸਕਦੀ ਹੈ। ਬਦਲੇ ਹੋਏ ਅਤੇ ਤੇਜ਼ੀ ਨਾਲ ਬਦਲ ਰਹੇ ਕੌਮਾਂਤਰੀ ਪ੍ਰਸੰਗ ਵਿਚ ਸਾਨੂੰ ਉੜੀਸਾ ਸਰਕਾਰ ਦੀ 'ਮਾਤ-ਭਾਸ਼ਾ 'ਤੇ ਆਧਾਰਿਤ ਬਹੁ-ਭਾਸ਼ਾਈ ਸਿੱਖਿਆ ਸਕੀਮ' ਧਿਆਨ ਵਿਚ ਰੱਖਣੀ ਚਾਹੀਦੀ ਹੈ ਜਿਸ ਅਨੁਸਾਰ ਬੱਚੇ ਦੇ ਘਰ ਅਤੇ ਸਕੂਲ ਦੀ ਭਾਸ਼ਾ ਵਿਚਲੇ ਪਾੜੇ ਨੂੰ ਘਟਾਇਆ ਜਾ ਸਕਦਾ ਹੈ।

ਭਾਰਤ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸਭਿਆਚਾਰੀ ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਹੈ। ਇਸ ਦਾ ਸੰਵਿਧਾਨ ਹਰ ਜਾਤੀ, ਧਰਮ ਸੰਪ੍ਰਦਾਇ, ਹਰ ਵਰਗ ਅਤੇ ਹਰ ਖਿੱਤੇ ਦੀ ਭਾਸ਼ਾ ਦੀ ਖੁਦਮੁਖਤਾਰੀ ਅਤੇ ਸਭਿਆਚਾਰਕ ਵਿਭਿੰਨਤਾ ਦੀ ਰਾਖੀ ਤੇ ਵਿਕਾਸ ਦੀ ਜ਼ਾਮਨੀ ਭਰਦਾ ਹੈ ਪਰ ਪਿਛਲੇ ਸੱਤ ਦਹਾਕਿਆਂ ਦੌਰਾਨ ਵੱਖ-ਵੱਖ ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਫਿਰਕੂ, ਨਸਲਵਾਦੀ, ਅਤੇ ਗੈਰ-ਵਿਗਿਆਨਕ ਭਾਸ਼ਾਈ ਤੇ ਸਭਿਆਚਾਰਕ ਨੀਤੀਆਂ ਕਾਰਨ ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿਚ ਤਿੱਖੇ ਭਾਸ਼ਾਈ ਵਿਵਾਦ ਸਾਹਮਣੇ ਆਏ ਹਨ। ਹਿੰਦੂਤਵ ਦੇ ਏਜੰਡੇ ਨੂੰ ਪ੍ਰਣਾਈ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ-2020 ਭਾਰਤ ਦੇ ਤਿੰਨ ਭਾਸ਼ਾਈ ਫਾਰਮੂਲੇ ਨੂੰ ਉਲੰਘ ਕੇ ਸੰਸਕ੍ਰਿਤ ਨੂੰ ਸਕੂਲੀ ਸਿੱਖਿਆ ਵਿਚ ਤੀਸਰੀ ਲਾਜ਼ਮੀ ਭਾਸ਼ਾ ਵਜੋਂ ਥੋਪਣਾ ਚਾਹੁੰਦੀ ਹੈ। ਜੇ ਬੱਚਾ ਹਿੰਦੀ ਅਤੇ ਅੰਗਰੇਜ਼ੀ (ਲਾਜ਼ਮੀ) ਭਾਸ਼ਾਵਾਂ ਦੇ ਨਾਲ-ਨਾਲ ਸੰਸਕ੍ਰਿਤ ਭਾਸ਼ਾ ਦੀ ਚੋਣ ਕਰੇਗਾ ਤਾਂ ਲਾਜ਼ਮੀ ਤੌਰ 'ਤੇ ਉਹ ਆਪਣੀ ਮਾਤ-ਭਾਸ਼ਾ ਜਾਂ ਸਥਾਨਕ ਭਾਸ਼ਾ ਦੇ ਗਿਆਨ ਤੋਂ ਵਾਂਝਾ ਰਹੇਗਾ। ਸੰਸਕ੍ਰਿਤ ਨੂੰ ਭਾਰਤ ਦੀ ਸਭ ਤੋਂ ਪੁਰਾਣੀ ਸਨਾਤਨੀ ਭਾਸ਼ਾ ਕਹਿਣਾ ਵਾਜਬ ਨਹੀਂ, ਤੱਥ ਤਾਂ ਇਹ ਹੈ ਕਿ ਭਾਰਤ ਦੀ ਸਭ ਤੋਂ ਪੁਰਾਣੀ ਸਨਾਤਨੀ ਭਾਸ਼ਾ ਤਾਮਿਲ ਹੈ। ਭਾਜਪਾ ਸਰਕਾਰ ਲਈ ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾਂ ਸਨਾਤਨ ਧਰਮ ਤੇ ਵੈਦਿਕ ਸਭਿਆਚਾਰ ਦੀਆਂ ਸੰਵਾਹਕ ਤੇ ਪ੍ਰਤੀਕ ਹਨ। ਮੌਜੂਦਾ ਸਰਕਾਰ ਦੀ ਭਾਸ਼ਾਵਾਂ ਬਾਰੇ ਪਹੁੰਚ ਫਿਰਕੂ, ਨਸਲਵਾਦੀ, ਤਰਕਹੀਣ, ਗੈਰ-ਵਿਗਿਆਨਕ ਅਤੇ ਹਾਸੋਹੀਣੀ ਹੈ। ਇੱਕ ਦੇਸ਼, ਇੱਕ ਕਾਨੂੰਨ ਤੇ ਇੱਕ ਭਾਸ਼ਾ (ਹਿੰਦੀ) ਦੇ ਵਿਕਾਸ ਦੀ ਗੱਲ ਕਰਨ ਵਾਲੀ ਮੋਦੀ ਸਰਕਾਰ ਵਿਸ਼ਵ ਬਾਜ਼ਾਰ ਅਤੇ ਨਿਊ-ਲਿਬਰਲਿਜ਼ਮ ਦੇ ਏਜੰਡੇ ਦੇ ਦਬਾਵਾਂ ਕਾਰਨ ਅੰਗਰੇਜ਼ੀ ਭਾਸ਼ਾ ਨੂੰ ਸਕੂਲੀ ਸਿੱਖਿਆ ਵਿਚ ਲਾਜ਼ਮੀ ਭਾਸ਼ਾ ਵਜੋਂ ਪੜ੍ਹਾਉਣ ਦੀ ਵਕਾਲਤ ਕਰਦੀ ਹੈ। ਸਵਦੇਸ਼ੀ ਅਤੇ ਸਨਾਤਨੀ ਵੈਦਿਕ ਸਭਿਆਚਾਰ ਦੀ ਵਕਾਲਤ ਕਰਨ ਵਾਲੀ ਮੋਦੀ ਸਰਕਾਰ ਦੀ ਭਾਸ਼ਾ ਨੀਤੀ ਵਿਚਾਰਧਾਰਕ ਪੱਖੋਂ ਫਿਰਕੂ, ਜਾਤੀਵਾਦੀ ਤੇ ਨਸਲਵਾਦੀ ਹੈ ਅਤੇ ਵਿਹਾਰਕ ਪੱਖੋਂ ਵਿਸ਼ਵ ਸਰਮਾਏਦਾਰੀ ਦੇ ਨਵੇਂ ਉਦਾਰਵਾਦੀ ਏਜੰਡੇ ਦੀ ਪੂਰਤੀ ਕਰਨ ਵਾਲੀ। ਨਵੀਂ ਕੌਮੀ ਸਿੱਖਿਆ ਨੀਤੀ-2020 ਵਿਚ ਸਮਾਜਕ ਵਿਗਿਆਨਾਂ, ਭਾਸ਼ਾਵਾਂ, ਸੂਖਮ ਕਲਾਵਾਂ ਆਦਿ ਦੀ ਸਿੱਖਿਆ ਦੀ ਥਾਂ ਕਿੱਤਾ ਮੁਖੀ ਸਿੱਖਿਆ ਉੱਪਰ ਜ਼ੋਰ ਦੇਣ ਦਾ ਮੂਲ ਮੰਤਵ ਅਜੋਕੇ ਕਾਰਪੋਰੇਟ ਸੰਸਾਰ ਤੇ ਵਿਸ਼ਵ ਬਾਜ਼ਾਰ ਲਈ ਤਕਨੀਕੀ ਤੇ ਕਸਬੀ ਮੁਹਾਰਤ ਵਾਲੇ ਕਾਮੇ ਪੈਦਾ ਕਰਨਾ ਹੈ, ਨਾ ਕਿ ਸੰਵੇਦਨਸ਼ੀਲ ਤੇ ਸਭਿਆਚਾਰਕ ਨਾਗਰਿਕ। ਮੌਜੂਦਾ ਚੋਣ ਦੰਗਲ ਵਿਚ ਰੁੱਝੇ ਪੰਜਾਬ ਦੇ ਰਾਜਸੀ ਨੇਤਾ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਦਰਪੇਸ਼ ਬੁਨਿਆਦੀ ਮਸਲਿਆਂ ਨੂੰ ਮੁਖਾਤਿਬ ਨਹੀਂ ਹੋ ਰਹੇ; ਖੱਬੀਆਂ ਪਾਰਟੀਆਂ ਤੇ ਕੁਝ ਕੁ ਗਿਣੇ-ਚੁਣੇ ਨੇਤਾਵਾਂ ਤੋਂ ਬਿਨਾਂ ਬਾਕੀਆਂ ਕੋਲ ਭਾਸ਼ਾਈ ਤੇ ਸਭਿਆਚਾਰਕ ਮੁੱਦਿਆਂ ਦੀ ਚੇਤਨਾ ਹੀ ਨਹੀਂ ਅਤੇ ਉਨ੍ਹਾਂ ਵਿਚ ਭਾਸ਼ਾਈ ਤੇ ਸਭਿਆਚਾਰਕ ਚੁਣੌਤੀਆਂ ਨੂੰ ਮੁਖਾਤਿਬ ਹੋਣ ਦੀ ਇੱਛਾ ਸ਼ਕਤੀ ਵੀ ਨਹੀਂ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਤੇ ਇਸ ਦੇ ਖੈਰ-ਖਵਾਹਾਂ ਦਾ ਇਹ ਫਰਜ਼ ਹੈ ਕਿ ਵੋਟਾਂ ਮੰਗਣ ਲਈ ਆਉਣ ਵਾਲੇ ਰਾਜਸੀ ਨੇਤਾਵਾਂ ਨੂੰ ਆਪਣੀ ਪਾਰਟੀ ਦੀ ਭਾਸ਼ਾ ਅਤੇ ਸਭਿਆਚਾਰ ਬਾਰੇ ਨੀਤੀ ਨੂੰ ਸਪਸ਼ਟ ਕਰਨ ਲਈ ਕਹਿਣ। ਜਿਹੜੀਆਂ ਸਿਆਸੀ ਪਾਰਟੀਆਂ ਆਪਣੇ ਚੋਣ ਮੈਨੀਫੈਸਟੋ ਵਿਚ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਪ੍ਰਚਾਰ-ਪਾਸਾਰ ਦੇ ਮੁੱਦੇ ਨੂੰ ਪ੍ਰਮੁੱਖਤਾ ਨਾਲ ਦਰਜ ਨਹੀਂ ਕਰਦੀਆਂ, ਉਨ੍ਹਾਂ ਉੱਪਰ ਦਬਾਉ ਪਾਇਆ ਜਾਵੇ। ਜੇਕਰ ਉਹ ਫਿਰ ਵੀ ਟੱਸ ਤੋਂ ਮੱਸ ਨਾ ਹੋਣ ਤਾਂ ਉਨ੍ਹਾਂ ਦਾ ਚੋਣਾਂ ਦੌਰਾਨ ਬਾਈਕਾਟ ਕੀਤਾ ਜਾਵੇ। ਪੰਜਾਬ ਦੀਆਂ ਸਾਹਿਤਕ-ਸਭਿਆਚਾਰਕ ਜਥੇਬੰਦੀਆਂ ਦੀ ਇਹ ਸਮਝ ਅਤੇ ਦ੍ਰਿੜ ਮਾਨਤਾ ਹੈ ਕਿ ਪੰਜਾਬੀ ਕੇਵਲ ਪ੍ਰਗਟਾਵੇ ਜਾਂ ਸੰਚਾਰ ਦਾ ਸਾਧਨ ਮਾਤਰ ਨਹੀਂ ਸਗੋਂ ਇਹ ਸਾਡੀ ਸਭਿਆਚਾਰਕ ਪਛਾਣ ਦਾ ਚਿੰਨ੍ਹ ਜਾਂ ਮੁੱਦਾ ਹੈ।

***ਸਵਦੇਸ਼ੀ ਅਤੇ ਸਨਾਤਨੀ ਵੈਦਿਕ ਸਭਿਆਚਾਰ ਦੀ ਵਕਾਲਤ ਕਰਨ ਵਾਲੀ ਮੋਦੀ ਸਰਕਾਰ ਦੀ ਭਾਸ਼ਾ ਨੀਤੀ ਵਿਚਾਰਧਾਰਕ ਪੱਖੋਂ ਫਿਰਕੂ, ਜਾਤੀਵਾਦੀ ਤੇ ਨਸਲਵਾਦੀ ਹੈ ਅਤੇ ਵਿਹਾਰ ਦੇ ਪੱਖ ਤੋਂ ਵਿਸ਼ਵ ਸਰਮਾਏਦਾਰੀ ਦੇ ਨਵੇਂ ਉਦਾਰਵਾਦੀ ਏਜੰਡੇ ਦੀ ਪੂਰਤੀ ਕਰਨ ਵਾਲੀ ਹੈ।***

# ਪਰਵੀਨ ਕੁਮਾਰ: ਕਲਾ ਅਤੇ ਖੇਡ-ਕਲਾ

## ਕਲਾ ਪਰਿਕਰਮਾ

ਪਰਵੀਨ ਕੁਮਾਰ ਦੇ ਤੁਰ ਜਾਣ ਨਾਲ ਭਾਰਤੀ ਅਥਲੈਟਿਕਸ ਦਾ ਥੰਮ੍ਹ ਡਿੱਗ ਗਿਆ। ਏਸ਼ਿਆਈ ਚੈਂਪੀਅਨ ਅਤੇ ਓਲੰਪੀਅਨ ਰਹੇ ਅਥਲੀਟ ਪਰਵੀਨ ਕੁਮਾਰ ਦਾ 74 ਵਰ੍ਹਿਆਂ ਦੀ ਉਮਰੇ 7 ਤੇ 8 ਫਰਵਰੀ ਦੀ ਦਰਮਿਆਨੀ ਰਾਤ ਨਵੀਂ ਦਿੱਲੀ ਵਿਚ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਉਸ ਦੇ ਪਰਿਵਾਰ ਵਿਚ ਪਤਨੀ, ਧੀ, ਜਵਾਈ ਅਤੇ ਦੋਹਤੀ ਹੈ। ਪਰਵੀਨ ਭਾਰਤੀ ਅਥਲੈਟਿਕਸ ਦੇ ਸੁਨਹਿਰੀ ਸਮੇਂ ਦੇ ਅਥਲੀਟਾਂ 'ਚੋਂ ਇਕ ਹੈ। ਆਜ਼ਾਦ ਭਾਰਤ ਦੇ ਪਹਿਲੇ ਤਿੰਨ ਦਹਾਕਿਆਂ ਦੇ ਸਮੇਂ ਵਿਚ ਗੁਰਬਚਨ ਸਿੰਘ ਰੰਧਾਵਾ, ਮਿਲਖਾ ਸਿੰਘ, ਪ੍ਰਦੁਮਣ ਸਿੰਘ, ਪਰਵੀਨ ਕੁਮਾਰ, ਮਹਿੰਦਰ ਸਿੰਘ ਗਿੱਲ, ਜੋਗਿੰਦਰ ਸਿੰਘ, ਕਮਲਜੀਤ ਸੰਧੂ ਦੀ ਅਥਲੈਟਿਕਸ ਵਿਚ ਤੂਤੀ ਬੋਲਦੀ ਸੀ। ਪੰਜਾਬ ਦੇ ਜਾਏ ਇਨ੍ਹਾਂ ਅਥਲੀਟਾਂ ਬਿਨਾਂ ਭਾਰਤੀ ਅਥਲੈਟਿਕਸ ਦੀ ਗੱਲ ਅਧੂਰੀ ਸੀ।

ਪਰਵੀਨ ਕੁਮਾਰ ਦੀ ਪ੍ਰਸਿੱਧੀ ਜਿੰਨੀ ਖਿਡਾਰੀ ਕਰਕੇ ਹੈ, ਓਨੀ ਹੀ ਮਹਾਭਾਰਤ ਵਿਚ ਨਿਭਾਏ ਭੀਮ ਦੇ ਕਿਰਦਾਰ ਕਰਕੇ ਹੈ। ਦੋਵੇਂ ਹੀ ਕਿਰਦਾਰਾਂ ਵਿਚ ਉਹ ਦਮਦਾਰ ਤੇ ਵਜ਼ਨਦਾਰ ਹੋ ਕੇ ਨਿਭਿਆ ਹੈ। ਅਥਲੈਟਿਕਸ ਦੇ ਡਿਸਕਸ ਤੇ ਹੈਮਰ ਥਰੋਅ ਈਵੈਂਟ ਵਿਚ ਏਸ਼ੀਆ ਅਤੇ ਰਾਸ਼ਟਰਮੰਡਲ ਖੇਡਾਂ ਦਾ ਜੇਤੂ ਬਣਿਆ। ਬੀ.ਐਸ.ਐਫ. 'ਚੋਂ ਡਿਪਟੀ ਕਮਾਂਡੈਂਟ ਰਿਟਾਇਰ ਹੋਇਆ। ਮਹਾਭਾਰਤ ਵਿਚ ਮਹਾਬਲੀ ਭੀਮ ਦੇ ਯਾਦਗਾਰੀ ਰੋਲ ਨਾਲ ਉਹ ਦੇਸ਼ ਵਿਚ ਤਾਕਤ ਤੇ ਸ਼ਕਤੀ ਦਾ ਮੁਜੱਸਮਾ ਬਣ ਗਿਆ। ਨਾ ਹੀ ਖੇਡਾਂ ਵਿਚ ਬਣਾਏ ਉਸ ਦੇ ਰਿਕਾਰਡ ਸੌਖੇ ਟੁੱਟੇ ਅਤੇ ਨਾ ਹੀ ਕਿਸੇ ਟੀ.ਵੀ. ਸੀਰੀਅਲ ਵਿਚ ਉਸ ਜਿੰਨੀ ਕਿਸੇ ਨੂੰ ਮਕਬੂਲੀਅਤ ਮਿਲੀ। ਸਵਾ ਛੇ ਫੁੱਟ ਕੱਦ ਅਤੇ ਸਵਾ ਕੁਇੰਟਲ ਭਾਰ ਵਾਲੇ ਪਰਵੀਨ ਨੂੰ ਦੇਖਦਿਆਂ ਹੀ ਭੁੱਖ ਲਹਿੰਦੀ ਸੀ। ਅੰਨ੍ਹੀ ਤਾਕਤ ਅਤੇ ਜ਼ੋਰ ਵਿਚ ਉਸ ਦਾ ਕੋਈ ਸਾਨੀ ਨਹੀਂ ਰਿਹਾ। ਪਰਵੀਨ ਵਰਗਾ ਅਥਲੀਟ ਭਾਵੇਂ ਵਿਰਲਾ ਹੀ ਜੰਮਦਾ ਹੈ ਪਰ ਟੈਲੀਵੀਜ਼ਨ ਦੇ ਦੌਰ ਵਿਚ ਮਹਾਭਾਰਤ ਸੀਰੀਅਲ ਦੇ ਭੀਮ ਦੇ ਕਿਰਦਾਰ ਨੇ ਉਸ ਦੀ ਪਛਾਣ ਮਹਾਨ ਖਿਡਾਰੀ ਨਾਲੋਂ ਵੱਡੇ ਅਦਾਕਾਰ ਦੀ ਵੱਧ ਬਣਾਈ। ਉਂਝ, ਉਹ ਆਪਣੇ ਆਪ ਨੂੰ ਪਹਿਲਾਂ ਅਥਲੀਟ ਤੇ ਫਿਰ ਅਦਾਕਾਰ ਕਹਾਉਣਾ ਪਸੰਦ ਕਰਦਾ ਸੀ।




**ਨਵਦੀਪ ਸਿੰਘ ਗਿੱਲ**
ਫੋਨ: +91-97800-36216

ਪਰਵੀਨ ਕੁਮਾਰ ਇਕ ਦਹਾਕਾ ਏਸ਼ੀਆ ਦਾ ਚੈਂਪੀਅਨ ਥਰੋਅਰ ਰਿਹਾ। 10 ਸਾਲ ਉਸ ਨੇ ਕਿਸੇ ਏਸ਼ੀਅਨ ਥਰੋਅਰ ਨੂੰ ਨੇੜੇ ਨਹੀਂ ਲੱਗਣ ਦਿੱਤਾ। ਡਿਸਕਸ ਅਤੇ ਹੈਮਰ ਥਰੋਅ ਦੋਵਾਂ ਵਿਚ ਹੀ ਲੋਹਾ ਮਨਵਾਇਆ। ਡਿਸਕਸ ਵਿਚ ਤਾਂ ਏਸ਼ੀਆ ਦਾ ਨਵਾਂ ਰਿਕਾਰਡ ਵੀ ਬਣਾਇਆ। ਵਿਸ਼ਵ ਚੈਂਪੀਅਨਸ਼ਿਪ ਵਿਚ ਏਸ਼ੀਆ ਦੀ ਕਪਤਾਨੀ ਕੀਤੀ ਅਤੇ ਏਸ਼ਿਆਈ ਖੇਡਾਂ ਵਿਚ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਰਿਹਾ। ਰਾਸ਼ਟਰਮੰਡਲ ਖੇਡਾਂ ਵਿਚ ਵੀ ਚਾਂਦੀ ਦਾ ਤਗਮਾ ਜਿੱਤਿਆ। ਦੋ ਵਾਰ ਓਲੰਪਿਕ ਖੇਡਾਂ (ਮੈਕਸੀਕੋ-1968 ਤੇ ਮਿਊਨਿਖ-1972) ਵਿਚ ਭਾਰਤ ਦੀ ਨੁਮਾਇੰਦਗੀ ਕੀਤੀ। ਪਰਵੀਨ ਦੇ ਸਮਿਆਂ ਵਿਚ ਕੋਚਿੰਗ ਤਕਨੀਕਾਂ ਅਤੇ ਸਹੂਲਤਾਂ ਦੀ ਬਹੁਤ ਘਾਟ ਸੀ। ਜੇ ਉਸ ਨੂੰ ਅੱਜ ਵਰਗੇ ਸਮਿਆਂ ਦੀਆਂ ਸਹੂਲਤਾਂ ਮਿਲੀਆਂ ਹੁੰਦੀਆਂ ਤਾਂ ਉਹ ਓਲੰਪਿਕ ਤੇ ਵਿਸ਼ਵ ਚੈਂਪੀਅਨਸ਼ਿਪ ਵਿਚ ਵੀ ਕੋਈ ਤਮਗਾ ਜ਼ਰੂਰ ਜਿੱਤਦਾ। ਖੇਡਾਂ ਵਿਚ ਪਰਵੀਨ ਦੀਆਂ ਪ੍ਰਾਪਤੀਆਂ ਹੋਰ ਵੀ ਵਧ ਸਕਦੀਆਂ ਸਨ ਪਰ ਉਸ ਨੂੰ ਰੀੜ੍ਹ ਦੀ ਹੱਡੀ ਦੀ ਤਕਲੀਫ ਨੇ ਰੋਕ ਦਿੱਤਾ। ਡਿਸਕਸ ਸੁੱਟਣ ਵਿਚ 15 ਸਾਲ ਕੌਮੀ ਰਿਕਾਰਡ ਹੋਲਡਰ ਰਿਹਾ। ਭਾਰਤ ਸਰਕਾਰ ਨੇ ਪਰਵੀਨ ਨੂੰ ਅਰਜੁਨਾ ਐਵਾਰਡ ਅਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆ।



ਪਰਵੀਨ ਕੁਮਾਰ



ਚੜ੍ਹਦੀ ਉਮਰੇ ਪਰਵੀਨ ਕੁਮਾਰ।

ਪਰਵੀਨ ਕੁਮਾਰ ਸੋਬਤੀ ਦਾ ਜਨਮ 6 ਸਤੰਬਰ 1947 ਨੂੰ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਸਰਹਾਲੀ (ਉਦੋਂ ਅੰਮ੍ਰਿਤਸਰ ਜ਼ਿਲ੍ਹਾ) ਵਿਚ ਪੰਜਾਬ ਪੁਲਿਸ ਵਿਚ ਥਾਣੇਦਾਰ ਰਿਟਾਇਰ ਹੋਏ ਕੁਲਵੰਤ ਰਾਏ ਅਤੇ ਸੁਮਿੱਤਰਾ ਦੇਵੀ ਦੇ ਘਰ ਹੋਇਆ। ਪਰਵੀਨ ਬਚਪਨ ਤੋਂ ਹੀ ਚੰਗੇ ਕੱਦ-ਕਾਠ ਵਾਲਾ ਸੀ। ਖਾਣ-ਪੀਣ ਘਰ ਵਿਚ ਖੁੱਲ੍ਹਾ ਸੀ ਜਿਸ ਕਰਕੇ ਖੇਡਾਂ ਵੱਲ ਝੁਕਾਅ ਸੁਭਾਵਕ ਸੀ। ਸ਼ੁਰੂਆਤ ਵਿਚ ਉਸ ਨੂੰ ਸਰੀਰ ਬਣਾਉਣ ਤੇ ਭਾਰ ਚੁੱਕਣ ਦਾ ਸ਼ੌਕ ਸੀ ਜਿਸ ਲਈ ਮੁੱਢਲੇ ਸਮੇਂ ਵਿਚ ਉਸ ਦਾ ਰੁਝਾਨ ਬਾਡੀ ਬਿਲਡਿੰਗ ਅਤੇ ਵੇਟਲਿਫਟਿੰਗ ਵੱਲ ਸੀ। ਉਸ ਵੇਲੇ ਜੀ.ਜੀ.ਐਸ. ਖਾਲਸਾ ਹਾਇਰ ਸੈਕੰਡਰੀ ਸਕੂਲ ਸਰਹਾਲੀ ਦੇ ਮੁੱਖ ਅਧਿਆਪਕ ਹਰਬੰਸ ਸਿੰਘ ਗਿੱਲ ਨੇ ਪਰਵੀਨ ਦੇ ਕੱਦ-ਕਾਠ ਨੂੰ ਦੇਖਦਿਆਂ ਡਿਸਕਸ ਅਤੇ ਗੋਲਾ ਸੁੱਟਣ ਨੂੰ ਕਿਹਾ। ਉਦੋਂ ਉਸ ਨੂੰ ਦੋਵੇਂ ਈਵੈਂਟਾਂ ਬਾਰੇ ਕੁਝ ਨਹੀਂ ਪਤਾ ਸੀ। ਅੱਠਵੀਂ ਪੜ੍ਹਦਿਆਂ ਸਕੂਲ ਦੀ ਹਾਕੀ ਟੀਮ ਦੀ ਜਿੱਤ ਤੋਂ ਬਾਅਦ ਹੋਏ ਸਵਾਗਤ ਨਾਲ ਪਰਵੀਨ ਨੂੰ ਪ੍ਰੇਰਨਾ ਮਿਲੀ। ਪਰਵੀਨ ਨੇ ਸਵੱਖਤੇ ਚਾਰ ਵਜੇ ਉਠ ਕੇ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ। ਉਸ ਵੇਲੇ ਉਹ ਆਪਣੀ ਵਰਜਿਸ਼ ਘਰ ਵਿਚ ਆਟਾ ਪੀਹਣ ਵਾਲੀ ਚੱਕੀ ਦੇ ਪੁੜਾਂ ਨੂੰ ਚੁੱਕ ਕੇ ਕਰਦਾ ਹੁੰਦਾ ਸੀ। ਕਬੱਡੀ ਖੇਡਣੀ, ਅਖਾੜੇ ਵਿਚ ਘੋਲ ਕਰਨੇ ਅਤੇ ਰੱਸੇ ਨਾਲ ਜ਼ੋਰ ਅਜ਼ਮਾਇਸ਼ ਕਰਨੀ। ਕਦੇ-ਕਦੇ ਗੁੱਲੀ-ਡੰਡਾ ਖੇਡਣ ਲੱਗ ਜਾਂਦਾ।

ਪਰਵੀਨ ਨੇ ਪਹਿਲੀ ਵਾਰ 1962-63 ਨੂੰ ਅਹਿਮਦਾਬਾਦ ਦੀਆਂ ਕੌਮੀ ਸਕੂਲ ਖੇਡਾਂ 'ਚ ਡਿਸਕਸ ਥਰੋਅ 'ਚ ਸੋਨ ਤਗਮਾ ਜਿੱਤਿਆ। ਫਿਰ ਕਲਕੱਤਾ ਵਿਚ ਜੂਨੀਅਰ ਨੈਸ਼ਨਲ ਮੁਕਾਬਲੇ ਵਿਚ ਸੋਨ ਤਮਗਾ ਜਿੱਤਿਆ। ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਦਿਆਂ ਉਹ ਆਲ ਇੰਡੀਆ ਇੰਟਰ-ਵਰਸਿਟੀ ਚੈਂਪੀਅਨ ਬਣਿਆ। ਨਿੱਕੇ ਪਰਵੀਨ ਨੇ ਵੱਡਿਆਂ ਦੇ ਮੁਕਾਬਲੇ ਵਿਚ ਕਾਂਸੀ ਦਾ ਤਮਗਾ ਜਿੱਤ ਕੇ ਕੌਮੀ ਪੱਧਰ 'ਤੇ ਆਪਣੀ ਦਸਤਕ ਦੇ ਦਿੱਤੀ। ਫਿਰ ਉਸ ਦੀ ਚੋਣ ਸੋਵੀਅਤ ਸੰਘ ਖਿਲਾਫ ਅਥਲੈਟਿਕਸ ਮੀਟ ਵਿਚ ਭਾਰਤੀ ਟੀਮ 'ਚ ਹੋ ਗਈ ਜਿੱਥੇ ਉਸ ਨੇ ਹੈਮਰ ਥਰੋਅ ਦਾ ਨਵਾਂ ਕੌਮੀ ਰਿਕਾਰਡ ਰੱਖਿਆ। ਉਸ ਤੋਂ ਬਾਅਦ ਉਸ ਨੇ 15 ਸਾਲ ਪਿੱਛੇ ਮੁੜ ਕੇ ਨਹੀਂ ਦੇਖਿਆ। 1965 ਤੋਂ 1980 ਤੱਕ ਤਾਂ ਉਹ ਡਿਸਕਸ ਥਰੋਅ ਦਾ ਕੌਮੀ ਰਿਕਾਰਡ ਹੋਲਡਰ ਰਿਹਾ। ਉਸ ਨੇ ਕੌਮੀ ਪੱਧਰ ਦੇ ਮੁਕਾਬਲਿਆਂ ਵਿਚ ਢੇਰਾਂ ਤਗਮੇ ਜਿੱਤੇ। 1971, 1972, 1974, 1977, 1978 ਤੇ 1979 ਦੀਆਂ ਨੈਸ਼ਨਲ ਮੀਟਸ ਵਿਚ ਉਹ ਦੋਵੇਂ ਈਵੈਂਟਸ ਦਾ ਚੈਂਪੀਅਨ ਬਣਦਾ ਰਿਹਾ।

1966 ਵਿਚ ਕਿੰਗਸਟਨ ਰਾਸ਼ਟਰਮੰਡਲ ਖੇਡਾਂ, ਜਿਸ ਨੂੰ ਉਸ ਵੇਲੇ ਬ੍ਰਿਟਿਸ਼ ਅੰਪਾਇਰ ਅਤੇ ਰਾਸ਼ਟਰਮੰਡਲ ਖੇਡਾਂ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਵਿਚ ਪਰਵੀਨ ਨੇ 60.12 ਮੀਟਰ ਹੈਮਰ ਸੁੱਟ ਕੇ ਚਾਂਦੀ ਦਾ ਤਗਮਾ ਜਿੱਤਿਆ। ਮਿਲਖਾ ਸਿੰਘ ਤੋਂ ਬਾਅਦ ਉਹ ਦੇਸ਼ ਦਾ ਦੂਜਾ ਅਥਲੀਟ ਸੀ ਜਿਸ ਨੇ ਰਾਸ਼ਟਰਮੰਡਲ ਖੇਡਾਂ ਦੇ ਅਥਲੈਟਿਕਸ ਮੁਕਾਬਲਿਆਂ ਵਿਚ ਕੋਈ ਤਮਗਾ ਜਿੱਤਿਆ ਹੋਵੇ। 1966 ਵਿਚ ਹੀ ਬੈਂਕਾਕ ਏਸ਼ਿਆਈ ਖੇਡਾਂ ਵਿਚ ਪਰਵੀਨ ਨੇ ਡਿਸਕਸ ਵਿਚ ਨਵਾਂ ਏਸ਼ਿਆਈ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗਾ ਅਤੇ ਹੈਮਰ ਥਰੋਅ ਵਿਚ 57.18 ਮੀਟਰ ਦੀ ਥਰੋਅ ਨਾਲ ਉਸ ਨੇ ਕਾਂਸੀ ਦਾ ਤਮਗਾ ਜਿੱਤਿਆ। 1967 ਵਿਚ ਕੋਲੰਬੋ 'ਚ ਹੋਈ ਇੰਟਰਨੈਸ਼ਨਲ ਮੀਟ ਵਿਚ ਉਸ ਨੇ ਡਿਸਕਸ ਤੇ ਹੈਮਰ ਦੋਵਾਂ ਈਵੈਂਟਸ ਵਿਚ ਸੋਨੇ ਦਾ ਤਗਮਾ ਜਿੱਤਿਆ। 1970 'ਚ ਬੈਂਕਾਕ ਵਿਚ ਹੋਈਆਂ ਏਸ਼ਿਆਈ ਖੇਡਾਂ 'ਚ ਉਹ ਦੂਜੀ ਵਾਰ ਡਿਸਕਸ ਥਰੋਅ ਦਾ ਚੈਂਪੀਅਨ ਬਣਿਆ। ਉਥੇ ਉਸ ਨੇ 52.38 ਮੀਟਰ ਦੀ ਥਰੋਅ ਨਾਲ ਸੋਨੇ ਦਾ ਤਮਗਾ ਜਿੱਤਿਆ। ਪਰਵੀਨ ਨੇ 1973 ਵਿਚ ਮਨੀਲਾ 'ਚ ਹੋਈ ਏਸ਼ੀਅਨ ਚੈਂਪੀਅਨਸ਼ਿਪ 'ਚ ਚਾਂਦੀ ਦਾ ਤਗਮਾ ਜਿੱਤਿਆ। 1974 ਵਿਚ ਤਹਿਰਾਨ 'ਚ ਹੋਈਆਂ ਏਸ਼ਿਆਈ ਖੇਡਾਂ 'ਚ ਪਰਵੀਨ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਸੀ। ਇੱਥੇ ਉਸ ਨੇ ਡਿਸਕਸ ਥਰੋਅ 'ਚ 53.64 ਮੀਟਰ ਦੀ ਥਰੋਅ ਨਾਲ ਚਾਂਦੀ ਦਾ ਤਮਗਾ ਜਿੱਤਿਆ। ਪਰਵੀਨ ਨੇ 1975 ਵਿਚ ਏਸ਼ੀਅਨ ਚੈਂਪੀਅਨਸ਼ਿਪ ਵਿਚ ਸੋਨੇ ਦਾ ਤਮਗਾ ਜਿੱਤਿਆ। 1977 ਵਿਚ ਬਰਲਿਨ 'ਚ ਹੋਏ ਵਿਸ਼ਵ ਕੱਪ ਮੁਕਾਬਲੇ 'ਚ ਪਰਵੀਨ ਨੇ ਏਸ਼ੀਆ ਦੀ ਅਥਲੈਟਿਕਸ ਟੀਮ ਦੀ ਕਪਤਾਨੀ ਕੀਤੀ ਜਿੱਥੇ ਉਸ ਨੇ ਚੌਥਾ ਸਥਾਨ ਹਾਸਲ ਕੀਤਾ। 1977 ਵਿਚ ਸਕਾਟਲੈਂਡ 'ਚ ਹੋਈ ਇੰਟਰਨੈਸ਼ਨਲ ਮੀਟ ਵਿਚ ਉਸ ਨੇ ਡਿਸਕਸ ਥਰੋਅ 'ਚ ਕਾਂਸੀ ਦਾ ਤਮਗਾ ਜਿੱਤਿਆ। ਇਹ ਉਸ ਦੇ ਕੌਮਾਂਤਰੀ ਖੇਡ ਜੀਵਨ ਦਾ ਆਖਰੀ ਤਗਮਾ ਸੀ। 1980 ਵਿਚ ਉਸ ਨੇ ਖੇਡਾਂ ਤੋਂ ਸੰਨਿਆਸ ਲੈ ਲਿਆ।

ਪ੍ਰੈਕਟਿਸ ਦੇ ਦਿਨਾਂ ਵਿਚ ਉਸ ਦੀ ਇਕ ਦਿਨ ਦੀ ਖੁਰਾਕ ਵਿਚ ਬੜਾ ਕੁਝ ਸ਼ਾਮਲ ਹੁੰਦਾ। ਸਰਹਾਲੀ ਦੀਆਂ ਸੱਥਾਂ ਵਿਚ ਪ੍ਰਚੱਲਿਤ ਸੀ ਕਿ ਪਰਵੀਨ ਦੀ ਖੁਰਾਕ ਕਰਕੇ ਪਿੰਡ ਵਿਚ ਕੋਈ ਵੀ ਕੁੱਕੜ ਨਹੀਂ ਬਚਦਾ ਸੀ। ਪਰਵੀਨ ਨੇ ਆਪਣੇ ਅਦਾਕਾਰੀ ਦੇ ਕਰੀਅਰ ਵਿਚ 50 ਤੋਂ ਵੱਧ ਫਿਲਮਾਂ ਕੀਤੀਆਂ ਜਿਨ੍ਹਾਂ ਵਿਚ 'ਸ਼ਹਿਨਸ਼ਾਹ', 'ਹਮ ਸੇ ਹੈ ਜ਼ਮਾਨਾ', 'ਗਜ਼ਬ', 'ਜਾਗੀਰ', 'ਕ੍ਰਿਸ਼ਮਾ ਕੁਦਰਤ ਕਾ', 'ਲੋਹਾ', 'ਯੁੱਧ', 'ਜ਼ਬਰਦਸਤ', 'ਡਾਕ ਬੰਗਲਾ', 'ਕਮਾਂਡੋ', 'ਇਲਾਕਾ', 'ਮਿੱਟੀ ਕਾ ਸੋਨਾ', 'ਘਾਇਲ', 'ਆਜ ਕਾ ਅਰਜੁਨ', 'ਅਜੂਬਾ', 'ਜਾਨ', 'ਅਜੈ' ਪ੍ਰਮੁੱਖ ਸਨ। ਮਹਾਭਾਰਤ ਸੀਰੀਅਲ ਵਿਚ ਨਿਭਾਏ ਭੀਮ ਦੇ ਯਾਦਗਾਰੀ ਰੋਲ ਨੇ ਪਰਵੀਨ ਨੂੰ ਸਦਾ ਲਈ ਲੋਕਾਂ ਦੇ ਮਨਾਂ ਵਿਚ ਵਸਾ ਦਿੱਤਾ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਫਰਵਰੀ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-522



**ਜੰਗਲ ਬੇਲੇ ਵੱਢ ਕੇ ਸਾਰੇ, ਪੱਥਰਾਂ ਦੇ ਸ਼ਹਿਰ ਉਸਾਰੇ,**
**ਲਗਾ ਕੇ ਮਿੱਲਾਂ ਕਾਰਖਾਨੇ, ਭਰ ਲਏ ਧੂੰਏ ਨਾਲ਼ ਸਾਰੇ,**
**ਸਾਹ ਲੈਣਾ ਵੀ ਹੋਏ ਔਖਾ, ਆਕਸੀਜਨ ਸਮਝੋ ਮੁੱਕੀ,**
**ਜੀਣ ਦੇ ਪਏ ਸੱਭ ਨੂੰ ਲਾਲੇ, ਹੁਣ ਬੂਟੇ ਫਿਰਦਾ ਚੁੱਕੀ।**

### ਕੈਪਸ਼ਨ ਮੁਕਾਬਲਾ-520



ਰਾਖੀ ਕਰਦਾਂ ਸਾਰੇ ਘਰ ਦੀ,
ਫਿਰ ਮੈਨੂੰ ਕਿਉਂ ਰੱਸੀ ਪਾਈ।
ਸੋਚ ਸੋਚ ਕੇ ਥੱਕ ਗਿਆ ਹਾਂ,
ਕਾਹਦੀ ਮੈਨੂੰ ਸਜ਼ਾ ਹੈ ਲਾਈ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਨਾ ਹੋ ਐ ਦਿਲ ਉਦਾਸ,
ਭਾਵੇਂ ਕਿਸੇ ਲਈ ਜਾਨ ਵੀ ਦੇ ਦਿਓ
ਉਹ ਵੀ ਇਹੀ ਕਹੇਗਾ
ਕਿ ਇਹਦੀ ਤੇ ਉਮਰ ਹੀ ਏਨੀ ਸੀ।
*-ਬੱਲਾ ਲਬਾਣਾ*
*ਫੋਨ: 848-235-8344*

---

ਚੌਕੀਦਾਰ ਮਤਲਬ ਪਹਿਰੇਦਾਰ,
ਜੰਮ ਕੇ ਖੜ੍ਹੇ ਰਹਿਣਾ ਇਕੋ ਜਗ੍ਹਾ
ਵਫਾਦਾਰੀ ਇਕ ਤਾਂ ਮਾਲਕ ਦੀ
ਦੂਜਾ ਜਨਤਾ ਦੀ ਰਖਵਾਲੀ
ਨੂੜ ਕੇ ਬੰਨ੍ਹ ਦਿੱਤਾ
ਇਵੇਂ ਹੀ ਦਰਵੇਸ਼
ਭੁੱਖਾ ਤ੍ਰਿਹਾਇਆ
ਭੌਂਕ-ਭੌਂਕ ਆਪਣੀ ਵੇਦਨਾ ਦੱਸ ਚੁੱਕਾ
ਜਿਵੇਂ ਵਿਕਾਊ ਗੋਦੀ ਮੀਡੀਆ
ਖਾਂਦਾ ਜੁੱਤੀਆਂ ਜਨਤਾ ਦੀਆਂ
ਰਹਿੰਦੇ ਖੜ੍ਹੇ ਫਿਰ ਵੀ
ਵਫਾਦਾਰ ਸਰਕਾਰ ਦੇ
ਬੂਲ੍ਹੇ ਸ਼ਾਹ 'ਕੁੱਤੇ ਜਿਹਾ
ਕੋਈ ਨਹੀਂ ਵਫਾਦਾਰ ਡਿੱਠਾ
ਟੁੱਕਰ ਸੁੱਕਾ ਵੀ ਪਾ ਕੇ ਦੇਖਿਆ।
*-ਦਰਸ਼ਨ ਪਾਲ ਦੋਸਾਂਝ*

---

ਜਨਮਾਂ ਜਨਮਾਂ ਤੋਂ ਸਾਥ ਨਿਭਾਇਆ,
ਬੰਦਿਆ ਹੁਣ ਸਾਨੂੰ ਭੁਲਾਈ ਜਾਵੇਂ,
ਵੋਟਾਂ ਦਾ ਭੂਤ ਸਵਾਰ ਹੋਇਆ ਤੇਰੇ 'ਤੇ,
ਸਾਡੀ ਰੂਹ ਨੂੰ ਤੜਫਾਈ ਜਾਵੇਂ।
ਪੰਡਾਲ ਦੀ ਰਾਖੀ ਲਈ ਭੌਂਪੂ ਬਣਾਇਆ,
ਸਬਰ ਕਰ ਕੇ ਬੈਠ ਗਿਆ ਹਾਂ ਹੁਣ,
ਖਿਆਲ ਚਿਤ ਵਿਚ ਤੇਰੇ
ਸਾਡਾ ਆ ਹੀ ਜਾਵੇ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾ (ਪਟਿਆਲਾ)*
*ਫੋਨ: 98784-69639*

---

ਯਾਰੀ, ਇਮਾਨਦਾਰੀ,
ਤੇਰੀ ਹਰ ਅਦਾ ਪਿਆਰੀ,
ਕਦੇ-ਕਦੇ ਬੰਨ੍ਹਣਾ ਪੈਂਦਾ
ਉਂਜ ਤੇਰਾ ਫਿਕਰ ਵੀ ਰਹਿੰਦਾ,
ਜੇ ਕਰੇਂ ਨਾ ਮੈਨੂੰ ਤੰਗ,
ਰੱਖਾਂ ਸਦਾ ਆਪਣੇ ਸੰਗ।
*-ਅੰਮ੍ਰਿਤ ਰੰਧਾਵਾ*

## ਮਾਨਸ ਤੋਂ ਦੇਵਤਾ

# ਖਰਾ ਸਮਾਜ-ਸੁਧਾਰ ਨਾਅਰੇ ਅਤੇ ਭਾਸ਼ਨ ਨਹੀਂ ਲੋੜਦਾ

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਭਾਰਤੀ ਸਮਾਜ ਵਿਚ ਹਜ਼ਾਰਾਂ ਸਾਲਾਂ ਤੋਂ ਤੁਰੀਆਂ ਆਈਆਂ ਬਦੀਆਂ ਵਿਚੋਂ ਇਕ ਮੁੱਖ ਬਦੀ ਜਾਤਪਾਤ ਹੈ। ਇਹਨੇ ਮਨੁੱਖੀ ਸਮਾਜ ਨੂੰ ਟੁਕੜਿਆਂ ਵਿਚ ਵੰਡ ਦਿੱਤਾ ਅਤੇ ਕਿਸੇ ਨੂੰ ਉਚਾ ਐਲਾਨ ਦਿੱਤਾ ਗਿਆ, ਕਿਸੇ ਨੂੰ ਨੀਵਾਂ। ਸਮੇਂ-ਸਮੇਂ ਸਮਾਜ-ਸੁਧਾਰਕ ਇਸ ਭੈੜ ਨੂੰ ਖ਼ਤਮ ਕਰਨ ਵਾਸਤੇ ਜਤਨ ਕਰਦੇ ਰਹੇ। ਇਸ ਮਾਨਵ-ਵਿਰੋਧੀ ਰੀਤ ਨੂੰ ਗੁਰੂ ਸਾਹਿਬਾਨ ਨੇ ਕਿਸੇ ਵੀ ਵਿਤਕਰੇ ਤੋਂ ਬਿਨਾਂ ਮਨੁੱਖ ਨੂੰ ਮਨੁੱਖ ਸਮਝਣ ਦਾ ਪਰਚਾਰ ਕਰ ਕੇ ਪੰਜਾਬ ਵਿਚ ਵੱਡੀ ਸੱਟ ਮਾਰੀ। ਤਾਂ ਵੀ ਇਹ ਰੀਤ ਵਾਰ-ਵਾਰ ਸਿਰ ਚੁਕਦੀ ਰਹੀ।

ਆਜ਼ਾਦ ਭਾਰਤ ਵਿਚ ਜਾਤਪਾਤ-ਵਿਰੋਧੀ ਕਾਨੂੰਨ ਬਣ ਜਾਣ ਦੇ ਬਾਵਜੂਦ ਇਸ ਨੂੰ ਅਜੇ ਵੀ ਖ਼ਤਮ ਨਹੀਂ ਕੀਤਾ ਜਾ ਸਕਿਆ। ਸਾਡੇ ਬਚਪਨ ਸਮੇਂ ਤਾਂ



**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**

ਜਾਤਪਾਤ ਸਮਾਜ ਦਾ ਇਕ ਪ੍ਰਵਾਨਿਤ ਸੱਚ ਸੀ। ਕਥਿਤ ਉਚੀਆਂ ਜਾਤਾਂ ਵੱਲੋਂ ਹੀ ਨਹੀਂ, ਸਮਾਜ ਦੇ ਪੀੜੇ-ਨਿਰਾਦਰੇ ਹਿੱਸਿਆਂ ਵੱਲੋਂ ਆਪ ਵੀ ਇਹਨੂੰ ਸਮਾਜਕ ਜੀਵਨ ਦਾ ਇਕ ਸਾਧਾਰਨ ਵਰਤਾਰਾ ਸਮਝਿਆ ਜਾਂਦਾ ਸੀ। ਅਸਲ ਵਿਚ ਜਾਤਪਾਤ ਭਾਰਤੀ ਸਮਾਜ ਦੀ ਪ੍ਰਫੁੱਲਤਾ ਵਿਚ ਬਾਧਕ ਬਣਿਆ ਹੋਇਆ ਡੂੰਘੀਆਂ ਜੜਾਂ ਵਾਲ਼ਾ ਖੱਬਲ ਹੈ, ਜਿਸ ਨੂੰ ਉਤੋਂ-ਉਤੋਂ ਜਿੰਨੀ ਵਾਰ ਮਰਜ਼ੀ ਵੱਢ ਦਿਉ, ਧਰਤੀ ਵਿਚੋਂ ਫੇਰ ਨਿੱਕਲ ਆਵੇਗਾ। ਜਿੰਨਾ ਚਿਰ ਇਹਦੀਆਂ ਜੜਾਂ ਨਹੀਂ ਪੁੱਟੀਆਂ ਜਾਂਦੀਆਂ, ਇਹਦਾ ਖ਼ਾਤਮਾ ਸੰਭਵ ਨਹੀਂ।

ਅੱਜ ਤੋਂ ਕੋਈ ਇਕ ਸਦੀ ਪਹਿਲਾਂ ਦੇ ਗੂੜ੍ਹੇ ਜਾਤਪਾਤੀ ਮਾਹੌਲ ਵਿਚ ਸਾਡੇ ਪਿੰਡ ਵਿਚ ਇਕ ਘਟਨਾ ਅਜਿਹੀ ਵਾਪਰੀ ਜੋ ਵੱਡਿਆਂ ਤੋਂ ਸੁਣ ਕੇ ਮੈਨੂੰ ਛੋਟੀ ਉਮਰੇ ਵੀ ਅਲੋਕਾਰ ਤਾਂ ਲੱਗੀ ਪਰ ਜਿਸਦਾ ਅਸਲ ਮਹੱਤਵ ਅੱਗੇ ਚੱਲ ਕੇ ਸਮਾਜਕ-ਰਾਜਨੀਤਕ ਸੋਝੀ ਆਈ ਤੋਂ ਸਮਝ ਆਇਆ। ਇਹ ਘਟਨਾ ਇਸ ਕਰਕੇ ਹੋਰ ਵੀ ਵੱਡੀ ਹੈ ਕਿ ਇਸਦਾ ਕਰਤਾ ਕੋਈ ਸਮਾਜ-ਸੁਧਾਰਕ, ਸੰਤ-ਮਹਾਤਮਾ ਜਾਂ ਰਾਜਨੀਤਕ ਆਗੂ ਹੋਣ ਦਾ ਦਾਅਵਾ ਕਰਨ ਵਾਲਾ ਵਿਅਕਤੀ ਨਹੀਂ ਸੀ, ਸਗੋਂ ਇਹ ਸਾਡੇ-ਤੁਹਾਡੇ ਵਰਗੇ ਇਕ ਸਾਧਾਰਨ ਵਿਅਕਤੀ ਦਾ ਸਹਿਜ ਕਾਰਨਾਮਾ ਸੀ। ਇਸ ਘਟਨਾ ਦਾ ਇਕ ਮਹੱਤਵ ਇਹ ਵੀ ਹੈ ਕਿ ਇਸ ਤੋਂ ਜਾਤਪਾਤ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਦੇ ਵਿਚਾਰਾਂ ਦਾ ਵੀ ਪਤਾ ਲਗਦਾ ਹੈ। ਇਥੇ ਇਹ ਦੱਸਣਾ ਵੀ ਵਾਜਬ ਹੋਵੇਗਾ ਕਿ ਭਾਵੇਂ ਮਸ਼ਹੂਰ ਨਾਭਾ ਦੇ ਨਾਂ ਨਾਲ ਹੋਏ, ਪੁਰਖਿਆਂ ਤੋਂ ਮੂਲ ਵਾਸੀ ਉਹ ਸਾਡੇ ਪਿੰਡ ਪਿੱਥੋ ਦੇ ਸਨ।

ਸਾਡੇ ਪਿੰਡ ਇੰਦਰ ਸਿੰਘ ਢਿੱਲੋਂ ਨਾਂ ਦੇ ਇਕ ਸੱਜਨ ਸਨ। ਉਹ ਭਾਈ ਕਾਨ੍ਹ ਸਿੰਘ ਦੇ ਵਡੇਰੇ ਪਰਿਵਾਰ ਵਿਚੋਂ, ਭਾਵ ਸਕਿਆਂ ਵਿਚੋਂ ਹੀ ਸਨ। ਉਹ ਉਮਰ ਵਿਚ ਕਾਨ੍ਹ ਸਿੰਘ ਨਾਲੋਂ ਕਾਫ਼ੀ ਛੋਟੇ ਵੀ ਸਨ ਅਤੇ ਉਨ੍ਹਾਂ ਨੇ ਆਯੂ ਵੀ ਲੰਮੀ ਭੋਗੀ। ਭਾਈ ਸਾਹਿਬ ਤਾਂ 1938 ਵਿਚ ਪੂਰੇ ਹੋ ਗਏ ਸਨ, ਉਹ 35-40 ਸਾਲ ਮਗਰੋਂ ਜਾ ਕੇ ਪੂਰੇ ਹੋਏ। ਸਾਡੇ ਪਰਿਵਾਰ ਨਾਲ ਉਨ੍ਹਾਂ ਦਾ ਨੇੜਲਾ ਵਾਸਤਾ ਰਿਹਾ ਅਤੇ ਇਕ ਵਾਰ ਉਹ ਮੇਰੇ ਕੋਲ ਦਿੱਲੀ ਵੀ ਆਏ। ਮੈਂ ਉਨ੍ਹਾਂ ਨੂੰ ਤਾਇਆ ਜੀ ਕਿਹਾ ਕਰਦਾ ਸੀ। ਇਸ ਲੰਮੇ ਵਾਹ ਵਿਚੋਂ ਹੀ ਮੇਰੀ ਕਹਾਣੀ 'ਕਸਤੂਰੀ ਵਾਲਾ ਮਿਰਗ' ਦਾ ਜਨਮ ਹੋਇਆ। ਇਹ ਮੇਰੀਆਂ ਉਨ੍ਹਾਂ ਇੱਕਾ-ਦੁੱਕਾ ਕਹਾਣੀਆਂ ਵਿਚੋਂ ਹੈ ਜਿਨ੍ਹਾਂ ਵਿਚ ਮੈਨੂੰ ਕਲਪਨਾ ਦਾ ਰਲ਼ਾ ਪਾਉਣਾ ਹੀ ਨਹੀਂ ਪਿਆ, ਭਾਵ ਜੀਵਨ ਵਿਚੋਂ ਉਹ ਮੈਨੂੰ ਪੱਕੀਆਂ-ਪਕਾਈਆਂ ਮਿਲ ਗਈਆਂ ਅਤੇ ਮੈਂ ਕਾਗ਼ਜ਼ 'ਤੇ ਉਤਾਰ ਦਿੱਤੀਆਂ।

ਇਸ ਕਹਾਣੀ ਦੇ ਸਰਦਾਰ ਉੱਤਮ ਸਿੰਘ ਸੰਧੂ ਅਸਲੀ ਜੀਵਨ ਵਿਚ ਤਾਇਆ ਇੰਦਰ ਸਿੰਘ ਢਿੱਲੋਂ ਹੀ ਸਨ। ਉਹ ਉਰਦੂ ਦੇ ਬੋਲਬਾਲੇ ਦੇ ਵੇਲ਼ੇ ਦੀਆਂ ਪੰਜ-ਚਾਰ ਜਮਾਤਾਂ ਪੜ੍ਹੇ ਹੋਏ ਸਨ। ਉਨ੍ਹਾਂ ਦਾ ਬਾਣਾ ਕਾਫ਼ੀ ਨਵੇਕਲਾ ਸੀ। ਉਹ ਕਫ਼ਾਂ ਵਾਲੇ ਬੰਦ ਗਲ਼ੇ ਦੇ ਕੁਛ-ਕੁਛ ਲੰਮੇ ਕਮੀਜ਼ ਨਾਲ ਸਫ਼ੈਦ ਪੋਠੋਹਾਰੀ ਸਲਵਾਰ ਪਹਿਨਦੇ, ਜਿਸ ਦਾ ਸਾਡੇ ਇਲਾਕੇ ਵਿਚ ਬਿਲਕੁਲ ਰਿਵਾਜ ਨਹੀਂ ਸੀ। ਹੱਥ ਵਿਚ ਉਹ ਖ਼ੂਬਸੂਰਤ ਖੂੰਡੀ ਰਖਦੇ ਜੋ ਉਨ੍ਹਾਂ ਦੀ ਲੋੜ ਨਾਲੋਂ ਬਹੁਤੀ ਆਦਤ ਜਾਂ ਸ਼ੁਕੀਨੀ ਜਾਂ ਸਤਿਕਾਰਤ ਬਜ਼ੁਰਗੀ ਦਾ ਚਿੰਨ੍ਹ ਸੀ।

ਪਿੰਡ ਵਾਲੀ ਜ਼ਮੀਨ ਤੋਂ ਇਲਾਵਾ ਸੰਤਾਲੀ ਤੋਂ ਪਹਿਲਾਂ ਬਹਾਵਲਪੁਰ ਵਿਚ ਵੀ ਉਨ੍ਹਾਂ ਦੇ ਮੁਰੱਬੇ ਸਨ। ਉਥੇ ਉਨ੍ਹਾਂ ਦੇ ਮੁਰੱਬਿਆਂ ਦੇ ਗੁਆਂਢੀ ਚੰਗੇ ਵੱਡੇ ਮੁਸਲਮਾਨ ਜ਼ਿਮੀਦਾਰ ਸਨ ਜਿਨ੍ਹਾਂ ਨਾਲ ਉਨ੍ਹਾਂ ਦਾ ਵਧੀਆ ਸਨੇਹ ਤੇ ਵਰਤ-ਵਰਤਾਵਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਉਨ੍ਹਾਂ ਦੀ ਸੂਖਮ ਜਿਹੀ ਉਰਦੂਨੁਮਾ ਬੋਲ-ਬਾਣੀ ਅਤੇ ਉਦਾਰ ਵਰਤੋਂ-ਵਿਹਾਰ ਵਿਚ ਇਕ ਖਾਸ ਸਲੀਕਾ ਅਤੇ ਸੁਚੱਜ ਸੀ।

ਉਨ੍ਹਾਂ ਦੇ ਨਾਂ ਨਾਲ ਇਕ ਗੱਲ ਅਜਿਹੀ ਜੁੜੀ ਹੋਈ ਸੀ ਜੋ ਪਿੰਡਵਾਸੀਆਂ ਦੀ ਨਜ਼ਰ ਵਿਚ ਉਨ੍ਹਾਂ ਨੂੰ ਸਾਧਾਰਨ ਮਨੁੱਖ ਦੀ ਥਾਂ ਅਜੀਬ ਪ੍ਰਾਣੀ ਬਣਾਉਂਦੀ ਸੀ। ਲੋਕ ਹੈਰਾਨ ਹੋ ਕੇ ਦਸਦੇ ਸਨ ਕਿ ਉਨ੍ਹਾਂ ਨੇ "ਰਵਿਦਾਸੀਆਂ ਦੇ ਘਰੋਂ ਦੁੱਧ ਪੀਤਾ ਹੋਇਆ ਹੈ!"

ਮਗਰੋਂ ਮੇਰੀ ਕਹਾਣੀ ਵਿਚ ਹੋਏ ਜ਼ਿਕਰ ਵਾਂਗ ਜਦੋਂ ਤਾਇਆ ਜੀ ਇੰਦਰ ਸਿੰਘ ਮੇਰੇ ਕੋਲ ਦਿੱਲੀ ਠਹਿਰੇ, ਮੈਂ ਉਨ੍ਹਾਂ ਨੂੰ ਜਾਤਪਾਤ ਦੀ ਕਥਿਤ ਭਿੱਟ ਤੋੜਨ ਦੀ ਹਿੰਮਤ ਕਰਨ ਬਾਰੇ ਪੁੱਛ ਹੀ ਲਿਆ, "ਤਾਇਆ ਜੀ, ਲੋਕ ਆਖਦੇ ਹਨ ਕਿ ਤੁਸੀਂ ਵਿਹੜੇ ਵਾਲ਼ਿਆਂ ਦਾ ਭਿੱਟਿਆ ਹੋਇਆ ਦੁੱਧ ਪੀਤਾ ਸੀ?"

ਉਹ ਨਿਝੱਕ ਬੋਲੇ, "ਹਾਂ ਬੇਟਾ, ਮੈਂ ਰਵਿਦਾਸੀਏ ਸੀਰੀ ਦੇ ਘਰ ਜਾ ਕੇ ਦੁੱਧ ਪੀਤਾ ਸੀ!" ਤੇ ਉਨ੍ਹਾਂ ਨੇ ਉਹ ਘਟਨਾ ਪੂਰੇ ਵਿਸਤਾਰ ਵਿਚ ਸੁਣਾ ਦਿੱਤੀ।

ਸਾਡੀ ਨਾਭਾ ਰਿਆਸਤ ਵਿਚ ਮਜ਼੍ਹਬੀਆਂ ਅਤੇ ਰਵਿਦਾਸੀਆਂ ਦੇ 'ਵਿਹੜੇ' ਭਾਵ ਉਨ੍ਹਾਂ ਦੇ ਘਰਾਂ ਦੇ ਸਮੂਹ ਫਿਰਨੀ ਤੋਂ ਬਾਹਰ ਹੁੰਦੇ ਸਨ। ਉਨ੍ਹਾਂ ਨੂੰ ਜ਼ਮੀਨ ਖ਼ਰੀਦ ਕੇ ਵੀ ਫਿਰਨੀ ਦੇ ਅੰਦਰ ਪਿੰਡ ਵਿਚ ਵਸਣ ਦੀ ਆਗਿਆ ਨਹੀਂ ਸੀ ਹੁੰਦੀ। ਜੇ ਕਿਸੇ ਜੱਟ-ਜ਼ਿਮੀਦਾਰ ਨੇ ਜਾਂ ਪਿੰਡ ਵਾਲੇ ਹੋਰ ਕਿਸੇ ਨੇ ਕਿਸੇ ਮਜ਼੍ਹਬੀ-ਰਵਿਦਾਸੀਏ ਨੂੰ ਬੁਲਾਉਣਾ ਹੁੰਦਾ, ਉਹ 'ਵਿਹੜੇ' ਦੇ ਅੰਦਰ ਉਹਦੇ ਘਰ ਨਹੀਂ ਸੀ ਜਾਂਦਾ। ਉਹ 'ਵਿਹੜੇ' ਦੇ ਬਾਹਰ ਖਲੋ ਜਾਂਦਾ ਅਤੇ ਕਿਸੇ ਅੰਦਰ ਜਾਣ ਵਾਲੇ ਨੂੰ ਆਖਦਾ, "ਓ ਬਈ ਫਲਾਣਿਆ, ਅਮਕੇ ਨੂੰ ਭੇਜੀਂ। ਕਹੀਂ, ਮੈਂ ਇਥੇ ਬਾਹਰ ਖੜ੍ਹਾ ਉਹਦੀ ਉਡੀਕ ਕਰ ਰਿਹਾ ਹਾਂ।" ਜਾਤਪਾਤੀ ਭਿੱਟ ਤੋਂ ਇਲਾਵਾ ਮਜ਼੍ਹਬੀਆਂ-ਰਵਿਦਾਸੀਆਂ ਦੇ ਵਿਹੜਿਆਂ ਦੀ ਸਫ਼ਾਈ ਦੀ ਘਾਟ ਵੀ ਇਕ ਕਾਰਨ ਸੀ।

ਇਕ ਦਿਨ ਤਾਇਆ ਇੰਦਰ ਸਿੰਘ ਦਾ ਰਵਿਦਾਸੀਆ ਸੀਰੀ ਪਹਿਲਾਂ ਦੱਸੇ ਬਿਨਾਂ ਕੰਮ 'ਤੇ ਨਾ ਆਇਆ। ਉਹ ਵਿਹੜੇ ਵੱਲ ਗਏ ਅਤੇ ਰੀਤ ਅਨੁਸਾਰ ਬਾਹਰ ਖਲੋ ਕੇ ਕਿਸੇ ਅੰਦਰ ਜਾਣ ਵਾਲੇ ਦੇ ਆਉਣ ਦੀ ਉਡੀਕ ਕੀਤੇ ਬਿਨਾਂ ਪੁਛਦੇ-ਪੁਛਾਉਂਦੇ ਆਪ ਹੀ ਸੀਰੀ ਦੇ ਘਰ ਜਾ ਪਹੁੰਚੇ। ਸੀਰੀ ਕਿਸੇ ਕੰਮ ਕਾਰਨ ਕੁਛ ਸਮੇਂ ਲਈ ਕਿਤੇ ਨੇੜੇ-ਤੇੜੇ ਹੀ ਗਿਆ ਹੋਇਆ ਸੀ। ਬਿਚਾਰੀ ਸੀਰਨ ਦਾ, ਅਚਾਨਕ ਆ ਬਣੀ ਇਸ ਅਜੀਬ ਹਾਲਤ ਕਾਰਨ, ਘਬਰਾਉਣਾ ਅਤੇ ਹੜਬੜਾਉਣਾ ਸੁਭਾਵਿਕ ਸੀ। ਉਹਨੇ ਹੱਥਾਂ ਵਿਚ ਚੁੰਨੀ ਦਾ ਲੜ ਫੜ ਕੇ ਤਾਇਆ ਜੀ ਦੇ ਪੈਰਾਂ ਨੂੰ ਭਿੱਟ ਤੋਂ ਬਚਾਉਂਦਿਆਂ ਉਨ੍ਹਾਂ ਤੋਂ ਦੋ ਕੁ ਗਿੱਠਾਂ ਦੂਰ ਧਰਤੀ ਛੂਹ ਕੇ ਪੈਰੀਂ-ਪੈਣਾ ਕੀਤਾ। ਫੇਰ ਕਦੇ ਉਹ ਪੀੜ੍ਹੀ ਨੂੰ ਹੱਥ ਪਾ ਲਵੇ, ਕਦੇ ਛੱਡ ਦੇਵੇ। ਕਦੇ ਮੰਜੇ ਵੱਲ ਅਹੁਲੇ, ਫੇਰ ਝਿਜਕ ਜਾਵੇ। ਉਹਨੂੰ ਸਮਝ ਨਹੀਂ ਸੀ ਆ ਰਹੀ, ਉਹ ਸਰਦਾਰ ਨੂੰ ਬੈਠਣ ਲਈ ਕਹੇ ਜਾਂ ਨਾ ਕਹੇ! ਜੇ ਬਿਠਾਵੇ ਤਾਂ ਕਿਥੇ ਬਿਠਾਵੇ! ਏਨੇ ਚਿਰ ਨੂੰ ਕੰਧ ਨਾਲ ਖੜ੍ਹਾ ਮੰਜਾ ਸਿੱਧਾ ਕਰ ਕੇ ਤਾਇਆ ਜੀ ਆਪੇ ਹੀ ਬਿਰਾਜਮਾਨ ਹੋ ਗਏ।

ਉਹ ਬੋਲੀ, "ਬਾਬਾ ਜੀ, ਤੁਸੀਂ ਬੈਠੋ, ਮੈਂ ਜੱਟਾਂ ਦੇ ਕਿਸੇ ਘਰ ਆਖ ਕੇ ਦੇਖਦੀ ਆਂ, ਜੇ ਉਨ੍ਹਾਂ ਦਾ ਕੋਈ ਮੁੰਡਾ ਦੁੱਧ ਲਿਆਉਣਾ ਮੰਨ ਜਾਵੇ।"

ਇਕ ਪਾਸੇ ਸਰਕੜਿਆਂ ਦੇ ਛਤੜੇ ਹੇਠ ਵੱਛੇ ਵਾਲ਼ੀ ਇਕ ਗਾਂ ਖਲੋਤੀ ਹੋਈ ਸੀ। ਉਹ ਹੱਸ ਕੇ ਬੋਲੇ, "ਇਹ ਦਰਸ਼ਨ ਦੇਣ ਨੂੰ ਰੱਖੀ ਐ ਕਿ ਚਾਰ ਧਾਰਾਂ ਦੁੱਧ ਵੀ ਦਿੰਦੀ ਐ?"

ਉਹਨੇ ਦੱਸਿਆ, "ਬਾਬਾ ਜੀ, ਇਹ ਤਾਂ ਦੁੱਧ ਦਿੰਦੀ ਐ। ਪਰ..."

ਤਾਇਆ ਜੀ ਉਹਦੀ ਗੱਲ ਕੱਟ ਕੇ ਕਹਿੰਦੇ, "ਫੇਰ ਦੁੱਧ ਕਿਸੇ ਜੱਟ ਦੇ ਘਰੋਂ ਕਿਉਂ ਚੁਕਵਾ ਕੇ ਲਿਆਉਣਾ ਹੈ! ਪਰ-ਪੁਰ ਛੱਡ। ਪਾ ਦੇ ਇਹਦਾ ਦੁੱਧ ਕਿਸੇ ਭਾਂਡੇ ਵਿਚ!"

ਉਹਨੇ ਸੰਗਦੀ-ਝਿਜਕਦੀ ਨੇ ਗਰਮ ਕਰ ਕੇ ਦੁੱਧ ਛੰਨੇ ਵਿਚ ਪਾ ਦਿੱਤਾ। ਤਾਇਆ ਇੰਦਰ ਸਿੰਘ ਨੇ ਦੁੱਧ ਛਕ ਕੇ ਤੁਰਨ ਵਾਸਤੇ ਖੜ੍ਹੇ ਹੁੰਦਿਆਂ ਉਹਨੂੰ ਅਸੀਸਾਂ ਦਿੱਤੀਆਂ ਅਤੇ ਬੋਲੇ, "ਜਦੋਂ ਤੇਰਾ ਚੌਧਰੀ ਆਵੇ, ਕਹੀਂ, ਇਧਰੋਂ ਛੇਤੀ ਵਿਹਲਾ ਹੋ ਕੇ ਕੰਮ ਉਤੇ ਆ ਜਾਵੇ।"

ਸੀਰਨ ਦੰਗ ਰਹਿ ਗਈ! ਉਨ੍ਹਾਂ ਵੇਲ਼ਿਆਂ ਵਿਚ ਜੱਟਾਂ ਤੇ ਮਜ਼੍ਹਬੀਆਂ-ਰਵਿਦਾਸੀਆਂ ਦੇ ਰਿਸ਼ਤਿਆਂ ਵਿਚਕਾਰ ਭਿੱਟ ਦੀ ਡੂੰਘੀ ਤੇ ਚੌੜੀ ਖਾਈ ਸੀ। ਇਹ ਖਾਈ ਜੱਟ ਤੇ ਸੀਰੀ ਦੇ ਚੌਵੀ ਘੰਟੇ ਦੇ ਸਾਲਾਂ-ਬੱਧੀ ਚਲਦੇ ਵਾਹ ਨਾਲ਼ ਵੀ ਸੂਤ-ਭਰ ਘੱਟ ਡੂੰਘੀ ਜਾਂ ਘੱਟ ਭੀੜੀ ਨਹੀਂ ਸੀ ਹੁੰਦੀ। ਸੀਰੀ ਨੇ ਜੱਟ ਦੇ ਘਰ ਕਿਸੇ ਆਲ਼ੇ ਵਿਚ ਪਿੱਤਲ ਦੀ ਇਕ ਬਾਟੀ ਮੂਧੀ ਮਾਰੀ ਹੋਈ ਹੁੰਦੀ ਸੀ। ਭਿੱਟ ਤੋਂ ਡਰਦਿਆਂ ਰੋਟੀ ਵੇਲ਼ੇ ਤੱਤੀ ਦਾਲ ਵੀ ਉਹਦੀ ਬਾਟੀ ਵਿਚ ਉਚਿਉਂ ਧਾਰ ਬੰਨ੍ਹ ਕੇ ਪਾਈ ਜਾਂਦੀ ਸੀ ਜਿਸ ਦੇ ਛਿੱਟੇ ਉਹਦੇ ਪੈਰਾਂ 'ਤੇ ਪੈ ਜਾਂਦੇ ਸਨ ਤੇ ਰੋਟੀ ਵੀ ਅੱਗੇ ਨੂੰ ਪਸਾਰੇ ਹੋਏ ਉਹਦੇ ਹੱਥਾਂ ਵਿਚ ਇਉਂ ਹੀ ਉਚਿਉਂ ਸੁੱਟੀ ਜਾਂਦੀ ਸੀ। ਰੋਟੀ ਖਾ ਕੇ ਉਹ ਦਾਲ਼ ਵਾਲ਼ੀ ਉਸੇ ਬਾਟੀ ਵਿਚ ਲੱਸੀ-ਪਾਣੀ ਪੁਆ ਕੇ ਪੀ ਲੈਂਦਾ ਤੇ ਉਹਨੂੰ ਰੇਤੇ ਨਾਲ਼ ਮਾਂਜ ਕੇ ਆਲ਼ੇ ਵਿਚ ਮੂਧੀ ਮਾਰ ਦਿੰਦਾ। ਚਾਹ ਵੀ ਉਹਨੂੰ ਉਸੇ ਬਾਟੀ ਵਿਚ ਉਸੇ ਦੂਰੀ ਤੋਂ ਦਿੱਤੀ ਜਾਂਦੀ। ਜੇ ਕਿਸੇ ਕਾਰਨ ਸੀਰੀ ਦਾ ਹੱਥ ਜੱਟਾਂ ਦੇ ਕਿਸੇ ਭਾਂਡੇ ਨੂੰ ਲੱਗ ਜਾਂਦਾ, ਪਹਿਲਾਂ ਉਹ ਭਾਂਡਾ ਚੁੱਲ੍ਹੇ ਦੀ ਲਟਲਟ ਬਲ਼ਦੀ ਅੱਗ ਵਿਚ ਸੁੱਟ ਕੇ ਸੁੱਚਾ, ਭਾਵ ਅਣਭਿੱਟਿਆ ਕੀਤਾ ਜਾਂਦਾ ਸੀ ਤੇ ਉਸ ਪਿੱਛੋਂ ਹੀ ਵਰਤੋਂ ਵਿਚ ਲਿਆਂਦਾ ਜਾਂਦਾ ਸੀ।

ਇਸ ਸਮਾਜਕ ਮਾਹੌਲ ਵਿਚ ਤਾਇਆ ਇੰਦਰ ਸਿੰਘ ਰਵਿਦਾਸੀਏ ਸੀਰੀ ਦੇ ਘਰ ਜਾ ਕੇ ਉਨ੍ਹਾਂ ਦੀ ਗਊ ਦਾ ਦੁੱਧ, ਉਨ੍ਹਾਂ ਦੇ ਹੀ ਭਾਂਡੇ ਵਿਚ ਬਿਨਾਂ ਕਿਸੇ ਝਿਜਕ ਤੋਂ ਪੀ ਆਇਆ ਸੀ!

ਇਹ ਅਲੋਕਾਰ ਘਟਨਾ ਸੀਰਨ ਦੇ ਪਚਣ ਵਾਲ਼ੀ ਕਿਥੇ ਸੀ! ਉਹਨੇ ਝੱਟ ਆਂਢਣਾਂ=ਗੁਆਂਢਣਾਂ ਨੂੰ ਜਾ ਸੁਣਾਈ ਜੋ ਸਰਦਾਰ ਘਰ ਆਇਆ ਦੇਖ ਕੇ ਹੈਰਾਨ ਹੋਈਆਂ ਪਹਿਲਾਂ ਹੀ ਬਿੜਕਾਂ ਲੈਂਦੀਆਂ ਫਿਰਦੀਆਂ ਸਨ। ਅੱਗੇ ਦੀ ਅੱਗੇ ਹੁੰਦੀ ਗੱਲ ਘੜੀਆਂ-ਪਲਾਂ ਵਿਚ ਪੂਰੇ ਪਿੰਡ ਵਿਚ ਅੱਗ ਦੇ ਭਬੂਕੇ ਵਾਂਗ ਫ਼ੈਲ ਗਈ।

ਸਬੱਬ ਨਾਲ ਭਾਈ ਕਾਨ੍ਹ ਸਿੰਘ ਨਾਭੇ ਤੋਂ ਪਿੰਡ ਦੀ ਆਪਣੀ ਖੇਤ ਵਾਲੀ ਕੋਠੀ ਵਿਚ ਆਏ ਹੋਏ ਸਨ। ਪਿੰਡ ਦੇ ਪੈਂਚ-ਖੜਪੈਂਚ ਇਕੱਠੇ ਹੋ ਕੇ ਉਨ੍ਹਾਂ ਕੋਲ ਜਾ ਪਹੁੰਚੇ। ਭਾਈ ਸਾਹਿਬ ਨੇ ਕੁਰਸੀਆਂ-ਮੰਜੇ ਰਖਵਾ ਦਿੱਤੇ ਅਤੇ ਸਮਝਿਆ, ਉਹ ਪਿੰਡ ਦੇ ਕਿਸੇ ਸਾਂਝੇ ਕੰਮ ਵਾਸਤੇ ਸਲਾਹ ਲੈਣ ਆਏ ਹਨ। ਪਰ ਉਨ੍ਹਾਂ ਨੇ ਆਪਣੀ ਪਰੇਸ਼ਾਨੀ ਦੱਸੀ, "ਭਾਈ ਸਾਹਿਬ, ਇੰਦਰ ਸਿੰਘ ਨੇ ਭਾਰੀ ਅਨਰਥ ਕਰ ਦਿੱਤਾ ਹੈ!" ਤੇ ਉਨ੍ਹਾਂ ਨੇ ਸਾਰਾ ਕਿੱਸਾ ਕਹਿ ਸੁਣਾਇਆ।

ਭਾਈ ਸਾਹਿਬ ਕੁਛ ਪਲ ਚੁੱਪ ਰਹੇ, ਫੇਰ ਨਾਪੇ-ਤੋਲੇ ਸ਼ਬਦਾਂ ਵਿਚ ਅਤੇ ਆਪਣੇ ਵਿਸ਼ੇਸ਼ ਭਾਸ਼ਾਈ ਅੰਦਾਜ਼ ਵਿਚ ਬੋਲੇ, "ਇੰਦਰ ਸਿੰਘ ਦੀ ਅਣਗਹਿਲੀ ਹੈ, ਆਪ ਲੋਕਾਂ ਦੀ ਅਗਿਆਨਤਾ ਹੈ!"

ਲੋਕ ਹੈਰਾਨ-ਪਰੇਸ਼ਾਨ ਜਿਹੇ ਹੋ ਕੇ ਬੋਲੇ, "ਭਾਈ ਸਾਹਿਬ, ਤੁਹਾਡੀ ਗੱਲ ਸਾਨੂੰ ਸਮਝ ਨਹੀਂ ਆਈ!"

ਉਹ ਕਹਿਣ ਲੱਗੇ, "ਤੁਹਾਡੇ ਦੱਸਣ ਤੋਂ ਲਗਦਾ ਹੈ, ਇੰਦਰ ਸਿੰਘ ਨੇ ਸਫ਼ਾਈ ਦਾ ਖ਼ਿਆਲ ਨਹੀਂ ਰੱਖਿਆ, ਬਹੁਤ ਵੱਡੀ ਅਣਗਹਿਲੀ ਦਿਖਾਈ। ਤੁਹਾਨੂੰ ਰਵਿਦਾਸੀਆਂ ਦੇ ਘਰੋਂ ਉਹਦੇ ਦੁੱਧ ਪੀਣ ਦਾ ਇਤਰਾਜ ਹੈ। ਇਹ ਅਗਿਆਨਤਾ ਹੈ। ਉਹੋ ਇਸਤਰੀ ਲਿਆਉ, ਉਹੋ ਗਊ ਲਿਆਉ, ਉਹੋ ਬਰਤਨ ਲਿਆਉ; ਮੈਂ ਇਸਤਰੀ ਦੇ ਹੱਥ, ਬਰਤਨ ਤੇ ਗਊ ਦੇ ਥਣ ਚੰਗੀ ਤਰ੍ਹਾਂ ਸਾਫ਼ ਕਰਵਾ ਲਵਾਂਗਾ ਤੇ ਤੁਹਾਡੇ ਸਾਹਮਣੇ ਉਸ ਦੇ ਹੱਥੋਂ ਉਸ ਦੀ ਗਊ ਦਾ ਦੁੱਧ ਉਸੇ ਦੇ ਬਰਤਨ ਵਿਚ ਪੀ ਲਵਾਂਗਾ!" ਉਨ੍ਹਾਂ ਨੇ ਸਾਰੇ ਮਾਮਲੇ ਦਾ ਸਾਰ ਸਮਝਾਇਆ, "ਭਿੱਟ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਅਸਲ ਚੀਜ਼ ਸਫ਼ਾਈ ਹੈ। ਮਨੁੱਖ ਤਾਂ ਰੱਬ ਨੇ ਸਭ ਇਕੋ ਬਣਾਏ ਹਨ, ਕੀ ਜੱਟ, ਕੀ ਮਜ਼੍ਹਬੀ-ਰਵਿਦਾਸੀਏ ਤੇ ਕੀ ਕੋਈ ਹੋਰ!"

ਲੋਕ ਇਸ ਮਾਮਲੇ ਬਾਰੇ ਸਪੱਸ਼ਟ ਹੋ ਕੇ ਆਉਣ ਦੀ ਥਾਂ ਭਾਈ ਕਾਨ੍ਹ ਸਿੰਘ ਕੋਲੋਂ ਦੁਬਿਧਾ ਜਿਹੀ ਵਿਚ ਮੁੜ ਆਏ।

ਤਾਇਆ ਇੰਦਰ ਸਿੰਘ ਦੇ ਇਸ ਕਾਰਨਾਮੇ ਨੇ ਪਿੰਡ ਵਿਚੋਂ ਜਾਤਪਾਤ ਭਾਵੇਂ ਖ਼ਤਮ ਨਾ ਕੀਤੀ ਹੋਵੇ, ਘਟਾਈ ਵੀ ਨਾ ਹੋਵੇ, ਪਰ ਇਕ ਵਾਰ ਲੋਕਾਂ ਨੂੰ ਇਹ ਜ਼ਰੂਰ ਦਿਖਾ ਦਿੱਤਾ ਕਿ ਉਚਾ-ਨੀਵਾਂ ਕੋਈ ਨਹੀਂ ਹੁੰਦਾ, ਭਿੱਟ-ਸੁੱਚ ਵੀ ਕੋਈ ਨਹੀਂ ਹੁੰਦੀ, ਮਨੁੱਖ ਸਭ ਮਨੁੱਖ ਹੀ ਹੁੰਦੇ ਹਨ!

---

# ਮਿਲੇ ਸੁਰ ਮੇਰਾ ਤੁਮ੍ਹਾਰਾ...!

ਸਮਾਂ ਸੀ ਬਚਪਨ ਦਾ ਜਦ ਅਸੀਂ ਬਨੇਰਿਆਂ 'ਤੇ ਵੱਜਦੇ ਲਾਊਡ ਸਪੀਕਰਾਂ ਤੋਂ ਬਹੁਤਾ ਕਰਕੇ ਸੁਰਿੰਦਰ ਕੌਰ-ਪ੍ਰਕਾਸ਼ ਕੌਰ ਦੇ ਗੀਤ ਸੁਣਦਿਆਂ ਇਨ੍ਹਾਂ ਦੋਹਾਂ ਭੈਣਾਂ ਦੇ ਨਾਵਾਂ ਤੋਂ ਚੰਗੇ ਵਾਕਿਫ ਹੋ ਗਏ। ਫਿਰ ਸਾਡੇ ਗੁਆਂਢ ਵਿਚ ਚਾਚੇ ਉਤਮ ਦੇ ਮੁੰਡੇ ਨੇ ਪੁਰਾਣਾ ਰੇਡੀਓ ਸੈੱਟ ਲੈ



**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: 408-915-1268**

ਆਂਦਾ। ਅਸੀਂ ਸਕੂਲ ਦਾ ਕੰਮ ਛੇਤੀ-ਛੇਤੀ ਨਿਬੇੜ ਕੇ 'ਰੇਡੂਆ' ਸੁਣਨ

ਜਾ ਬਹਿੰਦੇ। ਰੇਡੀਓ ਸੁਣਦਿਆਂ ਹੀ ਸਾਨੂੰ ਲਤਾ ਮੰਗੇਸ਼ਕਰ ਗਾਇਕਾ ਦਾ ਪਤਾ ਲੱਗਾ। ਅਸੀਂ ਉਦੋਂ ਸਮਝਦੇ ਸਾਂ ਕਿ ਰੇਡੀਓ ਵਾਲ਼ੇ ਪਤਾ ਨਹੀਂ ਕਿਉਂ 'ਲਤਾ ਮੰਗੇਸ਼ ਕੌਰ' ਨੂੰ ਲਤਾ ਮੰਗੇਸ਼ਕਰ ਕਹੀ ਜਾਂਦੇ ਨੇ?

ਆਪਣੇ ਉਹ ਦੁੜੰਗੇ ਮੈਨੂੰ ਹੁਣ ਤੱਕ ਯਾਦ ਨੇ ਜਦ ਕਾਪੀਆਂ 'ਤੇ ਲਿਖਾਈਆਂ ਕਰਨ ਵਿਚ ਰੁੱਝਿਆਂ ਦੇ ਸਾਡੇ ਕੰਨੀਂ 'ਬਿੰਦੀਆ ਚਮਕੇਗੀ' ਦੇ ਬੋਲ ਪੈਣੇ ਤਾਂ ਅਸੀਂ ਵਾਹੋ-ਦਾਹੀ ਚਾਚੇ ਦੇ ਘਰ ਭੱਜੇ ਜਾਣਾ। ਜਿਵੇਂ ਕਿਤੇ ਉਥੇ ਲਤਾ ਮੰਗੇਸ਼ਕਰ ਸਟੇਜ 'ਤੇ ਗਾ ਰਹੀ ਦੇਖਣੀ ਹੋਵੇ! ਚਾਚੇ ਦੇ ਮੁੰਡੇ ਨੇ ਰੇਡੀਓ ਦੀ ਆਵਾਜ਼ ਹੋਰ ਚੁੱਕਦਿਆਂ ਕਹਿਣਾ- 'ਦੇਖ ਕਿੱਦਾਂ ਕੋਇਲ ਵਾਂਗ ਬੋਲਦੀ ਐ ਲਤਾ!'

'ਮਾਰ ਦੀਆ ਜਾਏ ਜਾਂ ਛੋੜ ਦੀਆ ਜਾਏ' ਗਾਣੇ ਦੇ ਤਾਂ ਅਸੀਂ ਦਿਵਾਨੇ ਹੀ ਹੋ ਗਏ ਸਾਂ। ਚਾਚੇ ਦਾ ਮੁੰਡਾ ਕਦੇ-ਕਦੇ ਲਾਹੌਰ ਰੇਡੀਓ ਸਟੇਸ਼ਨ ਲਾ ਦਿੰਦਾ ਤਾਂ ਅਸੀਂ ਝੂਮ-ਝੂਮ ਕੇ ਪਾਕਿਸਤਾਨੀ ਗਾਇਕਾ ਨੂਰ ਜਹਾਂ ਨੂੰ ਸੁਣਦੇ-'ਹਾਏ ਹਾਏ ਵੇ ਜਦੋਂ ਹੌਲ਼ੀ ਜਿਹੇ ਲੈਨੈਂ ਮੇਰਾ ਨਾਂ...!' ਜਦ ਲਾਹੌਰ ਰੇਡੀਓ ਦੇ ਅਨਾਊਂਸਰ ਨੂਰ ਜਹਾਂ ਦਾ ਨਾਮ ਬੋਲਣ ਲੱਗਿਆਂ ਵਿਸ਼ੇਸ਼ਣ ਵਜੋਂ ਮਲਿਕਾ-ਏ-ਤਰੰਨੁਮ ਕਹਿੰਦੇ ਤਾਂ ਅਸੀਂ ਇਸ ਸ਼ਬਦ ਨੂੰ ਵੀ 'ਧਰਮਨਮ' ਵਜੋਂ ਵਿਗਾੜ ਕੇ ਹੱਸਦੇ!

ਨੂਰ ਜਹਾਂ ਦੇ ਜ਼ਿਕਰ ਤੋਂ ਫਿਰ ਵਿੱਛੜੀ ਲਤਾ ਮੰਗੇਸ਼ਕਰ ਦੀ ਗੱਲ ਕਰ ਲਈਏ-ਮੈਨੂੰ ਪੱਕਾ



ਯਾਦ ਨਹੀਂ ਕਿ ਇਹ ਗੱਲ ਮੈਂ ਕਿਸੇ ਗਾਇਕ ਦੀ ਇੰਟਰਵਿਊ 'ਚੋਂ ਸੁਣੀ ਹੋਵੇਗੀ ਜਾਂ ਸੰਗੀਤ ਬਾਰੇ ਕਿਸੇ ਮੈਗਜ਼ੀਨ 'ਚੋਂ ਪੜ੍ਹੀ ਹੋਵੇਗੀ! ਉਹ ਇਹ ਕਿ ਕਹਿੰਦੇ ਇਕ ਵਾਰ ਲਤਾ ਮੰਗੇਸ਼ਕਰ ਨੇ ਭਾਰਤ ਸਰਕਾਰ ਨੂੰ ਸਲਾਹ ਦਿੱਤੀ ਕਿ ਉਹ ਪਾਕਿਸਤਾਨ ਤੇ ਭਾਰਤ ਵਿਚਾਲ਼ੇ ਲੜਾਈ ਦੀ ਜੜ੍ਹ ਸਮਝੇ ਜਾਂਦੇ ਕਸ਼ਮੀਰ ਨੂੰ ਪਾਕਿਸਤਾਨ ਨੂੰ ਸੌਂਪ ਦੇਵੇ ਅਤੇ ਉਸਦੇ ਬਦਲੇ ਵਿਚ ਉਨ੍ਹਾਂ ਤੋਂ ਮਲਿਕਾ-ਏ-ਤਰੰਨੁਮ ਨੂਰ ਜਹਾਂ ਲੈ ਲਵੇ! ਇਕ ਸੁਰੀਲੀ ਨੂੰ ਹੀ ਸੁਰੀਲੀ ਦੀ ਕੀਮਤ ਦਾ ਪਤਾ ਹੋ ਸਕਦੈ!!

ਥੋੜ੍ਹੇ ਦਿਨਾਂ ਤੋਂ ਸਵਰਗੀ ਹੋ ਗਈ ਲਤਾ ਜੀ ਦੀ ਨਜ਼ਰ ਵਿਚ ਏਡੀ ਕੀਮਤੀ ਨੂਰ ਜਹਾਂ ਬਾਰੇ ਵੀ ਇਕ ਗੱਲ ਯਾਦ ਆ ਗਈ! ਲਾਹੌਰ ਰੇਡੀਓ ਤੋਂ ਪ੍ਰਸਾਰਿਤ ਹੋਏ ਇਕ ਇੰਟਰਵਿਊ ਵਿਚ ਨੂਰ ਜਹਾਂ ਤੋਂ ਪੁੱਛਿਆ ਗਿਆ ਕਿ ਸਭ ਤੋਂ ਪਹਿਲਾਂ ਉਸਨੇ ਕਿੱਥੇ ਤੇ ਕਦੋਂ ਗਾਇਆ? ਉਸਨੇ ਬੜੀ ਭਾਵੁਕ ਹੁੰਦਿਆਂ ਦੱਸਿਆ ਸੀ ਕਿ ਵੰਡ ਤੋਂ ਪਹਿਲਾਂ ਇਕ ਸਾਲ ਮੈਂ ਪਿੰਡ ਮਸਾਣੀ ਆਪਣੇ ਨਾਨਕੇ ਗਈ ਹੋਈ ਸਾਂ। ਉਥੇ ਦਰਗਾਹ ਉਤੇ ਕੋਈ ਮੇਲਾ ਲੱਗਿਆ ਹੋਇਆ ਸੀ। ਨਾਨਾ ਜੀ ਆਪਣਾ ਹੱਥ ਫੜਾ ਕੇ ਮੈਨੂੰ ਦਰਗਾਹ 'ਤੇ ਲੈ ਗਏ। ਨਾਨਾ ਜੀ ਦੀ ਹੱਲਾਸ਼ੇਰੀ ਨਾਲ ਮੈਂ ਉਥੇ ਪਹਿਲੀ ਵਾਰ 'ਨਾਤ' ਗਾਈ, ਜੋ ਮੇਰੇ ਨਾਨਾ ਜੀ ਨੇ ਹੀ ਮੈਨੂੰ ਸਿਖਾਈ ਸੀ। ਲਉ ਜੀ, ਮਸਾਣੀ ਪਿੰਡ ਦਾ ਨਾਂ ਸੁਣ ਕੇ ਮੇਰੇ ਦਿਲ ਵਿਚ ਉਹ ਦਰਗਾਹ ਦੇਖਣ ਦੀ

ਚਾਹਤ ਜਾਗੀ। ਕਿਉਂਕਿ ਜਿਨ੍ਹਾਂ ਦੇ ਘਰ ਅਸੀਂ ਰੇਡੀਓ ਸੁਣਨ ਜਾਂਦੇ ਹੁੰਦੇ ਸਾਂ, ਉਨ੍ਹਾਂ ਦੀ ਹੀ ਇਕ ਕੁੜੀ ਗੋਰਾਇਆਂ ਲਾਗੇ ਦੇ ਉਕਤ ਪਿੰਡ ਮਸਾਣੀ ਵਿਆਹੀ ਹੋਈ ਸੀ! ਛੇਤੀ ਹੀ ਮੇਰੀ ਰੀਝ ਪੂਰੀ ਹੋ ਗਈ। ਉਸ ਕੁੜੀ ਦੇ ਘਰੇ ਕੋਈ ਕਾਰਜ ਸੀ ਤੇ ਮੈਂ ਮਸਾਣੀ ਜਾ ਪਹੁੰਚਿਆ ਸਾਂ! ਬੜੀ ਖੁੱਲ੍ਹੀ ਡੁੱਲ੍ਹੀ ਜਗਾਹ ਵਿਚ ਕਿਸੇ ਮੁਸਲਿਮ ਪੀਰ ਦੀ ਯਾਦ ਵਿਚ ਬਣੀ ਹੋਈ ਉਸ ਦਰਗਾਹ ਅੰਦਰ ਜਾ ਕੇ ਮੈਂ ਮਨ ਹੀ ਮਨ ਨੂਰ ਜਹਾਂ ਦੇ ਬਚਪਨੇ ਵਾਲ਼ੇ ਚਿਹਨ ਚਕਰ ਬਾਰੇ ਕਿਆਸ ਲਾਏ! ਕਿ ਐਥੇ ਕਿਤੇ ਹੀ ਨਿੱਕੇ ਨਿੱਕੇ ਪੈਰਾਂ ਨਾਲ ਤੁਰਦੀ ਆਈ ਹੋਵੇਗੀ ਉਹ! ਉਸ ਵੇਲੇ ਮਸਾਣੀ ਵਾਲ਼ਿਆਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੀ ਦੋਹਤੀ ਕਦੇ 'ਗੀਤਾਂ ਦੀ ਮਲਿਕਾ' ਦਾ ਲਕਬ ਗ੍ਰਹਿਣ ਕਰ ਲਵੇਗੀ ਅਤੇ ਉਹ 'ਦੂਜੇ ਦੇਸ਼' ਦੀ ਨਾਗਰਿਕ ਬਣ ਜਾਏਗੀ, ਜਿਹਨੂੰ 'ਆਪਣੇ ਦੇਸ ਦੀ ਗਾਇਕਾ' ਬਣਾਉਣ ਵਾਸਤੇ, ਸਾਡੀ ਗੀਤਾਂ ਦੀ ਮਲਿਕਾ ਲਤਾ ਮੰਗੇਸ਼ਕਰ, ਬਦਲੇ ਵਿਚ ਕਸ਼ਮੀਰ ਦੇ ਦੇਣ ਦਾ ਮਸ਼ਵਰਾ ਦੇਵੇਗੀ ਸਰਕਾਰ ਨੂੰ !

ਹੁਣ ਦੋਏ ਅਵਾਜ਼ਾਂ ਅਗੰਮ ਤੇ ਅਨੰਤ ਵਿਚ ਸਮਾ ਗਈਆਂ!

'ਜ਼ਿਮੀਂ ਪੁਛੇ ਅਸਮਾਨ ਫਰੀਦਾ ਖੇਵਟ ਕਿਨ ਗਏ !'

# ਕਬੱਡੀ ਦਾ ਮਾਹੀ ਸਤਪਾਲ ਖਡਿਆਲ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸਤਪਾਲ ਖਡਿਆਲ ਕਬੱਡੀ ਦਾ ਕੁਮੈਂਟੇਟਰ ਹੈ ਤੇ ਅਖ਼ਬਾਰਾਂ ਦਾ ਖੇਡ ਪੱਤਰਕਾਰ। ਉਹਦੀ ਬੋਲ-ਬਾਣੀ ਸੁਣ ਕੇ ਸਰੋਤੇ ਉਸ ਨੂੰ ਮਾਹੀ ਕਹਿਣ ਲੱਗੇ ਤਾਂ ਉਹਦਾ ਤਖ਼ੱਲਸ ਹੀ 'ਮਾਹੀ' ਹੋ ਗਿਆ, ਸਤਪਾਲ ਮਾਹੀ। ਉਸ ਨੇ ਮੱਝਾਂ ਵੀ ਚਾਰੀਆਂ, ਮੋੜੇ ਵੀ ਲਾਏ ਤੇ ਢੋਲੇ ਦੀਆਂ ਵੀ ਲਾਈਆਂ। ਉਸ ਨੇ ਦੋ ਸੌ ਤੋਂ ਵੱਧ ਖੇਡ ਮੇਲਿਆਂ 'ਚ ਕਬੱਡੀ ਮੈਚਾਂ ਦੀ ਕੁਮੈਂਟਰੀ ਕੀਤੀ ਤੇ ਸੌ ਤੋਂ ਵੱਧ ਖੇਡ ਲੇਖ ਲਿਖੇ ਹਨ। ਉਹ ਪੰਜਾਬ ਤੇ ਹਰਿਆਣੇ 'ਚ ਕੁਮੈਂਟਰੀ ਕਰਦਾ-ਕਰਦਾ ਪਾਕਿਸਤਾਨ, ਦੁਬਈ, ਮਲਾਇਆ, ਥਾਈਲੈਂਡ ਤੇ ਕੈਨੇਡਾ ਤਕ ਕੁਮੈਂਟਰੀ ਕਰ ਆਇਆ ਹੈ। ਉਹਦੀ ਕੁਮੈਂਟਰੀ ਨੂੰ ਫਲ ਵੀ ਚੰਗਾ ਲੱਗਾ। ਕੁਮੈਂਟਰੀ ਕਰਦਾ ਸੰਗਰੂਰ 'ਤੀ' ਨੂੰ 'ਸੀ' ਬੋਲਣ ਲੱਗ ਪਿਆ। ਪਹਿਲਾਂ ਸਾਈਕਲ ਮਸਾਂ ਜੁੜਦਾ ਸੀ, ਫਿਰ ਮੋਟਰ ਸਾਈਕਲ ਜੁੜ ਗਿਆ ਤੇ ਹੁਣ ਕਾਰ ਦਾ ਸਵਾਰ ਹੈ। ਇਹ ਸਭ ਕਬੱਡੀ ਕੁਮੈਂਟਰੀ ਦੀ ਕਿਰਪਾ ਹੈ, ਜਿਸ ਦਾ ਉਹ ਸ਼ੁਕਰਗੁਜ਼ਾਰ ਹੈ। ਉਸ ਨੇ ਕਬੱਡੀ ਦੇ ਵਡੇਰੇ ਬੁਲਾਰਿਆਂ, ਸੀਨੀਅਰ ਖੇਡ ਲੇਖਕਾਂ ਤੇ ਪੰਜਾਬੀ ਪੁਸਤਕਾਂ, ਖ਼ਾਸ ਕਰਕੇ ਖੇਡ ਪੁਸਤਕਾਂ ਤੋਂ ਬਹੁਤ ਕੁਝ ਸਿੱਖਿਆ ਹੈ। ਉਹੀ ਖੇਡ ਬੁਲਾਰਾ ਵਧੇਰੇ ਕਾਮਯਾਬ ਹੁੰਦੈ, ਜਿਹੜਾ ਖੇਡਾਂ ਤੇ ਖਿਡਾਰੀਆਂ ਬਾਰੇ ਬਹੁਪੱਖੀ ਜਾਣਕਾਰੀ ਰੱਖਦਾ ਹੋਵੇ।

ਕਬੱਡੀ ਦੀ ਕੁਮੈਂਟਰੀ ਵਿਚ ਚੋਖਾ ਪੈਸਾ ਤੇ ਮਾਣ-ਸਨਮਾਨ ਆ ਜਾਣ ਨਾਲ ਹੁਣ ਵੱਡੀ ਗਿਣਤੀ ਨਵੇਂ ਮੁੰਡੇ ਕੁਮੈਂਟਰੀ ਲਈ ਪਰ ਤੋਲ ਰਹੇ ਹਨ। ਉਹ ਕੁਮੈਂਟਰੀ ਕਲਾ ਦੇ ਗੁਰ ਸਿੱਖਣ ਲਈ ਅਕਸਰ ਉਸਤਾਦਾਂ ਤਕ ਪਹੁੰਚ ਕਰਦੇ ਹਨ ਤੇ ਹੋਰਨਾਂ ਕੁਮੈਂਟੇਟਰਾਂ ਦੇ ਬੋਲ ਯਾਦ ਰੱਖਦੇ ਹਨ। ਜਿਵੇਂ ਗਾਇਕਾਂ ਦਾ ਹੜ੍ਹ ਆਇਆ ਹੋਇਐ, ਉਵੇਂ ਹੀ ਹੁਣ ਕੁਮੈਂਟੇਟਰਾਂ ਦਾ ਹਾਲ ਹੈ। ਮੁਕਾਬਲਾ ਸਖ਼ਤ ਹੋ ਗਿਆ ਹੈ ਅਤੇ ਉਹੀ ਕੁਮੈਂਟੇਟਰ ਵਧੇਰੇ ਮਕਬੂਲ ਹੋਵੇਗਾ, ਜਿਸ ਵਿਚ ਵਧੇਰੇ ਕਲਾ ਕੌਸ਼ਲਤਾ ਹੋਵੇਗੀ।

ਕਬੱਡੀ ਦੀ ਕੁਮੈਂਟਰੀ ਲਈ ਗੱਦਰ, ਗੜ੍ਹਕਵੀਂ ਤੇ ਤੇਜ਼-ਤਰਾਰ ਆਵਾਜ਼ ਦਾ ਹੋਣਾ ਜ਼ਰੂਰੀ ਹੈ। ਚੇਤਾ ਸ਼ਕਤੀ ਵੀ ਤਕੜੀ ਹੋਵੇ ਤਾਂ ਜੋ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ, ਪਿੰਡਾਂ, ਖੇਡ ਕੈਰੀਅਰ ਤੇ ਖੇਡੇ ਟੂਰਨਾਮੈਂਟਾਂ ਦੇ ਨਾਂ ਥਾਂ ਚੰਗੀ ਤਰ੍ਹਾਂ ਯਾਦ ਰਹਿਣ। ਇਸ ਮਾਮਲੇ ਵਿਚ ਪ੍ਰੋ. ਮੱਖਣ ਸਿੰਘ ਆਪਣੀ ਮਿਸਾਲ ਆਪ ਹੈ। ਉਹਦੇ ਦਿਮਾਗ ਵਿਚ ਜਿਵੇਂ ਕੰਪਿਊਟਰ ਫਿੱਟ ਹੋਵੇ। ਨਵੇਂ ਮੁੰਡੇ ਉਸ ਦੀ ਕੁਮੈਂਟਰੀ ਦੀਆਂ ਟੇਪਾਂ ਸੁਣ ਕੇ ਕਾਫੀ ਕੁਝ ਸਿੱਖ ਰਹੇ ਹਨ। ਕਈ ਤਾਂ ਉਸ ਦੀ ਹੂਬਹੂ ਨਕਲ ਹੀ ਕਰਦੇ ਜਾਪਦੇ ਹਨ, ਜਿਸ ਕਰਕੇ ਉਨ੍ਹਾਂ ਦੀ ਵੱਖਰੀ ਪਛਾਣ ਨਹੀਂ ਬਣਦੀ। ਨਕਲ ਵੀ ਅਕਲ ਨਾਲ ਕਰਨੀ ਚਾਹੀਦੀ ਹੈ।

ਇਕ ਪਰਵੀਨ ਕੁਮੈਂਟੇਟਰ ਆਪਣੀ ਕੁਮੈਂਟਰੀ ਨਾਲ ਚੱਲ ਰਹੀ ਖੇਡ ਦਾ ਗੇਅਰ ਬਦਲਣ ਦੀ ਸਮਰੱਥਾ ਰੱਖਦਾ ਹੈ ਤੇ ਸਾਧਾਰਨ ਮੈਚ ਨੂੰ ਵੀ ਅਸਾਧਾਰਨ ਬਣਾ ਦਿੰਦਾ ਹੈ। ਸੰਤੁਲਿਤ ਕੁਮੈਂਟਰੀ ਉਹ ਹੁੰਦੀ ਹੈ, ਜੀਹਦੇ ਵਿਚ ਕੁਮੈਂਟੇਟਰ ਕਿਸੇ ਪਾਸੇ ਵੀ ਬਹੁਤਾ ਉਲਾਰ ਨਾ ਹੋਵੇ। ਉਹ ਲੋਕ ਮੁਹਾਵਰੇ ਵਿਚ ਬੋਲੇ, ਖੇਡ ਦੀ ਰਫ਼ਤਾਰ ਨਾਲ ਫ਼ਿਕਰੇ ਛੋਟੇ-ਵੱਡੇ ਕਰੇ ਤੇ ਖਿਡਾਰੀਆਂ ਦੇ ਜ਼ੋਰ ਲੱਗਣ ਵੇਲੇ ਆਪਣੀ ਆਵਾਜ਼ ਵੀ ਸਿਖਰਲੀ ਪਿੱਚ ਉੱਤੇ ਲੈ ਜਾਵੇ। ਇਉਂ ਲੱਗੇ ਜਿਵੇਂ ਕਬੱਡੀ ਖੇਡਦਿਆਂ ਖਿਡਾਰੀ ਨਾਲ ਖ਼ੁਦ ਉਹਦਾ ਵੀ ਜ਼ੋਰ ਲੱਗ ਰਿਹਾ ਹੋਵੇ।

ਕਬੱਡੀ ਦਾ ਕੁਮੈਂਟੇਟਰ ਲੋਕ ਗੀਤਾਂ, ਕਬੱਡੀ ਗੀਤਾਂ, ਹਾਸ-ਵਿਅੰਗ, ਟਿੱਚਰ-ਮਖੌਲ, ਲਤੀਫ਼ਿਆਂ, ਢੁਕਵੀਆਂ ਤੁਲਨਾਵਾਂ, ਹੱਲਾਸ਼ੇਰੀਆਂ ਤੇ ਲਲਕਾਰਿਆਂ ਦਾ ਹਿਸਾਬ-ਕਿਤਾਬ ਨਾਲ ਸਹਾਰਾ ਲਵੇ। ਸਬਜ਼ੀ-ਭਾਜੀ ਵਾਂਗ ਲੂਣ, ਮਿਰਚ ਤੇ ਮਸਾਲਾ ਸਹੀ ਮਿਕਦਾਰ 'ਚ ਰੱਖੇ। ਕਿਸੇ ਇਕ ਵਸਤ ਦੇ ਵਾਧੂ ਹੋ ਜਾਣ ਨਾਲ ਸਭ ਕੁਝ ਬੇਸੁਆਦਾ ਹੋ ਜਾਂਦਾ ਹੈ। ਇੱਥੋਂ ਤਕ ਕਿ ਕਿਸੇ ਦੀ ਲੋੜੋਂ ਵੱਧ ਪ੍ਰਸ਼ੰਸਾ ਵੀ ਬਹੁਤੇ ਮਿੱਠੇ ਵਾਂਗ ਬਹੁਤੀ ਚੰਗੀ ਨਹੀਂ ਲੱਗਦੀ। ਹਰ ਕੋਈ ਚਾਹੁੰਦਾ ਹੁੰਦਾ ਹੈ ਕਿ ਕੁਮੈਂਟਰੀ ਕਰਨ ਵਾਲਾ ਉਹਦੀ ਹੀ ਉਸਤਤ ਕਰੇ, ਪਰ ਇਹ ਸੰਭਵ ਨਹੀਂ ਹੁੰਦਾ। ਜਿਥੇ ਜਸ ਕਰਨਾ ਬਣਦਾ ਹੋਵੇ ਉਥੇ ਸਰਫ਼ਾ ਕਰਨਾ ਵੀ ਨਹੀਂ ਸ਼ੋਭਦਾ। ਪ੍ਰਸ਼ੰਸਾ ਤੇ ਖ਼ੁਸ਼ਾਮਦ ਦੇ ਫਰਕ ਨੂੰ ਸਮਝਣਾ ਚਾਹੀਦੈ। ਚਮਚਾਗਿਰੀ ਤੇ ਫੋਕੀ ਵਡਿਆਈ ਦੀ ਕੁਮੈਂਟਰੀ 'ਚ ਕੋਈ ਥਾਂ ਨਹੀਂ।

ਕੁਮੈਂਟੇਟਰ ਅਖਾੜੇ ਦਾ ਰੰਗ-ਢੰਗ, ਮੌਸਮ, ਆਲਾ-ਦੁਆਲਾ, ਧੁੱਪ-ਛਾਂ, ਵਗਦੀ 'ਵਾ ਤੇ ਆਕਾਸ਼ 'ਚ ਉਡਦੇ ਪੰਛੀਆਂ ਦੀ ਬਾਤ ਵੀ ਪਾਉਂਦਾ ਜਾਵੇ। ਉਹ ਹਾਸ-ਰਸ ਦਾ ਛੱਟਾ ਵੀ ਦਿੰਦਾ ਚੱਲੇ। ਦਰਸ਼ਕਾਂ ਦੀ ਉਪਭਾਸ਼ਾ ਦੀਆਂ ਛੋਹਾਂ ਦੇਣੀਆਂ ਨਾ ਭੁੱਲੇ ਤਾਂ ਜੋ ਉਨ੍ਹਾਂ ਦੀ ਸਥਾਨਕ ਹੋਂਦ ਜਤਲਾਈ ਜਾਵੇ। ਖਿਡਾਰੀਆਂ, ਖੇਡ-ਪ੍ਰਬੰਧਕਾਂ, ਖੇਡ ਪ੍ਰਮੋਟਰਾਂ, ਵਿਸ਼ੇਸ਼ ਵਿਅਕਤੀਆਂ ਤੇ ਇਨਾਮ ਦੇਣ ਵਾਲਿਆਂ ਦੀ ਢੁੱਕਵੀਂ ਉਸਤਤ ਕਰੇ ਪਰ ਮਿਰਾਸਪੁਣੇ ਤੋਂ ਬਚੇ। ਚਾਪਲੂਸੀ ਕਰਨੀ ਕੁਮੈਂਟੇਟਰਾਂ ਦਾ ਕੰਮ ਨਹੀਂ। ਅਜਿਹਾ ਕੁਝ ਸਟੇਜ ਸਕੱਤਰਾਂ ਨੂੰ ਕਰਨ ਦੇਵੇ। ਜਦ ਖੇਡ ਰੁਕੇ ਤਾਂ ਉਹ ਖੇਡਾਂ ਦੀਆਂ ਬਾਤਾਂ ਪਾਉਂਦਾ ਦਰਸ਼ਕਾਂ ਨੂੰ ਰੁਝਾਈ ਰੱਖੇ। ਉਹ ਹਸਮੁੱਖ ਤੇ ਮਿਲਾਪੜਾ ਹੋਵੇ ਤੇ ਏਨਾ ਕੁ ਪ੍ਰਭਾਵਸ਼ਾਲੀ ਵੀ ਹੋਵੇ ਕਿ ਕਬੱਡੀ ਮੈਚਾਂ ਸਮੇਂ ਬਾਹਰੀ ਦਖਲ-ਅੰਦਾਜ਼ੀ ਨੂੰ ਰੋਕਣ ਵਿਚ ਮਦਦਗਾਰ ਹੋ ਸਕੇ। ਖੇਡ ਮੈਦਾਨ ਵਿਚ ਉਹ ਸੂਤਰਧਾਰ ਹੁੰਦਾ ਹੈ, ਜਿਹੜਾ ਕਬੱਡੀ ਮੇਲੇ ਨੂੰ ਬੰਨ੍ਹ ਕੇ ਰੱਖਦਾ ਹੈ। ਤਸੱਲੀ ਦੀ ਗੱਲ ਹੈ ਕਿ ਸਾਡੇ ਕਈ ਬੁਲਾਰਿਆਂ ਨੇ ਕਬੱਡੀ ਨੂੰ ਹੋਰ ਮਕਬੂਲ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਤੇ ਕਬੱਡੀ ਦਾ ਅਨੂਠਾ ਕਾਵਿ ਸੰਸਾਰ ਸਿਰਜਿਆ ਹੈ।



ਸਤਪਾਲ ਮਾਹੀ ਰਵਾਇਤੀ ਸ਼ੋਰ ਸ਼ਰਾਬੇ ਵਾਲੀ ਕੁਮੈਂਟਰੀ ਦੀ ਥਾਂ ਸਹਿਜ ਮਤੇ ਵਾਲੀ ਕੁਮੈਂਟਰੀ ਦਾ ਧਾਰਨੀ ਹੈ। ਮੈਚਾਂ ਦਾ ਅੱਖੀਂ ਡਿੱਠਾ ਹਾਲ ਬਿਆਨਦਾ ਠੇਠ ਮਲਵਈ ਸ਼ਬਦਾਂ ਵਿਚ ਖਿਡਾਰੀਆਂ ਤੇ ਪ੍ਰਮੋਟਰਾਂ ਦੀ ਸਿਫਤ ਤਾਂ ਕਰਦਾ ਹੈ ਪਰ ਕਿਸੇ ਦਾ ਮਿਰਾਸਪੁਣਾ ਨਹੀਂ। ਲਿਖਣਾ ਉਸਦਾ ਸ਼ੌਕ ਹੈ। ਉਸ ਨੇ 'ਅਖਾੜਾ' ਮੈਗਜ਼ੀਨ ਤੇ 'ਚੱਕ ਦੇ ਕਬੱਡੀ' ਵਿਚ ਕੰਮ ਕੀਤਾ ਹੈ। ਖੇਡ ਲੇਖਕ ਜਗਰੂਪ ਜਰਖੜ ਅਤੇ ਯਾਦਵਿੰਦਰ ਤੂਰ ਵੱਲੋਂ ਸ਼ੁਰੂ ਕੀਤੇ ਮੈਗਜ਼ੀਨ 'ਖੇਡ ਮੈਦਾਨ ਬੋਲਦਾ ਹੈ' ਵਿਚ ਉਹ ਲਗਾਤਾਰ ਲਿਖ ਰਿਹੈ। ਉਸਦੇ ਬੋਲਾਂ ਵਿਚ ਵੀ ਪੰਜਾਬੀ ਖੇਡ ਸਾਹਿਤ ਦੀ ਗੱਲ ਹੁੰਦੀ ਹੈ। ਖਿਡਾਰੀਆਂ, ਖੇਡ ਮੇਲਿਆ ਬਾਰੇ ਉਹ ਨਿਰੰਤਰ ਲਿਖਦਾ ਆ ਰਿਹੈ। ਜ਼ਿੰਦਗੀ ਨੂੰ ਕਰੜਾ ਜੀਵਨ ਸੰਘਰਸ਼ ਮੰਨ ਕੇ ਜਿਉਣ ਵਾਲਾ ਸਤਪਾਲ ਮਾਹੀ ਆਪਣੀ ਸਵੈ-ਜੀਵਨੀ ਲਿਖਣ ਦੀ ਤਿਆਰੀ ਵਿਚ ਹੈ। ਉਹ ਕਬੱਡੀ ਖਿਡਾਰੀਆਂ ਬਾਰੇ ਵੀ ਆਪਣੀ ਪੁਸਤਕ ਛਪਵਾ ਰਿਹੈ। ਕੰਮੀਆਂ ਦੇ ਵਿਹੜੇ ਜੰਮਿਆ ਸਤਪਾਲ ਸੁਰਤ ਸੰਭਾਲਣ ਤੋਂ ਜ਼ਿੰਦਗੀ ਨਾਲ ਦੋ ਹੱਥ ਕਰਦਾ ਆ ਰਿਹੈ। ਉਹਦਾ ਪਿੰਡ ਵੀ ਪੰਜਾਬ ਦੇ ਹੋਰਨਾਂ ਪਿੰਡਾਂ ਵਾਂਗ ਜਾਤੀਵਾਦ ਦੇ ਵਿਤਕਰੇ ਅਤੇ ਰਾਜਨੀਤਕ ਪਾਰਟੀਬਾਜ਼ੀ ਦਾ ਸ਼ਿਕਾਰ ਹੁੰਦਾ ਰਿਹਾ ਹੈ। ਸਿਆਸੀ ਖੇਡਾਂ ਖੇਡਣ ਵਾਲੇ ਜਾਤੀਵਾਦ 'ਚ ਉਲਝੇ ਆਗੂ ਉਹਦੀ ਭਾਸ਼ਣ ਕਲਾ ਨੂੰ ਪਛਾਣਨ ਦੀ ਬਜਾਏ ਉਸਨੂੰ ਆਪਣੀ ਸਿਆਸੀ ਨਫਰਤ ਦਾ ਪਾਤਰ ਬਣਾਉਂਦੇ ਰਹੇ ਹਨ। ਪਰ ਉਹ ਨਿਰੰਤਰ ਆਪਣੀ ਮੰਜ਼ਿਲ ਵੱਲ ਵਧਦਾ ਜਾ ਰਿਹੈ। ਉਹ ਅਕਸਰ ਆਖਦਾ ਹੈ: ਦੁੱਖ ਤਾਂ ਬਥੇਰੇ ਝੱਲੇ ਦੱਸਣੇ ਨਹੀਂ ਯਾਰ ਨੂੰ, ਆਪੇ ਕਦੇ ਸੋਝੀ ਹੋ ਜੂ ਮੇਰੀ ਸਰਕਾਰ ਨੂੰ...

ਪਰ ਸਮੇਂ ਦੇ ਹਾਕਮਾਂ ਨੇ ਇਹੋ ਜਿਹੇ ਬਥੇਰੇ ਹੁਨਰਮੰਦ ਬੰਦਿਆਂ ਦਾ ਕੋਈ ਮੁੱਲ ਨਹੀਂ ਪਾਇਆ। ਸੈਂਕੜੇ ਨਾਮਵਰ ਖਿਡਾਰੀਆਂ, ਲੇਖਕਾਂ ਤੇ ਕਲਾਕਾਰਾਂ ਵਾਂਗ ਉਹ ਵੀ ਬੇਰੁਜ਼ਗਾਰੀ ਦੀ ਚੱਕੀ ਵਿਚ ਪਿਸਦਾ ਰਿਹਾ ਹੈ। ਉਹ ਸ਼ੁਕਰ ਕਰਦਾ ਹੈ ਕਿ ਕਬੱਡੀ ਬੁਲਾਰਿਆਂ ਵਿਚ ਉਹਦਾ ਵਿਲੱਖਣ ਸਥਾਨ ਹੈ। ਉਹ ਬੇਬਾਕ ਬੁਲਾਰਾ, ਹਾਸ ਵਿਅੰਗ ਦਾ ਧਨੀ ਤੇ ਨਿਡਰ ਇਨਸਾਨ ਹੈ। ਉਹਦੀ ਕੁਮੈਂਟਰੀ ਆਪਣੇ ਜੋੜੇ ਬੰਦਾਂ ਨਾਲ ਸ਼ੁਰੂ ਹੁੰਦੀ ਹੈ:

ਬਾਬੇ ਨਾਨਕ ਦੇ ਦਰ ਤੋਂ ਲੈ ਸ਼ਕਤੀ
ਬਾਬੇ ਦੀਪ ਸਿੰਘ ਜੋਸ਼ ਧਾਰ ਆਏ
ਪੀਰ ਫਕੀਰਾਂ ਦੀ ਧਰਤੀ ਦੇ ਜਾਏ ਗੱਭਰੂ
ਕਬੱਡੀ ਖੇਡਣ ਲਈ ਹੋ ਕੇ ਤਿਆਰ ਆਏ।

ਮੈਚ ਸ਼ੁਰੂ ਹੁੰਦਿਆਂ ਹੀ ਕਬੱਡੀ ਖਿਡਾਰੀਆਂ ਦੀ ਸਿਫ਼ਤ ਕਰਦਿਆਂ ਉਚਾਰਦਾ ਹੈ:

ਲੋਕੀਂ ਸੁਣੇ ਮੈਂ ਕਹਿੰਦੇ
ਸੋਮਾ ਮਿੱਟੀ ਨਹੀਂ ਸੀ ਲਵਾਉਂਦਾ
ਰਾਜੀ ਬਿਰਧਨੋ ਪਿੰਡ ਦਾ
ਰੇਡਾਂ ਚੜ੍ਹ-ਚੜ੍ਹ ਕੇ ਸੀ ਪਾਉਂਦਾ
ਦਿਲਬਰ ਗੋਲੂ ਫੁਰਤੀਲੇ ਸੀ
ਮੀਤਾ ਜ਼ੋਰੀਂ ਨੰਬਰ ਲਿਆਉਂਦਾ
ਇਹ ਰੁਸਤਮ ਕੌਡੀ ਦੇ
ਜਿਨ੍ਹਾਂ ਨੂੰ ਯਾਦ ਰੱਖੂ ਜੱਗ ਜਿਉਂਦਾ।
ਢਾਉਂਦੇ ਆ ਢੇਰੀਆਂ ਤੇ
ਜੰਜੂਆ, ਸੁੱਖਾ, ਮੰਗੀ, ਕੁੰਡੀ
ਮੱਥਾ ਲਾਉਣ ਪਹਾੜਾਂ ਨਾਲ
ਜੀਤਾ ਠੇਕੇਦਾਰ ਤੇ ਜੁੰਡੀ
ਛੱਡ ਆਏ ਕੁਸ਼ਤੀ ਨੂੰ
ਪੰਮਾ, ਗੋਪੀ ਅਤੇ ਰਸਾਲਾ
ਪਾਸਾ ਪਲਟਣ ਮੈਚਾਂ ਦਾ
ਗੋਗੋ, ਮੀਕ, ਬਿੱਟੂ ਤੇ ਪਾਲਾ।

ਕਬੱਡੀ ਮੇਲਿਆਂ 'ਤੇ ਜਾਂਦੇ ਆਉਂਦਿਆਂ ਉਸ ਨੇ ਲੰਮਾ ਪੈਂਡਾ ਤੈਅ ਕੀਤਾ ਹੈ। ਅਨੇਕਾਂ ਮੁਸ਼ਕਲਾਂ ਨਾਲ ਜੂਝਦਿਆਂ ਬੁਲੰਦੀਆਂ ਛੂਹੀਆਂ ਹਨ। ਜਦੋਂ 1982 ਵਿਚ ਸਤਪਾਲ ਦਾ ਜਨਮ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਨਾਨਕੇ ਪਿੰਡ ਖਨਾਲ ਕਲਾਂ ਵਿਚ ਹੋਇਆ, ਉਦੋਂ ਉਸਦਾ ਪਿਤਾ ਪਿਆਰਾ ਸਿੰਘ ਪੱਲੇਦਾਰੀ ਦਾ ਕੰਮ ਕਰਦਾ ਸੀ। ਇਹ ਪਿੰਡ ਵੀ ਸੁਨਾਮ ਨੇੜੇ ਪੈਂਦਾ ਹੈ। ਸਤਪਾਲ ਹੋਰੀਂ ਛੇ ਭੈਣ ਭਰਾ ਸਨ। ਉਨ੍ਹਾਂ ਦੇ ਪੜਦਾਦੇ ਹਰੀ ਸਿੰਘ ਨੇ ਮਸਤੂਆਣਾ ਸਾਹਿਬ ਤੋਂ ਅੰਮ੍ਰਿਤਪਾਨ ਕੀਤਾ ਸੀ। ਪਿੰਡ 'ਚ ਉਨ੍ਹਾਂ ਦਾ ਲਾਣਾ 'ਸਿੱਖ ਕੇ' ਪਰਿਵਾਰ ਵਜੋਂ ਜਾਣਿਆ ਜਾਂਦਾ ਹੈ। ਜ਼ਿਲ੍ਹੇ ਸੰਗਰੂਰ ਵਿਚ ਪੱਲੇਦਾਰ ਯੂਨੀਅਨਾਂ ਬਣਾਉਣ ਵਾਲੇ ਉਨ੍ਹਾਂ ਦੇ ਪਿਤਾ ਮੂਹਰਲੀ ਕਤਾਰ ਦੇ ਆਗੂ ਸਨ। ਬਚਪਨ 'ਚ ਨਾਨਕੇ-ਦਾਦਕੇ ਸਭ ਸਤਪਾਲ ਨੂੰ ਸਤਨਾਮ ਕਹਿ ਕੇ ਬੁਲਾਉਂਦੇ ਸਨ। ਦਾਦੀ ਚੰਦ ਕੌਰ ਸਕੂਲ 'ਚ ਦਾਖਿਲ ਕਰਾਉਣ ਗਈ ਤਾਂ ਪੋਤੇ ਦਾ ਨਾਂ ਸਤਪਾਲ ਸਿੰਘ ਦਰਜ ਕਰਾ ਆਈ। ਘਰਾਚੋਂ ਰਹਿੰਦਿਆਂ ਮਿੱਤਰਾਂ ਨੇ ਮਾਹੀ ਕਹਿਣਾ ਸ਼ੁਰੂ ਕਰ ਦਿੱਤਾ ਜੋ ਕਬੱਡੀ ਜਗਤ ਵਿਚ ਸਤਪਾਲ ਮਾਹੀ ਕਰਕੇ ਪ੍ਰਵਾਨ ਚੜ੍ਹ ਗਿਆ।

ਉਸ ਦੇ ਬਚਪਨ 'ਚ ਇੱਕ ਦੌਰ ਐਸਾ ਆਇਆ ਜਦੋਂ ਘਰ ਦੀ ਹਾਲਤ ਬਹੁਤ ਪਤਲੀ ਪੈ ਗਈ। ਕਬੀਲਦਾਰੀ ਵੱਡੀ ਹੋਣ ਕਾਰਨ ਦਸਵੀਂ 'ਚ ਪੜ੍ਹਦਿਆਂ ਉਹ ਤੂੜੀ ਢੋਣ ਵਾਲਿਆਂ ਨਾਲ ਮਜ਼ਦੂਰੀ ਕਰਦਾ ਰਿਹਾ। ਹਰਿਆਣਾ, ਦਿੱਲੀ, ਰਾਜਸਥਾਨ ਤਕ ਤੂੜੀ ਢੋਣ ਦਾ ਕੰਮ ਕੀਤਾ। ਖੇਤਾਂ ਵਿਚ ਦਿਹਾੜੀਆਂ ਕੀਤੀਆਂ। ਵਿਦਿਆਰਥੀ ਹੁੰਦਿਆਂ ਛੁੱਟੀਆਂ 'ਚ ਮਿਹਨਤ ਮਜ਼ਦੂਰੀ ਕਰਦਾ ਰਿਹਾ। 'ਕੱਲਾ ਜਣਾ ਖੇਤਾਂ 'ਚ ਨਰਮੇ ਕਪਾਹ ਦੀ ਗੋਡਾਈ ਤੇ ਕਣਕ ਦੀ ਵਢਾਈ ਕਰਦਾ ਰਿਹਾ। ਉਸ ਨੇ ਦਸਵੀਂ ਤਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕੀਤੀ। ਬਾਰ੍ਹਵੀਂ ਮਹਿਲਾਂ ਚੌਂਕ ਤੋਂ ਕਰ ਕੇ ਕੁਮੈਂਟਰੀ ਕਰਨੀ ਸ਼ੁਰੂ ਕਰ ਦਿੱਤੀ। ਰੰਗਕਰਮੀ ਮਾਸਟਰ ਰਾਮ ਸਰੂਪ ਢੈਪਈ ਨੇ ਉਸਨੂੰ ਮਾਈਕ ਫੜਾ ਕੇ ਸਕੂਲ ਦੀ ਸਟੇਜ ਤੋਂ ਬੋਲਣਾ ਸਿਖਾ ਦਿੱਤਾ। ਪਹਿਲਾਂ ਨਾਵਲ ਪੜ੍ਹਨ ਦਾ ਸ਼ੌਕੀਨ ਸੀ। ਫੇਰ ਕੁਮੈਂਟਰੀ ਕਰਦਿਆਂ ਖੇਡ ਸਾਹਿਤ ਪੜ੍ਹਨ ਦੀ ਜਾਗ ਲੱਗ ਗਈ।

ਟੂਰਨਾਮੈਂਟਾਂ 'ਤੇ ਜਾਣ ਲਈ ਉਸ ਦੇ ਪਿਤਾ ਨੇ ਉਸਨੂੰ ਸਾਈਕਲ ਲੈ ਕੇ ਦਿੱਤਾ। ਫੇਰ ਉਸ ਦੇ ਦੋਸਤ ਰਾਜ ਖਨਾਲ ਨੇ ਉਸਨੂੰ ਕੋਚ ਗੁਰਮੇਲ ਸਿੰਘ ਦਿੜ੍ਹਬਾ ਨਾਲ ਮਿਲਾਇਆ, ਜਿੱਥੇ ਉਸਨੂੰ ਸ਼ਹੀਦ ਬਚਨ ਸਿੰਘ ਅੰਤਰਰਾਸ਼ਟਰੀ ਕਬੱਡੀ ਕੱਪ ਦਿੜ੍ਹਬਾ 'ਤੇ ਬੋਲਣ ਦਾ ਮੌਕਾ ਮਿਲਿਆ। ਦਿੜ੍ਹਬਾ ਕੱਪ 'ਤੇ ਉਸਨੇ ਲਗਾਤਾਰ ਵੀਹ ਸਾਲ ਕੁਮੈਂਟਰੀ ਕਲਾ ਦਾ ਲੋਹਾ ਮਨਵਾਇਆ। 2001 ਵਿਚ ਉਸ ਨੇ ਕਬੱਡੀ ਖਿਡਾਰੀ ਦਰਸ਼ਨ ਘਰਾਚੋਂ ਬਾਰੇ ਪਹਿਲਾ ਖੇਡ ਲੇਖ ਲਿਖਿਆ 'ਛੁਪਿਆ ਰੁਸਤਮ'। ਹੁਣ ਤੱਕ ਉਸ ਦੇ ਦਰਜਨਾਂ ਆਰਟੀਕਲ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਛਪ ਚੁੱਕੇ ਹਨ। 2006 ਵਿਚ ਉਸਦਾ ਵਿਆਹ ਬੀਬੀ ਕਿਰਨਪਾਲ ਕੌਰ ਨਾਲ ਹੋਇਆ। ਉਨ੍ਹਾਂ ਦੇ ਦੋ ਪੁੱਤਰ ਹਰਕਮਲ ਸਿੰਘ ਤੇ ਸਾਹਿਬਪ੍ਰੀਤ ਸਿੰਘ ਹਨ।

2010 ਵਿਚ ਖੋਜੀ ਖੇਡ ਲੇਖਕ ਡਾ. ਸੁਖਦਰਸ਼ਨ ਸਿੰਘ ਚਹਿਲ ਤੇ ਸਤਪਾਲ ਖਡਿਆਲ ਮੇਰੇ ਸੰਪਰਕ ਵਿਚ ਆਏ। ਮੈਂ ਉਨ੍ਹਾਂ ਨੂੰ ਪਹਿਲੇ ਪੰਜਾਬ ਵਿਸ਼ਵ ਕਬੱਡੀ ਕੱਪ ਨਾਲ ਜੋੜ ਦਿੱਤਾ। ਫੇਰ ਉਸ ਨੂੰ 2011,14, 16 ਅਤੇ 2019 ਦੇ ਵਿਸ਼ਵ ਕਬੱਡੀ ਕੱਪਾਂ ਅਤੇ 2014, 16 ਦੀ ਵਿਸ਼ਵ ਕਬੱਡੀ ਲੀਗ ਦੀ ਕੁਮੈਂਟਰੀ ਕਰਨ ਦੇ ਮੌਕੇ ਮਿਲੇ। ਫਿਰ ਟੋਰਾਂਟੋ ਕਬੱਡੀ ਫੈਡਰੇਸ਼ਨ ਦੀ ਚਿੱਠੀ ਨਾਲ ਕੈਨੇਡਾ ਦਾ ਵੀਜ਼ਾ ਲੱਗ ਗਿਆ ਪਰ ਟਿਕਟ ਲੈਣ ਜੋਗੇ ਪੈਸੇ ਨਹੀਂ ਸਨ। ਉਸਨੇ ਇਕ ਮਿੱਤਰ ਤੋਂ 50 ਹਜ਼ਾਰ ਰੁਪਏ ਉਧਾਰ ਫੜੇ। ਘਰੋਂ ਭੈਣ ਨੇ ਔਖ ਸੌਖ ਲਈ ਜੋੜੀ ਪੂੰਜੀ ਪੰਜ ਹਜ਼ਾਰ ਰੁਪਏ ਦਿੰਦਿਆਂ ਭਰਾ ਨੂੰ ਵਿਦਾ ਕੀਤਾ। 2011 ਵਿਚ ਦੁਬਾਰਾ ਕੈਨੇਡਾ ਜਾਣ ਸਮੇਂ ਵੈਨਕੂਵਰ ਕਲੱਬ ਨੇ ਟਿਕਟ ਭੇਜ ਦਿੱਤੀ। ਉਨ੍ਹਾਂ ਦੋ ਗੇੜਿਆਂ ਨਾਲ ਉਸ ਨੇ ਘਰ ਦੀ ਆਰਥਿਕ ਹਾਲਤ ਕੁਝ ਠੀਕ ਕੀਤੀ ਅਤੇ ਦੋ ਭੈਣਾਂ ਦੇ ਹੱਥ ਪੀਲੇ ਕੀਤੇ। ਪਰ ਆਪ ਪ੍ਰਸਿੱਧੀ ਪਾ ਕੇ ਵੀ ਨੰਗੇ ਪੈਰਾਂ ਦੇ ਸਫਰ ਨਾਲ ਜੂਝਦਾ ਰਿਹਾ। 2013 ਵਿਚ ਦੁਬਈ ਕਬੱਡੀ ਕੱਪ 'ਤੇ ਗਿਆ ਤੇ 2017 ਵਿਚ ਮਨੀਲਾ ਅਤੇ 2018 ਵਿਚ ਮਲੇਸ਼ੀਆ ਜਾਣ ਦਾ ਮੌਕਾ ਮਿਲਿਆ। 2020 ਵਿਚ ਪਾਕਿਸਤਾਨ ਵਿਸ਼ਵ ਕਬੱਡੀ ਕੱਪ ਵਿਚ ਹਾਜ਼ਰੀ ਭਰੀ, ਜਿਥੇ ਦਰਸ਼ਕਾਂ ਵੱਲੋਂ ਬੇਹੱਦ ਪਿਆਰ ਮਿਲਿਆ। ਪੇਸ਼ ਹਨ ਉਹਦੀਆਂ ਖੇਡ ਲਿਖਤਾਂ ਦੇ ਅੰਸ਼:

## ਕਬੱਡੀ ਨੂੰ ਡਰੱਗ ਮੁਕਤ ਕਰਨ ਦੀ ਲੋੜ

ਪੰਜਾਬ ਵਿਚ ਚਾਰ-ਪੰਜ ਜਥੇਬੰਦੀਆਂ ਕਬੱਡੀ ਫੈਡਰੇਸ਼ਨਾਂ ਦੇ ਰੂਪ ਵਿਚ ਕੰਮ ਕਰ ਰਹੀਆਂ ਹਨ। ਡਰੱਗ 'ਤੇ ਕਾਬੂ ਪਾਉਣਾ ਸਭਨਾਂ ਲਈ ਸਿਰਦਰਦੀ ਦਾ ਸਵਾਲ ਬਣਿਆ ਹੋਇਆ ਹੈ। ਪਿੱਛੇ ਜਿਹੇ ਵੱਖ-ਵੱਖ ਦੇਸ਼ਾਂ ਦੇ ਖੇਡ ਪ੍ਰਬੰਧਕਾਂ ਨੇ ਇੱਕ ਵਿਸ਼ਵ ਪੱਧਰੀ ਡੋਪਿੰਗ ਕਮੇਟੀ ਦਾ ਗਠਨ ਕੀਤਾ ਸੀ। ਉਸ ਨੇ 2019-20 ਦੇ ਕਬੱਡੀ ਸੀਜ਼ਨ ਦੌਰਾਨ ਇਸ ਕੋਹੜ ਨੂੰ ਦੂਰ ਕਰਨ ਲਈ ਪੰਜਾਬ ਦੇ ਖੇਡ ਸੀਜ਼ਨ ਅਤੇ ਵਿਦੇਸ਼ਾਂ 'ਚ ਹੁੰਦੇ ਮੈਚਾਂ ਦੌਰਾਨ ਖਿਡਾਰੀਆਂ ਦੇ ਡੋਪ ਟੈਸਟ ਕਰਾਏ ਸਨ। ਉਸ ਨਾਲ ਆਸ ਬੱਝੀ ਸੀ ਕਿ ਕਬੱਡੀ ਵਿਚ ਨਸ਼ਾਵਰ ਡਰੱਗਾਂ ਵਰਗੀਆਂ ਅਲਾਮਤਾਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ ਪਰ ਪੇਸ਼ੇਵਰ ਕਬੱਡੀ ਖਿਡਾਉਣ ਵਾਲੀਆਂ ਫੈਡਰੇਸ਼ਨਾਂ ਨੇ ਆਪੋ ਆਪਣੇ ਤਰੀਕੇ ਨਾਲ ਅਲੱਗ ਅਲੱਗ ਲੈਬਾਂ ਤੋਂ ਟੈਸਟ ਕਰਾ ਲਏ। ਪੰਜਾਬ ਦੀ ਇੱਕ ਖੇਡ ਜਥੇਬੰਦੀ ਦੇ ਜ਼ਿੰਮੇਵਾਰ ਸੱਜਣ ਦੇ ਦੱਸਣ ਅਨੁਸਾਰ ਹਾਲੇ ਇਸ ਕੋਹੜ ਨੂੰ ਦੂਰ ਕਰਨ ਲਈ ਹੋਰ ਡਟ ਕੇ ਕੰਮ ਕਰਨ ਦੀ ਲੋੜ ਹੈ। ਇੰਨੀ ਜਲਦੀ ਕਬੱਡੀ ਨੂੰ ਡੋਪ ਮੁਕਤ ਹੋਈ ਕਹਿਣਾ ਸੱਚਾਈ ਨਹੀਂ। ਅਮਰੀਕਾ ਵਾਸੀ ਖੇਡ ਪ੍ਰਮੋਟਰਾਂ ਨੇ ਵਿਸ਼ਵ ਕਬੱਡੀ ਡੋਪਿੰਗ ਕਮੇਟੀ ਦੀ ਮਦਦ ਕਰਦਿਆਂ ਲੱਖਾਂ ਰੁਪਏ ਇਸ ਕਾਰਜ ਲਈ ਖਰਚ ਕੀਤੇ ਸਨ ਪਰ ਕਰੋਨਾ ਕਾਲ ਦੇ ਚੱਲਦਿਆਂ ਕਬੱਡੀ ਮੈਚ ਬੰਦ ਹੋ ਗਏ। ਦੇਸ਼ ਵਿਦੇਸ਼ ਵਿਚ ਮੈਚ ਨਾ ਹੋਣ ਕਾਰਨ ਪਿਛਲੇ ਦੋ ਸਾਲ ਤੋਂ ਸਰਗਰਮ ਕਬੱਡੀ ਨਾ ਹੋ ਸਕੀ ਤੇ ਡਰੱਗ ਤੋਂ ਮੁਕਤ ਕਰਾਉਣ ਦਾ ਕਾਰਜ ਪੂਰਾ ਨਾ ਹੋ ਸਕਿਆ।

ਫੈਡਰੇਸ਼ਨਾਂ ਦੇ ਮੈਚ ਬੰਦ ਹੋਣ ਕਾਰਨ ਅੱਜ-ਕੱਲ੍ਹ ਪਿੰਡਾਂ ਵਿਚ ਖੁੱਲ੍ਹੀਆਂ ਕਲੱਬਾਂ ਦੇ ਮੈਚ ਹੋ ਰਹੇ ਹਨ, ਜਿੱਥੇ ਕੋਈ ਡੋਪ ਟੈਸਟ ਨਹੀਂ ਹੋ ਰਿਹਾ ਤੇ ਨਾ ਹੀ ਕੋਈ ਸਮਾਂ ਸਾਰਣੀ ਹੈ। ਮੈਚ ਵੀ ਅਨੁਸ਼ਾਸਨੀ ਢੰਗ ਨਾਲ ਨਹੀਂ ਹੋ ਰਹੇ। ਅੱਧੀ ਰਾਤ ਤਕ ਹੁੰਦੀ ਕਬੱਡੀ ਨੇ ਖੇਡ ਸਭਿਆਚਾਰ ਵਿਗਾੜ ਦਿੱਤਾ ਹੈ। ਜਿੱਥੇ ਅੱਧੀ ਰਾਤ ਨੂੰ ਖੇਡਣ ਵਾਲਿਆਂ 'ਤੇ ਡੋਪ ਦੇ ਦੋਸ਼ ਲੱਗਦੇ ਹਨ ਉੱਥੇ ਕਈ ਖੇਡ ਪ੍ਰਬੰਧਕ ਵੀ ਨਸ਼ੇ ਦੀ ਹਾਲਤ 'ਚ ਹੁੰਦੇ ਹਨ। ਰੈਫਰੀਆਂ ਤੇ ਕੁਮੈਂਟਰੀ ਕਰਨ ਵਾਲਿਆਂ ਦਾ ਪੱਧਰ ਇਸ ਕਦਰ ਡਿੱਗ ਗਿਆ ਹੈ ਕਿ ਵਧੇਰੇ ਟੂਰਨਾਮੈਂਟ ਰੈਫਰੀਆਂ ਦੀ ਗ਼ਲਤ ਜੱਜਮੈਂਟ ਕਾਰਨ ਰੌਲੇ ਰੱਪੇ 'ਚ ਹੀ ਮੁੱਕਦੇ ਹਨ। ਕੁਮੈਂਟਰੀ ਕਰਨ ਵਾਲੇ ਖਿਡਾਰੀਆਂ ਬਾਰੇ ਬੋਲਣ ਦੀ ਥਾਂ ਅਸ਼ਲੀਲ ਗੀਤਾਂ ਨੂੰ ਪ੍ਰਮੋਟ ਕਰਦੇ ਹਨ। ਪੰਜਾਬੀ ਦੇ ਅਦਬੀ ਸ਼ਬਦ ਬੋਲਣ ਵਾਲਿਆਂ ਕੋਲੋਂ ਖੇਡ ਖੇਤਰ ਖੁੱਸ ਗਿਆ ਜਾਪਦੈ।

ਕਬੱਡੀ ਨੂੰ ਸਮੇਂ ਦੀ ਹਾਣੀ ਬਣਾਉਣ ਲਈ ਨਾ ਹੀ ਪੇਂਡੂ ਖੇਡ ਮੇਲਿਆਂ ਦੇ ਪ੍ਰਬੰਧਕ ਸੁਹਿਰਦ ਹਨ ਤੇ ਨਾ ਹੀ ਮੌਜੂਦਾ ਸਰਕਾਰ ਕੋਈ ਉਸਾਰੂ ਰੋਲ ਨਿਭਾਅ ਰਹੀ ਹੈ। ਪੰਜਾਬ ਸਰਕਾਰ ਦੀ ਠੋਸ ਖੇਡ ਨੀਤੀ ਨਾ ਹੋਣ ਕਾਰਨ ਕਬੱਡੀ ਸਕੂਲਾਂ, ਕਾਲਜਾਂ 'ਚੋਂ ਵਿਸਰ ਗਈ ਹੈ। ਕਬੱਡੀ ਵਿਚ ਵਾਪਰ ਰਹੀਆਂ ਮਾਰੂ ਘਟਨਾਵਾਂ ਤੇ ਮਾਰੂ ਡਰੱਗਾਂ ਦਾ ਇਸਤੇਮਾਲ ਕਰਨ ਕਰਕੇ ਨੌਜਵਾਨ ਖਿਡਾਰੀਆਂ ਦੀਆਂ ਹੋ ਰਹੀਆਂ ਮੌਤਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਚੁੱਪ ਹੈ। ਪੰਜਾਬ ਦੇ ਭਵਿੱਖ ਨੂੰ ਮੁੱਖ ਰੱਖ ਕੇ ਸਰਕਾਰ ਨੂੰ ਕਬੱਡੀ ਦੀ ਠੋਸ ਨੀਤੀ ਬਣਾਉਣੀ ਚਾਹੀਦੀ ਹੈ। ਪੰਜਾਬ ਕਬੱਡੀ ਐਸੋਸੀਏਸ਼ਨ ਸਿਰਫ ਕੁੱਝ ਕੁ ਮੌਕਿਆਂ 'ਤੇ ਦਿਖਾਈ ਦਿੰਦੀ ਹੈ। ਪੰਜਾਬ ਵਿਚ ਹੋਏ ਵਿਸ਼ਵ ਕਬੱਡੀ ਕੱਪ ਵੀ ਸਰਕਲ ਸਟਾਈਲ ਕਬੱਡੀ ਦਾ ਰਾਹ ਰੁਸ਼ਨਾ ਸਕੇ। ਜੇਕਰ ਕਬੱਡੀ 'ਤੇ ਕੋਈ ਥੋੜੀ ਬਹੁਤੀ ਨਕੇਲ ਕੱਸ ਸਕਦਾ ਹੈ ਤਾਂ ਉਹ ਪ੍ਰਵਾਸੀ ਪੰਜਾਬੀ ਹਨ, ਜੋ ਵਿਦੇਸ਼ਾਂ ਵਿਚ ਵੀ ਕਬੱਡੀ ਕਲੱਬ ਬਣਾਉਂਦੇ ਹਨ। ਜੇਕਰ ਉਹ ਭਾਰਤ ਅੰਦਰ ਕੰਮ ਕਰਦੀਆਂ ਫੈਡਰੇਸ਼ਨਾਂ ਪ੍ਰਤੀ ਸੁਹਿਰਦ ਤੇ ਸਖ਼ਤ ਹੋਣ ਤਾਂ ਡਰੱਗ ਡੋਪਿੰਗ 'ਤੇ ਪਾਬੰਦੀ ਲੱਗ ਸਕਦੀ ਹੈ। ਯੂਕੇ ਕਬੱਡੀ ਫੈਡਰੇਸ਼ਨ ਨੇ ਕਿਹਾ ਹੈ ਕਿ ਸਾਡੀ ਫੈਡਰੇਸ਼ਨ ਭਾਰਤ ਵਿਚ ਡੋਪ ਟੈਸਟ ਪਾਸ ਕਰਨ ਵਾਲੇ ਖਿਡਾਰੀਆਂ ਨੂੰ ਹੀ ਆਪਣੇ ਦੇਸ਼ ਵਿਚ ਖੇਡਣ ਦਾ ਸੱਦਾ ਦੇਵੇਗੀ।

ਕਬੱਡੀ ਵਿਚ ਡਰੱਗ ਦੀ ਅਲਾਮਤ ਨੂੰ ਰੋਕਣ ਲਈ ਦੇਸ਼ ਵਿਦੇਸ਼ ਦੀਆਂ ਖੇਡ ਫੈਡਰੇਸ਼ਨਾਂ 'ਚ ਇੱਕਮੁੱਠਤਾ, ਭਾਰਤ ਅੰਦਰ ਕਬੱਡੀ ਦੀਆਂ ਫੈਡਰੇਸ਼ਨਾਂ ਦਾ ਅੰਦਰੂਨੀ ਮਾਮਲਿਆ 'ਚ ਇੱਕਮੱਤ ਹੋਣਾ, ਖਿਡਾਰੀਆਂ ਦਾ ਸੁਹਿਰਦ ਹੋਣਾ ਅਤੇ ਪ੍ਰਬੰਧਕਾਂ ਦੇ ਸਾਥ ਦੇਣ ਦੀ ਖ਼ਾਸ ਲੋੜ ਹੈ। ਕਬੱਡੀ ਜਾਨਦਾਰ ਜੁਆਨਾਂ ਦੀ ਸ਼ਾਨਦਾਰ ਸਰੀਰਕ ਤਾਕਤ ਦਾ ਪ੍ਰਗਟਾਵਾ ਹੈ, ਜੋ ਸਾਡੇ ਦੇਸ਼ ਦੇ ਨੌਜਵਾਨਾਂ ਦੀ ਜਿਸਮਾਨੀ ਸ਼ਕਤੀ ਨੂੰ ਪ੍ਰਗਟ ਕਰਦੀ ਹੈ ਪਰ ਕੁੱਝ ਅਖੌਤੀ ਕਬੱਡੀ ਪ੍ਰਮੋਟਰਾਂ, ਕੋਚਾਂ, ਪ੍ਰਬੰਧਕਾਂ ਅਤੇ ਪੈਸੇ ਦੀ ਅੰਨੀ ਚਮਕ-ਦਮਕ ਵਾਲਿਆਂ ਨੇ ਕਬੱਡੀ ਡਰੱਗਾਂ ਦੀ ਭੇਟ ਚੜ੍ਹਾ ਦਿੱਤੀ ਹੈ। ਚੰਗੇ ਸੁਡੌਲ ਸਰੀਰਾਂ ਵਾਲੇ ਤਕੜੇ ਗੱਭਰੂ ਰਾਤੋ-ਰਾਤ ਸਟਾਰ ਬਣਨ ਦੀ ਲਾਲਸਾ 'ਚ ਮੌਤ ਦੀ ਭੇਟ ਚੜ੍ਹ ਰਹੇ ਹਨ। ਇਸ ਸਮੱਸਿਆ ਨੂੰ ਸਲਝਾਉਣ ਦੀ ਲੋੜ ਹੈ। ਸਾਨੂੰ ਸਭ ਨੂੰ ਆਪਣੀ ਨੌਜਵਾਨ ਪੀੜ੍ਹੀ ਦਾ ਸੁਨਹਿਰਾ ਭਵਿੱਖ ਸਿਰਜਣ ਲਈ ਇਮਾਨਦਾਰੀ ਨਾਲ ਅੱਗੇ ਆਉਣਾ ਚਾਹੀਦਾ ਹੈ।

## ਪਿੰਡਾਂ ਵਿਚ ਦਮ ਤੋੜ ਰਹੀ ਕਬੱਡੀ

ਪੰਜਾਬ ਦੇ ਪਿੰਡਾਂ 'ਚ ਜਨਮੀ ਕਬੱਡੀ ਨੂੰ ਅੱਜ ਅਸੀਂ ਪਿੰਡਾਂ ਵਿਚ ਹੀ ਦਮ ਤੋੜਦੀ ਦੇਖ ਰਹੇ ਹਾਂ। ਖੇਡ ਪ੍ਰਬੰਧਕਾਂ ਤੇ ਖਿਡਾਰੀਆਂ ਵਿਚ ਤਾਲਮੇਲ ਤੇ ਆਪਸੀ ਸਹਿਯੋਗ ਦੀ ਵੱਡੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਪ੍ਰਬੰਧਕਾਂ ਤੇ ਖਿਡਾਰੀਆਂ ਵਿਚਕਾਰ ਪੈਸਾ ਕੰਧ ਕੱਢ ਕੇ ਖੜ੍ਹ ਗਿਆ ਹੈ। ਕਬੱਡੀ ਮੈਚਾਂ ਦੀ ਕੋਈ ਸਮਾ ਸਾਰਣੀ ਨਹੀਂ ਹੁੰਦੀ। ਸ਼ਾਮ ਪੰਜ ਵਜੇ ਕਬੱਡੀ ਓਪਨ ਦੇ ਮੈਚ ਸ਼ੁਰੂ ਹੁੰਦੇ ਹਨ ਤੇ ਅੱਧੀ ਰਾਤ ਤੱਕ ਚੱਲਦੇ ਹਨ। ਇਸ ਨਾਲ ਦਰਸ਼ਕਾਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਵਧੇਰੇ ਖੇਡ ਪ੍ਰਬੰਧਕ ਆਪ ਨਸ਼ੇ 'ਚ ਟੱਲੀ ਹੋ ਜਾਂਦੇ ਹਨ। ਖਿਡਾਰੀਆ ਦੇ ਖਾਣ-ਪੀਣ ਦਾ ਸਹੀ ਸਿਸਟਮ ਨਹੀਂ ਰਹਿੰਦਾ। ਕਬੱਡੀ ਦੇਖਣ ਵਾਲਿਆਂ ਦੀ ਗਿਣਤੀ ਘਟਣੀ ਸ਼ੁਰੂ ਹੋ ਰਹੀ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਬੱਡੀ ਮੰਚ 'ਤੇ ਕਬੱਡੀ ਦੀ ਤਰੱਕੀ ਲਈ ਕਬੱਡੀ ਪ੍ਰੇਮੀਆਂ ਸਾਹਮਣੇ ਵੱਡੀ ਚੁਣੌਤੀ ਹੈ ਕਿ ਪਿੰਡਾਂ ਵਿਚ ਹੁੰਦੀ ਕਬੱਡੀ ਦੇ ਪੱਧਰ ਨੂੰ ਕਿਵੇਂ ਸੁਧਾਰਿਆ ਜਾਵੇ?

ਕਬੱਡੀ ਸਰਕਲ ਸਟਾਈਲ ਨੂੰ ਪ੍ਰਫੁੱਲਿਤ ਕਰਨ ਲਈ ਪਿਛਲੇ ਦੋ ਦਹਾਕਿਆ ਤੋਂ ਯਤਨਸ਼ੀਲ ਨੌਰਥ ਇੰਡੀਆ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਦਾ ਮੰਨਣਾ ਹੈ ਕਿ ਕਬੱਡੀ ਪਿੰਡਾਂ ਦੇ ਲੋਕਾਂ ਦੇ ਦਿਲਾਂ ਦੀ ਧੜਕਣ ਹੈ। ਇਸ ਲਈ ਪਿੰਡਾਂ ਦੇ ਲੋਕ ਫੈਡਰੇਸ਼ਨਾਂ ਨਾਲ ਸਹਿਯੋਗ ਕਰਨ। ਜਿੱਥੇ ਪਾਬੰਦੀਸ਼ੁਦਾ ਡਰੱਗਾਂ ਦੇ ਦੋਸ਼ੀ ਖਿਡਾਰੀਆਂ ਨੂੰ ਦੇਸ਼ ਵਿਦੇਸ਼ ਦੀਆਂ ਫੈਡਰੇਸ਼ਨਾਂ ਬੈਨ ਕਰ ਰਹੀਆਂ ਹਨ, ਉੱਥੇ ਪੇਂਡੂ ਟੂਰਨਾਮੈਂਟ ਕਰਾਉਣ ਵਾਲੇ ਕਈ ਚੌਧਰੀ ਉਨ੍ਹਾਂ ਹੀ ਖਿਡਾਰੀਆਂ ਨੂੰ ਸਨਮਾਨਿਤ ਕਰ ਕੇ ਇਸ ਲਹਿਰ ਦਾ ਲੱਕ ਤੋੜ ਰਹੇ ਹਨ। ਪੇਂਡੂ ਟੂਰਨਾਮੈਂਟਾਂ ਦਾ ਸਿਸਟਮ ਹੋਰ ਗਿਰਾਵਟ ਵੱਲ ਜਾ ਰਿਹਾ ਹੈ।

***(ਬਾਕੀ ਅਗਲੇ ਸਫੇ 'ਤੇ)***

# ਸੰਕੇਤ ਕੀ ਮਿਲਦੇ ਨੇ ਅਸਲੋਂ ਬਦਲੀ ਪੰਜਾਬ ਦੀ ਚੋਣ ਮੁਹਿੰਮ ਦੇ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਪਹਿਲੀ ਚੋਣ ਮੁਹਿੰਮ ਅਸੀਂ ਉਸ ਵੇਲੇ ਵੇਖੀ ਸੀ, ਜਦੋਂ ਸਕੂਲ ਪੜ੍ਹਦੇ ਸਾਂ ਅਤੇ ਪੜ੍ਹਾਉਣ ਵਾਲਿਆਂ ਦੀ ਅੱਖ ਬਚਾ ਕੇ ਉਸ 'ਕੁਰਬਾਨੀ ਵਾਲੇ' ਸੰਤ ਫਤਹਿ ਸਿੰਘ ਦੇ 'ਦਰਸ਼ਨ' ਕਰਨ ਗਏ ਸਾਂ, ਜਿਸ ਬਾਰੇ ਸੁਣਦੇ ਸਾਂ ਕਿ ਉਹ ਸਿੱਖ ਪੰਥ ਲਈ ਤਿੰਨ ਵਾਰੀ ਮਰਨ-ਵਰਤ ਰੱਖ ਚੁੱਕਾ ਹੈ। ਇਹ ਗੱਲ ਚੋਖਾ ਚਿਰ ਬਾਅਦ ਸਾਨੂੰ ਸਮਝ ਪਈ ਕਿ ਮਰਨਾ ਹੋਵੇ ਤਾਂ 'ਤਿੰਨ ਮਰਨ-ਵਰਤ' ਨਹੀਂ ਰੱਖਣੇ ਪੈਂਦੇ, ਜਿਹੜਾ ਬੰਦਾ ਇਸ ਤਰ੍ਹਾਂ ਮੁੜ-ਮੁੜ 'ਮਰਨ-ਵਰਤ' ਰੱਖਦਾ ਰਹਿੰਦਾ ਹੋਵੇ, ਉਹ ਮਰਦਾ ਨਹੀਂ ਹੁੰਦਾ, ਐਵੇਂ ਫੋਕੇ ਖੇਖਣ ਕਰਦਾ ਹੁੰਦਾ ਹੈ। ਇਹ ਗੱਲ ਆਪਣੀ ਥਾਂ, ਪਰ ਉਸ ਦੇ 'ਦਰਸ਼ਨ' ਦੇ ਬਹਾਨੇ ਉਸ ਪਹਿਲੀ ਚੋਣ ਮੁਹਿੰਮ ਤੋਂ ਬਾਅਦ ਇਸ ਵਕਤ ਅਸੀਂ ਬਾਰ੍ਹਵੀਂ ਚੋਣ ਮੁਹਿੰਮ ਚੱਲਦੀ ਵੇਖ ਰਹੇ ਹਾਂ। ਏਨੇ ਸਮੇਂ ਵਿਚ ਚੋਣਾਂ ਦੀਆਂ ਮੁਹਿੰਮਾਂ ਦਾ ਸਿਆਸੀ ਰੰਗ ਵੀ ਚੋਖਾ ਬਦਲ ਗਿਆ, ਚੋਣ ਮੁਹਿੰਮ ਚਲਾਉਂਦੀਆਂ ਰਾਜਸੀ ਪਾਰਟੀਆਂ ਵੀ ਬਦਲ ਗਈਆਂ ਅਤੇ ਮੁੱਦੇ ਵੀ ਏਨੇ ਬਦਲ ਗਏ ਕਿ ਯਕੀਨ ਕਰਨਾ ਔਖਾ ਜਾਪਦਾ ਹੈ।

ਉਸ ਵਕਤ ਚੋਣ ਲੜਦੀਆਂ ਸਿਆਸੀ ਧਿਰਾਂ ਵਿਚ ਰਿਪਬਲੀਕਨ ਪਾਰਟੀ ਵੀ ਹੁੰਦੀ ਸੀ, ਜਿਹੜੀ ਚੋਣ ਮੈਦਾਨ ਤੋਂ ਛੇਤੀ ਬਾਹਰ ਹੋ ਗਈ ਤੇ ਕਮਿਊਨਿਸਟਾਂ ਦੀਆਂ ਦੋ ਵੱਡੀਆਂ ਧਿਰਾਂ ਵੀ ਚੋਖਾ ਪ੍ਰਭਾਵ ਰੱਖਦੀਆਂ ਸਨ। ਇਕ ਮੌਕੇ ਜਦੋਂ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਦੀ ਕਮਾਨ ਸਾਂਭੀ ਸੀ, ਓਦੋਂ ਇੱਕ ਕਮਿਊਨਿਸਟ ਪਾਰਟੀ ਦੇ ਦਸ ਵਿਧਾਇਕ ਅਤੇ ਦੂਸਰੀ ਦਾ ਇੱਕ ਭਾਵੇਂ ਵੱਖੋ-ਵੱਖ ਬੈਠਦੇ ਸਨ, ਮਿਲਾ ਕੇ ਗਿਆਰਾਂ ਹੁੰਦੇ ਸਨ। ਜਿਹੜੀ ਧਿਰ ਦੇ ਦਸ ਵਿਧਾਇਕ ਸਨ, ਉਸ ਨੂੰ ਇਹ ਮਿਹਣਾ ਮਾਰਿਆ ਜਾਂਦਾ ਸੀ ਕਿ ਇਹ ਕਾਂਗਰਸ ਦੀ ਮਦਦ ਨਾਲ ਜਿਤਾਏ ਹਨ, ਆਪਣੇ ਸਿਰ ਜਿੱਤਣ ਜੋਗੀ ਨਹੀਂ। ਅਗਲੀ ਵਾਰੀ ਫਿਰ ਕਾਂਗਰਸ ਨਾਲ ਜੁੜ ਕੇ ਉਸ ਪਾਰਟੀ ਦੇ ਸੱਤ ਜਿੱਤ ਗਏ ਤੇ ਦੂਸਰੀ ਦੇ ਅਕਾਲੀਆਂ ਨਾਲ ਮਿਲ ਕੇ ਅੱਠ ਜਿੱਤਣ ਨਾਲ ਪੰਦਰਾਂ ਹੋ ਗਏ, ਪਰ ਮਿਹਣਾ ਉਹੋ ਵੱਜਦਾ ਰਿਹਾ। ਉਸ ਤੋਂ ਅਗਲੀ ਵਾਰੀ ਦੋਵਾਂ ਦੀ ਅਕਾਲੀ ਦਲ ਨਾਲ ਚੋਣ ਸਾਂਝ ਵਿਚ ਪਹਿਲੀ ਧਿਰ ਦੇ ਨੌਂ ਤੇ ਦੂਸਰੀ ਦੇ ਪੰਜ ਜਿੱਤਣ ਵਿਚ ਕਾਮਯਾਬ ਹੋ ਗਏ, ਪਰ ਪੰਜ ਸਾਲ ਪਿੱਛੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਪਿੱਛੋਂ ਹੋਈਆਂ ਚੋਣਾਂ ਵਿਚ ਪਹਿਲੀ ਪਾਰਟੀ ਦਾ ਇੱਕ ਵਿਧਾਇਕ ਰਹਿ ਗਿਆ ਤੇ ਦੂਸਰੀ ਇੱਕ ਤੋਂ ਵੀ ਵਾਂਝੀ ਹੋ ਗਈ। ਉਸ ਤੋਂ ਬਾਅਦ ਇਨ੍ਹਾਂ ਦੋਵਾਂ ਕਮਿਊਨਿਸਟ ਧਿਰਾਂ ਦੀ ਹਾਲਤ ਵਿਗੜਦੀ ਗਈ ਅਤੇ ਹੌਲੀ-ਹੌਲੀ ਇਹ ਹਾਲ ਹੋ ਗਿਆ ਕਿ ਅੱਜ-ਕੱਲ੍ਹ ਦੋਵਾਂ ਦਾ ਪੰਜਾਬ ਦੀ ਵਿਧਾਨ ਸਭਾ ਵਿਚ ਖਾਤਾ ਖਾਲੀ ਹੈ। ਉਨ੍ਹਾਂ ਦੀ ਥਾਂ ਨਵੀਆਂ ਸਿਆਸੀ ਧਿਰਾਂ ਉੱਠਣ ਲੱਗ ਪਈਆਂ ਹਨ।

ਨਵੀਆਂ ਧਿਰਾਂ ਵਿਚੋਂ ਦਸ ਸਾਲ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਪੀਪਲਜ਼ ਪਾਰਟੀ ਵੀ ਬਣੀ ਸੀ, ਜਿਹੜੀ ਸੌ ਤੋਂ ਵੱਧ ਸੀਟਾਂ ਜਿੱਤਣ ਦੇ ਦਾਅਵੇ ਤੋਂ ਤੁਰੀ ਅਤੇ ਨਤੀਜੇ ਵਿਚ ਇੱਕ ਵੀ ਸੀਟ ਜਿੱਤਣ ਜੋਗੀ ਨਹੀਂ ਸੀ ਨਿਕਲੀ। ਉਸ ਪਾਰਟੀ ਦਾ ਮੁਖੀ ਬਾਅਦ ਵਿਚ ਕਾਂਗਰਸ 'ਚ ਜਾ ਰਲਿਆ ਤੇ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਖਜ਼ਾਨਾ ਮੰਤਰੀ ਰਹਿ ਚੁੱਕਾ ਉਹੀ ਆਗੂ ਫਿਰ ਕਾਂਗਰਸ ਦਾ ਖਜ਼ਾਨਾ ਮੰਤਰੀ ਬਣ ਗਿਆ। ਪੰਜ ਸਾਲ ਪਹਿਲਾਂ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਦੀ ਪਹਿਲੀ ਚੋਣ ਲੜੀ ਤਾਂ ਉਸ ਦੇ ਆਗੂ ਵੀ ਮਨਪ੍ਰੀਤ ਸਿੰਘ ਬਾਦਲ ਵਾਂਗ ਸੌ ਤੋਂ ਵੱਧ ਸੀਟਾਂ ਜਿੱਤਣ ਦੇ ਦਾਅਵੇ ਕਰਦੇ ਸਨ ਤੇ ਉਨ੍ਹਾਂ ਦੇ ਵਿਰੋਧੀ ਆਗੂ ਵੀ ਉਨ੍ਹਾਂ ਦੀ ਸਰਕਾਰ ਬਣ ਜਾਣ ਜਾਂ ਅੱਧੇ ਸੈਂਕੜੇ ਦੇ ਨੇੜੇ ਸੀਟਾਂ ਜਿੱਤ ਜਾਣ ਤੱਕ ਮੰਨੀ ਬੈਠੇ ਸਨ। ਨਤੀਜੇ ਵਜੋਂ ਉਹ ਮਸਾਂ ਵੀਹ ਸੀਟਾਂ ਤੀਕਰ ਸਿਮਟ ਗਈ ਤੇ ਫਿਰ ਪਾਟਕ ਦਾ ਸ਼ਿਕਾਰ ਹੋ ਗਈ ਸੀ। ਕਾਂਗਰਸ ਵਿਚੋਂ ਆਏ ਇੱਕ ਬੰਦੇ ਦਾ ਪਾਇਆ ਪਾਟਕ ਇਸ ਪਾਰਟੀ ਦੀ ਹਾਲਤ ਵਿਗਾੜਨ ਲਈ ਰਾਜਸੀ ਸਦਾਚਾਰ ਦੀ ਨੀਵਾਣ ਦੀਆਂ ਆਖਰੀ ਹੱਦਾਂ ਛੋਹਣ ਤਕ ਗਿਆ, ਪਰ ਕਿਸੇ ਤਰ੍ਹਾਂ ਇਹ ਪਾਰਟੀ ਆਪਣਾ ਭੋਗ ਪੈਣ ਤੋਂ ਬਚਾ ਕੇ ਅੱਜ ਇੱਕ ਵਾਰ ਮੁੜ ਚੋਣ ਮੈਦਾਨ ਵਿਚ ਖੜ੍ਹੀ ਹੈ।

ਏਥੇ ਆ ਕੇ ਅਸੀਂ ਇਸ ਵਕਤ ਹੋ ਰਹੀਆਂ ਚੋਣਾਂ ਦੀ ਚਰਚਾ ਕਰਨਾ ਚਾਹੁੰਦੇ ਹਾਂ। ਅਸੀਂ ਕਦੇ ਵੀ ਸਿਆਸਤ ਦੇ ਜੋਤਸ਼ੀ ਬਣਨ ਦਾ ਭਰਮ ਨਹੀਂ ਰੱਖਿਆ, ਪਰ ਹਾਲਾਤ ਕਈ ਵਾਰੀ ਕੁਝ ਏਦਾਂ ਦੇ ਮੋੜ ਕੱਟਣ ਲੱਗਦੇ ਹਨ ਕਿ ਤਜਰਬੇ ਦੇ ਆਧਾਰ ਉੱਤੇ ਕੁਝ ਸੰਕੇਤ ਸਮਝ ਆਉਣ ਲੱਗਦੇ ਹਨ। ਏਦਾਂ ਦੇ ਸੰਕੇਤ ਇਸ ਵਕਤ ਵੀ ਚੋਣ ਮੁਹਿੰਮ ਦੀ ਗਰਮਾ-ਗਰਮੀ ਦੇ ਵਿਚਾਲਿਉਂ ਉੱਠਦੇ ਮਹਿਸੂਸ ਹੁੰਦੇ ਹਨ। ਇਸ ਵਾਰੀ ਜਦੋਂ ਚੋਣਾਂ ਦੀ ਮੁਹਿੰਮ ਸ਼ੁਰੂ ਹੋਈ ਸੀ ਤਾਂ ਉਸ ਵਕਤ ਜਿਹੜਾ ਰੌਅ ਭਾਸ਼ਣਾਂ ਦੀ ਕੁੜੱਤਣ ਦਾ ਨਜ਼ਰ ਪੈਂਦਾ ਸੀ, ਉਸ ਦੀ ਕੁੜੱਤਣ ਤਾਂ ਅਜੇ ਵੀ ਹੈ ਅਤੇ ਪਹਿਲਾਂ ਨਾਲੋਂ ਸਗੋਂ ਵਧ ਗਈ ਹੈ, ਪਰ ਉਸ ਦਾ ਰੁਖ ਬਦਲਿਆ ਜਾਪਣ ਲੱਗ ਪਿਆ ਹੈ। ਕਾਂਗਰਸ ਪਾਰਟੀ ਦੇ ਆਗੂਆਂ ਵਿਚ 'ਮੈਂ ਵੱਡਾ ਆਗੂ' ਵਾਲੀ ਜੰਗ ਇਸ ਹੱਦ ਤਕ ਚਲੀ ਗਈ ਹੈ ਕਿ ਉਹ ਆਪਣੇ ਇਸ ਕੁਪੱਤ ਕਾਰਨ ਹੋਰ ਕੁਝ ਵੇਖਣਾ ਹੀ ਨਹੀਂ ਚਾਹੁੰਦੇ। ਹਾਲਤ ਇਹ ਹੈ ਕਿ ਵੱਡੇ ਲੀਡਰਾਂ ਵਿਚ ਮੁੱਖ ਮੰਤਰੀ ਦੇ ਉਮੀਦਵਾਰ ਲਈ ਛਿੜੀ ਜੰਗ ਵਿਚ ਉਨ੍ਹਾਂ ਲੀਡਰਾਂ ਦੇ ਪਰਿਵਾਰ ਦੇ ਜੀਅ ਵੀ ਆਪੋ-ਆਪਣਾ ਰਾਗ ਅਲਾਪਣ ਲੱਗੇ ਹਨ ਅਤੇ ਚੋਣਾਂ ਜਿੱਤਣ ਵੱਲ ਧਿਆਨ ਘੱਟ ਤੇ ਆਪਸੀ ਖਹਿਬੜ ਵਿਚ ਵੱਧ ਲੱਗਾ ਪਿਆ ਹੈ। ਇਸ ਦੇ ਲੀਡਰ ਜਿੱਤਣਾ ਹੀਂ ਨਹੀਂ ਚਾਹੁੰਦੇ ਤਾਂ ਲੋਕ ਕਿਉਂ ਜਿਤਾਉਣਗੇ!

ਆਮ ਆਦਮੀ ਪਾਰਟੀ ਸਾਰਾ ਤਾਣ ਲਾਈ ਜਾਂਦੀ ਹੈ, ਉਸ ਦੇ ਹੱਕ ਦੀ ਲਹਿਰ ਚੱਲਣ ਦੇ ਚਰਚੇ ਵੀ ਕਈ ਲੋਕ ਕਰਦੇ ਹਨ ਅਤੇ ਲੋਕਾਂ ਵਿਚ ਇਹ ਪ੍ਰਭਾਵ ਵੀ ਮਿਲਦਾ ਹੈ, ਪਰ ਕਿਰਿਆ ਦੇ ਉਲਟ ਪ੍ਰਤੀਕਿਰਿਆ ਦੀ ਧਾਰਨਾ ਕਿਸੇ ਨੂੰ ਯਾਦ ਨਹੀਂ। ਮੁਹਿੰਮ ਵਿਚ ਰੁੱਝੀ ਹੋਈ ਆਮ ਆਦਮੀ ਪਾਰਟੀ ਆਸੇ-ਪਾਸੇ ਦੇ ਉਨ੍ਹਾਂ ਵਰਤਾਰਿਆਂ ਬਾਰੇ ਸੋਚਣ ਦੀ ਵਿਹਲ ਨਹੀਂ ਕੱਢਦੀ, ਜਾਂ ਉਸ ਨੂੰ ਸਮਝ ਨਹੀਂ ਪੈਂਦੀ, ਜਿਹੜੇ ਅੰਦਰੋ-ਅੰਦਰ ਆਪਣੀ ਛਾਪ ਛੱਡਣ ਲੱਗੇ ਹਨ।

ਪਿਛਲੇ ਹਫਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਦੋਂ ਬਿਮਾਰ ਪਏ ਤਾਂ ਉਨ੍ਹਾਂ ਨੂੰ ਹਸਪਤਾਲ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫੋਨ ਕਤਾ ਸੀ। ਉਸ ਫੋਨ ਤੋਂ ਪਹਿਲੇ ਦਿਨ ਤਕ ਭਾਜਪਾ ਵਿਰੁੱਧ ਅਕਾਲੀ ਲੀਡਰਾਂ ਦੇ ਬੋਲ ਬਹੁਤ ਕੁੜੱਤਣ ਵਾਲੇ ਸਨ, ਪਰ ਉਸ ਤੋਂ ਬਾਅਦ ਅਕਾਲੀ ਦਲ ਦੇ ਆਗੂਆਂ ਦੀ ਬੋਲੀ ਵਿਚ ਵਾਹਵਾ ਫਰਕ ਕਈ ਲੋਕਾਂ ਨੇ ਨੋਟ ਕੀਤਾ ਹੈ। ਦੂਸਰੀ ਗੱਲ ਕਿ ਪਹਿਲੇ ਸਮੇਂ ਵਿਚ ਭਾਰਤੀ ਜਨ ਸੰਘ ਅਤੇ ਫਿਰ ਉਹੀ ਆਗੂ ਭਾਰਤੀ ਜਨਤਾ ਪਾਰਟੀ ਬਣਨ ਦੇ ਬਾਅਦ ਵੀ ਪੰਜਾਬ ਅਤੇ ਸਿੱਖਾਂ ਦੇ ਮਸਲਿਆਂ ਨੂੰ ਟਾਲਣ ਜਾਂ ਹਿੰਦੂਤਵ ਦੀ ਝੰਡਾ-ਬਰਦਾਰੀ ਕਰਦਿਆਂ ਘੱਟ-ਗਿਣਤੀਆਂ ਵੱਲ ਸੰਭਲ ਕੇ ਨਹੀਂ ਸਨ ਬੋਲਿਆ ਕਰਦੇ, ਉਹੀ ਭਾਜਪਾ ਲੀਡਰ ਇਸ ਵਾਰੀ ਸਾਰਾ ਜ਼ੋਰ ਇਹ ਦੱਸਣ ਉੱਤੇ ਲਾ ਰਹੇ ਹਨ ਕਿ ਉਹ ਸਿੱਖੀ ਅਤੇ ਸਿੱਖਾਂ ਦਾ ਬਹੁਤ ਸਤਿਕਾਰ ਕਰਦੇ ਹਨ। ਭਾਜਪਾ ਦੀ ਅਗਵਾਈ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਖਾਂ ਦੇ ਹਿੱਤਾਂ ਦੇ ਪਹਿਰੇਦਾਰ ਵਜੋਂ ਪੇਸ਼ ਕਰਨ ਲਈ ਉਚੇਚੀ ਲਿਖੀ ਇੱਕ ਕਿਤਾਬ ਵੀ ਉਹ ਵੰਡਦੇ ਹਨ ਅਤੇ ਭਾਸ਼ਣਾਂ ਵਿਚ ਵੀ ਦੱਸਣਾ ਨਹੀਂ ਭੁੱਲਦੇ ਕਿ ਕਾਂਗਰਸ ਰਾਜ ਵਿਚ ਸਿੱਖਾਂ ਨਾਲ ਧੱਕੇ ਹੋਏ ਸਨ, ਨਰਿੰਦਰ ਮੋਦੀ ਨੇ ਇਨਸਾਫ ਦਿਵਾਉਣ ਲਈ ਕਦਮ ਚੁੱਕੇ ਹਨ। ਪਿਛਲੇ ਸਾਲ ਕਈ ਸਿੱਖ ਆਗੂ ਅੱਗੜ-ਪਿੱਛੜ ਜਦੋਂ ਭਾਜਪਾ ਦੇ ਨਾਲ ਜੁੜਨ ਲੱਗੇ ਤਾਂ ਕਈ ਲੋਕਾਂ ਨੂੰ ਇਹ ਹਾਸੋ-ਹੀਣੀ ਜਿਹੀ ਗੱਲ ਜਾਪਦੀ ਸੀ, ਅਸੀਂ ਓਦੋਂ ਵੀ ਕਿਹਾ ਸੀ ਕਿ ਭਾਜਪਾ ਵੱਲ ਸਿੱਖ ਚਿਹਰਿਆਂ ਦੀ ਦੌੜ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਨਕਸ਼ਾ ਬਦਲਣ ਤੱਕ ਜਾ ਸਕਦੀ ਹੈ। ਉਸ ਦਾ ਅਸਰ ਅੱਜ ਦਿਖਾਈ ਦੇਂਦਾ ਹੈ ਅਤੇ ਇਹੋ ਅਸਰ ਚੋਣਾਂ ਪਿੱਛੋਂ ਓਹੋ ਜਿਹੇ ਨਤੀਜੇ ਪੇਸ਼ ਕਰ ਸਕਦਾ ਹੈ, ਜਿਨ੍ਹਾਂ ਦੀ ਇਸ ਵਕਤ ਗੱਲ ਵੀ ਕਰੀਏ ਤਾਂ ਬਹੁਤ ਸਾਰੇ ਸੱਜਣ ਮਜ਼ਾਕ ਉਡਾਉਂਦੇ ਹਨ। ਇਹ ਨਤੀਜੇ ਵੋਟ ਮਸ਼ੀਨਾਂ ਵਿਚੋਂ ਵੀ ਨਿਕਲ ਸਕਦੇ ਹਨ ਅਤੇ ਮਸ਼ੀਨਾਂ ਦੇ ਫਤਵੇ ਤੋਂ ਬਾਅਦ ਸਰਕਾਰ ਬਣਾਉਣ ਦੀ ਪ੍ਰਕਿਰਿਆ ਦੇ ਰੂਪ ਵਿਚ ਵੀ ਸਾਹਮਣੇ ਆ ਸਕਦੇ ਹਨ, ਜਿਸ ਦੇ ਸਾਫ ਸੰਕੇਤ ਦਿਸਣ ਲੱਗੇ ਹਨ।

ਅਸੀਂ ਇਹ ਨਹੀਂ ਕਹਿੰਦੇ ਕਿ ਏਹੀ ਹੋਵੇਗਾ, ਜਿੱਦਾਂ ਸੰਕੇਤ ਅਸੀਂ ਕੀਤਾ ਹੈ, ਪਰ ਪੱਤਰਕਾਰੀ ਜਗਤ ਦੇ ਕਈ ਧਨੰਤਰਾਂ ਨਾਲ ਹੋਈ ਸਾਡੀ ਨਿੱਜੀ ਪੱਧਰ ਦੀ ਗੱਲਬਾਤ ਦਾ ਨਿਚੋੜ ਇਹੋ ਹੈ, ਜੋ ਅਸੀਂ ਪਾਠਕਾਂ ਦੇ ਸਾਹਮਣੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਭਾਵਨਾ ਵਿਚ ਵਾਧਾ ਕਰਨ ਵਾਲਾ ਇੱਕ ਹੋਰ ਪੱਖ ਸਿਰਸੇ ਦੇ ਡੇਰੇ ਵਾਲਾ ਵੀ ਹੈ, ਜਿਸ ਦੀ ਚਰਚਾ ਅਸੀਂ ਨਹੀਂ ਕਰ ਰਹੇ, ਕਿਉਂਕਿ ਸਾਰਿਆਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਕਿਸ ਪਾਸੇ ਵਗਣਾ ਹੈ।

# ਰਾਜਨੀਤਕ ਤਬਦੀਲੀ ਅਤੇ ਸਮਾਜਿਕ ਏਜੰਡੇ ਦੀ ਤਬਦੀਲੀ ਦੇ ਫਰਕ ਨੂੰ ਸਮਝਣ ਦੀ ਲੋੜ

***ਕਿਸਾਨਾਂ ਨੇ ਪਿਛਲੇ ਸਮੇਂ ਦੌਰਾਨ ਮੋਦੀ ਸਰਕਾਰ ਅਤੇ ਕਾਰਪੋਰੇਟ ਜਗਤ ਦੀ ਧੌਂਸ ਤੋੜਨ ਲਈ ਬਹੁਤ ਹੀ ਸਿਦਕ ਦਿਲੀ ਅਤੇ ਸ਼ਾਨਦਾਰ ਅਕੀਦਤ ਨਾਲ ਲੜਾਈ ਲੜਦਿਆਂ ਅਹਿਮ ਜਿੱਤ ਹਾਸਲ ਕੀਤੀ ਹੈ। ਇਸ ਜਿੱਤ ਤੋਂ ਬਾਅਦ ਹੁਣ 20 ਫਰਵਰੀ ਐਤਵਾਰ ਨੂੰ ਪੰਜਾਬ ਦੇ ਲੋਕ ਨਵੀਂ ਸਰਕਾਰ ਚੁਣਨ ਲਈ ਵੋਟਾਂ ਪਾਉਣ ਜਾ ਰਹੇ ਹਨ। ਇਸ ਮੌਕੇ 'ਤੇ ਖੇਤੀਬਾੜੀ ਤੇ ਵਿਕਾਸ ਫਰੰਟ (ਪੰਜਾਬ) ਦੇ ਬੁਲਾਰੇ ਸੁਖਦੇਵ ਭੂਪਾਲ ਅਤੇ ਕੁਦਰਤ-ਮਾਨਵ ਕੇਂਦਰਤ ਲੋਕ ਲਹਿਰ (ਪੰਜਾਬ) ਦੇ ਬੁਲਾਰੇ ਗੁਰਦਰਸ਼ਨ ਸਿੰਘ ਖਟੜਾ ਨੇ ਪੰਜਾਬ ਦੇ ਲੋਕਾਂ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਵੋਟਾਂ ਲਈ ਜਾਣ ਤੋਂ ਪਹਿਲਾਂ ਕੁਝ ਅਹਿਮ ਨੁਕਤੇ ਧਿਆਨ ਵਿਚ ਰੱਖਣ ਲਈ ਸੱਦਾ ਦਿੱਤਾ ਹੈ ਤਾਂ ਕਿ ਵੋਟ ਕੇਵਲ ਉਨ੍ਹਾਂ ਧਿਰਾਂ ਨੂੰ ਹੀ ਪਾਈ ਜਾ ਸਕੇ, ਜਿਹੜੀਆਂ ਇਨ੍ਹਾਂ ਮੁੱਦਿਆਂ 'ਤੇ ਗੰਭੀਰਤਾ ਨਾਲ ਕੰਮ ਕਰਨ ਲਈ ਲੋਕ ਕਚਹਿਰੀ ਵਿਚ ਭਰੋਸਾ ਦਿਵਾਉਣ।***

ਰਾਜਨੀਤਕ ਤਬਦੀਲੀ ਉਸ ਤਬਦੀਲੀ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਲੋਕਾਂ ਦੇ ਹੀ ਇਕ ਹਿੱਸੇ ਨੂੰ ਲੱਗਦਾ ਹੈ ਕਿ ਚੰਗੇ ਤੇ ਇਮਾਨਦਾਰ ਲੋਕਾਂ ਦੇ ਹੱਥ ਪੰਜਾਬ ਦੀ ਸਰਕਾਰ ਸੌਂਪ ਕੇ ਅਸੀਂ ਵੀ ਪੰਜਾਬ ਨੂੰ ਕੈਲੇਫੋਰਨੀਆ/ ਕੈਨੇਡਾ ਬਣਾ ਸਕਦੇ ਹਾਂ। ਜੇ ਪੰਜਾਬ ਨੂੰ ਹੀ ਅਮਰੀਕਾ, ਕੈਨੇਡਾ, ਇੰਗਲੈਂਡ, ਯੂਰਪ ਤੇ ਆਸਟ੍ਰੇਲੀਆ ਵਰਗਾ ਬਣਾ ਲਈਏ, ਤਾਂ ਸਾਡੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਨਾ ਜਾਣਾ ਪਵੇ, ਜਿਸਦਾ ਸਪੱਸ਼ਟ ਅਰਥ ਇਹ ਹੈ ਕਿ ਸਾਡੇ ਹੁਣ ਤਕ ਦੇ ਹਾਕਮ ਭ੍ਰਿਸ਼ਟ, ਬੇਇਮਾਨ ਤੇ ਅਪਰਾਧੀ ਪ੍ਰਵਿਰਤੀ ਦੇ ਹੋਣ ਕਾਰਨ ਪੰਜਾਬ ਤੇ ਭਾਰਤ ਵਿਚ ਪੂੰਜੀਵਾਦੀ ਕਾਰਪੋਰੇਟ ਪ੍ਰਬੰਧ ਨੂੰ ਵਧੀਆ ਢੰਗ ਨਾਲ ਵਿਕਸਿਤ ਨਹੀਂ ਕਰ ਸਕੇ, ਨਹੀਂ ਤਾਂ ਅਸੀਂ ਵੀ ਵਿਕਸਿਤ ਮੁਲਕਾਂ ਦੀ ਕਤਾਰ ਵਿਚ ਖੜ੍ਹੇ ਹੋ ਕੇ ਆਪਣਾ ਜੀਵਨ ਵਧੀਆ ਬਣਾ ਲੈਂਦੇ।

ਪੂੰਜੀ ਦੀ ਚਕਾਚੌਂਧ ਦੇ ਚੁੰਧਿਆਏ ਆਮ ਲੋਕ ਇਸ ਸਮਾਜਿਕ ਸਚਾਈ ਤੋਂ ਅਣਜਾਣ ਹਨ ਕਿ ਇਹ ਕਾਰਪੋਰੇਟ ਪੂੰਜੀਵਾਦੀ ਪ੍ਰਬੰਧ ਹੀ ਹੈ, ਜਿਸਨੇ ਪੰਜਾਬ ਸਮੇਤ, ਦੁਨੀਆ ਦੇ ਵਾਤਾਵਰਨਕ ਵਸੀਲਿਆਂ ਦੀ ਤਬਾਹੀ ਕਰ ਕੇ, ਆਲਮੀ ਤਪਸ਼ ਵਧਾ ਕੇ, ਮਨੁੱਖੀ ਸਮਾਜ ਵਿਚ ਹਰ ਕਿਸਮ ਦੀ ਗੈਰ-ਬਰਾਬਰੀ ਪੈਦਾ ਕਰ ਕੇ ਅਤੇ ਇਨਸਾਨ ਨੂੰ ਖ਼ੁਦ-ਪ੍ਰਸਤ ਬਣਾ ਕੇ ਸਾਡੇ ਸਾਹਮਣੇ 'ਜੀਵਨ ਜਾਂ ਮੌਤ ਦੀ ਚੁਣੌਤੀ' ਪੇਸ਼ ਕਰ ਦਿੱਤੀ ਹੈ। ਇਹ ਸਮਾਜੀ ਹਕੀਕਤ ਸਾਨੂੰ ਰਾਜਨੀਤਕ ਤਬਦੀਲੀ ਦੀ ਥਾਂ, ਸਮਾਜਿਕ ਏਜੰਡੇ ਦੀ ਤਬਦੀਲੀ ਲਈ ਪ੍ਰੇਰਦੀ ਹੈ। ਨਵਾਂ ਸਮਾਜਿਕ ਏਜੰਡਾ ਕੁਦਰਤ ਅਤੇ ਮਨੁੱਖ ਪੱਖੀ ਹੀ ਹੋ ਸਕਦਾ ਹੈ, ਜਿਸਨੂੰ ਅਸੀਂ ਇਸ ਤਰ੍ਹਾਂ ਚਿਤਵਦੇ ਹਾਂ:

1. ਪੰਜਾਬ ਦੇ ਖੇਤੀ/ਕਿਸਾਨੀ ਦੇ ਸੰਕਟ ਨੂੰ ਹੱਲ ਕਰਨ ਲਈ ਉਦਯੋਗਿਕ ਖੇਤੀ ਦੇ ਤਰੀਕਾਕਾਰ ਨੂੰ ਬਦਲ ਕੇ ਕੁਦਰਤ ਤੇ ਮਨੁੱਖ ਪੱਖੀ ਖੇਤੀ ਦੇ ਤਰੀਕਾਕਾਰ ਨੂੰ ਅਪਣਾਉਣਾ ਹੋਵੇਗਾ, ਜਿਸਨੂੰ ਅਸੀਂ ਵਾਤਾਵਰਨ ਅਤੇ ਲੋਕ ਨਿਰਦੇਸ਼ਿਤ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਸਹਿਕਾਰੀ ਖੇਤੀ ਤਰੀਕਾਕਾਰ ਨਾਲ ਅੱਗੇ ਵਧਾ ਸਕਦੇ ਹਾਂ। ਇਸ ਸੰਬੰਧੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਕੁੱਲ ਬਜਟਾਂ ਦਾ 50 ਫੀਸਦੀ ਹਿੱਸਾ ਖੇਤੀ ਲਈ ਰਾਖਵਾਂ ਰੱਖਿਆ ਜਾਵੇ ਅਤੇ ਇਸ ਬਜਟ ਨੂੰ ਖ਼ਰਚ ਕਰਨ ਦਾ ਅਧਿਕਾਰ ਲੋਕ ਆਧਾਰਤ ਸਹਿਕਾਰੀ ਸੰਸਥਾਵਾਂ ਨੂੰ ਹੀ ਹੋਵੇਗਾ। ਮੌਜੂਦਾ ਸਹਿਕਾਰੀ ਢਾਂਚੇ ਨੂੰ ਵਾਤਾਵਰਨ ਪੱਖੀ ਤੇ ਲੋਕ ਪੱਖੀ ਬਣਾਉਣ ਲਈ ਰਾਜਨੀਤਕਾਂ ਨੂੰ ਅਧਿਕਾਰ ਦੇਣ ਵਾਲੇ ਸਹਿਕਾਰੀ ਕਾਨੂੰਨਾਂ ਨੂੰ ਬਦਲਣਾ ਪਵੇਗਾ।

2. ਜਿਉਂਦਾ ਰਹਿਣ ਦੇ ਮਨੁੱਖੀ ਅਧਿਕਾਰ ਨੂੰ ਸ਼ੁੱਧ ਹਵਾ, ਪੀਣ ਲਈ ਸ਼ੁੱਧ ਪਾਣੀ, ਪੌਸ਼ਟਿਕ ਜ਼ਹਿਰ ਮੁਕਤ ਭੋਜਨ, ਕੱਪੜਾ, ਮਕਾਨ ਅਤੇ ਮੁਫ਼ਤ ਸਿਹਤ ਸੇਵਾਵਾਂ ਤੇ ਸਿੱਖਿਆ ਰਾਹੀਂ ਸਮਾਜਿਕ ਸੁਰੱਖਿਆ ਨੂੰ ਬੁਨਿਆਦੀ ਅਧਿਕਾਰ ਦੇ ਤੌਰ 'ਤੇ ਯਕੀਨੀ ਬਣਾਇਆ ਜਾਵੇ।


3. ਹਰ ਸਮੇਂ ਅਤੇ ਹਰ ਸਥਾਨ ਉੱਤੇ ਹਵਾ, ਪਾਣੀ, ਜ਼ਮੀਨ, ਜੰਗਲ, ਜੈਵਿਕ ਵੰਨ-ਸੁਵੰਨਤਾ, ਸਮੁੰਦਰ ਆਦਿ ਨੂੰ ਟਿਕਾਊ ਰੱਖਣ ਦੇ ਬੁਨਿਆਦੀ ਕਾਰਜ ਨੂੰ ਸਾਹਮਣੇ ਰੱਖਣਾ।

4. ਆਮਦਨ ਵਿਚ 1:5 ਦੇ ਫ਼ਰਕ ਉੱਤੇ ਆਧਾਰਤ ਉਚਿਤ ਬਰਾਬਰਤਾ ਦਾ ਮਨੁੱਖੀ ਅਧਿਕਾਰ ਕਾਇਮ ਕਰਨਾ।

5. ਦੁਨੀਆ ਦੇ ਲੋਕਾਂ ਦੀਆਂ ਭੋਜਨ ਜ਼ਰੂਰਤਾਂ ਪੂਰੀਆਂ ਕਰਨ ਲਈ ਕੁਦਰਤ-ਮਨੁੱਖ ਪੱਖੀ ਖੇਤੀਬਾੜੀ ਨੂੰ ਪਹਿਲੀ ਤਰਜੀਹ ਦਿੱਤੀ ਜਾਵੇ।

6. ਸਿੱਖਿਆ ਪ੍ਰਣਾਲੀ ਦਾ ਉਦੇਸ਼ ਵਿਦਿਆਰਥੀਆਂ ਨੂੰ ਮਨੁੱਖੀ ਕਦਰਾਂ-ਕੀਮਤਾਂ ਦੇ ਨਾਲ-ਨਾਲ ਵਾਤਾਵਰਨ ਸੰਬੰਧੀ ਕਦਰਾਂ ਕੀਮਤਾਂ ਵਿਕਸਿਤ ਕਰਨਾ ਹੋਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਵਿਚ ਸਿਰਫ਼ ਵਿਅਕਤੀਵਾਦ ਦੀ ਭਾਵਨਾ ਪੈਦਾ ਕਰਨਾ, ਜਿਵੇਂ ਕਿ ਅੱਜਕਲ੍ਹ ਹੋ ਰਿਹਾ ਹੈ।

7. ਬੇਰੁਜ਼ਗਾਰੀ ਦੀ ਸਮੱਸਿਆ ਹਰ ਖੇਤਰ ਵਿਚ ਤੇਜ਼ੀ ਨਾਲ ਵਧ ਰਹੀ ਹੈ। ਸਾਨੂੰ ਵਿਗੜਦੇ ਵਾਤਾਵਰਨ ਦੇ ਵਿਸ਼ਾਲ ਖੇਤਰ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਖੋਜਣੇ ਹੋਣਗੇ। ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਰਾਜਨੀਤਕ ਪਹਿਲੂਆਂ ਸਣੇ ਮਨੁੱਖੀ ਖੇਤਰ ਨੂੰ ਵੀ ਰੁਜ਼ਗਾਰ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਕੁਦਰਤ ਜਾਂ ਬ੍ਰਹਿਮੰਡ ਦੇ ਸਮੁੱਚੇ ਖੇਤਰ ਦੀ ਖੋਜ ਵਿਚ ਲੱਗੇ ਵਿਗਿਆਨਕ ਤੇ ਤਕਨੀਕੀ ਸੈਕਟਰ ਵੀ ਰੁਜ਼ਗਾਰ ਮੁਹੱਈਆ ਕਰਵਾਉਣ ਦਾ ਜ਼ਰੀਆ ਬਣ ਸਕਦੇ ਹਨ।



ਕੁਦਰਤ-ਮਾਨਵ ਕੇਂਦਰਤ ਲੋਕ ਲਹਿਰ (ਪੰਜਾਬ) ਦੇ ਬਾਨੀ ਆਰ ਪੀ ਸਰਫ

8. ਸਾਰੇ ਸਮਾਜਿਕ ਅਦਾਰਿਆਂ ਵਿਚ ਸਾਰੇ ਪੱਧਰਾਂ ਉੱਤੇ ਔਰਤਾਂ ਦੀ 50 ਫੀਸਦੀ ਪ੍ਰਤੀਨਿਧਤਾ ਪੱਕੀ ਕਰ ਕੇ ਔਰਤਾਂ ਦਾ ਸ਼ਕਤੀਕਰਨ ਕੀਤਾ ਜਾਵੇ। ਔਰਤਾਂ ਪ੍ਰਤੀ ਵਸਤੂ ਵਾਲਾ ਨਜ਼ਰੀਆ ਬਦਲ ਕੇ ਸਤਿਕਾਰਤ ਨਜ਼ਰੀਆ ਅਪਣਾਇਆ ਜਾਵੇ ਅਤੇ ਉਨ੍ਹਾਂ ਦੀ ਹਰ ਕਿਸਮ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

9. ਉਦਯੋਗ ਅਤੇ ਸੇਵਾਵਾਂ ਦੇ ਸਾਰੇ ਅਦਾਰਿਆਂ ਤੋਂ ਕਾਰਪੋਰੇਟਾਂ ਅਤੇ ਸਰਕਾਰ ਦਾ ਏਕਾਧਿਕਾਰ ਤੇ ਕੰਟਰੋਲ ਖ਼ਤਮ ਕਰਨ ਲਈ ਆਮ ਸ਼ੇਅਰ ਧਾਰਕਾਂ ਨੂੰ 2/3 ਹਿੱਸਾ ਅਤੇ ਮਜ਼ਦੂਰਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ 1/3 ਹਿੱਸਾ ਮਿਲਾ ਕੇ ਸਾਂਝੀ ਜਮਹੂਰੀ ਮੈਨੇਜਮੈਂਟ ਬਣਾਈ ਜਾਵੇ।

10. ਚੋਣ ਪ੍ਰਕਿਰਿਆ ਵਿਚ ਪੈਸੇ ਤੇ ਬਾਹੂਬਲ ਨੂੰ ਹਟਾਉਣ ਲਈ ਉਮੀਦਵਾਰ ਦੀ ਜ਼ਮਾਨਤ ਧਨ ਰਾਸ਼ੀ ਦੇ ਰੂਪ ਵਿਚ ਨਾ ਹੋ ਕੇ ਸਬੰਧਤ ਹਲਕੇ ਦੇ ਵੋਟਰਾਂ (ਲੋਕ ਸਭਾ ਉਮੀਦਵਾਰ ਲਈ 5000 ਅਤੇ ਵਿਧਾਨ ਸਭਾ ਲਈ 1000 ਵੋਟਰ) ਦੇ ਦਸਤਖ਼ਤ ਕਰਵਾ ਕੇ ਜ਼ਮਾਨਤ ਵਜੋਂ ਪੇਸ਼ ਕੀਤੇ ਜਾਣ। ਹਰ ਕਿਸਮ ਦੀਆਂ ਚੋਣਾਂ ਸਰਕਾਰੀ ਖਰਚ ਦੁਆਰਾ ਮੁਕੰਮਲ ਕੀਤੀਆਂ ਜਾਣ ਅਤੇ ਪ੍ਰਾਈਵੇਟ ਖਰਚ ਕਰਨ ਦੀ ਪੂਰਨ ਮਨਾਹੀ ਹੋਵੇ। ਹਰ ਕਿਸਮ ਦੀ ਵਿਸ਼ੇਸ਼ਅਧਿਕਾਰ ਵਿਵਸਥਾ ਦਾ ਖ਼ਾਤਮਾ ਅਤੇ ਹਰ ਪ੍ਰਤੀਨਿਧੀ ਅਤੇ ਅਧਿਕਾਰੀ ਲੋਕਾਂ ਅੱਗੇ ਜਵਾਬਦੇਹ ਹੋਣ।

11. ਸਾਡੀ ਸੋਚ, ਵਿਹਾਰ ਅਤੇ ਸਮਾਜਿਕ ਸੰਗਠਨ ਦਾ ਏਜੰਡਾ ਕੁਦਰਤ ਅਤੇ ਮਨੁੱਖ ਆਧਾਰਤ ਬਣਦਾ ਹੈ, ਜਿਸ ਦੀਆਂ ਦੋ ਮੁੱਖ ਤਰਜੀਹਾਂ ਵਾਤਾਵਰਨ ਅਤੇ ਲੋਕ ਬਣਦੇ ਹਨ, ਜਿਨ੍ਹਾਂ ਨੂੰ ਪੰਜ ਅਸੂਲਾਂ, ਟਿਕਾਊਪਣ, ਉਤਪਾਦਕਤਾ, ਲੋਕਮੁਖੀ ਜਮਹੂਰੀਅਤ, ਉਚਿਤ ਬਰਾਬਰੀ (ਹਰ ਲੋੜਵੰਦ ਨੂੰ ਸਮਾਜਿਕ ਸੁਰੱਖਿਆ ਅਤੇ ਆਮਦਨ ਫਰਕ ਨੂੰ 1:5 ਤਕ ਰੱਖਣਾ), ਚਹੁੰਮੁਖੀ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਆਧਾਰ 'ਤੇ ਜਥੇਬੰਦ ਕੀਤਾ ਜਾਵੇ। ਇਸ ਆਧਾਰ 'ਤੇ ਉੱਸਰੀ ਜਾਗਰੂਕ ਲੋਕ ਲਹਿਰ ਹੀ ਸਮਾਜਿਕ ਤਬਦੀਲੀ ਦੀ ਜਨਕ ਬਣ ਸਕਦੀ ਹੈ।

*-ਸੁਖਦੇਵ ਭੂਪਾਲ*
*ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ (ਪੰਜਾਬ)*
*ਫੋਨ: +91-99153-42232*

## ਕਬੱਡੀ ਦਾ ਮਾਹੀ ਸਤਪਾਲ ਖੜਿਆਲ

*(ਪਿਛਲੇ ਸਫੇ ਦਾ ਬਾਕੀ)*

ਪੇਂਡੂ ਟੂਰਨਾਮੈਂਟ ਲਈ ਕਬੱਡੀ ਟੀਮਾਂ ਦੀ ਕੋਈ ਗਿਣਤੀ ਨਹੀਂ ਮਿਥੀ ਹੁੰਦੀ। ਇਕ ਦਿਨ 'ਚ ਕਿੰਨੇ ਮੁਕਾਬਲੇ ਕਰਾਉਣੇ ਹਨ, ਇਹਦੇ ਬਾਰੇ ਕੋਈ ਰੂਪ ਰੇਖਾ ਤਿਆਰ ਨਹੀਂ ਹੁੰਦੀ। ਗਿਣਤੀ ਤੋਂ ਜ਼ਿਆਦਾ ਟੀਮਾਂ ਦੀ ਸ਼ਮੂਲੀਅਤ ਨਾਲ ਅੱਧੀ-ਅੱਧੀ ਰਾਤ ਤਕ ਮੈਚ ਹੋਣੇ, ਖਿਡਾਰੀਆਂ ਦਾ ਕਬੱਡੀ ਮੈਦਾਨ ਤੋਂ ਦੂਰ ਲੋਕਾਂ ਦੀਆਂ ਮੋਟਰਾਂ 'ਤੇ ਬੈਠਣਾ ਸਾਡੇ ਮਾੜੇ ਖੇਡ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਕਰਦਾ ਹੈ। ਇੱਕ ਟੂਰਨਾਮੈਂਟ ਨੂੰ ਇੱਕ ਦਿਨ ਲਈ ਛੇ ਰੈਫਰੀ ਤੇ ਦੋ ਕੁਮੈਂਟੇਟਰ ਨੇਪਰੇ ਚਾੜ੍ਹ ਸਕਦੇ ਹਨ। ਪ੍ਰੰਤੂ ਅਸੀਂ ਦੇਖਦੇ ਹਾਂ ਕਿ ਉਥੇ ਦਸ ਕੁਮੈਂਟੇਟਰ ਤੇ ਦਰਜਨਾਂ ਰੈਫਰੀ ਹੁੰਦੇ ਹਨ ਜੋ ਕਲੱਬ ਦੇ ਬਜਟ ਦਾ ਲੱਕ ਤੋੜ ਦਿੰਦੇ ਹਨ। ਇਨ੍ਹਾਂ 'ਚੋਂ ਬਹੁਤੇ ਲੋਕ ਆਪਣੇ ਫਰਜ਼ਾਂ ਤੋਂ ਵੀ ਅਣਜਾਣ ਹੁੰਦੇ ਹਨ। ਰਾਤਾਂ ਨੂੰ ਲਾਈਟਾਂ ਲਾ ਕੇ ਮੈਚ ਕਰਾਉਣ ਨਾਲ ਜਿੱਥੇ ਪ੍ਰਬੰਧਕ ਆਪਣੇ ਖਰਚੇ ਵਧਾ ਰਹੇ ਹਨ, ਉੱਥੇ ਖਿਡਾਰੀਆਂ ਨੂੰ ਵੀ ਬੇਅਰਾਮੀ ਝੱਲਣੀ ਪੈਂਦੀ ਹੈ। ਉਹ ਦੂਜੇ ਦਿਨ ਖੇਡਣ ਦੇ ਸਮਰੱਥ ਨਹੀਂ ਹੁੰਦੇ।

ਲੜਕੀਆਂ ਦੀ ਕਬੱਡੀ ਨੂੰ ਬਰਾਬਰ ਮਾਨਤਾ ਦੇਣ ਲਈ ਵੱਖਰੇ ਮੈਚ ਹੋਣੇ ਚਾਹੀਦੇ ਹਨ। ਬਹੁਤੇ ਟੂਰਨਾਮੈਂਟਾਂ 'ਤੇ ਮੋਟਰਸਾਈਕਲ, ਸਕੂਟਰ, ਫੋਨ ਤੇ ਖਿਡਾਰੀਆਂ ਦੇ ਕੱਪੜੇ ਤਕ ਚੋਰੀ ਹੋ ਜਾਂਦੇ ਹਨ ਜੋ ਮਾੜੀ ਕਰਤੂਤ ਹੈ। ਕੱਪ ਜਿੱਤਣ ਵਾਲੀਆਂ ਟੀਮਾਂ ਤੇ ਬੈਸਟ ਖਿਡਾਰੀਆਂ ਨੂੰ ਇਨਾਮ ਦੇਣ ਦੇ ਨਾਲ ਡੋਪ ਟੈਸਟ ਲਾਜ਼ਮੀ ਕੀਤੇ ਜਾਣੇ ਚਾਹੀਦੇ ਹਨ। ਜੇ ਡੋਪੀ ਨਿਕਲਣ ਤਾਂ ਇਨਾਮ ਮੁੜਵਾਏ ਜਾਣ। ਪਿੰਡਾਂ ਵਾਲੇ ਟੂਰਨਾਮੈਂਟ ਕਰਾਉਣ ਦੇ ਨਾਲ ਨਵੀਂ ਪਨੀਰੀ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਮੈਦਾਨ, ਖੇਡ ਸਾਮਾਨ, ਕੋਚ ਤੇ ਜਿਮਨੇਜ਼ੀਅਮ ਦਾ ਪ੍ਰਬੰਧ ਵੀ ਜ਼ਰੂਰ ਕਰਨ। ਕਬੱਡੀ ਨੂੰ ਮਿਆਰੀ ਖੇਡ ਬਣਾਉਣ ਲਈ ਹੋਰ ਹੰਭਲੇ ਮਾਰਨ ਦੀ ਜ਼ਰੂਰਤ ਹੈ।

# ਚੋਣ ਮਰਯਾਦਾ

ਚੋਣਾਂ ਦੇ ਡੰਕੇ ਨਾਲ ਹੀ ਪਿਆਕੜਾਂ ਦੀ ਮੌਜ ਲੱਗ ਗਈ, ਚਾਂਦੀ-ਚਾਂਦੀ ਹੋ ਗਈ ਸਭਨਾਂ ਦੀ। ਹਰ ਪਾਸੇ ਹਰ ਗਲੀ ਨੁੱਕਰੇ ਵੱਖ-ਵੱਖ ਉਮੀਦਵਾਰਾਂ ਦੇ ਏਜੰਟ ਬੋਤਲਾਂ, ਕੈਨੀਆਂ ਤੇ ਭੁੱਕੀ, ਸਮੈਕ ਦੀਆਂ ਥੈਲੀਆਂ ਫੜੀ ਘਰ-ਘਰ ਜਾ ਕੇ ਪੁੜੀਆਂ ਵੰਡਦੇ, ਪਰਚੀਆਂ ਵੰਡਦੇ, ਜਾਮ ਵੰਡਦੇ ਨਜ਼ਰ ਆਏ। ਕਿਸੇ ਨੂੰ ਪੈੱਗ, ਕਿਸੇ ਨੂੰ ਬੋਤਲ ਤੇ ਕਿਸੇ ਨੂੰ ਪੇਟੀ ਦੇ ਕੇ ਬੋਤਲ 'ਤੇ ਹੱਥ ਧਰਾ ਕੇ ਵੋਟ ਪਾਉਣ ਦਾ ਇਕਰਾਰ ਲੈਂਦੇ ਸਹੁੰ ਖੁਆਉਂਦੇ। ਵੋਟਰ ਸਭ ਨੂੰ ਹਾਂ ਕਰਦੇ ਸਭ ਦੀ ਝੋਲੀ ਮੁੰਡੇ ਪਾਈ ਜਾਂਦੇ, ਨਹਿਲੇ 'ਤੇ ਦਹਿਲਾ ਹੋ ਕੇ ਟੱਕਰਦੇ।

'ਰੱਬ ਕਰੇ ਇਹ ਚੋਣਾਂ ਹਰ ਮਹੀਨੇ ਆਉਂਦੀਆਂ ਰਹਿਣ। ਇਹ ਸਾਡੇ ਲੀਡਰ ਵੀ ਤਾਂ ਸਾਉਣ, ਭਾਦੋਂ ਦੇ ਡੱਡੂਆਂ ਵਾਂਗ ਚੋਣਾਂ ਦੇ ਦਿਨਾਂ ਵਿਚ ਹੀ ਦਿਖਾਈ ਦਿੰਦੇ ਨੇ। ਵੋਟਾਂ ਬਟੋਰਨ ਪਿੱਛੋਂ ਅਲੋਪ ਹੋ ਜਾਂਦੇ ਨੇ ਤੇ ਦਿੱਲੀ ਜਾ ਬੈਠਦੇ ਨੇ ਸੋਨੇ ਦੇ ਆਲ੍ਹਣਿਆਂ ਵਿਚ, ਸੋਨੇ ਦੇ ਅੰਡਿਆਂ ਉੱਤੇ।



**ਚਰਨਜੀਤ ਸਿੰਘ ਪੰਨੂ**
**ਫੋਨ:408-608-4961**

ਫਿਰ ਇਨ੍ਹਾਂ ਦਾ ਮਨੋਰਥ ਜੋਕਾਂ ਵਾਂਗ ਸਮਾਜ ਦੇ ਲੋਕਾਂ ਦਾ ਖ਼ੂਨ ਪੀ ਕੇ ਗੋਗੜਾਂ ਵਧਾਉਣੀਆਂ ਤੇ ਚਿੱਚੜ ਵਾਂਗ ਕੁਰਸੀ ਨੂੰ ਚੰਬੜੇ ਰਹਿਣਾ ਹੀ ਰਹਿ ਜਾਂਦਾ ਹੈ।

ਤਖ਼ਤਪੋਸ਼ 'ਤੇ ਗੁਫ਼ਤਗੂ ਚੱਲ ਰਹੀ ਸੀ। ਧੂਤੂਆਂ ਅਤੇ ਝੰਡੀਆਂ ਵਾਲੀਆਂ ਕਾਰਾਂ ਦਾ ਕਾਫ਼ਲਾ ਗਲੀ ਦੇ ਚੌਕ ਵਿਚ ਆ ਕੇ ਰੁਕਿਆ। ਦੋ ਜਣਿਆਂ ਨੇ ਮੋਢੇ ਤੋਂ ਫੜ ਕੇ ਕਾਰ 'ਚੋਂ ਬਾਹਰ ਕੱਢਿਆ ਉਮੀਦਵਾਰ ਕੁਰਸੀ 'ਤੇ ਬਿਠਾ ਦਿੱਤਾ। 'ਇਹਦੀਆਂ ਤਾਂ ਲੱਤਾਂ ਕਬਰ ਵਿਚ ਨੇ, ਇਹ ਕੀ ਕਰੂ?' ਕੁਝ ਚਾਕ੍ਰਤ-ਹੱਥੇ ਮੁੰਡਿਆਂ ਨੇ ਫੁਸ ਫੁਸ ਕੀਤੀ। ਅਮਲੀ ਸਮੇਤ ਸਾਰਿਆਂ ਨੇ ਸਰਸਰੀ ਸੁਆਗਤ ਨਾਲ ਹੱਥ ਜੋੜ ਕੇ ਉਨ੍ਹਾਂ ਨੂੰ ਜੀ ਆਇਆਂ ਕਿਹਾ। ਸੱਤ-ਸਲਾਮ ਤੋਂ ਬਾਅਦ ਗੱਲ ਇਕਦਮ ਨੁਕਤੇ 'ਤੇ ਆਨੇ ਵਾਲੀ ਥਾਂ ਪਹੁੰਚ ਗਈ। ਉਮੀਦਵਾਰ ਕੁਝ ਕਾਹਲ ਵਿਚ ਸੀ, ਉਸ ਨੇ ਕਈ ਥਾਈਂ ਹੋਰ ਜਲਸਿਆਂ ਨੂੰ ਵੀ ਸੰਬੋਧਨ ਕਰਨਾ ਸੀ। ਉਸ ਦੀ ਸੈਨਤ ਨਾਲ ਉਸ ਦੇ ਇਕ ਸਾਥੀ ਨੇ ਲਿਖਿਆ ਹੋਇਆ ਭਾਸ਼ਣ ਪੜ੍ਹਨਾ ਸ਼ੁਰੂ ਕੀਤਾ।

'ਪਰਮ ਪਿਆਰੇ ਭਰਾਉ! ਰੱਬ ਵਰਗੇ ਦੋਸਤੋ, ਤੁਹਾਨੂੰ ਪਤਾ ਹੀ ਹੈ ਕਿ ਅਸੀਂ ਪਿਤਾ-ਪੁਰਖੀ ਤੁਹਾਡੇ ਖ਼ਾਨਦਾਨੀ ਸੇਵਾਦਾਰ ਹਾਂ ਤੇ ਜੱਦੀ ਪੁਸ਼ਤੀ ਸਿਆਸਤ ਸਾਡੇ ਪੁਰਖਿਆਂ ਕੋਲੋਂ ਸਾਡੇ ਹੱਥੀਂ ਪਹੁੰਚੀ ਹੈ। ਅਸੀਂ ਭਾਰਤ ਦੇ ਹਰ ਨਾਗਰਿਕ ਨੂੰ ਅਮਰੀਕਾ ਜਿਹੇ ਉੱਨਤ ਦੇਸ਼ ਵਾਂਗ ਹਰ ਕਿਸਮ ਦੀ ਲੋੜੀਂਦੀ ਸਹੂਲਤ ਦੇਣ ਦੇ ਪਾਬੰਦ ਹਾਂ। ਕੁੱਲੀ, ਗੁੱਲੀ, ਜੁੱਲੀ ਹਰ ਇਕ ਦਾ ਮੌਲਿਕ ਅਧਿਕਾਰ ਰਹੇਗਾ। ਖਪਤਕਾਰਾਂ ਨੂੰ ਬਿਜਲੀ, ਪਾਣੀ ਮੁਫ਼ਤ ਹੀ ਨਹੀਂ ਸਗੋਂ ਸਾਡੀ ਪਾਰਟੀ ਨੇ ਮੋਟਰਾਂ ਤੇ ਹੋਰ ਹਰ ਕਿਸਮ ਦੀ ਫਿਟਿੰਗ ਵੀ ਫ਼ਰੀ ਕਰਾਉਣ ਦਾ ਤਹੱਈਆ ਕੀਤਾ ਹੋਇਆ ਹੈ। ਹਰ ਨਵਜੰਮੀ ਬੱਚੀ ਦੇ ਨਾਮ ਦਸ ਹਜ਼ਾਰ ਰੁਪੇ ਜਮ੍ਹਾਂ, ਹਰ ਲੜਕੀ ਦੇ ਵਿਆਹ 'ਤੇ ਦਸ ਹਜ਼ਾਰ ਸ਼ਗਨ, ਹਰ ਬਜ਼ੁਰਗ ਦੇ ਸਹਾਰੇ-ਗੁਜ਼ਾਰੇ ਵਾਸਤੇ ਪੰਜ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਲਗਾਉਣ ਦਾ ਸਾਡਾ ਏਜੰਡਾ ਹੈ। ਅਸੀਂ ਤੁਹਾਡੇ ਪਿੰਡ ਦੀ ਹੀ ਨਹੀਂ, ਸਾਰੇ ਦੇਸ਼ ਦੀ ਕਾਇਆ-ਕਲਪ ਕਰ ਦਿਆਂਗੇ। ਕੋਈ ਕੁਆਰਾ, ਛੜਾ ਨਹੀਂ ਰਹੇਗਾ। ਕੋਈ ਅੰਗੂਠਾ-ਸ਼ਾਪ ਅਨਪੜ੍ਹ ਨਹੀਂ ਰਹੇਗਾ। ਕੋਈ ਭੁੱਖਾ ਨਹੀਂ ਮਰੇਗਾ, ਕੋਈ ਪਗਡੰਡੀਆਂ ਉੱਤੇ ਨਹੀਂ ਸੌਂਏਂਗਾ, ਕੋਈ ਬੇਕਾਰ ਗਲੀਆਂ ਵਿਚ ਨਹੀਂ ਭਟਕੇਗਾ।'

'ਜੇਲ੍ਹਾਂ 'ਚ ਬੰਦ ਕਰ ਦਿਓਗੇ ਉਨ੍ਹਾਂ ਨੂੰ! ਜਾਂ ਗੋਲੀ ਮਾਰ ਦਿਓਗੇ?' ਸਰੋਤਿਆਂ ਵਲੋਂ ਢੇਮ ਵਾਂਗ ਟਕੋਰ ਆਈ।

'ਨਹੀਂ! ਨਹੀਂ ਜੇਲ੍ਹਾਂ 'ਚ ਨਹੀਂ, ਉਨ੍ਹਾਂ ਨੂੰ ਨੌਕਰੀ ਦਿਆਂਗੇ, ਕੰਮ ਦਿਆਂਗੇ, ਸਵੈ-ਰੁਜ਼ਗਾਰ ਪੈਦਾ ਕਰ ਕੇ ਦਿਆਂਗੇ। ਸਾਨੂੰ ਵੋਟਾਂ ਪਾ ਕੇ ਇਕੇਰਾਂ ਜਿਤਾਓ ਤੇ ਪਰਖੋ! ਅਸੀਂ ਤੁਹਾਡੀ ਹਰ ਮਦਦ ਕਰਾਂਗੇ।' ਉਮੀਦਵਾਰ ਨੇ ਗੱਲ ਪੂਰੀ ਕੀਤੀ। ਪੀ ਏ ਹੱਥ ਜੋੜਦਾ ਪਰਚੀ ਜੇਬ 'ਚ ਪਾ ਕੇ ਥੱਲੇ ਬੈਠ ਗਿਆ।

'ਤੇ ਸਾਹਿਬ ਜੀ, ਐਹ ਜੋ ਰੱਬ ਦੇ ਮਾਰੇ ਕਿਸਾਨ ਵਿਚਾਰੇ! ਕੁਰਕੀਆਂ ਤੋਂ ਡਰਦੇ ਸਲਫਾਸ ਖਾ ਰਹੇ ਨੇ, ਗਲ ਰੱਸੇ ਪਾ ਰਹੇ ਨੇ, ਆਪਣੀ ਜੀਵਨ ਲੀਲ੍ਹਾ ਖ਼ਤਮ ਕਰੀ ਜਾ ਰਹੇ ਨੇ, ਉਨ੍ਹਾਂ ਦਾ ਕੀ ਬੰਦੋਬਸਤ ਕਰੋਗੇ? ਕਿਹੜੀ ਸੰਜੀਵਨੀ-ਬੂਟੀ ਸੁੰਘਾਓਗੇ ਉਨ੍ਹਾਂ ਨੂੰ? ਉਨ੍ਹਾਂ ਬਾਰੇ ਤੁਹਾਡੀ ਪਰਚੀ ਚੁੱਪ ਹੈ?'

'ਬੜਾ ਔਖਾ ਸਵਾਲ ਪਾ ਦਿੱਤਾ ਤੂੰ ਅਮਲੀਆ! ਜਿਹੜੇ ਲੋਗ ਅਣਚਾਹਿਆ ਬੇਲੋੜਾ ਕਰਜ਼ਾ ਲੈ ਕੇ ਕਲਗ਼ੀ ਉੱਚੀ ਕਰਨ ਲਈ ਵਿਆਹਾਂ ਸ਼ਾਦੀਆਂ 'ਤੇ ਗਲਤ ਇਸਤੇਮਾਲ ਕਰਦੇ ਹਨ ਤੇ ਫਿਰ ਸਰਕਾਰ ਦੇ ਸਿਰ ਚੜ੍ਹ ਕੇ ਆਪ ਮਰਨਾ ਚਾਹੁੰਦੇ ਨੇ ਉਨ੍ਹਾਂ ਦਾ ਰੱਬ ਹੀ ਰਾਖਾ! ਪਰ ਯਾਦ ਰੱਖੋ ਕਿ ਕੋਈ ਵੀ ਕਿਸਾਨ ਗੰਨਾ, ਕਣਕ, ਝੋਨਾ ਜਾਂ ਕੋਈ ਹੋਰ ਫ਼ਸਲ ਵੇਚਣ ਲਈ ਉਸ ਨੂੰ ਚਾਰ ਘੰਟੇ ਤੋਂ ਵੱਧ ਮੰਡੀ ਵਿਚ ਉਡੀਕ ਨਹੀਂ ਕਰਨੀ ਪਵੇਗੀ, ਇਹ ਮੇਰਾ ਹਿੱਕ ਠੋਕ ਕੇ ਵਾਅਦਾ ਰਿਹਾ ਭਾਵੇਂ ਚੋਣ ਮਨੋਰਥ-ਪੱਤਰ ਵਿਚ ਅਸੀਂ ਅਜਿਹੀ ਕਿਸੇ ਧਾਰਾ ਦੀ ਵਿਵਸਥਾ ਨਹੀਂ ਕਰ ਸਕਦੇ। ਚੋਣ ਜ਼ਾਬਤਾ ਸ਼ੁਰੂ ਹੋ ਚੁੱਕਾ ਹੈ। ਚੋਣ ਕਮਿਸ਼ਨ ਦਾ ਡੰਡਾ ਬੜਾ ਸਖ਼ਤ ਹੈ।' ਸਾਹਿਬ ਨੇ ਸਿਆਸਤ ਤੋਂ ਉੱਪਰ ਨਸੀਹਤ ਵਰਗੀ ਫਲਾਉਣੀ ਨਾਲ ਆਪਣੀ ਮਜਬੂਰੀ ਦੱਸ ਦਿੱਤੀ।

'ਬਾਬੂ ਜੀ! ਪੁੱਤ ਕਿੱਥੇ ਖੜ੍ਹਾਇਆ ਜੇ? ਨੂੰਹ ਕਿੱਥੇ? ਘਰ ਵਾਲੀ ਕਿੱਥੇ? ਧੀ ਜਵਾਈ ਕਿੱਥੇ? ਅਸੀਂ ਉਨ੍ਹਾਂ ਨੂੰ ਵੀ ਸ਼ਾਨਦਾਰ ਜਿੱਤ ਦਿਵਾਵਾਂਗੇ। ' ਅਮਲੀ ਚਾਰ ਕਦਮ ਅੱਗੇ ਹੋ ਤੁਰਿਆ।

'ਨਹੀਂ ਕਿਤੇ ਨਹੀਂ! ਮੈਂ ਇਕੱਲਾ ਹੀ ਖੜ੍ਹਿਆ ਹਾਂ ਇਸ ਵਾਰੀਂ।' ਉਮੀਦਵਾਰ ਨੇ ਸਪੱਸ਼ਟੀਕਰਨ ਦਿੱਤਾ।

'ਤੁਸੀਂ ਕਿਹੜੇ ਸਿਆਸਤਦਾਨ ਹੋਏ ਫਿਰ! ਤੁਸੀਂ ਤਾਂ ਅੱਜ ਵੀ ਗਏ ਤੇ ਕੱਲ੍ਹ ਵੀ ਗਏ, ਤੁਹਾਡੀ ਯਾਰੀ ਕਾਹਦੀ? ਜੇ ਆਪਣੀ ਇਹ ਰਾਮ-ਤੋਰੀ ਜਾਰੀ ਰੱਖਣੀ ਜੇ ਤਾਂ ਮੇਰੇ ਵਰਗਾ ਡਰਾਉਣਾ ਨਜ਼ਰਵੱਟੂ ਹੀ ਖੜ੍ਹਾ ਕਰ ਛੱਡੋ। ਚੰਗੇ ਰਹੋਗੇ ... ਤੁਹਾਡਾ ਬੂਟਾ ਲੱਗਾ ਰਹੇਗਾ...ਵਧਦਾ ਫੁੱਲਦਾ ਰਹੇਗਾ। ਸਿਆਸਤ ਵਿਚ ਹੁਣ ਸਿਧਾਂਤ ਦੀ ਨਹੀਂ, ਲੋਕ ਭਲਾਈ ਦੀ ਵੀ ਨਹੀਂ, ਲਾਹੇ ਦੀ ਨੀਤੀ ਚਲਦੀ ਹੈ, ਲੂੰਬੜੀ ਵਾਲੀ। ਲੋਕਾਂ ਦਾ ਕੀ ਹੈ, ਉਹ ਤਾਂ ਵਿਚਾਰੇ ਛੇਤੀ ਭੁੱਲ ਜਾਂਦੇ ਨੇ ਮੇਰੇ ਵਰਗੇ। ਉਨ੍ਹਾਂ ਦੀ ਯਾਦ ਸ਼ਕਤੀ ਬੜੀ ਕਮਜ਼ੋਰ ਹੈ।' ਅਮਲੀ ਦੇ ਮੂੰਹੋਂ ਅਫ਼ੀਮ ਦੀ ਗੋਲੀ ਵਰਗੀ ਅਵੱਲੀ ਕਾਟ ਉਨ੍ਹਾਂ ਨੂੰ ਪੈਰਾਂ ਤੋਂ ਹਿਲਾ ਗਈ।

'ਕੁੱਛੜ ਚੜ੍ਹ ਕੇ ਦਾੜ੍ਹੀ ਪੁੱਟਣ ਲੱਗੇਂ! ਤੂੰ ਕਰ ਲੈ ਮਸ਼ਕਰੀਆਂ ਅਮਲੀਆ... ਆਪਣੇ ਹੀ ਤਾਂ ਕਰਦੇ ਨੇ।' ਕੋਟੀ ਧਾਰੀ ਨੇ ਹੱਸ ਕੇ ਅਪਣੱਤ ਦਿਖਾਈ।

'ਹਾਈ ਸ਼ਾਵਾ ਸ਼ੇ, ਭਾਈ ਜੀ ਮੈਂ ਤਾਂ ਤੁਹਾਨੂੰ ਪਛਾਣਿਆ ਈ ਨਹੀਂ ਸੀ। ਤੁਸੀਂ ਪਿਛਲੀ ਵੇਰਾਂ ਮੈਨੂੰ ਵੀ ਆਪਣੇ ਵਰਗਾ ਨਕਲੀ ਜਬਾੜਾ ਲਗਾ ਕੇ ਦੇਣ ਦਾ ਲਾਰਾ ਲਾਇਆ ਸੀ? ਤੁਸੀਂ ਪਿਛਲੀ ਚੋਣ ਸਮੇਂ ਕਾਲੀਆਂ ਦੀਆਂ ਝੰਡੀਆਂ ਲਗਾ ਕੇ ਆਏ ਸੀ, ਕਾਲੀਆਂ ਵਲੋਂ ਖੜ੍ਹੇ ਸੀ! ਨਾ ਭੁੱਲ ਗਿਆ ਉਹੋ ਹੀ ਹੋ ਨਾਂ? ਤੁਹਾਡਾ ਹੂਰਾ ਵੀ ਬੜਾ ਤਕੜਾ ਹੈ, ਉਹ ਵਿਚਾਰਾ ਚਿੱਬੜ ਸਿਹੁੰ! ਐਵੇਂ ਬੋਲ ਬੈਠਾ ਬੜਬੋਲਾ ਜਿਹਾ। ਅਜੇ ਤਕ ਡਾਕਟਰਾਂ ਪਿੱਛੇ ਤੁਰਿਆ ਫਿਰਦਾ।'

'ਹਾਂ ਜੀ ਹਾਂ... ਪਛਾਣ ਲਿਆ ਤੂੰ ਅਮਲੀਆ।' ਉਮੀਦਵਾਰ ਦੇ ਅੰਗ-ਰੱਖਿਅਕ ਨੇ ਅਮਲੀ ਦਾ ਘਰ ਪੂਰਾ ਕਰ ਦਿੱਤਾ।

'ਐਤਕੀਂ ਉਨ੍ਹਾਂ ਨੇ ਟਿਕਟ ਨਹੀਂ ਦਿੱਤੀ, ਅਖੇ ਕਿਸੇ ਉੱਪਰਲੇ ਬਾਹਰਲੇ ਵਜ਼ੀਰ ਦੇ ਮੁੰਡੇ ਨੂੰ ਖੜ੍ਹਾਉਣਾ ਇੱਥੇ। ਬੜੀ ਬੇਇਨਸਾਫ਼ੀ ਕੀਤੀ ਉਨ੍ਹਾਂ ਤੁਹਾਡੇ ਨਾਲ। ਮੈਂ 'ਖਬਾਰ ਪੜ੍ਹੀ ਸੀ... ਏਨੀ ਤਾਂ ਸੋਝੀ ਰੱਖੀਦੀ ਐ ਜਥੇਦਾਰ ਸਾਹਿਬ। ਚੰਗਾ ਕੀਤਾ ਤੁਸਾਂ... ਬੜਾ ਚੰਗਾ ਕੀਤਾ। ਪਾਰਟੀ ਬਦਲ ਲਈ। ਭੇਸ ਦਾ ਕੀ ਏ, ਜੇਹਾ ਦੇਸ ਤੇਹਾ ਭੇਸ, ਮਖੌਟੇ ਬਦਲੀ ਜਾਓ। ਕਿੰਨਾ ਸਸਤਾ ਸੌਦਾ! ਸਾਨੂੰ ਤਾਂ ਸਵਾਰੀ ਚਾਹੀਦੀ ਹੈ, ਕਾਰ ਨਹੀਂ ਤਾਂ ਬੱਸ, ਬੱਸ ਨਹੀਂ ਤਾਂ ਗੱਡਾ ਸੈਕਲ ਹੀ ਸਹੀ।' ਅਮਲੀ ਟਿਚਕਰ-ਬਾਜ਼ੀ 'ਤੇ ਉਤਰ ਆਇਆ।

'ਜੀਂਦਾ ਰਹੁ ਅਮਲੀਆ! ਰੱਬ ਤੈਨੂੰ ਦੋ ਦੋ ਵਹੁਟੀਆਂ ਦੇਵੇ।'

'ਸਾਨੂੰ ਵਹੁਟੀ ਮਿਲੇ ਜਾਂ ਨਾ ਮਿਲੇ... ਤੈਨੂੰ ਵੋਟ ਜ਼ਰੂਰ ਮਿਲੂ, ਧਰਵਾਸ ਰੱਖੋ। ਮੈਂ ਤੇਰਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲ ਸਕਦਾ। ਤੂੰ ਮੇਰਾ ਭਤੀਜਾ ਮਾਰਕਫੈੱਡ ਵਿਚ ਲਵਾਇਆ ਸੀ... ਪੈਸਿਆਂ ਦਾ ਕੀ ਐ! ਉਹ ਤਾਂ ਪੰਦਰਾਂ ਹਜ਼ਾਰ ਜੋ ਤੂੰ ਲਏ ਉਸ ਨੇ ਪਹਿਲੇ ਮਹੀਨਿਆਂ ਵਿਚ ਹੀ ਮਾਠ ਕੇ ਪੂਰੇ ਕਰ ਲਏ ਸਨ। ਪਾਰਟੀ ਨੂੰ ਨਹੀਂ, ਅਸੀਂ ਤਾਂ ਤੈਨੂੰ ਵੋਟ ਪਾਉਣੀ ਐ, ਸਿਰਫ਼ ਤੈਨੂੰ। ਹੁਣ ਅਸੀਂ ਕਿਹੜੇ ਮੁੰਡੇ ਨਹੀਂ ਰਖਾਉਣੇ।'

'ਪਾਓ ਭਈ ਪੈਗ ਦਿਓ ਲੰਬੜਦਾਰ ਨੂੰ।' ਕੋਟੀ ਧਾਰੀ ਦੀ ਆਵਾਜ਼ ਸੁਣ ਕੇ ਅਮਲੀ ਮੁੱਛਾਂ ਨੂੰ ਵਟਣਾ ਚਾੜ੍ਹ ਕੇ ਤਿਆਰ ਬਰ ਤਿਆਰ ਹੋ ਗਿਆ।

'ਅਸੀਂ ਤਾਂ ਐਤਕੀਂ ਆਪਣੀਆਂ ਗਲੀਆਂ ਪੱਕੀਆਂ ਕਰਾਉਣੀਆਂ ਨੇ। ਜੋ ਕਰਵਾਏਗਾ... ਉਸ ਨੂੰ ਵੋਟ ਪਾਵਾਂਗੇ। ਐਹ ਇਕੱਲੀ ਦਾਰੂ ਜਿਹੀ ਨਾਲ ਕੰਮ ਨਹੀਂ ਬਣਨਾ ਐਕਰਾਂ ਜਥੇਦਾਰਾ।'

ਬੂਝਾ ਅਮਲੀ ਹੈਗਾ ਤਾਂ ਭਾਵੇਂ ਬੁੱਝੜ ਜਿਹਾ ਹੀ ਸੀ ਪਰ ਸਿੱਖਿਆ ਸਿਖਾਇਆ ਉਸ ਨੇ ਗੱਲ ਪਤੇ ਦੀ ਕਹਿ ਮਾਰੀ। ਸਰਪੰਚ ਕਈ ਅਜਿਹੇ ਬੇ-ਸ਼ੁਕਰੇ ਕੰਮ ਮੂੰਹ-ਫੱਟ ਅਮਲੀ ਦੇ ਮੂੰਹ ਪਾ ਕੇ ਆਪਣਾ ਉੱਲੂ ਸਿੱਧਾ ਕਰ ਲੈਂਦਾ ਸੀ।

'ਲੈ ਬਈ ਅਮਲੀਆ... ਤੇਰੇ ਮੂੰਹ ਦੀ ਕੱਢੀ ਅਸਾਂ ਪੂਰੀ ਕਰ ਦੇਣੀ ਆ। ਐਹ ਲੈ ਬੋਤਲ! ਤੇ ਖਾਹ ਸਹੁੰ।' ਸੇਵਾਦਾਰ ਅਮਲੀ ਦੇ ਨੇੜੇ ਹੋ ਗਿਆ।

'ਨਾਲੇ ਕੋਈ ਉਰੀ-ਪੁਰੀ ਕਰਦਾ ਟੰਗ ਅੜਾਉਣ ਵਾਲਾ ਭੜਵਾ ਹੈ ਤਾਂ ਉਹ ਵੀ ਦੱਸ ਦੇਹ, ਅਸੀਂ ਗੱਡੀ ਚੜ੍ਹਾ ਦਿਆਂਗੇ ਉਹਨੂੰ ਰਾਤੋ ਰਾਤ!' ਡੱਬ ਨੂੰ ਹੱਥ ਮਾਰਦਾ ਕੰਨ ਵਿਚ ਫੁਸ-ਫੁਸਾਇਆ।

ਤਿਕੋਣੀ ਜਿਹੀ ਇੱਲ ਦੇ ਕਲਬੂਤ ਵਰਗੀ ਬੋਤਲ ਵੇਖ ਕੇ ਸਾਰੀ ਮੰਢੀਰ ਚਾਂਬਲ ਉੱਠੀ। ਸਾਰੇ ਲਾਰਾਂ ਸੁੱਟਣ ਲੱਗੇ।

'ਮੈਂ ਇਸ ਦਾਰੂ ਦੀ ਬੋਤਲ ਦੀ ਸਹੁੰ ਖਾਂਦਾ ਹਾਂ। ਮੇਰੀਆਂ ਸਾਰੀਆਂ ਵੋਟਾਂ ਤੇਰੀਆਂ, ਅਸੀਂ ਸਾਰੇ ਤੇਰੀ ਪਾਰਟੀ ਨੂੰ ਵੋਟਾਂ ਪਾਵਾਂਗੇ।'

'ਜੀਂਦਾ ਰਹੁ ਅਮਲੀਆ... ਆਪਾਂ ਫੇਰ ਵੀ ਕੰਮ ਆਉਣ ਵਾਲੇ ਬੰਦੇ ਹਾਂ। ਜਦ ਮਰਜ਼ੀ ਅਜ਼ਮਾ ਲਈਂ ਰਾਤ ਬਰਾਤੇ। 'ਜਥੇਦਾਰ ਨਛੱਤਰ ਸਿੰਘ ਦੀ ਤਸੱਲੀ ਹੋ ਗਈ। ਉਸ ਨੇ ਅਮਲੀ ਦਾ ਮੋਢਾ ਨੱਪਿਆ। ਇਕ ਸੇਵਾਦਾਰ ਨੇ ਲਾਲ ਗੁੱਥੀ ਵਿਚੋਂ ਮੁੱਠਾਂ ਭਰੀਆਂ ਤੇ ਵਿਆਹ ਦੀ ਸੁੱਟ ਵਾਂਗ ਦੋ-ਚਾਰ ਸਰੋਤਿਆਂ ਵੱਲ ਮਾਰਦੇ 'ਰੱਬ ਰਾਖਾ' ਕਹਿੰਦੇ ਅਗਲੇ ਰਸਤੇ ਪੈ ਗਏ।

ਅਗਲੇ ਦਿਨ ਇੱਟਾਂ ਦੀਆਂ ਲੱਦੀਆਂ ਟਰਾਲੀਆਂ ਆ ਗਈਆਂ, ਸੀਮਿੰਟ ਆ ਗਿਆ... ਮਿਸਤਰੀ ਆ ਗਏ ਤੇ ਗਲੀਆਂ ਪੱਕੀਆਂ ਹੋਣ ਲੱਗੀਆਂ। ਸੜਕ ਵਲੋਂ ਢੋਲ-ਢਮੱਕੇ ਦੀ ਆਵਾਜ਼ ਉੱਠੀ ਤੇ ਪਿੰਡ ਵੱਲ ਵਧੀ। ਜੰਜ ਵਾਂਗ ਤੁਰ੍ਹਲੇ ਵਾਲੀਆਂ ਪੱਗਾਂ ਤੇ ਸਤਰੰਗੀ ਪੀਂਘ ਵਰਗੇ ਲਿਬਾਸ! ਇਕ ਭੰਗੜਾ ਪਾਰਟੀ, ਤੇ ਪਿੱਛੇ ਪਿੱਛੇ ਪਹਿਲਵਾਨਾਂ ਵਾਂਗ ਲੱਤਾਂ ਚੌੜੀਆਂ ਕਰ ਕਰ ਤੁਰਦਾ ਬਿੱਛੂ ਰਾਮ ਵਕੀਲ ਗਲ ਵਿਚ ਨੋਟਾਂ ਦੇ ਹਾਰ ਪਾਈ ਗਭਲੇ ਚੌਕ ਵਿਚ ਆ ਪਹੁੰਚਿਆ। ਆਜ਼ਾਦ ਉਮੀਦਵਾਰ ਨੇ ਆਉਂਦੇ ਹੀ ਆਪਣਾ ਹਾਰ ਲਾਹ ਕੇ ਸਰਪੰਚ ਦੇ ਗਲ ਪਾ ਦਿੱਤਾ। ਗਾਉਣ ਵਾਲੀ ਨੇ ਅਖਾੜਾ ਬੰਨ੍ਹ ਦਿੱਤਾ। ਵੇਖਦੇ-ਵੇਖਦੇ ਤਕੜਾ ਹਜੂਮ ਇਕੱਠਾ ਹੋ ਗਿਆ। ਬਿੱਛੂ ਰਾਮ ਨੇ ਸਾਰੀਆਂ ਪਾਰਟੀਆਂ ਨੂੰ ਨਕਾਰਦੇ ਆਪਣੇ ਆਪ ਨੂੰ ਦੁੱਧ-ਧੋਤਾ ਦਰਸਾ ਕੇ ਵੋਟ ਮੰਗਿਆ। ਉਸ ਨੇ ਹਲਕੇ ਵਿਚ ਵੱਡੇ ਕਾਰਖ਼ਾਨੇ ਲਗਵਾਉਣ ਦਾ ਇਕਰਾਰ ਕੀਤਾ ਤੇ ਦਾਅਵਾ ਕੀਤਾ ਕਿ ਉਹ ਅਜਿਹੇ ਵੱਡੇ ਪ੍ਰੋਜੈਕਟਾਂ ਵਿਚੋਂ ਕੋਈ ਗ਼ਬਨ ਨਹੀਂ ਕਰੇਗਾ ਨਾ ਹੋਣ ਦੇਵੇਗਾ। ਲੋਕਾਂ ਦੇ ਕੰਮ ਕਰਾਉਣ ਦੇ ਇਵਜ਼ ਵਿਚ ਕੋਈ ਬਖ਼ਸ਼ੀਸ਼, ਇਨਾਮ ਜਾਂ ਰਿਸ਼ਵਤ ਨਹੀਂ ਵਸੂਲੇਗਾ। ਜ਼ਿੰਦਗੀ ਦੀ ਥਕਾਉਣ ਤੇ ਉਦਰੇਵਾਂ ਲਾਹੁਣ ਲਈ ਹਰ ਮਹੀਨੇ ਹਰ ਪਿੰਡ ਵਿਚ ਲੋਕਾਂ ਦੇ ਮਨੋਰੰਜਨ ਲਈ ਇਕ ਅਜਿਹਾ ਮਜਮਾ ਲਾਇਆ ਕਰੇਗਾ। ਇਕ ਵੱਡਾ ਟੀ ਵੀ ਸੈੱਟ ਭੇਟ ਕਰਦਿਆਂ ਕਿਹਾ ਕਿ ਇਹ ਪੁਰਜਾ ਇਸ ਚੌਕ ਵਿਚ ਰੱਖੋ। ਜਦ ਟੀ ਵੀ ਚੈਨਲ 'ਤੇ ਚੱਲ ਰਹੀ ਬਹਿਸ ਵਿਚ ਉਮੀਦਵਾਰਾਂ ਦੇ ਮੁਕਾਬਲੇ ਹੋਣਗੇ, ਉਹ ਘਸੁੰਨ-ਮੁੱਕੀ ਕਰਨਗੇ, ਇਕ ਦੂਸਰੇ ਦੀ ਪੱਗ ਰੋਲਣਗੇ, ਦਾੜ੍ਹੀ ਫੜ੍ਹ ਹੂਰੋ ਹੂਰੀ ਕਰਨਗੇ, ਦੰਗਲ ਕਰਨਗੇ, ਤੁਸੀਂ ਠੀਕ ਤਰ੍ਹਾਂ ਵੇਖ ਕੇ ਤਕੜੇ ਮਾੜੇ ਦੀ ਪਛਾਣ ਕਰ ਸਕੋਗੇ। ਉਸ ਦੇ ਵਿਖਿਆਨ ਤੇ ਪੇਸ਼ਕਸ਼ ਨੂੰ ਭੀੜ ਨੇ ਤਾੜੀਆਂ ਨਾਲ ਖ਼ੂਬ ਸਲਾਹਿਆ।

ਏਸੇ ਤਰ੍ਹਾਂ ਕਾਰਲੀ ਪਾਰਟੀ ਨੇ ਧਰਮਸ਼ਾਲਾ ਲਈ ਇੱਟਾਂ ਸੁਟਵਾ ਕੇ ਕੰਮ ਜਲਦੀ ਸ਼ੁਰੂ ਕਰ ਦੇਣ ਦਾ ਇਕਰਾਰ ਕੀਤਾ ਤੇ ਨੀਂਹ ਪੱਥਰ ਵੀ ਅਮਲੀ ਦੇ ਹੱਥੋਂ ਲੁਆ ਕੇ ਅਮਲੀ ਦਾ ਤੁਰ੍ਹਲਾ ਉੱਚਾ ਕਰ ਦਿੱਤਾ।

ਅਗਲੀ ਰਾਤ ਨੂੰ ਤੀਸਰੀ ਪਾਰਟੀ ਆ ਧਮਕੀ... ਲਾਲਟੈਣਾਂ ਸਨ, ਉਨ੍ਹਾਂ ਦੇ ਕਾਫ਼ਲੇ ਵਿਚ। ਵਿਰੋਧੀ ਧਿਰ ਵਲੋਂ ਹੁੰਦੇ ਹੋਏ ਉਹ ਅਮਲੀ ਦਾ ਵੀ ਮੂੰਹ ਸੁੰਘਣ ਲੱਗੇ।

ਅਮਲੀ ਵੱਖੀਆਂ ਵਿਚ ਹੱਸਿਆ।

'ਆਉ ਜੀ ਜਨਾਬ! ਲਾਲਟੈਣ ਸਾਹਿਬ! ਜੀ ਆਇਆਂ ਨੂੰ! ਆਉ ਬੈਠੋ।' ਉਸ ਨੇ ਇਕ ਲੀਡਰ ਲਗਦੇ ਭੱਦਰ ਪੁਰਸ਼ ਨੂੰ ਮੰਜੇ 'ਤੇ ਬੈਠਣ ਦਾ ਇਸ਼ਾਰਾ ਕੀਤਾ।

'ਲੰਬੜਦਾਰਾ! ਤੇਰੀ ਸ਼ਰਨ ਆਏ ਹਾਂ, ਤੂੰ ਪਿੰਡ ਦਾ ਮੁਹਤਬਰ ਆਦਮੀ ਹੈਂ, ਸਾਨੂੰ ਵੋਟਾਂ ਪੁਆ। ਮੇਰਾ ਚੋਣ ਨਿਸ਼ਾਨ ਲਾਲਟੈਣ ਹੈ। ਅਸੀਂ ਇਸ ਲਾਲਟੈਣ ਨਾਲ ਤੁਹਾਡੀ ਹਰ ਗਲੀ, ਹਰ ਕੋਨਾ ਇਥੋਂ ਤਕ ਕਿ ਤੁਹਾਡੇ ਦਿਲਾਂ ਦੇ ਅੰਦਰ ਦੇ ਸਾਰੀਆਂ ਕੁੰਦਰਾ ਕੋਨੇ ਤਕ ਰੁਸ਼ਨਾ ਦਿਆਂਗੇ। ਤੁਹਾਡਾ ਸਕੂਲ ਵੱਡਾ ਕਰਾ ਦਿਆਂਗੇ। ਹਸਪਤਾਲ ਖੋਲ੍ਹ ਦਿਆਂਗੇ। ਐਹ ਲਓ ਲਾਲਟੈਣਾਂ ਤੇ ਰੱਖ ਦਿਓ ਖੋਲਿਆਂ ਤੇ ਹਨੇਰੀਆਂ ਗੁਫਾਵਾਂ ਵਿਚ। ਹੁਣ ਕੋਈ ਤੁਹਾਡੇ ਬੱਚੇ ਉਧਾਲ਼ ਕੇ ਮਾਰ ਕੇ ਹਨੇਰੇ ਦਾ ਫ਼ਾਇਦਾ ਨਹੀਂ ਉਠਾਏਗਾ।' ਬੜੀ ਨਿਮਰਤਾ ਤੇ ਅਧੀਨਗੀ ਭਰੇ ਬੋਲਾਂ ਨਾਲ ਉਸ ਨੇ ਇਕ ਲਾਲਟੈਣ ਅਮਲੀ ਦੇ ਹੱਥ ਫੜਾ ਦਿੱਤੀ ਤੇ ਪੰਜ ਦਸ ਹੋਰ ਖੜ੍ਹੇ ਲੋਕਾਂ ਵੱਲ ਵਧਾ ਦਿੱਤੀਆਂ।

'ਧੰਨਭਾਗ ਭਾਊ ਜੀ! ਲਾਲਟੈਣਾਂ ਸਾਡੇ ਸਿਰ ਮੱਥੇ! ਪਰ ਸੱਚੀ ਗੱਲ ਦੱਸਾਂ? ਸਾਡੇ ਪਿੱਛੇ ਤਾਂ ਵੱਡੀਆਂ ਵੱਡੀਆਂ ਹਾਕਮ ਪਾਰਟੀਆਂ ਫਿਰਦੀਆਂ ਨੇ, ਉਹ ਪਹਿਲਾਂ ਹੀ ਕਰਾਰਨਾਮਾ ਲੈ ਗਏ ਨੇ। ਕੋਈ ਉਮੀਦਵਾਰ ਗਲੀਆਂ ਬਣਾ ਰਿਹਾ... ਕੋਈ ਧਰਮਸ਼ਾਲਾ ਬਣਾ ਰਿਹਾ ਤੇ ਤੁਸੀਂ ਆਏ ਹੋ ਧੰਨਭਾਗ ਜੀ ਸਦਕੇ। ਤੁਸੀਂ ਪਛੜਗੇ ਥੋੜ੍ਹਾ ਜਿਹਾ, ਸਾਨੂੰ ਚਾਨਣ ਵੀ ਵੰਡੋ ਤੇ ਨਾਲ ਪਾਣੀ ਵੀ। ਸਕੂਲ ਵੱਡਾ ਕਰੋ ਜੰਮ ਜਮ ਪਰ ਮਾਸਟਰ ਜ਼ਰੂਰ ਭੇਜ ਦਿਓ ਇੱਥੇ ਬੱਚਿਆਂ ਨੂੰ ਸਾਂਭਣ ਪੜ੍ਹਾਉਣ ਵਾਸਤੇ। ਹਸਪਤਾਲ ਬਣਾਓ ਪਰ ਡਾਕਟਰ ਨਰਸਾਂ ਦਾ ਜ਼ਰੂਰ ਇੰਤਜ਼ਾਮ ਕਰ ਜਾਇਓ। ਹਾਲ ਦੀ ਘੜੀ ਇਕ ਐਸ ਚੌਕ ਵਿਚ ਤੇ ਇਕ ਧਰਮਸ਼ਾਲਾ ਵਾਲੇ ਚੌਕ ਵਿਚ ਨਲਕੇ ਲੁਆ ਦਿਓ। ਬੜਾ ਸਸਤਾ ਕੰਮ ਜੇ। ਲੋਕ ਪਾਣੀ ਪੀਣਗੇ... ਤੇਰੇ ਗੁਣ ਗਾਉਣਗੇ, ਤੈਨੂੰ ਸੀਸਾਂ ਦੇਣਗੇ। ਬਾਕੀ ਵੋਟਾਂ ਤਾਂ ਪਹਿਲਾਂ ਹੀ ਤੇਰੀਆਂ... ਅਸੀਂ ਵੀ ਤੇਰੇ ਤੇ ਵੋਟਾਂ ਵੀ ਤੇਰੀਆਂ। ਜਿਸ ਖੂਹ ਖਾਤੇ ਮਰਜ਼ੀ ਪੁਆ ਲੈ।' ਅਮਲੀ ਨੇ ਸਿੱਧ-ਪੱਧਰੀ ਭਾਸ਼ਾ ਵਿਚ ਉਸ ਨੂੰ ਨਿਹਾਲ ਕਰ ਦਿੱਤਾ।

'ਠੀਕ ਆ, ਜਿੱਦਾਂ ਕਹੋ ਕਰ ਦਿਆਂਗੇ। ਨਲਕੇ ਤਾਂ ਕੀ ਅਸੀਂ ਕੂਲਰ ਵੀ ਲਵਾ ਦਿਆਂਗੇ ਪਰ ਵੋਟਾਂ ਦੀ ਪੱਕੀ ਕਰੋ, ਕੋਈ ਵੋਟ ਬਾਹਰ ਨਾ ਜਾਏ।'

'ਹੈ ਕਮਲਾ! ਅਸਾਂ ਤਾਂ ਪਹਿਲਾਂ ਹੀ ਸੋਚਿਆ ਸੀ ਪਈ ਅਸੀਂ ਤੈਨੂੰ ਹੀ ਜਿਤਾਵਾਂਗੇ...ਪੱਥਰ 1ਤੇ ਲੀਕ।' ਅਮਲੀ ਨੇ ਧਰਤੀ 'ਤੇ ਲਕੀਰ ਖਿੱਚਦੇ ਲਾਲਟੈਣ ਸਾਹਿਬ ਨੂੰ ਬਾਗੋ-ਬਾਗ ਕਰ ਦਿੱਤਾ।

'ਅਮਲੀਆ! ਤੇਰੇ ਮੂੰਹ ਘਿਉ ਸ਼ੱਕਰ! ਨਲਕੇ ਇਕ-ਦੋ ਦਿਨਾਂ 'ਚ ਲੱਗ ਜਾਣਗੇ। ਪਰ ਦਾਰੂ ਦੀ ਮੁਸ਼ਕਲ ਬਣੇਗੀ। ਮੈਂ ਸੋਚਿਆ ਸੀ ਪਈ ਇਕ ਦੋ ਪੇਟੀਆਂ ਤੇਰੇ ਕੋਲ ਸੁੱਟ ਜਾਂਦੇ, ਆਪਣੇ ਵੋਟਰਾਂ ਦੀ ਪਾਰਟੀ-ਪੂਰਟੀ ਕਰ ਦਿੰਦਾ ਪਰ ਠੇਕੇ ਬੰਦ ਹੋ ਗਏ ਨੇ। ਸਰਕਾਰ ਨੇ ਬੜੀ ਸਖ਼ਤੀ ਕਰ ਦਿੱਤੀ ਹੈ। ਪਹਿਲਾਂ ਤਾਂ ਏਨੀ ਕੁ ਬੁੱਤੀ ਥਾਣੇ ਅੰਦਰੋਂ ਪੂਰੀ ਹੋ ਜਾਂਦੀ ਸੀ ਪਰ ਹੁਣ ਚੌਕਸੀ ਵਾਲਿਆਂ ਨੇ ਇਨ੍ਹਾਂ ਦੀਆਂ ਲਗਾਮਾਂ ਕੱਸ ਦਿੱਤੀਆਂ ਨੇ। ਚੋਣ ਕਮਿਸ਼ਨ ਨੇ ਨਿਗਰਾਨ ਨੁਮਾਇੰਦੇ ਭੇਜ ਕੇ ਨਿਰਪੱਖ ਚੋਣਾਂ ਕਰਾਉਣ ਦਾ ਪੱਕਾ ਫ਼ੈਸਲਾ ਕਰ ਰੱਖਿਆ ਹੈ। ਐਤਕੀਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰਾ ਹੋਣਾ ਹੈ। ਇਹ ਚੋਰ-ਮੋਰੀਆਂ ਬੰਦ ਕਰ ਦਿੱਤੀਆਂ ਹਨ।' ਲਾਲਟੈਣ ਸਾਹਿਬ ਨੇ ਆਪਣੀ ਬੇਬਸੀ ਤੇ ਅਸਮਰੱਥਾ ਪ੍ਰਗਟਾਈ।

'ਤੂੰ ਵੀ ਕਮਲਾਂ! ਦਾਰੂ ਦੀ ਕਿੱਲਤ! ਆ ਮੇਰੇ ਨਾਲ! ਕਹੇਂ ਤਾਂ ਨਹਿਰਾਂ ਵਗਾ ਦਿਆਂ, ਨਹਾ ਲੈ ਭਾਵੇਂ ਚੁੱਭੀਆਂ ਮਾਰ ਕੇ।' ਅਮਲੀ ਨੇ ਚਾਦਰ ਟੰਗ ਕੇ ਉੱਪਰ ਨੂੰ ਕੀਤੀ, ਪਰਨਾ ਮੋਢੇ 'ਤੇ ਧਰਿਆ ਤੇ ਇਕ ਛਕੜਾਨੁਮਾ ਜੀਪ ਵਿਚ ਉਨ੍ਹਾਂ ਨਾਲ ਜਾ ਚੜ੍ਹਿਆ।

ਠੇਕੇ ਲਾਗੇ ਪਹੁੰਚ ਕੇ ਵੇਖਿਆ... ਸਚਮੁਚ ਹੀ ਬੰਦ ਸੀ। ਤਾਲਾ ਹੀ ਬੰਦ ਨਹੀਂ ਸਗੋਂ ਉਸ ਉੱਪਰ ਲਾਖ ਦੀਆਂ ਮੂਹਰਾਂ ਵੀ ਲੱਗੀਆਂ ਹੋਈਆਂ ਸਨ ਤੇ ਲਾਗੇ ਖੜ੍ਹੇ ਦੋ ਸਿਪਾਹੀ ਇਨ੍ਹਾਂ ਸੀਲਾਂ ਦੀ ਨਿਗਰਾਨੀ ਕਰ ਰਹੇ ਸਨ।

ਵੋਟਾਂ ਵਾਲੀ ਗੱਡੀ ਵੇਖ ਕੇ ਸਿਪਾਹੀ ਉੱਠ ਕੇ ਸਾਵਧਾਨ ਹੋ ਗਏ। ਉਨ੍ਹਾਂ ਦੂਰੋਂ ਹੀ ਸਲੂਟ ਮਾਰਿਆ। ਬੂਝਾ ਅਮਲੀ ਮਾੜਾ ਜਿਹਾ ਲੰਗ ਮਾਰਦਾ ਉਨ੍ਹਾਂ ਕੋਲ ਪਹੁੰਚਿਆ।

'ਕਿਉਂ ਭਾਈ ਸਾਂਢੂਆ। ਦਾਰੂ ਦਾ ਕੀ ਬਣੂੰ ਹੁਣ?'

'ਦੱਸ ਸਾਂਢੂਆ? ਕੀ ਹੁਕਮ ਐ? ਠੇਕੇ ਤਾਂ ਬੰਦ ਨੇ।'

'ਠੇਕੇ ਬੰਦ ਤਾਂ ਸਾਨੂੰ ਪਤਾ, ਦਿਸਦਾ! ਪਰ ਤੇਰਾ ਕੀ ਫ਼ਾਇਦਾ...? ਕਰ ਦੇ ਕੁਝ ਜੁਗਾੜ। ਇਹ ਪਾਰਟੀ ਵੀ ਆਪਣੀ ਤੇ ਖਰਚਾ ਵੀ ਆਪਣਾ... ਤੁਹਾਨੂੰ ਵੀ ਨਿਹਾਲ ਕਰ ਦਿਆਂਗੇ।' ਅਮਲੀ ਨੇ ਦਾਣਾ ਸੁੱਟਿਆ।

'ਕਿੰਨੀ ਚਾਹੀਦੀ?' ਇਕ ਸਿਪਾਹੀ ਨੇ ਰਮਜ਼ ਜਿਹੀ ਮਾਰੀ।

'ਦੇ ਦੇ ਯਾਰ! ਕਰ ਦੇ ਅਮਲੀ ਦਾ ਚਿੱਤ ਖ਼ੁਸ਼... ਰੱਬ ਵਰਗੇ ਹੁੰਦੇ ਨੇ ਅਮਲੀ ਨਿਰਛਲ।' ਦੂਜੇ ਸਿਪਾਹੀ ਨੇ ਹੱਲਾਸ਼ੇਰੀ ਦੇ ਕੇ ਹਾਂ ਵਿਚ ਸਿਰ ਹਿਲਾਇਆ।

ਤੂੜੀ ਦੇ ਕੁੱਪ ਵੱਲ ਨੂੰ ਤੁਰਦਾ ਸਿਪਾਹੀ ਪਿੱਛੇ ਅਮਲੀ ਨੂੰ ਲਾ ਕੇ ਨੋਟਾਂ ਦੀ ਥੱਦੀ ਗਿਣਦਾ ਕਮਾਦ ਦੀ ਇਕ ਨੁਕਰੇ ਜਾ ਖੜ੍ਹਾ ਹੋਇਆ।

'ਇਕੋ ਵੇਰਾਂ ਲੈ ਲਾ ਜਿੰਨੀਆਂ ਚਾਹੀਦੀਆਂ, ਸਾਨੂੰ ਤਾਂ ਇਕ ਸੌ ਰੁਪਏ ਪੇਟੀ ਦਾ ਖਰਚਾ ਚਾਹੀਦਾ।' ਸਿਪਾਹੀ ਨੇ ਆਪਣਾ ਲਾਗ ਦੱਸ ਦਿੱਤਾ।

'ਬੱਸ ਦਸ ਹੀ ਕਾਫ਼ੀ ਨੇ ਅਸੀਂ ਕਿਹੜੀ ਛਬੀਲ ਲਗਾਉਣੀ! ਭਲਾ ਹੋਵੇ ਤੇਰਾ, ਤੇਰੇ ਬੱਚੇ ਜਿਉਣ।' ਅਮਲੀ ਨੇ ਉਸ ਦੀ ਪਿੱਠ 'ਤੇ ਥਾਪੀ ਦਿੱਤੀ। ਜੀਪ ਵਿਚੋਂ ਡਰਾਈਵਰ ਨੇ ਬੰਦ ਮੁੱਠੀ ਬਾਹਰ ਕੱਢ ਕੇ ਹੌਲਦਾਰ ਨਾਲ ਦਸਤ-ਪੰਜਾ ਕਰ ਕੇ ਧੰਨਵਾਦ ਕੀਤਾ।

ਪੇਟੀਆਂ ਗੱਡੀ ਵਿਚ ਸਵਾਰ ਹੋ ਕੇ ਅਮਲੀ ਦੇ ਮੁਹੱਲੇ ਪਹੁੰਚ ਗਈਆਂ। ਲੋਕ ਉਮੀਦਵਾਰਾਂ ਦਾ ਘੱਟ ਤੇ ਅਮਲੀ ਦੇ ਗੁਣ ਜ਼ਿਆਦਾ ਗਾ ਰਹੇ ਸਨ।

ਸਵੇਰੇ ਚੌਕਾਂ ਵਿਚ ਨਲਕਿਆਂ ਦਾ ਸਾਮਾਨ ਤੇ ਪੰਚਾਇਤ ਘਰ ਵਿਚ ਵੱਡਾ ਸਾਰਾ ਪਾਣੀ ਠੰਢਾ ਕਰਨ ਵਾਲਾ ਕੂਲਰ ਪਿਆ ਵੇਖ ਕੇ ਲੋਕ ਅਮਲੀ ਦੀ ਚਤੁਰਾਈ 'ਤੇ ਹੈਰਾਨ ਰਹਿ ਗਏ।

'ਵੇਖਿਆ ਏਦਾਂ ਕੰਮ ਹੁੰਦੇ.. ਇਹ ਹਫ਼ਤਾ ਦਸ ਦਿਨ ਇਨ੍ਹਾਂ ਤੋਂ ਜੋ ਮਰਜ਼ੀ ਕਰਵਾ ਲਓ। ਫਿਰ ਚਿੜੀ ਖੰਭ ਛੁਡਾ ਗਈ ਧੇਲੇ ਦਾ ਗੁੜ ਖਾ ਗਈ।'

ਅਮਲੀ ਦੇ ਛੱਡੇ ਤੀਰ ਟਿਕਾਣੇ ਡਿੱਗੇ ਵੇਖ ਕੇ ਉਸ ਦੇ ਗਰਾਂਈਂ ਉਸ ਦਾ ਧੰਨਵਾਦ ਕਰਨ ਲੱਗੇ।

ਵਿਆਹ ਦੇ ਜਸ਼ਨਾਂ ਵਾਂਗ ਇਹ ਦਿਨ ਲੰਘ ਗਏ। ਗਲੀਆਂ ਵਿਚ ਰੋਡੇ ਸ਼ਾਹ ਦੇ ਮੇਲੇ ਵਾਂਗ ਅਮਲੀ ਦੇ ਚਹੇਤੇ ਲੋਟਣੀਆਂ ਲੈਂਦੇ ਰਹੇ। ਕੁੱਤੇ ਬਿੱਲੀਆਂ ਸ਼ਰਾਬੀਆਂ ਦੇ ਮੂੰਹ ਸੁੰਘਦੇ ਚੱਟਦੇ ਆਨੰਦ ਮਾਣਦੇ ਰਹੇ। ਵੋਟਾਂ ਦਾ ਦਿਨ ਆ ਗਿਆ, ਪਰਚੀਆਂ ਪਈਆਂ। ਹੋਰਾਂ ਬੂਥਾਂ ਤੋਂ ਜ਼ਿਆਦਾ ਵੋਟਰਾਂ ਦੀ ਰੌਣਕ ਅਮਲੀ ਦੇ ਤੰਬੂ ਥੱਲੇ ਵੇਖ ਕੇ ਦੂਸਰੀਆਂ ਧਿਰਾਂ ਕੰਨੀਂ ਖਿਸਕਾ ਗਈਆਂ। ਅਮਲੀ ਦੇ ਕਹੇ ਅਨੁਸਾਰ ਸਭ ਨੇ ਸਾਰੇ ਖਿਲਾੜੀਆਂ ਨੂੰ ਮਾਲਾ-ਮਾਲ ਕਰ ਦਿੱਤਾ। ਉਮੀਦਵਾਰਾਂ ਦੇ ਦਲਾਲਾਂ ਨੇ ਚੋਣ ਅਮਲੇ ਨੂੰ ਮੁੰਦੀਆਂ, ਛੱਲੇ ਤੇ ਨਵੇਂ ਨੋਟਾਂ ਦੀਆਂ ਥੱਦੀਆਂ ਦਿਖਾ ਕੇ ਚਾਟ ਖਿਲਾਰ ਦਿੱਤੀ। ਚੋਣ ਅਧਿਕਾਰੀ ਅਮਲੀ ਦੀ ਭੂਰੀ ਖੰਡ, ਭੰਗ ਤੇ ਨਾਗਣੀ ਡੁੰਗ ਕੇ ਲੋਟਣੀਆਂ ਲੈਂਦੇ ਬਾਗੋ-ਬਾਗ ਹੋ ਗਏ।

ਵੋਟਾਂ ਦੀ ਗਿਣਤੀ ਵੇਲੇ ਚੋਣ ਕਰਮਚਾਰੀ ਬੜੇ ਚਿੰਤਤ ਅਤੇ ਅਚੰਭਿਤ ਹੋ ਰਹੇ ਸਨ। ਬਹੁਤੇ ਵੋਟਰਾਂ ਨੇ ਤਿੰਨਾਂ ਹੀ ਉਮੀਦਵਾਰਾਂ ਦੇ ਨਾਵਾਂ 'ਤੇ ਠੱਪੇ ਲਗਾ ਕੇ ਆਪਣੇ ਹਲਫ਼/ ਇਕਰਾਰ ਦੀ ਪੁਸ਼ਟੀ ਕਰ ਦਿੱਤੀ ਸੀ। ਡੱਬਿਆਂ ਵਿਚੋਂ ਸਾਰੇ ਪਿੰਡ ਦੀਆਂ ਕੁਲ ਵੋਟਾਂ ਨਾਲੋਂ ਡੇਢ ਸੌ ਵੋਟ ਵੱਧ ਨਿਕਲੀ। ਉਮੀਦਵਾਰਾਂ ਦੇ ਦਲਾਲ ਕੰਨ ਲਪੇਟ ਕੇ ਆਪਣੀ ਕਾਰਗੁਜ਼ਾਰੀ ਦਾ ਖੇਖਣ ਢੂੰਡਦੇ ਬਾਕੀ ਬਚੀ ਲਾਲ ਪਰੀ ਦੇ ਪਿਆਲਿਆਂ ਵਿਚ ਡੁੱਬ ਗਏ।

ਚੋਣ ਅਧਿਕਾਰੀ ਦਾ ਰੁਤਬਾ ਅਤੇ ਨੌਕਰੀ ਖ਼ਤਰੇ ਵਿਚ ਭਾਂਪ ਕੇ ਅਮਲੀ ਤੇ ਉਸ ਦੇ ਸਾਥੀ ਹਮਦਰਦੀ ਪ੍ਰਗਟਾ ਰਹੇ ਸਨ।

ਅਗਲੇ ਦਿਨ ਸਵੇਰੇ ਲੋਕ ਹੈਰਾਨ ਰਹਿ ਗਏ। ਨਲਕਿਆਂ ਦਾ ਸਾਮਾਨ ਗ਼ਾਇਬ ਸੀ, ਚੌਕਾਂ ਵਿਚੋਂ ਤੇ ਧਰਮਸ਼ਾਲਾ ਵਿਚੋਂ ਇੱਟਾਂ ਤੇ ਸੀਮਿੰਟ ਗ਼ਾਇਬ ਸੀ। ਇਹ ਸਾਰਾ ਪਾਰਟੀ ਦੇ ਨਿਸ਼ਕਾਮ ਸਿਰ-ਕੱਢ ਵਰਕਰਾਂ ਤੇ ਸੇਵਕਾਂ ਦੀਆਂ ਹਵੇਲੀਆਂ ਵਿਚ ਪਹੁੰਚ ਚੁੱਕਾ ਸੀ।

'ਚਲੋ ਕੋਈ ਨਾ, ਇਹ ਵੀ ਮਾੜਾ ਸੌਦਾ ਨਹੀਂ, ਸਾਡੀ ਗਲੀ ਤਾਂ ਬਣ ਗਈ ਇਸ ਵੇਰਾਂ। ਬਾਕੀ ਅਗਲੇ ਮਹੀਨੇ ਫਿਰ ਵੋਟਾਂ ਆਈਆਂ ਖੜ੍ਹੀਆਂ, ਫਿਰ ਪੂਰੀਆਂ ਕਰਵਾ ਲਵਾਂਗੇ ਪਤੰਦਰਾਂ ਕੋਲੋਂ। ਸਾਨੂੰ ਝਕਾਨੀ ਦੇਣ ਵਾਲੇ ਤਲਬਗਾਰ ਅਸੈਂਬਲੀ ਵਿਚ ਕਦੇ ਵੀ ਬਹੁਮਤ ਸਿੱਧ ਨਹੀਂ ਕਰ ਸਕਣਗੇ। ਇਹ ਵੀ ਕੀ ਯਾਦ ਕਰਨਗੇ ਛੜੇ ਅਮਲੀ ਦਾ ਸਰਾਫ਼!' ਅਮਲੀ ਹੱਥਾਂ 'ਤੇ ਹੱਥ ਮਾਰਦਾ ਦੂਹਰਾ ਚੌਹਰਾ ਹੋਈ ਜਾ ਰਿਹਾ ਸੀ।

# ਚੋਣਾਂ ਦੇ ਰੰਗ ਸੱਜਣਾ...

ਇੱਕ ਪੰਜਾਬੀ ਫਿਲਮ ਵਿਚ ਢਾਡੀ ਇੱਕ ਗੀਤ ਗਾਉਂਦੇ ਹਨ, ਜੋ ਉਸ ਫਿਲਮ ਦਾ ਥੀਮ ਸੌਂਗ ਹੋ ਨਿੱਬੜਿਆ ਸੀ...... 'ਜ਼ਿੰਦਗੀ ਦੇ ਰੰਗ ਸੱਜਣਾ ਅੱਜ ਹੋਰ ਤੇ ਕੱਲ੍ਹ ਨੂੰ ਹੋਰ......' ਪੰਜਾਬ ਵਿਚ ਪਿਛਲੇ ਕੁੱਝ ਮਹੀਨਿਆਂ ਦੇ ਤਾਣੇ-ਬਾਣੇ 'ਤੇ ਝਾਤੀ ਮਾਰੀਏ ਤਾਂ ਗੱਲ ਕੁਝ ਇੰਜ ਵੀ ਠੀਕ ਬਹਿੰਦੀ ਲੱਗਦੀ ਹੈ ਕਿ 'ਚੋਣਾਂ ਦੇ ਰੰਗ ਸੱਜਣਾ, ਅੱਜ ਹੋਰ ਤੇ ਕੱਲ੍ਹ ਨੂੰ ਹੋਰ'। ਚੋਣਾਂ ਤਾਂ ਕੋਈ ਵੀ ਹੋਣ ਸਿਆਸੀ ਲੋਕ ਹਮੇਸ਼ਾ ਗਿਰਗਿਟ ਵਾਂਗ ਰੰਗ ਬਦਲਦੇ ਵੇਖੇ ਜਾਂਦੇ ਹਨ ਪਰ ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਇਸ ਪੱਖੋਂ ਹੋਰ ਵੀ ਨਿਵੇਕਲੀਆਂ ਨਜ਼ਰ ਆਉਂਦੀਆਂ ਹਨ। ਇੱਕ ਸਾਲ ਤਕ ਚੱਲੇ ਕਿਸਾਨ ਅੰਦੋਲਨ ਨੇ ਆਮ ਲੋਕਾਂ ਦੇ ਹਰ ਵਰਗ ਨੂੰ ਅਤੇ ਖਾਸ ਕਰ ਪਿੰਡਾਂ ਵਿਚ ਰਹਿਣ ਵਾਲੇ ਕਿਸਾਨ ਭਾਈਚਾਰੇ ਨੂੰ ਪਹਿਲੀ ਵਾਰ ਆਪਣੇ ਹੱਕਾਂ 'ਤੇ ਛਾਪਾ ਮਾਰਨ ਵਾਲਿਆਂ ਪ੍ਰਤੀ ਸੁਚੇਤ ਤੇ ਜਾਗਰੂਕ ਕੀਤਾ ਅਤੇ ਕਾਨੂੰਨ ਘਾੜਿਆਂ ਕੋਲੋਂ

**ਗੁਰਚਰਨ ਕੌਰ ਥਿੰਦ**
**ਫੋਨ: 403-402-9635**

ਪ੍ਰਸ਼ਨ ਪੁੱਛਣ ਲਈ ਉਤਸ਼ਾਹਤ ਕੀਤਾ ਹੈ। ਸੋ ਐਤਕੀਂ ਚੋਣਾਂ ਵਿਚ ਇਹ ਨਿਵੇਕਲਾ ਰੰਗ ਨਜ਼ਰ ਆਉਣ ਦੇ ਆਸਾਰ ਬਹੁਤ ਪਹਿਲਾਂ ਹੀ ਵਿਖਾਈ ਦੇਣ ਲੱਗ ਪਏ ਸਨ।


ਸਭ ਤੋਂ ਪਹਿਲਾਂ ਤਾਂ ਭਾਰੀ ਬਹੁਮਤ ਨਾਲ ਰਾਜ ਕਰ ਰਹੀ ਪਾਰਟੀ ਨੂੰ ਭਾਜੜਾਂ ਪਈਆਂ ਜਦੋਂ ਪੰਜ ਸਾਲ ਪਹਿਲਾਂ ਕੀਤੇ ਝੂਠੇ ਵਾਅਦਿਆਂ ਦੀ ਚੰਗੇਰ ਵਿਚੋਂ ਇੱਕ ਵੀ ਪੂਣੀ ਕੱਤੀ ਨਜ਼ਰ ਨਾ ਆਈ। ਚੋਣਾਂ ਘੋਸ਼ਿਤ ਹੋਣ ਤੋਂ ਕੋਈ ਚਾਰ ਕੁ ਮਹੀਨੇ ਪਹਿਲਾਂ 'ਲੋਕਾਂ ਕੋਲ ਕਿਹੜਾ ਮੂੰਹ ਲੈ ਕੇ ਜਾਵਾਂਗੇ' ਵਾਲੀਆਂ ਉੱਠੀਆਂ ਬਾਗੀ ਸੁਰਾਂ ਨੇ ਪਾਰਟੀ ਅੰਦਰ ਭੂਚਾਲ ਲੈ ਆਂਦਾ। ਰਾਜ ਭਾਗ ਦੇ ਰਾਜਾ ਜੀ ਨੂੰ ਕਿਨਾਰੇ ਕਰ ਇੱਕ ਆਮ ਜਿਹੇ ਜਾਪਦੇ ਵਿਅਕਤੀ ਨੂੰ ਸੱਤਾ ਸੰਭਾਲਣ ਦਾ ਮੌਕਾ ਦਿੱਤਾ ਗਿਆ। ਰਹਿੰਦੇ ਸਮੇਂ ਵਿਚ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਦੌੜ ਲੱਗ ਗਈ। ਵਾਇਦੇ ਤਾਂ ਕੀ ਪੂਰੇ ਹੋਣੇ ਸਨ, ਉਂਜ ਲੋਕਾਂ ਹੱਥ ਛੁਣਛੁਣੇ ਫੜਾਉਣ ਦਾ ਦਾਅਵਾ ਜ਼ਰੂਰ ਕੀਤਾ ਜਾਣ



ਲੱਗ ਪਿਆ। ਪਾਰਟੀ ਇੱਕਮੁੱਠ ਹੋਣ ਦੀ ਬਜਾਇ ਹੋਰ ਖੱਖੜੀਆਂ ਕਰੇਲੇ ਹੋਣ ਲੱਗ ਪਈ। ਚਲੋ ਜੀ, ਇਹ ਤਾਂ ਉਸ ਪਾਰਟੀ ਅੰਦਰਲੀ ਚੂਹੇ-ਦੌੜ ਸੀ, ਸਾਨੂੰ ਕੀ? ਆਪਾਂ ਤਾਂ ਚੋਣਾਂ ਦੇ ਦੰਗਲ ਦੀ ਗੱਲ ਕਰਨੀ ਹੈ ਜਿਹਦੇ ਵਿਚ ਹਰ ਪੰਜੀਂ ਸਾਲੀਂ ਸਾਨ੍ਹਾਂ ਦਾ ਭੇੜ ਹੁੰਦਾ ਹੈ।

ਲਓ ਜੀ, ਜੋ ਭੱਜ-ਦੌੜ ਚੋਣਾਂ ਅਨਾਊਂਸ ਹੋਣ ਤੋਂ ਬਾਅਦ ਹੋਈ ਉਹਦੇ ਤਾਂ ਨਿਰਾਲੇ ਰੰਗ ਹੀ ਵੇਖਣ ਨੂੰ ਮਿਲੇ। ਲੰਮੇ ਸਮੇਂ ਤੋਂ ਪੰਜਾਬ ਦੀ ਰਾਜਨੀਤੀ 'ਤੇ ਕਾਬਜ਼ ਰਹੀ ਅਤੇ ਪਿਛਲੀ ਵਾਰ ਦੀ ਗੱਦੀਓਂ ਲੱਥੀ ਪਾਰਟੀ ਤਾਂ ਲੰਗਰ ਲੰਗੋਟੇ ਕੱਸ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਸੀ ਅਤੇ ਅਗਾਊਂ ਹੀ ਚੋਣ ਮੈਦਾਨ ਸੰਭਾਲ ਚੋਣਾਂ ਘੋਸ਼ਿਤ ਹੋਣ ਤਕ ਅੱਧਿਓਂ ਵੱਧ ਕੰਮ ਨਿਬੇੜੀ ਬੈਠੀ ਸੀ। ਥਾਂ-ਥਾਂ ਰੈਲੀਆਂ, ਵੱਡੇ-ਵੱਡੇ ਇਕੱਠ ਅਤੇ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਦੇਖ ਲੱਗਦਾ ਸੀ ਕਿ ਐਤਕੀਂ ਨੀ ਕਿਸੇ ਨੂੰ ਨੇੜੇ ਲੱਗਣ ਦੇਂਦੀ। ਆਪਾਂ ਆਪਣੀਆਂ ਦਾਦੀਆਂ ਨੂੰ ਕਹਿੰਦੇ ਸੁਣਿਆ, 'ਰਾਤ ਦਾ ਕਮਾਇਆ, ਪੇਕਿਆਂ ਤੋਂ ਆਇਆ'। ਸੋ ਭਾਈ ਪਾਰਟੀ ਪ੍ਰਧਾਨ ਦੇ ਕੁਸ਼ਲ ਪ੍ਰਬੰਧ ਨੂੰ ਦਾਦ ਦੇਂਦੀਆਂ ਖ਼ਬਰਾਂ ਸੁਰਖ਼ੀਆਂ ਵਿਚ ਬਣੀਆਂ ਰਹੀਆਂ, ਜਿੰਨਾ ਚਿਰ ਤਕ ਵਿਧਾਨ ਸਭਾ ਵਿਚ ਵਿਰੋਧੀ ਧਿਰ ਵਿਚ ਬੈਠੀ ਪਾਰਟੀ ਦੇ ਦਿੱਲੀ ਵਾਲੇ ਲੀਡਰ ਮੈਦਾਨ ਵਿਚ ਨਹੀਂ ਆ ਨਿਤਰੇ ਅਤੇ ਰੇਡੀਓ, ਟੀ.ਵੀ. ਅਤੇ ਸੋਸ਼ਲ ਮੀਡੀਆ 'ਤੇ ਇਸ ਪਾਰਟੀ ਦੇ ਭੰਡੀ ਪ੍ਰਚਾਰ ਦਾ ਦੌਰ ਸ਼ੁਰੂ ਨਹੀਂ ਹੋ ਗਿਆ। ਸਾਹਾ ਅਜੇ ਸੋਧਿਆ ਜਾਣਾ ਸੀ ਪਰ ਕਹਿੰਦੇ ਹਨ ਕਿ ਵੱਡੇ ਛੋਟੇ ਪੋਸਟਰਾਂ ਤੇ ਹੋਰਡਿੰਗਾਂ ਨੇ ਸ਼ਗਨਾਂ ਦੇ ਗੀਤ ਗਾਣਿਆਂ ਦੀ ਖਿੱਚ ਧੂਹ ਸ਼ੁਰੂ ਵੀ ਕਰ ਦਿੱਤੀ ਸੀ। ਖ਼ਬਰਾਂ, ਵਿਚਾਰ ਵਟਾਂਦਰੇ, ਐਕਸਕਲੂਸਿਵ ਇੰਟਰਵਿਊਜ਼ ਰਾਹੀਂ ਲੁਕਵੇਂ ਸੱਚ ਬਾਹਰ ਲਿਆਉਣ ਦਾ ਪ੍ਰਚਾਰ ਦਿਨੋਂ ਦਿਨ ਜ਼ੋਰ ਫੜਨ ਲੱਗ ਪਿਆ।

ਆਹ ਰੰਗ ਵੀ ਵੇਖਣ ਵਾਲਾ ਜੇ! ਹਾਕਮ ਪਾਰਟੀ ਤੋਂ ਮੁਕਤੀ ਪਾ ਚੁੱਕੇ ਰਾਜਾ ਜੀ ਨੇ ਦਿੱਲੀ




ਦੇ ਗੇੜੇ ਲਾ-ਲਾ ਕੇ ਇੱਕ ਨਵਾਂ ਹੀ ਚੰਨ ਚੜ੍ਹਾ ਦਿੱਤਾ। ਦਿੱਲੀ ਦੀ ਵੱਡੀ ਪਾਰਟੀ ਦੀ ਸ਼ਹਿ ਤੇ ਹਮਾਇਤ ਨਾਲ ਨਵੀਂ ਪਾਰਟੀ ਨੂੰ ਜਨਮ ਦੇ ਦਿੱਤਾ ਅਤੇ ਜਿਸ ਪਾਰਟੀ ਨੂੰ ਕੁਝ ਸਮਾਂ ਪਹਿਲਾਂ ਬੁਰਾ ਭਲਾ ਕਹਿਣ ਤੋਂ ਗੁਰੇਜ਼ ਨਹੀਂ ਕਰਦਾ ਸੀ ਹੁਣ ਪੰਜਾਬ ਵਿਚ ਉਸੇ ਪਾਰਟੀ ਦਾ, ਜਿਹਦੇ ਹਾਲ ਦੀ ਘੜੀ ਉਂਗਲਾਂ 'ਤੇ ਗਿਣਨਯੋਗ ਕਾਰਕੁਨ ਸਨ, ਸਹਿਯੋਗੀ ਬਣ ਬੈਠਾ ਅਤੇ ਨਾਲ ਹੀ ਇੱਕ ਟਕਸਾਲੀ ਪੰਥਕ ਪਾਰਟੀ ਦੇ ਇਕੋ ਇਕ ਆਗੂ ਵਾਲੀ ਪਾਰਟੀ ਵੀ ਰਲਾ ਲਈ। ਕੱਦੂ, ਕਰੇਲੇ, ਭਿੰਡੀਆਂ ਸਭ ਇੱਕ ਟੋਕਰੀ ਵਿਚ ਬੈਠ 'ਉਂਗਲ ਵੱਢਾਂ ਚੀਚੀ ਵੱਢਾਂ, ਮੇਰਾ ਸਾਥੀ ਹੋਰ ਆਏ' ਉਚਾਰਦੇ ਗਿਣਤੀ ਵਧਾਉਣ ਲਈ ਦੂਜੀਆਂ ਪਾਰਟੀਆਂ ਦੇ ਭਗੌੜਿਆਂ ਦਾ ਇੰਤਜ਼ਾਰ ਕਰਦੇ ਨਜ਼ਰ ਆਉਣ ਲੱਗੇ। ਇਨ੍ਹਾਂ ਚੋਣਾਂ ਦੇ ਬਦਲਦੇ ਰੰਗਾਂ ਵਿਚ ਹੁਣ ਮੁਕਾਬਲਾ ਤਿਕੋਣਾ ਨਹੀਂ ਚੌਰਸ ਹੋ ਚੁੱਕਾ ਸੀ।

ਦੂਜੇ ਪਾਸੇ ਐਤਕੀਂ ਵੋਟਰਾਂ ਵਲੋਂ ਪਿੰਡਾਂ ਵਿਚ ਆਉਣ ਵਾਲੇ ਲੀਡਰਾਂ ਦੀ ਖਾਤਰਦਾਰੀ ਦੀ ਤਿਆਰੀ ਵੀ ਸਿਰੇ ਦੀ ਕੀਤੀ ਜਾ ਚੁੱਕੀ ਹੈ। ਕਿਸਾਨ ਸੰਘਰਸ਼ ਨੇ ਉਨ੍ਹਾਂ ਦੇ ਮੂੰਹ ਵਿਚਲੀ ਜ਼ੁਬਾਨ ਨੂੰ ਬੋਲ ਦੇ ਦਿੱਤੇ ਹਨ ਅਤੇ ਸਿਰ ਨੂੰ ਸਵੈਮਾਣ ਨਾਲ ਉੱਚਾ ਰੱਖਣਾ ਸਿਖਾ ਦਿੱਤਾ ਹੈ। ਹੁਣ ਲੋਕ ਬੈਠਣ ਲਈ ਸੋਫ਼ੇ ਤੇ ਦਰੀਆਂ ਨਹੀਂ ਵਿਛਾਉਂਦੇ ਸਗੋਂ ਅਗਲਵਾਂਢੀ ਹੋ ਆਪਣੇ ਪਿੰਡਾਂ ਤੇ ਇਲਾਕੇ ਦੇ ਮਸਲਿਆਂ ਦੇ ਸੁਆਲਾਂ ਦੀ ਬੁਛਾੜ ਸ਼ੁਰੂ ਕਰ ਦੇਂਦੇ ਹਨ। ਜਿਹੜੇ ਵੀ ਜਦੋਂ ਵੀ ਆਏ ਉਨ੍ਹਾਂ ਨੂੰ ਤੱਥ ਤੇ ਸੱਚ ਦਾ ਸਾਹਮਣਾ ਕਰਨਾ ਪਿਆ ਅਤੇ ਲਗਾਤਾਰ ਜੁਆਬ ਦੇਣੇ ਪੈ ਰਹੇ ਹਨ। ਕਈ ਨੇਤਾ ਤਾਂ ਲੋਕਾਂ ਦਾ ਸਾਹਮਣਾ ਕਰਨ ਤੋਂ ਕਤਰਾਉਣ ਵੀ ਲੱਗ ਪਏ ਹਨ।

ਉਪਰੋਂ ਓਮੀਕਰੋਨ ਨਾਂ ਦਾ ਨਵਾਂ ਵਾਇਰਸ ਮੁੜ ਵਬ੍ਹਾ ਬਣ ਮੈਦਾਨ ਵਿਚ ਆ ਉਤਰਿਆ। ਚੋਣਾਂ ਦੇ ਵਹਾਅ ਨੂੰ ਪਾਬੰਦੀਆਂ ਦਾ ਡੱਕਾ ਲੱਗਣਾ ਸ਼ੁਰੂ ਹੋ ਗਿਆ। ਪਹਿਲਾਂ ਸਰਕਾਰ ਵਲੋਂ ਕੁੱਝ ਸਖ਼ਤ ਹਦਾਇਤਾਂ ਜਾਰੀ ਹੋਈਆਂ ਗਈਆਂ ਅਤੇ ਫਿਰ ਚੋਣਾਂ ਦੀ ਤਾਰੀਖ ਅਨਾਊਂਸ ਹੁੰਦਿਆਂ ਹੀ ਚੋਣ ਕਮਿਸ਼ਨਰ ਵਲੋਂ ਵੱਡੀਆਂ ਰੈਲੀਆਂ ਉਪਰ ਪਾਬੰਦੀਆਂ ਦੇ ਨਾਲ-ਨਾਲ ਛੋਟੇ ਇਕੱਠ ਕਰਨ ਦੀ ਮਨਾਹੀ ਵੀ ਕਰ ਦਿੱਤੀ ਗਈ। ਦੋ-ਦੋ, ਚਾਰ-ਚਾਰ ਜਣੇ ਘਰ ਘਰ ਜਾ ਕੇ ਪ੍ਰਚਾਰ ਕਰ ਸਕਦੇ ਹਨ। ਚੋਣਾਂ ਤਾਂ ਰੰਗੋਂ ਬੇਰੰਗ ਹੋ ਗਈਆਂ। ਇੱਕ ਵੱਡੇ ਆਖੇ ਜਾਂਦੇ ਨੇਤਾ ਦੇ ਮੂੰਹੋਂ ਤਾਂ ਨਿਕਲ ਹੀ ਗਿਆ ਕਿ ਜੇ ਵੱਡੇ ਇਕੱਠ ਨਾ ਹੋਣ ਤਾਂ ਚੋਣਾਂ ਦਾ ਤਾਂ ਨਜ਼ਾਰਾ ਹੀ ਨਹੀਂ ਆਉਂਦਾ। ਖ਼ੈਰ! ਹੋਣੀ ਨੂੰ ਕੌਣ ਟਾਲ ਸਕਦਾ। 'ਨਾਤ੍ਹੀ ਧੋਤੀ ਰਹਿ ਗਈ ਨੱਕ 'ਤੇ ਮੱਖੀ ਬਹਿ ਗਈ' ਵਾਲੀ ਗੱਲ ਹੋ ਰਹੀ ਹੈ। ਚੋਣਾਂ ਦਾ ਇਹ ਬਦਰੰਗ ਰੰਗ ਵੀ ਪਹਿਲੀ ਵਾਰ ਵੇਖਣ ਨੂੰ ਆਇਆ ਹੈ। ਚਲੋ, ਵੇਖਦੇ ਆਂ ਬਾਕੀ ਰਹਿੰਦੇ ਦਿਨਾਂ ਵਿਚ ਇਸ ਪੱਖੋਂ ਊਠ ਕਿਸ ਕਰਵਟ ਬੈਠਦਾ ਹੈ।

ਦੂਜੇ ਪਾਸੇ ਬਾਂਦਰ ਟਪੂਸੀਆਂ ਮਾਰਨ ਵਾਲਿਆਂ ਦੀ ਗਿਣਤੀ ਵੀ ਘੱਟ ਨਹੀਂ ਜੇ ਰਹੀ। ਪਾਰਟੀਆਂ ਨਾਲ ਵਫ਼ਾਦਾਰੀ ਵਾਲੀ ਗੱਲ ਤਾਂ ਬਹੁਤ ਪਿੱਛੇ ਰਹਿ ਗਈ ਜਾਪਦੀ ਹੈ। ਉਹ ਵੇਲੇ ਲੱਦ ਗਏ ਜਦੋਂ ਪਾਰਟੀ ਦੇ ਕਾਰਕੁਨ ਪਾਰਟੀ ਖਾਤਰ ਜਾਨ ਵਾਰ ਦੇਣ ਦਾ ਜਿਗਰਾ ਰੱਖਦੇ ਹੋਣਗੇ। ਇਨ੍ਹਾਂ ਚੋਣਾਂ ਵਿਚ ਤਾਂ ਰੰਗ ਹੀ ਵੱਖਰੇ ਬਣੇ ਹੋਏ ਹਨ। ਇੱਕ ਪਾਰਟੀ ਛੱਡ ਦੂਜੀ ਤੇ ਦੂਜੀ ਛੱਡ ਤੀਜੀ ਵਿਚ ਚਲੇ ਜਾਣਾ ਤੇ ਰਾਤੋ-ਰਾਤ ਸਵੀਕਾਰੇ ਜਾਣਾ ਖੇਡ ਬਣ ਗਿਆ ਹੈ। ਜੇ ਆਪਣੀ ਪਾਰਟੀ ਤੋਂ ਟਿਕਟ ਮਿਲਣ ਦੀ ਉਮੀਦ ਨਹੀਂ ਤਾਂ ਝਟਪਟ ਛਾਲ ਮਾਰ ਦੂਜੀ ਵਿਚ ਜੇ ਉੱਥੇ ਵੀ ਖੈਰ ਪੈਂਦੀ ਨਹੀਂ ਲੱਗੀ ਤਾਂ ਫਿਰ ਕਿਸੇ ਹੋਰ ਦੇ ਬੂਹੇ ਜਾ ਬੈਠਣ ਜਾਂ ਪਹਿਲੀ ਪਾਰਟੀ ਵਿਚ ਮੁੜ ਆਉਣ 'ਤੇ ਵੀ ਰਤਾ ਮਾਸਾ ਲੱਜ ਸ਼ਰਮ ਨਹੀਂ ਜੇ ਮੰਨੀ ਜਾਂਦੀ। ਟਿਕਟਾਂ ਦੀ ਵੰਡ ਤਕ ਅਜਿਹੀ ਨਿਰਲੱਜ ਖੇਡ ਜਿਸ ਢੰਗ ਨਾਲ ਖੇਡੀ ਗਈ ਇਸ ਵਾਰ ਦੀਆਂ ਚੋਣਾਂ ਦਾ ਇਹ ਰੰਗ ਵੀ ਵੇਖਿਆਂ ਹੀ ਬਣਦਾ ਹੈ।

ਹੁਣ ਨਾਮਜ਼ਦਗੀ ਕਾਗਜ਼ ਭਰੇ ਜਾ ਚੁੱਕੇ ਹਨ ਅਤੇ ਨਾਂ ਵਾਪਸ ਲੈਣ ਦੀ ਤਾਰੀਖ ਵੀ ਲੰਘ ਚੁੱਕੀ ਹੈ। ਸੋ ਇਹ ਬਾਂਦਰ ਟਪੂਸੀਆਂ ਵਾਲਾ ਰੰਗ ਸ਼ਾਇਦ ਹਾਲ ਦੀ ਘੜੀ ਮੱਠਾ ਪੈ ਜਾਵੇ। ਹਾਂ, ਚੋਣ ਨਤੀਜਿਆਂ ਬਾਅਦ ਫਿਰ ਵੇਖਣ ਵਿਚ ਆਉਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਹੁਣ ਤਾਂ ਆਪਣੇ ਹਲਕੇ ਦੇ ਵਿਰੋਧੀ ਉਮੀਦਵਾਰਾਂ 'ਤੇ ਸ਼ਬਦ-ਬਾਣਾਂ ਦੀ ਵਰਖਾ ਜ਼ੋਰਾਂ-ਸ਼ੋਰਾਂ ਨਾਲ ਕਰਨ ਦਾ ਵੇਲਾ ਹੈ, ਜਿਸ ਨੂੰ ਸਭਿਅਕ ਭਾਸ਼ਾ ਵਿਚ ਚੋਣ-ਪ੍ਰਚਾਰ ਆਖਦੇ ਹਨ। ਇਹ ਰੰਗ ਤਾਂ ਲੋਕ ਹਰ ਵਾਰ ਚੋਣਾਂ ਵਿਚ ਵੇਖਦੇ ਆਏ ਹਨ, ਇਸ ਵਾਰ ਵੀ ਸੋਸ਼ਲ ਮੀਡੀਆ 'ਤੇ ਮਿਹਣੋ-ਮਿਹਣੀ ਹੁੰਦੇ ਵੱਡੇ ਵੱਡੇ ਨੇਤਾ, ਲੋਕਾਂ ਲਈ ਤਮਾਸ਼ੇ ਤੋਂ ਵੱਧ ਹੋਰ ਕੁਝ ਨਹੀਂ ਹਨ। ਐਤਕੀਂ ਵੱਡੀਆਂ ਰੈਲੀਆਂ ਅਤੇ ਇਕੱਠਾਂ ਦੀ ਘਾਟ ਜ਼ਰੂਰ ਰੜਕਦੀ ਹੈ। ਦੋ-ਦੋ ਚਾਰ-ਚਾਰ ਦੇ ਟੋਲਿਆਂ ਵਿਚ ਘਰ-ਘਰ ਜਾਣਾ ਪੈ ਰਿਹਾ ਹੈ, ਜਿੱਥੇ ਸਵਾਗਤ ਵੀ ਠੰਢੇ ਮਿੱਠੇ ਬੱਤਿਆਂ ਦੀ ਥਾਂ ਸੁਆਲਾਂ ਦੀਆਂ ਬੁਛਾੜਾਂ ਨਾਲ ਹੁੰਦਾ ਹੈ। ਉਮੀਦਵਾਰ ਕਚੀਚੀਆਂ ਤਾਂ ਵੱਟਦੇ ਹੋਣੇ ਆਂ 'ਭਈ ਦੱਸਾਂਗੇ ਤੁਹਾਨੂੰ ਸੁਆਦ ਚੰਗੀ ਤਰ੍ਹਾਂ, ਜ਼ਰਾ ਲਾਲ ਬੱਤੀ ਵਾਲੀ ਕਾਰ ਮਿਲ ਲੈਣ ਦਿਓ!'

ਇਸ ਵਾਰ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਸਾਲ ਭਰ ਦੇ ਕਿਸਾਨ ਅੰਦੋਲਨ ਨੇ ਨਵੀਂ ਪਾਰਟੀ ਨੂੰ ਜਨਮ ਦਿੱਤਾ ਹੈ। ਜਿਹਦਾ ਰੰਗ ਬੜੀ ਦੇਰ ਨਾਲ ਵੇਖਣ ਨੂੰ ਮਿਲਿਆ। ਲੇਟ ਤੁਰੀ, ਲੇਟ ਚੋਣ ਮੈਦਾਨ ਵਿਚ ਉਤਰੀ ਇਹ ਪਾਰਟੀ ਵੀ ਲੋਕਾਂ ਲਈ ਇਸ ਵਾਰ ਦੀਆਂ ਚੋਣਾਂ ਦਾ ਇੱਕ ਵਖਰਾ ਰੰਗ ਹੈ। ਵੱਡੇ ਵੱਡੇ ਦਾਅਵਿਆਂ ਨਾਲ ਪੰਜਾਬ ਵਿਚ ਲੋਕ-ਹਿੱਤਾਂ ਵਾਲਾ ਬਦਲਾਅ ਲਿਆਉਣ ਦਾ ਤਹੱਈਆ ਕਰ ਸਾਨ੍ਹਾਂ ਦੇ ਭੇੜ ਦਾ ਹਿੱਸਾ ਬਣੀ ਇਸ ਪਾਰਟੀ ਤੋਂ ਕਿਸੇ ਤਰ੍ਹਾਂ ਦੀ ਕੋਈ ਉਮੀਦ ਕੀਤੀ ਜਾਵੇ ਜਾਂ ਨਾ, ਅਜੇ ਤਾਈਂ ਤਾਂ ਸਮਝ ਨਹੀਂ ਲੱਗਦੀ। ਇਨ੍ਹਾਂ ਕੋਲ ਨਾ ਵਿੱਤੀ ਸਾਧਨ, ਨਾ ਕੋਈ ਆਧਾਰ ਜਿਸ ਨੂੰ ਪਾਰਟੀ ਕੇਡਰ ਕਹਿੰਦੇ ਆ। ਇਨ੍ਹਾਂ ਦੇ ਨੇਤਾ ਦਾ ਕਹਿਣਾ ਹੈ, 'ਨਾ ਸਾਡੇ ਕੋਲ ਪੈਸਾ ਨਾ ਅਸੀਂ ਵੰਡਣਾ। ਅਸੀਂ ਤਾਂ ਹੱਥ ਜੋੜ ਕੇ ਵੋਟਾਂ ਮੰਗਣੀਆਂ।' ਵੇਖੋ, ਇਨ੍ਹਾਂ ਸ਼ਰਤਾਂ 'ਤੇ ਕਿੰਨੇ ਕੁ ਸੁਹਿਰਦ ਵੋਟਰ ਇਨ੍ਹਾਂ ਦੇ ਉਮੀਦਵਾਰਾਂ ਦੇ ਹੱਕ ਵਿਚ ਭੁਗਤਦੇ ਨੇ!

ਐਤਕੀਂ ਲੱਗਦਾ ਸੀ ਕਿ ਲੰਬਾ ਚਲਿਆ ਕਿਸਾਨੀ-ਘੋਲ ਨੈਤਿਕਤਾ ਦੇ ਆਧਾਰ 'ਤੇ ਵੋਟਰਾਂ ਨੂੰ ਭਰਮਾਉਣ ਦੇ ਪ੍ਰਚਲਨ ਨੂੰ ਖ਼ਵਰੇ ਕੁਝ ਠੱਲ੍ਹ ਪਾਵੇਗਾ। ਅਫ਼ਸੋਸ! ਹਾਲ ਦੀ ਘੜੀ ਇਸ ਪਖੋਂ ਠੂਠਾ ਖ਼ਾਲੀ ਹੀ ਲੱਗਦਾ। ਪਰ ਜੇਕਰ ਫ਼ਕਰਾਂ ਦੇ ਲੋਟੇ ਵਿਚ ਖੈਰ ਪੈ ਗਈ ਤਾਂ ਸਮਝੋ ਚੋਣਾਂ ਦੇ ਰੰਗ ਬਦਲਣੇ ਸ਼ੁਰੂ ਹੋਣ ਦਾ ਘੰਟਾ ਖੜਕ ਗਿਆ। ਤੇ ਫਿਰ...... 'ਚੋਣਾਂ ਦੇ ਰੰਗ ਸੱਜਣਾ, ਅੱਜ ਹੋਰ ਤੇ ਕੱਲ੍ਹ ਨੂੰ ਹੋਰ' ਹੁੰਦਿਆਂ ਬਹੁਤਾ ਸਮਾਂ ਨਹੀਂ ਲੱਗਣਾ। ਹੁਣ ਲੋਕਾਂ ਤੈਅ ਕਰਨਾ ਕਿ ਕਿਹੜੇ ਰੰਗਾਂ ਦੀ ਕਿਹੋ ਜਿਹੀ ਰੰਗੋਲੀ ਸਜਾਉਣੀ ਹੈ।......ਉਂਜ ਧੁਰ ਅੰਦਰ ਕਿਤੇ ਯਕੀਨ ਹੈ ਕਿ ਪੰਜਾਬ ਦੇ ਵੋਟਰ ਸਿਆਣੇ ਹਨ ਉਹ ਠੀਕ ਤੇ ਗਲਤ ਵਿਚਲਾ ਅੰਤਰ ਜਾਣਦੇ ਤੇ ਸਮਝਦੇ ਹਨ ਅਤੇ ਇਹ ਵੀ ਪਤਾ ਕਿ ਕੁਝ ਦਿਨਾਂ ਦੀ ਖੇਡ ਦੇ ਨਤੀਜੇ ਅਗਲੇ ਪੰਜ ਸਾਲ ਉਨ੍ਹਾਂ ਨੂੰ ਹੀ ਭੁਗਤਣੇ ਪੈਣੇ ਹਨ। ਵੈਸੇ ਇਤਿਹਾਸ ਗਵਾਹ ਹੈ ਕਿ ਪੰਜਾਬੀ ਜਦੋਂ ਵੀ ਕਰਦੇ ਹਨ ਕਮਾਲ ਹੀ ਕਰਦੇ ਹਨ। ਸੋ ਇਨ੍ਹਾਂ ਵਿਲੱਖਣ ਕਿਸਮ ਦੀਆਂ ਚੋਣਾਂ ਵਿਚ ਕਿਸੇ ਵਖਰੇ ਤਰ੍ਹਾਂ ਦੇ ਰੰਗਾਂ ਦੇ ਉਭਰ ਆਉਣ ਦੀ ਉਮੀਦ ਕਰਨਾ ਸ਼ਾਇਦ ਗਲਤ ਨਾ ਹੋਵੇ। ਸਿਆਣੇ ਕਹਿੰਦੇ ਹਨ, 'ਜੀਵੇ ਆਸਾ, ਮਰੇ ਨਿਰਾਸ਼ਾ'।

ਲਓ, ਆਹ ਤਾਂ ਵਿਸਰ ਹੀ ਚੱਲਿਆ ਸੀ! ਚੋਣਾਂ ਦਾ ਇਹ ਰੰਗ ਵੀ ਸਰਕਾਰਾਂ ਨੇ ਵਕਤ ਰਹਿੰਦਿਆਂ ਹੀ ਵਿਖਾ ਦਿੱਤਾ ਸੀ। ਚੰਦ ਮਹੀਨਿਆਂ ਵਿਚ ਵਰ੍ਹਿਆਂ ਦੇ ਅਧੂਰੇ ਰਹਿ ਗਏ ਕੰਮ ਸਿਰੇ ਲਾਉਣ ਲਈ ਹੋਂਦ ਵਿਚ ਲਿਆਂਦੀ ਗਈ ਸੂਬੇ ਦੀ ਨਵੀਂ ਹਾਕਮ ਪਾਰਟੀ ਦੇ ਬੜਬੋਲੇ ਆਖੇ ਜਾਂਦੇ ਇੱਕ ਆਗੂ ਦੇ ਜ਼ੋਰ ਦੇਣ 'ਤੇ ਵਿਰੋਧੀ ਪਾਰਟੀ ਦੇ ਕਹਿੰਦੇ ਕਹਾਉਂਦੇ ਆਗੂ ਉਪਰ ਚਿਰਾਂ ਦਾ ਪੈਂਡਿੰਗ ਪਿਆ ਕੇਸ ਖੁੱਲ੍ਹਵਾ ਦਿੱਤਾ ਗਿਆ। ਇਸ ਤੱਥ ਦਾ ਸੱਚ ਤਾਂ ਉਹੋ ਹੀ ਜਾਨਣ ਪਰ ਵਿਰੋਧੀਆਂ ਅਨੁਸਾਰ ਐਨ ਚੋਣਾਂ ਦੇ ਨੇੜੇ ਇਹ ਉਨ੍ਹਾਂ ਸਿਰ ਭਾਜੀ ਚਾੜ੍ਹੀ ਗਈ ਸੀ। ਫਿਰ ਦਿੱਲੀ ਸਰਕਾਰ ਵਲੋਂ ਹਾਕਮ ਪਾਰਟੀ ਦੇ ਮੁਖੀ ਦੇ ਨੇੜਲੇ ਰਿਸ਼ਤੇਦਾਰ ਦੇ ਘਰ ਈ.ਡੀ ਦਾ ਛਾਪਾ ਪਵਾਇਆ ਗਿਆ। ਕੇਸ ਉਹ ਵੀ ਕੋਈ ਪੁਰਾਣਾ ਹੀ ਸੀ। ਬੱਸ ਜੀ ਚੇਤਾ ਹੀ ਐਸ ਮੌਕੇ ਆਇਆ। ਫਿਰ ਉਸ ਕਹਿੰਦੇ ਕਹਾਉਂਦੇ ਰੂਪੋਸ਼ ਹੋਏ ਆਗੂ ਨੇ ਅਗਾਊਂ ਜ਼ਮਾਨਤ ਲੈ ਹਾਕਮ ਪਾਰਟੀ ਦੇ ਉਸ ਆਗੂ ਨੂੰ ਆ ਦਬੋਚਿਆ ਅਤੇ ਆਪਣਾ ਹਲਕਾ ਛੱਡ ਉਸ ਦੇ ਹਲਕੇ ਤੋਂ ਸਿੱਧੀ ਟੱਕਰ ਲਈ ਆ ਕਾਗਜ਼ ਭਰੇ। ਕਹਿਣ ਵਾਲੇ ਤਾਂ ਕਹਿੰਦੇ ਹਨ ਕਿ ਉਸ ਨੇਤਾ ਨੂੰ ਨੇਸਤੋ ਨਾਬੂਦ ਕਰਨ ਦੀ ਕਈ ਪਾਰਟੀਆਂ ਦੀ ਇਹ ਮਿਲੀਭੁਗਤ ਹੈ। ਖ਼ੈਰ, ਇਨ੍ਹਾਂ ਦੇ ਇਹ ਰੰਗ ਦਾਤਾ ਹੀ ਜਾਣੇ, ਸਾਨੂੰ 'ਮਾਤੜ੍ਹਾਂ ਨੂੰ ਵਿਚਲੀਆਂ ਗੱਲਾਂ ਦਾ ਕੀ ਪਤਾ!'.....ਸਾਨੂੰ ਤਾਂ ਆਹ ਹੁਣੇ ਹੁਣੇ ਖਿੜੇ ਨਵੇਂ ਰੰਗ ਦੀ ਖ਼ਬਰ ਸੁਣ ਚੱਕਰ ਜਿਹਾ ਆ ਗਿਆ। ਅਖੇ ਜੀ, ਮਸਾਂ ਮਸਾਂ ਬੜੀ ਜੁਗਤ ਨਾਲ ਫੜ ਕੇ ਅੰਦਰ ਡੱਕੇ ਸੰਤਾਂ ਨੂੰ ਪੈਰੋਲ ਮਿਲ ਗਈ ਹੈ। ਉਹ ਹੁਣ ਤਿੰਨ ਕੁ ਹਫ਼ਤਿਆਂ ਦਾ ਸਮਾਂ ਜੇਲ੍ਹ ਤੋਂ ਬਾਹਰ ਆਪਣੇ ਪਰਿਵਾਰ ਨਾਲ ਬਿਤਾ ਸਕਦੇ ਨੇ। ਹੁਣ ਇਹ ਵੀ ਸੰਯੋਗ ਹੀ ਹੈ ਕਿ ਐਨ ਪੰਜਾਬ ਦੀਆਂ ਚੋਣਾਂ ਮੌਕੇ ਇਹ ਕਾਰਵਾਈ ਪਾਈ ਗਈ ਜਾਂ ਚੋਣਾਂ ਦਾ ਰੰਗ ਬਦਲਣ ਲਈ ਸੋਚੀ ਸਮਝੀ ਕਿਸੇ ਸਕੀਮ ਦਾ ਨਤੀਜਾ ਹੈ? ਭਵਿੱਖ ਦੀ ਹਿੱਕ ਵਿਚ ਲੁਕੇ ਇਸ ਪ੍ਰਸ਼ਨ ਦਾ ਜੁਆਬ ਤਾਂ ਸਮਾਂ ਹੀ ਜਾਣਦਾ ਹੈ।......ਆਪਾਂ ਤਾਂ ਅਰਦਾਸ ਹੀ ਕਰ ਸਕਦੇ ਹਾਂ ਕਿ ਵਾਹਿਗੁਰੂ ਪੰਜਾਬੀਆਂ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੇ!

## ਵਿਅੰਗ

ਵੋਟਾਂ ਦੇ ਦਿਨ ਚੱਲ ਰਹੇ ਨੇ। ਜ਼ਿਆਦਾਤਰ ਜਿੰਨੇ ਵਿਹਲੜ, ਘਰੋਂ ਨਕਾਰਾ ਤੇ ਰੱਜ ਕੇ ਨਿਕੰਮੇ ਬੰਦੇ ਹੁੰਦੇ ਨੇ, ਉਹ ਸਭ ਇਲੈਕਸ਼ਨ ਵਾਲੀਆਂ ਗੱਡੀਆਂ ਚੋਂ ਏਦਾਂ ਮੂੰਹ ਬਾਹਰ ਨੂੰ ਕੱਢ ਕੇ ਘੁੰਮ ਰਹੇ ਹੁੰਦੇ ਨੇ, ਜਿਵੇਂ ਕੁਪੱਤੀ ਜਨਾਨੀ ਪੁਲਿਸ ਦੀ ਗੱਡੀ ਲੈ ਕੇ ਕੁੜਮਾਂ ਤੇ ਚੜ੍ਹਾਈ ਕਰਨ ਚੱਲੀ ਹੁੰਦੀ ਏ।

ਇਹ ਘੜੰਮ ਚੌਧਰੀ ਇਕ ਬਹੁਤ ਖਾਸ ਕਿਸਮ ਦੇ ਜੀਵ ਹੁੰਦੇ ਹਨ। ਸਾਰਾ ਨੂੰ ਬਾਕੀ ਸਾਰਾ

**ਸੰਜੀਵ ਸਿੰਘ ਝੱਜ**
**ਫੋਨ: 98151-50542**

ਸਾਲ ਕੋਈ ਕੁੱਤੇ ਭਾਅ ਨਹੀਂ ਪੁੱਛਦਾ। ਇਹ ਵੀ ਸਿਰੇ ਦੇ ਢੀਠ ਤੇ ਬਦ-ਦਿਮਾਗ ਹੁੰਦੇ ਨੇ ਤੇ ਆਪਣੀ ਅਗਲੀ ਪਿਛਲੀ ਸਾਰੀ ਕੀਮਤ ਵਸੂਲ ਕੇ ਈ ਹੱਟਦੇ ਨੇ। ਸਾਰਾ ਦਿਨ ਗੱਡੀ ਵਿੱਚ ਜ਼ੈਲਦਾਰ ਬਣ ਕੇ ਰਿਸ਼ਤੇਦਾਰਾਂ ਦੇ ਘਰੇ ਰੋਹਬ ਮਾਰਦੇ ਫਿਰਦੇ ਨੇ। ਕਹਿਰ ਦੀ ਘੜੀ ਉਦੋਂ ਦੇਖਣ ਵਾਲੀ ਹੁੰਦੀ ਏ, ਜਦੋਂ ਕਿਸੇ ਗਰੀਬੜੇ ਜਿਹੇ ਰਿਸ਼ਤੇਦਾਰ ਦੇ ਘਰ ਜਾ ਕੇ ਅਚਾਰ-ਗੰਢੇ ਨਾਲ ਰੋਟੀ ਖਾ ਕੇ ਪ੍ਰਧਾਨ ਮੰਤਰੀ ਵਾਲੀ ਫੀਲਿੰਗ ਝਾੜਦੇ ਹਨ।

ਸਾਰਾ ਦਿਨ ਕੁੱਤੇ ਵਾਂਗੂ ਫਿਰਨ ਤੋਂ ਬਾਹਦ ਅਸਲੀ ਕਰਤੂਤ ਇਨ੍ਹਾਂ ਦੀ ਉਦੋਂ ਉਜਾਗਰ ਹੁੰਦੀ ਏ ਜਦੋਂ ਸ਼ਾਮ ਪੈ ਜਾਂਦੀ ਹੈ। ਜੰਗ ਜਿੱਤ ਕੇ ਆਏ ਜਰਨੈਲ ਦੀ ਤਰ੍ਹਾਂ ਪਾਰਟੀ ਦਫਤਰ ਅੱਗੇ ਠਾਹ ਬ੍ਰੇਕ ਵੱਜਦੀ ਏ ਤੇ ਫਿਰ ਸ਼ੁਰੂ ਹੁੰਦਾ ਹੈ, ਫੁਕਰਗਰਦੀ ਤੇ ਚੱਪਲ-ਚੱਟ ਝੂਠੇ ਧਰਵਾਸ ਦਾ ਧੂੰਆਂਧਾਰ ਸਿਲਸਿਲਾ। ਇੱਕ ਇੱਕ ਵੋਟ ਗਿਣਾ ਕੇ ਪੂਰੀ ਹਾਰ ਜਿੱਤ ਦਾ ਨਿਰਣਾ ਕਰਦਿਆਂ ਦੀ ਲਲਚਾਈ ਨਜ਼ਰ ਪਿਛਲੇ ਕਮਰੇ ਵੱਲ ਈ ਹੁੰਦੀ ਏ, ਜਿੱਥੇ ਕੋਟਾ ਪਿਆ ਹੁੰਦਾ ਹੈ।

ਹੌਲੀ ਹੌਲੀ ਸਾਰੇ ਜਣੇ ਆਪਣਾ-ਆਪਣਾ ਹਿਸਾਬ-ਕਿਤਾਬ ਦੱਸ ਕੇ ਉਠਣੇ ਸ਼ੁਰੂ ਹੋ ਜਾਂਦੇ ਨੇ ਪਰ ਧੋਨੀ ਵਾਂਗੂ ਮੈਦਾਨ ਚ ਟਿੱਕੇ ਰਹਿੰਦੇ ਹਨ। ਜਦੋਂ ਕੋਈ ਫ਼ਲ ਝੋਲੀ ਡਿੱਗਦਾ ਨਜ਼ਰ ਨਹੀਂ ਆਉਂਦਾ ਫਿਰ ਹੌਲੀ ਜਿਹੇ ਆਪਣੀ ਜ਼ੈਲਦਾਰੀ ਖੂੰਜੇ ਰੱਖ ਕੇ ਪ੍ਰਧਾਨ ਦੇ ਕੰਨ ਚ ਫੂਕ ਜਿਹੀ ਮਾਰ ਕੇ ਲਾਲ ਪਰੀ ਬਾਰੇ ਪੁੱਛਦਿਆਂ ਦੀ ਸ਼ਕਲ ਵੀ ਵੇਖਣ ਵਾਲੀ ਹੁੰਦੀ ਹੈ।

ਉਧਰ ਪ੍ਰਧਾਨ ਵੀ ਕੰਜਰਾਂ ਦਾ ਸਰਦਾਰ ਹੁੰਦਾ ਏ। ਉਸਨੂੰ ਇਨ੍ਹਾਂ ਫਸਲੀ ਬਟੇਰਿਆਂ ਦੀ ਨਸਲ ਦਾ ਬਾਖੂਬੀ ਪਤਾ ਹੁੰਦਾ ਹੈ। ਉਹ ਵੀ ਮੂੰਹ ਜਿਹਾ ਬਣਾ ਕੇ ਪਾਰਟੀ ਦੇ ਕਿਸੇ ਅਗਲ-ਪਿਛਲੇ ਪਿੰਡ ਦੇ ਸਰਪੰਚ ਗਲ਼ ਪੰਜ-ਸੱਤ ਪੇਟੀਆਂ ਪਾ ਦਿੰਦਾ ਏ। ਇਹ ਜਮਾਤ ਫਿਰ ਆਪਣੀ ਅਸਲੀ ਔਕਾਤ 'ਤੇ ਆ ਕੇ ਮਿਹਣਾ ਜਿਹਾ ਮਾਰ ਈ ਦਿੰਦੀ ਏ, "ਅਸੀਂ ਪਾਰਟੀ ਲਈ ਭੁੱਖੇ ਭਾਣੇ ਮਰ ਰਹੇ ਹਾਂ, ਸਾਡੀ ਕੋਈ ਕਦਰ ਹੀ ਨਹੀਂ?" ਵੱਡੀਆਂ ਵੱਡੀਆਂ ਢੁਠਾਂ ਵਾਲਿਆਂ ਨੂੰ ਤੁਸੀਂ ਪੇਟੀਆਂ ਚੁਕਾਈ ਜਾਂਦੇ ਆ" ਅਸੀਂ ਆਪਣੀਆਂ ਦਿਹਾੜੀਆਂ ਭੰਨ ਕੇ ਸੇਵਾ ਕਰ ਰਹੇ ਹਾਂ ਤੇ ਤੁਸੀਂ ਸਾਨੂੰ ਬੰਦੇ ਹੀ ਨਹੀਂ ਗਿਣਦੇ!

ਖੱਲ ਖੂੰਜੇ ਝਾੜ ਕੇ ਜਦੋਂ ਅੱਧੀਆਂ ਅੱਧੀਆਂ ਦੋ ਕੁ ਬੋਤਲਾਂ ਇਨ੍ਹਾਂ ਦੇ ਸਾਹਮਣੇ ਪੇਸ਼ ਕੀਤੀਆਂ ਜਾਂਦੀਆਂ ਨੇ, ਉਦੋਂ ਇਨ੍ਹਾਂ ਖੇਤਰੀ ਲੀਡਰਾਂ ਦੀ ਜੀਭ ਗਿੱਟਿਆਂ ਤੱਕ ਲਟਕਦੀ ਮਾਪੀ ਜਾ ਸਕਦੀ ਹੈ।

ਚਾਰ ਮੋਟੇ ਮੋਟੇ ਟਿਕਾ ਕੇ ਇਨ੍ਹਾਂ ਦੀ ਚਾਲ ਵੀ ਵੇਖਣ ਵਾਲੀ ਹੁੰਦੀ ਏ ਜਿਵੇਂ ਤੂੜੀ ਵਾਲਾ ਟਰਾਲਾ ਟਾਹਲੀਆਂ ਦੇ ਪੱਤੇ ਝਾੜਦਾ ਤੁਰਿਆ ਜਾਂਦਾ ਹੋਵੇ। ਰਸਤੇ ਚ ਪਿੰਡ ਵੜਦਿਆਂ ਹੀ ਸਭ ਤੋਂ ਪਹਿਲਾਂ ਇਹ ਵਿਰੋਧੀ ਧਿਰ ਨੂੰ ਗਾਲੀ-ਗਲੋਚ ਕਰਦੇ ਹੋਏ ਖਤਰੋਂ ਕੇ ਖਿਲਾੜੀ ਬਣ ਜਾਂਦੇ ਹਨ। ਹਲਕੀ-ਫੁਲਕੀ ਧੱਕਾ-ਮੁੱਕੀ ਛਕ ਕੇ ਦੋ ਚਾਰ ਲੁੱਟਰ ਵਿਚੋਲੇ ਨੇਤਾ ਜੀ ਨੂੰ ਸਕੂਟਰ ਵਿਚਾਲੇ ਬਿਠਾ ਕੇ ਘਰ ਛੱਡ ਜਾਂਦੇ ਹਨ।

ਘਰ ਪੁੱਜ ਕੇ ਸਭ ਤੋਂ ਪਹਿਲਾਂ ਘਰਵਾਲੀ ਨੇਤਾ ਜੀ ਦੇ ਸਵਾਗਤ ਵਿੱਚ ਖਾਲੀ ਭਾਂਡਿਆ ਦਾ ਡਰੰਮ ਸੈਟ ਬਣਾ ਕੇ ਧਾਰਮਿਕ ਰਿਕਾਰਡ ਵਜਾਉਂਦੀ ਹੈ। ਘਰਵਾਲੀ ਤੋਂ ਮੈਡਲ ਲਗਵਾ ਕੇ ਫਿਰ ਕਿੱਧਰੇ ਜਾ ਕੇ ਅਚਾਰ-ਗੰਢੇ ਨਾਲ ਰੋਟੀ ਲੀਡਰ ਸਾਹਿਬਾਨ ਵੱਲ ਵਗਾਹ ਕੇ ਸੁੱਟੀ ਜਾਂਦੀ ਏ। ਅਚਾਰ ਤੇ ਗੰਢਾ ਦੇਖ ਕੇ ਲੀਡਰ ਸਾਹਿਬ ਫਿਰ ਜਲੌਅ ਚ ਆ ਜਾਂਦੇ ਨੇ ਤੇ ਉਚੀ ਉਚੀ ਗਵਾਂਢੀਆਂ ਨੂੰ ਸੁਣਾ ਕੇ ਸ਼ੁਰੂ ਹੋ ਜਾਂਦੇ ਨੇ, "ਐਮ ਐਲ ਏ ਨਾਲ ਖਾਣੀ ਪੀਣੀ ਏ ਆਪਣੀ, ਐਮ ਐਲ ਏ ਨਾਲ, ਕੁੱਕੜ ਬਿਨਾਂ ਫੁਲਕੇ ਨੂੰ ਹੱਥ ਨਹੀਂ ਲਾਈਦਾ ਤੇ ਤੂੰ ਮੈਨੂੰ ਭਈਆਂ ਵਾਂਗੂ ਅਚਾਰ ਨਾਲ ਸੁੱਕੀਆਂ ਰੋਟੀਆਂ ਚਾਰ ਰਹੀ ਏ? ਜਾਹ ਮੈਂ ਨਹੀਂ ਖਾਂਦਾ।"

ਇੰਨਾ ਆਖ ਕੇ ਭਾਂਡੇ ਭੰਨਦੇ ਲੀਡਰ ਸਾਹਬ ਟੁੱਟੀ ਮੰਜੀ 'ਤੇ ਢੇਰੀ ਹੋ ਜਾਂਦੇ ਨੇ।

# ਨਾਬਰ ਪੰਜਾਬ ਦੀ ਸਿਆਸਤ ਦੇ ਰੰਗ

***ਵੱਖ-ਵੱਖ ਵਿਦਵਾਨ ਇਹ ਗੱਲ ਵਾਰ-ਵਾਰ ਚਿਤਾਰਦੇ ਰਹੇ ਹਨ ਕਿ ਪੰਜਾਬੀਆਂ ਦਾ ਸਿਆਸੀ ਅਚੇਤ ਧਰਮ ਨਿਰਪੱਖਤਾ, ਸਾਂਝੀਵਾਲਤਾ ਅਤੇ ਨਾਬਰੀ ਦੀਆਂ ਤਰਬਾਂ ਵਾਲਾ ਹੈ। ਉਘੇ ਵਿਦਵਾਨ ਈਸ਼ਵਰ ਦਿਆਲ ਗੌੜ ਨੇ ਇਨ੍ਹਾਂ ਹੀ ਤੱਥਾਂ ਦਾ ਪ੍ਰਗਟਾਵਾ ਆਪਣੇ ਇਸ ਅਹਿਮ ਲੇਖ ਵਿਚ ਕੀਤਾ ਹੈ। ਇਸ ਲੇਖ ਵਿਚ ਉਨ੍ਹਾਂ ਨੇ ਪੰਜਾਬੀਆਂ ਦੇ ਸਿਆਸੀ ਅਚੇਤ ਦੀ ਥਹੁ ਪਾਉਣ ਦਾ ਯਤਨ ਕੀਤਾ ਹੈ ਅਤੇ ਦੱਸਿਆ ਕਿ ਪੰਜਾਬੀ ਸੁਭਾਅ ਅੰਦਰ ਇਹ ਗੱਲਾਂ ਕਿੰਨੀਆਂ ਡੂੰਘੀਆਂ ਰਚੀਆਂ ਹੋਈਆਂ ਹਨ। ਅੰਗਰੇਜ਼ਾਂ ਦੀ ਆਮਦ ਨਾਲ ਇਸ ਸਿਆਸੀ ਅਚੇਤ ਵਿਚ ਖੂਬ ਖਲਲ ਪਿਆ ਜੋ ਅੱਜ ਤੱਕ ਪੁੱਜਦਾ-ਪੁੱਜਦਾ ਕੱਟੜਤਾ ਵਾਲੇ ਰਾਹ ਪੈ ਗਿਆ ਜਾਪਦਾ ਹੈ।***



*ਰਾਜਾ ਪੋਰਸ , ਮੁਗਲ ਬਾਦਸ਼ਾਹ ਅਕਬਰ, ਸ਼ਹਿਜ਼ਾਦਾ ਦਾਰਾ ਸ਼ਿਕੋਹ।*

ਪੰਜਾਬ ਦੇ ਸਿਆਸੀ ਅਚੇਤ ਨੂੰ ਸਮਝੇ ਬਿਨਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ, ਭਾਵ ਪੰਜਾਬ ਦੀ ਲੋਕਾਈ ਦੇ ਵਿਕਾਸ ਬਾਰੇ ਸੋਚਣਾ ਅਤੇ ਪ੍ਰਚਾਰਨਾ ਮਹਿਜ਼ ਇਸ਼ਤਿਹਾਰਬਾਜ਼ੀ ਅਤੇ ਸ਼ੋਸ਼ੇਬਾਜ਼ੀ ਤੋਂ ਵੱਧ ਕੁਝ ਨਹੀਂ। ਲੋਕਾਈ ਦੇ ਵਿਕਾਸ ਵਿਚ ਉਸ ਦਾ ਤੰਦਰੁਸਤ ਸਿਆਸੀ ਵਿਕਾਸ ਵੀ ਸ਼ਾਮਲ ਹੁੰਦਾ ਹੈ। ਪੈਂਤੜੇਬਾਜ਼ੀ ਅਤੇ ਫਰੇਬਬਾਜ਼ੀ ਮੂਲਕ ਸਿਆਸਤ ਦੇ ਪ੍ਰਚਲਤ ਅਰਥ ਤੇ ਅਮਲ ਨੂੰ ਤੰਦਰੁਸਤ ਸਿਆਸੀ ਵਿਕਾਸ ਹੀ ਵੰਗਾਰ ਅਤੇ ਬਦਲ ਸਕਦਾ ਹੈ। ਦਲ-ਬਦਲੂ ਸਿਆਸਤ ਕੋਝੀ ਸਿਆਸਤ ਹੈ, ਲੋਕ ਪੱਖੀ ਤੰਦਰੁਸਤ ਵਿਚਾਰਧਾਰਕ ਸਿਆਸਤ ਨਹੀਂ।

ਪੰਜਾਬ ਦਾ ਸਿਆਸੀ ਅਚੇਤ ਨਾਬਰ ਅਤੇ ਗੈਰ-ਸੰਪ੍ਰਦਾਇਕ ਹੈ। ਇਸ ਅਚੇਤ ਨੇ ਉਸ ਸਿਆਸਤਦਾਨ, ਹੁਕਮਰਾਨ ਨੂੰ ਹੁੰਗਾਰਾ ਦਿੱਤਾ ਜਿਸ ਵਿਚ ਇਹ ਦੋ ਗੁਣ ਵਿਦਮਾਨ ਸਨ। ਰਾਜਾ ਪੋਰਸ, ਬਾਦਸ਼ਾਹ ਅਕਬਰ ਅਤੇ ਮਹਾਰਾਜਾ ਰਣਜੀਤ ਸਿੰਘ ਦਾ



**ਈਸ਼ਵਰ ਦਿਆਲ ਗੌੜ**
**ਫੋਨ: +91-98783-69932**

ਪੰਜਾਬ ਦੇ ਸਿਆਸੀ ਅਚੇਤ 'ਚ ਬੜਾ ਹੀ ਅਹਿਮ ਰੁਤਬਾ ਹੈ। ਲੋਕ-ਮਨ ਨੇ ਇਨ੍ਹਾਂ ਦੁਆਲੇ ਅਨੇਕਾਂ ਕਿੱਸੇ-ਕਹਾਣੀਆਂ, ਗੀਤ, ਮੁਹਾਵਰੇ ਆਦਿ ਸਿਰਜੇ ਹੋਏ ਹਨ। ਇਨ੍ਹਾਂ ਦੀ ਪਛਾਣ ਹਿੰਦੂ, ਮੁਸਲਮਾਨ ਅਤੇ ਸਿੱਖ ਰਾਜਿਆਂ ਵਜੋਂ ਘੱਟ ਹੈ ਅਤੇ ਲੋਕ ਪੱਖੀ ਨਾਬਰਾਂ ਅਤੇ ਗੈਰ-ਸੰਪ੍ਰਦਾਇਕਾਂ ਵਜੋਂ ਜ਼ਿਆਦਾ ਹੈ। ਇਹ ਪੰਜਾਬ ਦੇ ਸਿਆਸੀ ਅਚੇਤ ਪਿੜ ਦੇ ਕਦੀਮੀ ਪ੍ਰਤੀਕ ਹਨ। ਰਾਜਾ ਰਸਾਲੂ ਅਤੇ ਸ਼ਹੀਦ ਭਗਤ ਸਿੰਘ ਤਾਂ ਪੰਜਾਬ ਦੇ ਸਭਿਆਚਾਰਕ ਅਚੇਤ 'ਚ ਵੀ ਖੁਣੇ ਪਏ ਹਨ। ਪੰਜਾਬ ਦੀ ਤਮਾਮ ਲੋਕਾਈ ਆਪਣੇ ਆਪ ਨੂੰ ਇਨ੍ਹਾਂ ਦੇ ਵਾਰਿਸ ਸਮਝਦੀ ਹੈ। ਸਮਝਣ ਵਾਲਾ ਤੱਥ ਇਹ ਹੈ ਕਿ ਸਿਆਸੀ ਅਚੇਤ, ਸਭਿਆਚਾਰ ਅਤੇ ਇਤਿਹਾਸ ਦੇ ਆਪਸੀ ਰਿਸ਼ਤੇ ਸੰਘਣੇ ਹੁੰਦੇ ਹਨ। ਪੰਜਾਬ ਦੀ ਜਾਂ ਹਿੰਦੋਸਤਾਨ ਦੀ ਸਿਆਸਤ ਤੰਦਰੁਸਤ ਇਸ ਲਈ ਨਹੀਂ ਕਿ ਇਸ ਦੀ ਰਹਿਨੁਮਾਈ ਕਰਨ ਵਾਲਿਆਂ ਨੇ ਮੌਜੂਦਾ ਸਿਆਸੀ ਅਮਲ 'ਚੋਂ ਇਹ ਤਿੰਨੇ ਵਰਤਾਰੇ - ਪੰਜਾਬ ਦੀ ਲੋਕਾਈ ਦਾ ਸਿਆਸੀ ਅਚੇਤ, ਸਭਿਆਚਾਰ ਅਤੇ ਇਤਿਹਾਸ - ਮਨਫੀ ਕਰ ਰੱਖੇ ਹਨ।

ਸੰਨ 1849 'ਚ ਫਰੰਗੀ ਦੀ ਆਮਦ ਨਾਲ ਪੰਜਾਬ ਸੰਪ੍ਰਦਾਇਕਤਾ ਦੇ ਪੱਖੋਂ ਜਾਤ-ਪਾਤ ਅਤੇ ਮਜ਼ਹਬ ਦੇ ਤੌਰ 'ਤੇ 'ਸੁਚੇਤ' ਹੋਣਾ ਸ਼ੁਰੂ ਹੋ ਜਾਂਦਾ ਹੈ। ਇਹ ਆਧੁਨਿਕ ਚੇਤਨਾ ਨਿਰਵਿਘਨ ਤਰੱਕੀ ਹੀ ਨਹੀਂ ਕਰ ਰਹੀ ਸਗੋਂ ਮਜ਼ਬੂਤ ਵੀ ਹੋ ਰਹੀ ਹੈ। ਇਸ ਕਿਸਮ ਦੀ ਬੇਮੁਹਾਰੀ ਤਰੱਕੀ ਪੰਜਾਬ 'ਚ, ਜਿੱਥੇ ਕਿਸੇ ਵੇਲੇ ਵੇਦਾਂ-ਸ਼ਾਸਤਰਾਂ ਅਤੇ ਗ੍ਰੰਥਾਂ ਦੀ ਸਿਰਜਣਾ ਹੋਈ, ਇੱਕ ਲੰਮੇ ਸਮੇਂ ਤੋਂ ਦਾਰਸ਼ਨਿਕ-ਸੂਖਮ ਦ੍ਰਿਸ਼ਟੀ ਦੀ ਗੈਰ-ਹਾਜ਼ਰੀ ਦਾ ਸਬੂਤ ਹੈ। ਅਜੋਕੇ ਪੰਜਾਬ 'ਚ ਫਲਸਫੇ ਦੀ ਚੋਖੀ ਗਰੀਬੀ ਹੈ। ਇਸ ਸਦਕਾ ਪੰਜਾਬ ਦਾ ਨਾਬਰ ਅਤੇ ਗੈਰ-ਸੰਪ੍ਰਦਾਇਕ ਸਿਆਸੀ ਅਚੇਤ ਅਤੇ ਸਮਾਜਿਕ ਤੇ ਸਭਿਆਚਾਰਕ ਪਿੜ ਕਈ ਮਰਤਬਾ ਵਲੂੰਧਰਿਆ ਗਿਆ ਹੈ। ਪੰਜਾਬ ਦੇ ਸਿਆਸੀ ਅਚੇਤ 'ਚ ਰੂਹਾਨੀਅਤ ਵਿਦਮਾਨ ਹੈ ਅਤੇ ਸਿਆਸੀ 'ਸੁਚੇਤ' 'ਚ ਫਿਰਕਾਪ੍ਰਸਤੀ ਅਤੇ ਅਸਭਿਅਤਾ ਹਰ ਪਲ ਸਰਗਰਮ ਰਹਿੰਦੀ ਹੈ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦ ਸਿਆਸਤ ਨੇ ਰੂਹਾਨੀਅਤ ਦੀ ਬਜਾਏ ਫਿਰਕਾਪ੍ਰਸਤੀ ਜਾਂ ਮਜ਼ਹਬੀ ਕਟੱੜਤਾ ਨੂੰ ਪਨਾਹ ਦਿੱਤੀ ਤਦ ਪੰਜਾਬ ਦੀਆਂ ਲੋਕ ਪੱਖੀ ਰੂਹਾਂ ਨੇ ਆਪਣੀ ਸ਼ਹਾਦਤ ਦਿੱਤੀ। ਅਜੋਕੀ ਸਿਆਸਤ ਵੀ ਜਦ ਅਜਿਹੀ ਫਿਰਕਾਪ੍ਰਸਤੀ ਜਾਂ ਮਜ਼ਹਬੀ ਕੱਟੜਤਾ ਦੀ ਸ਼ਰਨ 'ਚ ਆਈ, ਉਸ ਵੇਲੇ ਪੰਜਾਬ, ਪੰਜਾਬ ਦੀ ਲੋਕਾਈ ਅਤੇ ਪੰਜਾਬੀਅਤ ਦੀ ਕਈ ਸ਼ਕਲਾਂ-ਸੂਰਤਾਂ 'ਚ ਸ਼ਹਾਦਤ ਹੋਈ, ਕਤਲੋ-ਗਾਰਤ ਹੋਈ। ਬਾਬਾ ਫਰੀਦ ਸਿਆਸਤ ਦੇ ਗਲਬੇ ਨੂੰ ਆਪਣੇ ਰੂਹਾਨੀ ਮੁਹਾਵਰੇ ਰਾਹੀਂ ਸਮਝਾਉਂਦਾ ਵੀ ਹੈ:

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥
ਫਰੀਦਾ ਕੋਠੇ ਮੰਡਪ ਮਾੜੀਆ ਉਸਾਰਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥

ਸਮੇਂ-ਸਮੇਂ ਸਿਰ ਜਦੋਂ ਪੰਜਾਬ ਦਾ ਨਾਬਰ ਅਤੇ ਗੈਰ-ਸੰਪ੍ਰਦਾਇਕ ਸਿਆਸੀ ਅਚੇਤ ਆਪਣਾ ਇਜ਼ਹਾਰ ਕਰਦਾ ਹੈ, ਭਾਵ ਜਦੋਂ ਪੰਜਾਬ ਦੀ ਲੋਕਾਈ ਸਿਆਸੀ ਤੌਰ 'ਤੇ ਇੱਕਜੁਟ ਹੁੰਦੀ ਹੈ, ਉਸ ਵੇਲੇ ਪੰਜਾਬ ਦੇ ਸੁਚੇਤ ਸਿਆਸਤਦਾਨਾਂ, ਵਿਦਵਾਨਾਂ ਅਤੇ ਤਾਰੀਖਦਾਨਾਂ ਨੂੰ ਚਿੰਤਾ ਹੋਣੀ ਸ਼ੁਰੂ ਹੋ ਜਾਂਦੀ ਹੈ। ਲੋਕਾਈ ਦੇ ਸਿਆਸੀ ਅਚੇਤ ਅਤੇ ਸਿਆਸਤ ਦੀ ਸੁਚੇਤਤਾ ਦਰਮਿਆਨ ਕਸ਼ਮਕਸ਼ ਹੋਣੀ ਸ਼ੁਰੂ ਹੋ ਜਾਂਦੀ ਹੈ। ਹੌਲੀ-ਹੌਲੀ ਇਹ ਕਸ਼ਮਕਸ਼ ਕਈ ਕਿਸਮ ਦੀਆਂ ਅਖੌਤੀ ਜਾਂ ਪੈਦਾ ਕੀਤੀਆਂ ਸਮਾਜਿਕ, ਸਭਿਆਚਾਰਕ, ਮਜ਼ਹਬੀ ਅਤੇ ਭਾਸ਼ਾਈ ਤਰੇੜਾਂ 'ਚ ਤਬਦੀਲ ਹੋਣੀ ਸ਼ੁਰੂ ਹੋ ਜਾਂਦੀ ਹੈ ਜਾਂ ਕਰ ਦਿੱਤੀ ਜਾਂਦੀ ਹੈ। ਬੁਨਿਆਦੀ ਕਸ਼ਮਕਸ਼ ਬਹੁ-ਵਚਨੀ ਹੋ ਜਾਂਦੀ ਹੈ। ਕਈ ਕਿਸਮ ਦੇ (ਕ)ਰੂਪਾਂ 'ਚ ਵਿਚਰਨ ਲੱਗ ਪੈਂਦੀ ਹੈ।

ਚਿੰਤਾ ਦਾ ਵਿਸ਼ਾ ਇਹ ਹੈ ਕਿ ਇਹ ਸਭ ਕੁਝ ਉਸ ਦੌਰ 'ਚ ਵਾਪਰ ਰਿਹਾ ਹੈ ਜਿਸ ਨੂੰ ਆਧੁਨਿਕ, ਲੋਕਤੰਤਰੀ, ਤਰਕਸ਼ੀਲ, ਵਿਗਿਆਨਕ ਅਤੇ ਆਲਮੀ ਦੌਰ ਆਖਿਆ ਜਾ ਰਿਹਾ ਹੈ। ਸਿਆਸਤ ਦੇ ਜਿਸ ਨਾਜ਼ੁਕ ਦੌਰ 'ਚੋਂ ਪੰਜਾਬ ਗੁਜ਼ਰ ਰਿਹਾ ਹੈ, ਇਸ ਤੱਥ ਨੂੰ ਚੇਤੇ ਰੱਖਣ ਦੀ ਲੋੜ ਹੈ ਕਿ ਬਾਬਾ ਨਾਨਕ ਦੀ ਬਾਬਰਬਾਣੀ ਅਤੇ ਆਪ ਦੁਆਰਾ ਲੋਧੀ ਸਲਤਨਤ ਦੇ ਬਦਨਿਜ਼ਾਮ ਦੀ ਜੋ ਤਸਵੀਰਕਸ਼ੀ ਕੀਤੀ ਗਈ ਹੈ, ਉਹ ਤਨਕੀਦ ਪੰਜਾਬ ਦੀ ਲੋਕਾਈ ਦੇ ਸਿਆਸੀ ਅਚੇਤ, ਸਭਿਆਚਾਰ, ਇਮਾਨ ਅਤੇ ਇਤਿਹਾਸ 'ਚ ਦਰਜ ਹੈ। ਲੋਕਾਈ ਬਾਬਾ ਜੀ ਦੀ ਇਸ ਬਾਣੀ ਅਤੇ ਤਨਕੀਦ ਨੂੰ ਕਈ ਵਾਰ ਵਿਚਾਰਦੀ ਅਤੇ ਚਿਤਾਰਦੀ ਹੈ। ਪਿਛਲੇ ਸਮੇਂ ਦੌਰਾਨ ਲੋਕਾਈ ਦੇ ਗੈਰ-ਫਿਰਕੇਦਾਰਾਨਾ ਰੋਸ ਮੁਜ਼ਾਹਰੇ, ਮੋਰਚੇ ਅਤੇ ਧਰਨੇ ਇਸ ਦਾ ਗੱਲ ਦਾ ਸਬੂਤ ਹਨ ਕਿ ਵਿਰਸੇ ਦਾ ਦਿੱਤਾ ਸਿਆਸੀ ਅਚੇਤ ਦਾ ਵਰਤਾਰਾ ਵੀ ਲੋਕਾਈ 'ਚ ਮੌਜੂਦ ਹੁੰਦਾ ਹੈ।

ਮੈਂ ਆਪਣੇ ਇਸ ਲੇਖ ਨੂੰ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ' ਰਾਜ ਦੀ ਸਥਾਪਤੀ ਦੇ ਵੇਰਵਿਆਂ ਨਾਲ ਸਮਾਪਤ ਕਰਾਂਗਾ। 'ਖਾਲਸਾ' ਰਾਜ ਪੰਜਾਬ ਦੇ ਸਿਆਸੀ ਅਚੇਤ, ਇਤਿਹਾਸ ਅਤੇ ਸਭਿਆਚਾਰ ਦੇ ਸੰਘਣੇ ਰਿਸ਼ਤਿਆਂ ਦੀ ਤਾਜ਼ਾ ਮਿਸਾਲ ਹੈ।



*ਮਹਾਰਾਜਾ ਰਣਜੀਤ ਸਿੰਘ*

ਮਹਾਰਾਜਾ ਰਣਜੀਤ ਸਿੰਘ ਨੇ 1799 ਤੋਂ 1839 ਤੀਕ ਚਾਲੀ ਸਾਲ ਪੰਜਾਬ ਦੇ ਇੱਕ ਵੱਡੇ ਹਿੱਸੇ 'ਤੇ ਹਕੂਮਤ ਕੀਤੀ। ਉਸ ਦੇ ਤੌਰ-ਤਰੀਕੇ ਜਾਗੀਰੂ ਸਨ। ਉਸ ਦਾ ਮਿਜ਼ਾਜ ਕਬਾਇਲੀ ਤੇ ਕਿਰਸਾਨੀ ਵਾਲਾ ਸੀ। ਸਮਾਜਿਕ ਪੱਖ ਤੋਂ ਉਹ ਗੈਰ-ਸੰਪ੍ਰਦਾਇਕ ਅਤੇ ਮਜ਼ਹਬੀ ਤੌਰ 'ਤੇ ਗੈਰ-ਫਿਰਕੇਦਾਰਾਨਾ ਹੁਕਮਰਾਨ ਸੀ। ਉਸ ਦੇ ਦਰਬਾਰ ਦੀ ਸਰਕਾਰੀ ਭਾਸ਼ਾ ਫਾਰਸੀ ਸੀ। ਉਸ ਦਾ ਆਪਣਾ ਵਜੂਦ ਰਹਿਤਲੀ ਸੀ। ਉਹ ਰਹਿਤਲ ਦਾ ਬੰਦਾ-ਬਾਸ਼ਿੰਦਾ ਸੀ। ਇਹ ਰਹਿਤਲ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਸੀ। ਹੁਣ ਵੀ ਹੈ। ਪੰਜਾਬ-ਪੰਜਾਬੀ-ਪੰਜਾਬੀਅਤ ਦੀਆਂ ਜੜ੍ਹਾਂ ਅਤੇ ਵਾਸਾ ਇਸੇ ਧਰਤੀ 'ਤੇ ਹੈ।

ਰਣਜੀਤ ਸਿੰਘ ਪੰਜਾਬ ਦੀ ਭੋਇੰ ਦਾ ਜਾਇਆ ਹੈ। ਜਿਸ ਕਦਰ ਉਹ ਲਾਹੌਰ ਨੂੰ ਸਰ ਕਰਦਾ ਹੈ, ਉਸ ਤੋਂ ਉਸ ਦੇ ਕਿਰਦਾਰ ਦਾ ਪਤਾ ਲਗਦਾ ਹੈ: ਉਹ ਚੌਕਸ ਹੈ, ਫੈਸਲਾਕੁਨ ਹੈ, ਨੀਤੀਵਾਨ ਹੈ, ਜੁਗਤੀ ਹੈ, ਵਿਵੇਕਾਤਮਿਕ ਹੈ, ਵਿਵੇਚਨਾਤਮਿਕ ਵੀ।

ਸੱਤ ਜੁਲਾਈ 1799 ਨੂੰ ਰਣਜੀਤ ਸਿੰਘ ਆਪਣੇ ਲਸ਼ਕਰ ਸਮੇਤ ਲਾਹੌਰ 'ਚ ਦਾਖਲ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਲਾਹੌਰ ਕਿਲ੍ਹੇ ਦੇ ਸਾਹਮਣੇ ਸਥਿਤ ਸ਼ਾਹੀ ਮਸਜਿਦ ਦੇ ਦੀਦਾਰ ਹੁੰਦੇ ਹਨ। ਇਹ ਮਸਜਿਦ 1674 'ਚ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਤਿਆਰ ਕਰਵਾਈ ਸੀ। ਇਸ ਬਾਦਸ਼ਾਹ ਨਾਲ ਅਤੇ ਇਸ ਦੇ ਪੂਰਵ ਪਦ-ਅਧਿਕਾਰੀਆਂ ਅਤੇ ਉਤਰਾ-ਅਧਿਕਾਰੀਆਂ ਨਾਲ ਖਾਲਸਾ-ਸਿੰਘਾਂ ਦੀ ਲਸ਼ਕਰੀ ਟੱਕਰ ਹੁੰਦੀ ਰਹੀ ਹੈ। ਰਣਜੀਤ ਸਿੰਘ ਇਸ ਸ਼ਾਹੀ ਮਸਜਿਦ 'ਚ ਆਪਣੀ ਫੌਜ ਸਮੇਤ ਕਿਆਮ ਕਰਦਾ ਹੈ। ਉਸ ਨੂੰ ਇਸ ਦੇ ਦੀਦਾਰ ਕਰ ਕੇ ਬੜਾ ਸਕੂਨ ਮਹਿਸੂਸ ਹੁੰਦਾ ਹੈ। ਰਣਜੀਤ ਸਿੰਘ ਪਾਸ ਬਾਬਾ ਨਾਨਕ ਤੇ ਮਰਦਾਨੇ ਵਾਲੀ ਗੈਰ-ਫਿਰਕੇਦਾਰਾਨਾ ਵਿਰਾਸਤ ਹੈ। ਇਸੇ ਲਾਹੌਰ ਸ਼ਹਿਰ 'ਚ ਦੋ ਸਦੀਆਂ ਪਹਿਲਾਂ ਪੰਜਾਬ ਦਾ ਹਰਮਨ ਪਿਆਰਾ ਸੂਫੀ, ਸ਼ਾਹ ਹੁਸੈਨ ਕ੍ਰਿਸ਼ਨ ਭਗਤੀ ਤੇ ਪੰਜਾਬ ਦੀ ਲੋਕ ਕਥਾ, ਹੀਰ-ਰਾਂਝੇ ਦੇ ਰੰਗ 'ਚ ਰੰਗੀਆਂ ਆਪਣੀਆਂ ਕਾਫੀਆਂ ਗਾਉਂਦਾ ਰਿਹਾ ਹੈ। ਲਾਹੌਰ ਦੇ ਸੂਫੀ, ਮੀਆਂ ਮੀਰ ਦੀ ਪੰਜਵੇਂ ਗੁਰੂ ਅਰਜਨ ਦੇਵ ਨਾਲ ਨੇੜਤਾ ਰਹੀ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੀ ਨੀਂਹ ਵੀ ਰੱਖੀ। ਲਾਹੌਰ ਦੀ ਫ਼ਿਜ਼ਾ 'ਚ ਵੰਨ-ਸਵੰਨੀਆਂ ਮਹਿਕਾਂ ਹਨ। ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਸਾਈਂ ਮੀਆਂ ਮੀਰ ਦਾ ਸ਼ਾਗਿਰਦ ਸੀ ਅਤੇ ਉਸ ਨੇ ਕਈ ਵਰ੍ਹੇ ਏਥੇ ਬਿਤਾਏ ਜਿਸ ਦੌਰਾਨ ਉਸ ਨੇ ਉਪਨਿਸ਼ਦਾਂ ਨੂੰ ਫਾਰਸੀ ਵਿਚ ਅਨੁਵਾਦ ਕਰਵਾਇਆ ਤੇ ਫਾਰਸੀ ਵਿਚ ਗ੍ਰੰਥ ਲਿਖੇ।

ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਦੀਆਂ ਗੈਰ-ਫਿਰਕੇਦਾਰਾਨਾ ਅਤੇ ਦੀਨਦਾਰੀ ਵਾਲੀਆਂ ਰਵਾਇਤਾਂ ਨੇ ਰਣਜੀਤ ਸਿੰਘ ਨੂੰ ਤੁਅੱਸਬੀ ਜੋਸ਼-ਜਨੂੰਨ ਤੋਂ ਦੂਰ ਹੀ ਰੱਖਿਆ।

ਲਾਹੌਰ ਨੂੰ ਸਰ ਕਰਨ ਤੋਂ ਕੁਝ ਦਿਨਾਂ ਬਾਅਦ ਹੀ ਮਹਾਰਾਜਾ ਰਣਜੀਤ ਸਿੰਘ ਨੇ ਮਹਾ-ਦਰਬਾਰ ਲਾਇਆ। ਕਲਪਨਾ ਰਾਹੀਂ ਉਸ ਦਾ ਦ੍ਰਿਸ਼ ਕੁਝ ਏਦਾਂ ਦਾ ਚਿਤਰਿਆ ਜਾ ਸਕਦਾ ਹੈ: ਇਸ ਮਹਿਫਲ ਵਿਚ ਸ਼ਹਿਰ ਦੇ ਪਤਵੰਤੇ ਲੋਕ ਸ਼ਿਰਕਤ ਕਰਦੇ ਹਨ। ਬਰਸਾਤ ਦਾ ਸੁਹਾਣਾ ਤੇ ਠੰਢਾ ਮੌਸਮ। ਰਣਜੀਤ ਸਿੰਘ ਮਹਿਮਾਨਾਂ ਦੀ ਮਿਠਿਆਈਆਂ ਨਾਲ ਟਹਿਲ-ਸੇਵਾ ਕਰ ਰਿਹਾ ਹੈ ਅਤੇ ਉਸ ਦੀ ਸੱਸ, ਸਦਾ ਕੌਰ ਬਟਾਲੇ ਤੇ ਮੁਕੇਰੀਆਂ ਤੋਂ ਮੰਗਵਾਏ ਹੋਏ ਰਸੀਲੇ ਅੰਬਾਂ ਦੀਆਂ ਟੋਕਰੀਆਂ ਪੇਸ਼ ਕਰ ਰਹੀ ਹੈ।

ਲਾਹੌਰ ਦੇ ਨਵੇਂ ਹੁਕਮਰਾਨ, ਰਣਜੀਤ ਸਿੰਘ ਨੇ ਮਹਾ-ਦਰਬਾਰ 'ਚ ਐਲਾਨ ਕੀਤਾ ਕਿ ਮੌਜੂਦਾ ਧਾਰਮਿਕ ਪ੍ਰਸ਼ਾਸਨ 'ਚ ਕਿਸੇ ਵੀ ਕਿਸਮ ਦੀ ਰੱਦੋ-ਬਦਲ ਨਹੀਂ ਕੀਤੀ ਜਾਵੇਗੀ। ਕਾਜ਼ੀਆਂ ਤੇ ਮੁਫਤੀਆਂ ਦੇ ਪੁਸ਼ਤੈਨੀ ਦਫਤਰ ਨੂੰ ਰਣਜੀਤ ਸਿੰਘ ਨੇ ਅਦਬ ਨਾਲ ਕਾਇਮ ਰੱਖਣ ਦੇ ਹੁਕਮ ਜਾਰੀ ਕੀਤੇ। ਕਾਜ਼ੀ ਨਿਜ਼ਾਮੂਦੀਨ ਅਤੇ ਮੁਹੰਮਦ ਸ਼ਾਹਪੁਰ ਤੇ ਸਦੌਲਾ ਚਿਸ਼ਤੀ ਜੋ ਮੁਫਤੀ ਦੇ ਅਹੁਦੇ ਦੇ ਤਾਇਨਾਤ ਸਨ, ਹੋਰਾਂ ਨੂੰ ਖਿਲਅਤਾਂ ਬਖਸ਼ੀਆਂ ਗਈਆਂ। ਕਾਜ਼ੀ ਨਿਜ਼ਾਮੂਦੀਨ ਦੇ ਮੁਸਲਮਾਨ ਵਸੋਂ ਦੀ ਸ਼ਾਦੀ ਕਰਵਾਉਣ ਦੇ ਅਤੇ ਤਲਾਕ ਸਬੰਧੀ ਹਕੂਕ ਨੂੰ ਮਾਨਤਾ ਦਿੱਤੀ ਗਈ। ਮੁਫਤੀਆਂ ਨੂੰ ਪਹਿਲਾਂ ਵਾਂਗ ਜਾਇਦਾਦ ਦੇ ਮਸਲੇ ਨਿਪਟਾਉਣ ਲਈ ਹੁਕਮ ਹੋਏ। ਮੁਹੱਲੇਦਾਰੀ ਵਿਵਸਥਾ ਨੂੰ ਮੁੜ ਸੁਰਜੀਤ ਕੀਤਾ ਗਿਆ। ਪਹਿਲਾਂ ਵਾਂਗ ਹਰ ਇੱਕ ਮੁਹੱਲੇ ਨੂੰ ਉਸ ਦੇ ਮੋਹਤਬਰ ਬਾਸ਼ਿੰਦੇ ਦੇ ਸਪੁਰਦ ਕਰ ਦਿੱਤਾ ਗਿਆ। ਕਾਰੀਗਰਾਂ ਨੂੰ ਪੁਰਾਣੀਆਂ ਤੋਪਾਂ ਦੀ ਮੁਰੰਮਤ ਕਰਨ ਲਈ ਰੁਜ਼ਗਾਰ ਦਿੱਤਾ ਗਿਆ। ਕੁਝ ਹੀ ਦਿਨਾਂ 'ਚ ਲਾਹੌਰ ਸ਼ਹਿਰ 'ਚ ਨਵੀਂ ਕਿਸਮ ਦੀ ਜਿੰਦ-ਜਾਨ ਆ ਗਈ। ਇਹ ਮੁੜ ਧੜਕਣ-ਲਰਜ਼ਣ ਲੱਗ ਪਿਆ ਸੀ।

ਰਣਜੀਤ ਸਿੰਘ ਦੇ ਅਜਿਹੇ ਪ੍ਰਸ਼ਾਸਨਿਕ ਤੇ ਸਮਾਜਿਕ ਕਦਮ ਉਸ ਦੇ ਆਪਣੀ ਭੋਇੰ ਨਾਲ ਜੁੜੇ ਹੋਣ ਦਾ ਸਬੂਤ ਸਨ। ਉਸ ਨੇ ਦੱਸ ਦਿੱਤਾ ਕਿ ਭਵਿੱਖ 'ਚ ਉਹ ਕਿਹੋ ਜਿਹਾ ਹਾਕਮ ਹੋਵੇਗਾ ਅਤੇ ਉਸ ਦੇ ਪ੍ਰਸ਼ਾਸਨ ਦਾ ਕਿਰਦਾਰ ਕਿਹੋ ਜਿਹਾ ਹੋਵੇਗਾ। ਉਸ ਨੇ ਆਪਣੇ ਅਤੇ ਦੂਜੀਆਂ ਸਿਆਸੀ ਤਾਕਤਾਂ ਦਰਮਿਆਨ ਫਰਕ ਨੂੰ ਦਰਸਾਇਆ। ਮਸਲਨ, ਕਸੂਰ ਦਾ ਪਠਾਣ ਹਾਕਮ ਨਿਜ਼ਾਮੂਦੀਨ ਬੇਸ਼ਕ ਮੁਸਲਮਾਨ ਪੰਜਾਬੀਆਂ ਦਾ ਨੁਮਾਇੰਦਾ ਹੋਣ ਦਾ ਦਾਅਵਾ ਕਰਦਾ ਸੀ, ਪਰ ਅੰਦਰੋ-ਅੰਦਰੀ ਉਹ ਅਫਗ਼ਾਨ ਸੱਤਾ ਨੂੰ ਲਾਹੌਰ 'ਚ ਸਥਾਪਤ ਕਰ ਕੇ ਖੁਦ ਸੂਬੇਦਾਰ ਹੋਣਾ ਲੋਚਦਾ ਸੀ। ਇਸੇ ਤਰ੍ਹਾਂ ਕਾਂਗੜੇ ਦਾ ਸੰਸਾਰ ਚੰਦ ਹਿੰਦੂਆਂ ਦਾ ਹਮਾਇਤੀ ਹੋਣ ਦਾ ਦਾਅਵੇਦਾਰ ਸੀ। ਪਟਿਆਲਾ ਦੇ ਸਰਦਾਰ, ਸਾਹਿਬ ਸਿੰਘ ਨੂੰ ਸ਼ਾਹ ਜ਼ਮਾਨ ਦੇ ਦਾਦੇ, ਅਹਿਮਦ ਸ਼ਾਹ ਅਬਦਾਲੀ ਨਾਲ ਆਪਣੇ ਸੁਖਾਵੇਂ ਸਬੰਧਾਂ ਬਾਰੇ ਮਾਣ ਸੀ।

ਰਣਜੀਤ ਸਿੰਘ ਨੇ ਇੱਕ ਐਸੀ ਰਾਜ ਵਿਵਸਥਾ ਦਾ ਆਗਾਜ਼ ਅਤੇ ਅਮਲ ਕੀਤਾ ਜੋ ਜਾਤ-ਪਾਤ, ਮਜ਼ਹਬ ਤੇ ਫਿਰਕਿਆਂ ਦੇ ਤੁਅੱਸਬੀ ਚੌਖਟਿਆਂ 'ਚ ਫਿੱਟ ਨਹੀਂ ਸੀ ਬੈਠਦੀ। ਐਪਰ ਰਣਜੀਤ ਸਿੰਘ ਨੇ ਪੰਜਾਬ ਦੀ ਲੋਕਾਈ ਦੇ ਸਥਾਪਤ ਰੀਤੀ-ਰਿਵਾਜਾਂ ਦੇ ਪਿੜ 'ਚ ਕਿਸੇ ਵੀ ਕਿਸਮ ਦੀ ਦਖਲਅੰਦਾਜ਼ੀ ਨਹੀਂ ਕੀਤੀ ਸਗੋਂ ਇੱਕ ਹਾਕਮ ਦੀ ਹੈਸੀਅਤ 'ਚ ਇਸ ਨੂੰ ਆਦਰ-ਸਤਿਕਾਰ ਅਤੇ ਸਰਪ੍ਰਸਤੀ ਦਿੱਤੀ। ਬਗੈਰ ਕਿਸੇ ਵਿਤਕਰੇ ਦੇ ਲਿਆਕਤ, ਹੁਨਰ ਤੇ ਇਖਲਾਕ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ। ਸਰਕਾਰ ਖਾਲਸਾ 'ਚ ਵੰਨ-ਸਵੰਨੇ ਮਜ਼ਹਬੀ ਅਦਾਰਿਆਂ ਨੂੰ ਬਰਾਬਰ ਦੀ ਸਰਪ੍ਰਸਤੀ ਤੇ ਮਾਲੀ ਮਦਦ ਹਾਸਲ ਸੀ। ਮਹਾਰਾਜਾ ਰਣਜੀਤ ਸਿੰਘ ਹਰ ਰੰਗ ਅਤੇ ਹਰ ਤਬ੍ਹਾ-ਤਬੀਅਤ ਦੇ ਤਿੱਥ-ਤਿਉਹਾਰਾਂ-ਮੇਲਿਆਂ 'ਚ ਬੜੇ ਹੀ ਖਲੂਸ ਨਾਲ ਸ਼ਿਰਕਤ ਕਰਦਾ। ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਪੰਜਾਬ ਨੂੰ ਪਾਏਦਾਰ ਰਾਜ ਅਤੇ ਰਾਜ ਵਿਵਸਥਾ ਦੀ ਸਖਤ ਜ਼ਰੂਰਤ ਹੈ। ਮਹਾਰਾਜੇ ਨੇ ਕਦੇ ਵੀ ਕਿਸੇ ਇੱਕ ਮਜ਼ਹਬੀ ਬਿਰਾਦਰੀ ਦੇ ਜੋਸ਼-ਖਰੋਸ਼ ਨੂੰ ਆਪਣੀ ਰਾਜ ਵਿਵਸਥਾ ਅਤੇ ਲੋਕਾਈ ਦੀ ਤਰਜ਼-ਏ-ਜ਼ਿੰਦਗੀ ਨੂੰ ਚਲਾਉਣ ਦਾ ਪੈਮਾਨਾ ਨਹੀਂ ਬਣਾਇਆ।

ਹੁਣ ਲੋੜ ਇਸ ਗੱਲ ਦੀ ਹੈ ਕਿ ਪੰਜਾਬ ਦੇ ਮੌਜੂਦਾ ਸਿਆਸਤਦਾਨ ਪੰਜਾਬ ਲਈ ਲਾਹੇਵੰਦ ਅਤੇ ਲਾਜ਼ਮੀ ਇਤਿਹਾਸ ਦੀ ਅਲਖ ਜਗਾਉਣ। ਪੰਜਾਬ ਦਾ ਸਿਆਸੀ ਅਚੇਤ ਇਸ ਦੀ ਮੰਗ ਕਰ ਰਿਹਾ ਹੈ।

# ਦਲਿਤ ਸਮਾਜ ਦੇ ਹਾਲਾਤ ਅਤੇ ਚੋਣਾਂ





**ਜਤਿੰਦਰ ਸਿੰਘ**
ਫੋਨ: +91-97795-30032

**ਮੋਨਿਕਾ ਸੱਭਰਵਾਲ**
ਫੋਨ: +91-98725-16664


ਚੋਣਾਂ ਦੀ ਰੁੱਤੇ ਪੰਜਾਬ ਵੀ ਬਾਕੀ ਸੂਬਿਆਂ ਵਾਂਗ ਸਿਆਸੀ ਤੌਰ ਤੇ ਸਰਗਰਮ ਦਿਖਾਈ ਦੇ ਰਿਹਾ ਹੈ। ਚੋਣ ਲੜਨ ਵਾਲੀਆਂ ਸਿਆਸੀ ਪਾਰਟੀਆਂ ਆਪੋ-ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਪੂਰਾ ਤਾਣ ਲਾ ਰਹੀਆਂ ਹਨ। ਹਰ ਤਬਕੇ ਦੇ ਵੋਟਰਾਂ ਨੂੰ ਰਿਝਾਉਣ ਵਿਚ ਮਸਰੂਫ ਹਨ। ਪਿਛਲੇ ਸਮੇਂ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਵਾਪਰੀਆਂ ਦੋ ਵੱਡੀਆਂ ਘਟਨਾਵਾਂ ਨੂੰ ਇਸ ਪ੍ਰਸੰਗ ਤੋਂ ਸਮਝਿਆ ਜਾ ਸਕਦਾ ਹੈ। ਪਹਿਲੀ, ਦਲਿਤ ਭਾਈਚਾਰੇ ਵਿਚੋਂ ਆਏ ਸਿਆਸਤਦਾਨ ਚਰਨਜੀਤ ਸਿੰਘ ਚੰਨੀ ਦਾ ਮੁੱਖ ਮੰਤਰੀ ਬਣਨਾ; ਦੂਜੀ, ਗੁਰੂ ਰਵਿਦਾਸ ਜਯੰਤੀ (16 ਫਰਵਰੀ) ਕਾਰਨ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੀ ਤਰੀਕ ਦਾ 14 ਫਰਵਰੀ ਤੋਂ 20 ਫਰਵਰੀ ਹੋ ਜਾਣਾ।

ਇਨ੍ਹਾਂ ਤੋਂ ਇਲਾਵਾ ਪਿਛਲੇ ਸਾਲ ਭਾਜਪਾ ਨੇ ਐਲਾਨ ਕੀਤਾ ਕਿ ਬਹੁਮਤ ਹਾਸਿਲ ਕਰਨ ਦੀ ਸੂਰਤ ਵਿਚ ਦਲਿਤ ਤਬਕੇ ਵਿਚੋਂ ਮੁੱਖ ਮੰਤਰੀ ਬਣਾਇਆ ਜਾਵੇਗਾ। ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਦਲਿਤ ਉਪ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕੀਤਾ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਬਸਪਾ ਨਾਲ ਸਮਝੌਤਾ ਦਲਿਤ ਸਮਾਜ ਦੀਆਂ ਵੋਟਾਂ ਲੈਣ ਲਈ ਕੀਤਾ। ਇਨ੍ਹਾਂ ਘਟਨਾਵਾਂ ਨੇ ਮੁਲਕ ਦਾ ਧਿਆਨ ਪੰਜਾਬ ਦੇ ਜਾਤੀ ਸਮੀਕਰਨਾਂ ਵੱਲ ਖਿੱਚਿਆ ਹੈ। ਸਾਰੀਆਂ ਪਾਰਟੀਆਂ ਦਲਿਤਾਂ ਜੋ ਕੁੱਲ ਆਬਾਦੀ ਦਾ ਲਗਭਗ 33 ਫੀਸਦੀ ਹਿੱਸਾ ਹੈ, ਨੂੰ ਵੋਟ ਬੈਂਕ ਸਮਝ ਭਰਮਾਉਣ ਲੱਗੀਆਂ ਹੋਈਆਂ ਹਨ। ਇਸ ਤੋਂ ਇਹ ਗੱਲ ਸਾਫ਼ ਜ਼ਾਹਿਰ ਹੁੰਦੀ ਹੈ ਕਿ ਹਰ ਸਿਆਸੀ ਧਿਰ ਦਾ ਭਵਿੱਖ ਤੈਅ ਕਰਨ ਵਿਚ ਇਸ ਤਬਕੇ ਦੀ ਅਹਿਮ ਭੂਮਿਕਾ ਹੈ। ਆਬਾਦੀ ਦੇ ਇਸ ਵੱਡੇ ਹਿੱਸੇ ਨੂੰ ਸਿਆਸੀ ਧਿਰਾਂ ਦਰਕਿਨਾਰ ਨਹੀਂ ਕਰ ਸਕਦੀਆਂ। ਸਿਆਸੀ ਪਾਰਟੀਆਂ ਦੇ ਪ੍ਰਮੁੱਖ ਲੀਡਰਾਂ ਦੀਆਂ ਸੱਚਖੰਡ ਬੱਲਾਂ (ਜਲੰਧਰ) ਤੇ ਹੋਰ ਡੇਰਿਆਂ (ਜੋ ਦਲਿਤ ਸਮਾਜ ਦੇ ਵੱਡੇ ਹਿੱਸੇ ਦੇ ਧਾਰਮਿਕ ਤੇ ਅਧਿਆਤਮਿਕ ਕੇਂਦਰ ਹਨ) ਦੀਆਂ ਫੇਰੀਆਂ ਇਸ ਤਬਕੇ ਦੀ ਅਹਿਮੀਅਤ ਦਰਸਾਉਂਦੀਆਂ ਹਨ।

ਉਂਝ, ਤਰਾਸਦੀ ਇਹ ਹੈ ਕਿ ਇਸ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ ਸਿਆਸੀ ਪਾਰਟੀਆਂ ਦੇ ਚੋਣ ਪ੍ਰਚਾਰ ਦਾ ਹਿੱਸਾ ਨਹੀਂ ਹਨ। ਸੁਚੱਜੀ ਸਿੱਖਿਆ, ਸਿਹਤ ਸੰਭਾਲ, ਜ਼ਮੀਨ ਦੀ ਹੱਦਬੰਦੀ ਵਾਲੇ ਕਾਨੂੰਨ ਨੂੰ ਲਾਗੂ ਕਰਨ, ਜ਼ਮੀਨ ਦੀ ਮੁੜ ਵੰਡ, ਪੰਚਾਇਤੀ ਜ਼ਮੀਨ ਦੀ ਸਹੀ ਬੋਲੀ ਕਰਾਉਣ, ਘਰਾਂ ਲਈ ਪਲਾਟ, ਮਗਨਰੇਗਾ ਨੂੰ ਸਹੀ ਢੰਗ ਨਾਲ ਲਾਗੂ ਕਰਨਾ, ਕੋ-ਆਪੋਰੇਟਿਵ ਸੁਸਾਈਟੀਆਂ ਦੇ ਮੈਂਬਰ ਬਣਾਉਣ, ਸ਼ਹਿਰੀ ਸਫਾਈ ਕਰਮਚਾਰੀਆਂ ਨੂੰ ਆਧੁਨਿਕ ਮਸ਼ੀਨਰੀ ਨਾਲ ਲੈਸ ਕਰਨ ਵਰਗੇ ਦਲਿਤ ਸਮਾਜ ਦੇ ਅਨੇਕਾਂ ਮੁੱਦੇ ਚੁਣਾਵੀ ਭਾਸ਼ਣਾਂ ਵਿਚੋਂ ਗਾਇਬ ਹਨ। ਭਾਜਪਾ, ਪੰਜਾਬ ਲੋਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਗਠਜੋੜ ਦੇ 11 ਸੂਤਰੀ ਸੰਕਲਪ ਏਜੰਡੇ ਵਿਚ ਦਲਿਤਾਂ ਦੀਆਂ ਸਮੱਸਿਆਵਾਂ ਦਾ ਜ਼ਿਕਰ ਵੀ ਨਹੀਂ ਹੈ। ਆਮ ਆਦਮੀ ਪਾਰਟੀ ਦੇ ਪੰਜ ਵਾਅਦਿਆਂ ਵਿਚ ਮੁਫਤ ਸਿੱਖਿਆ ਤੇ ਸਿਹਤ ਅਤੇ ਔਰਤਾਂ ਦੇ ਖ਼ਾਤਿਆਂ ਵਿਚ ਪੈਸਿਆਂ ਦਾ ਜ਼ਿਕਰ ਤਾਂ ਹੈ ਪਰ ਸਾਧਨਾਂ ਦੀ ਕਾਣੀ ਵੰਡ ਦਰੁਸਤ ਕਰਨ ਅਤੇ ਸਰਕਾਰੀ ਸੰਸਥਾਵਾਂ ਵਿਚ ਬਣਦੀ ਪ੍ਰਤੀਨਿਧਤਾ ਦੇਣ ਦੀ ਗੱਲ ਗਾਇਬ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਕੋਲ ਦਲਿਤ ਉਪ ਮੁੱਖ ਮੰਤਰੀ ਦੇ ਵਾਅਦੇ ਤੋਂ ਇਲਾਵਾ ਕਹਿਣ ਨੂੰ ਕੁਝ ਖ਼ਾਸ ਨਹੀਂ ਹੈ। ਕਾਂਗਰਸ ਸਿਰਫ ਦਲਿਤ ਸਮਾਜ ਵਿਚੋਂ ਮੁੱਖ ਮੰਤਰੀ ਬਣਾਉਣ (ਜੋ ਚੰਗਾ ਕਦਮ ਹੈ) ਦੇ ਅਧਾਰ ਤੇ ਹੀ ਸਭ ਤੋਂ ਵੱਧ ਹਮਾਇਤੀ ਹੋਣ ਦਾ ਦਾਅਵਾ ਕਰ ਰਹੀ ਹੈ। ਦਲਿਤਾਂ ਦੀ ਸਿਆਸੀ ਧਿਰ ਕਹਾਉਣ ਵਾਲੀ ਬਸਪਾ ਸਿਆਸੀ ਧਰਾਤਲ ਵਿਚੋਂ ਪੂਰੀ ਤਰ੍ਹਾਂ ਗਾਇਬ ਹੈ। ਇਨ੍ਹਾਂ ਸਥਾਪਿਤ ਧਿਰਾਂ ਤੋਂ ਇਲਾਵਾ ਕੋਈ ਚਿਹਰਾ ਜਾਂ ਸੰਗਠਨ ਵੀ ਦਲਿਤ ਸਮਾਜ ਦੇ ਮੁੱਦਿਆਂ ਨੂੰ ਉਭਾਰਦਾ ਹੋਇਆ ਆਪਣੀ ਥਾਂ ਬਣਾਉਂਦਾ ਦਿਖਾਈ ਨਹੀਂ ਦੇ ਰਿਹਾ।



ਭਾਰਤ ਦੇ ਰਾਜਨੀਤਕ ਭੂ-ਦ੍ਰਿਸ਼ ਤੇ ਸਿਆਸੀ ਪਾਰਟੀਆਂ ਦੇ ਉਭਾਰ ਨੂੰ ਸਮਾਜ ਦੇ ਵੱਖ ਵੱਖ ਤਬਕਿਆਂ ਦੇ ਆਰਥਕ-ਸਮਾਜਕ ਹਾਲਾਤ ਅਤੇ ਸਿਆਸੀ ਚੇਤਨਾ ਨਾਲ ਜੋੜ ਕੇ ਸਮਝਣ ਦਾ ਯਤਨ ਹੋਣਾ ਚਾਹੀਦਾ ਹੈ। 1950 ਤੋਂ 1960 ਦੇ ਮੱਧ ਤੱਕ ਕਾਂਗਰਸ ਪਾਰਟੀ ਦਾ ਦਬਦਬਾ ਇਹ ਦਰਸਾਉਂਦਾ ਹੈ ਕਿ ਸਮਾਜ ਦੇ ਤਕਰੀਬਨ ਹਰ ਤਬਕੇ ਦਾ ਵੱਡਾ ਹਿੱਸਾ ਇਸ ਪਾਰਟੀ ਤੇ ਆਪਣੀ ਟੇਕ ਲਾਈ ਬੈਠਾ ਸੀ। ਇਸ ਸਮੇਂ ਤੋਂ ਬਾਅਦ ਵੱਖ ਵੱਖ ਸੂਬਿਆਂ ਵਿਚ ਖੇਤਰੀ ਪਾਰਟੀਆਂ ਦੇ ਬਣਨ, ਮਜ਼ਬੂਤ ਵਿਰੋਧੀ ਦਲ ਵਜੋਂ ਵਿਚਰਨ ਅਤੇ ਸਰਕਾਰ ਬਣਾਉਣ ਲਈ ਲੋੜੀਂਦੀਆਂ ਸੀਟਾਂ ਹਾਸਿਲ ਕਰਨ ਦਾ ਅਮਲ ਸ਼ੁਰੂ ਹੋਇਆ। ਇਸ ਵਰਤਾਰੇ ਨੂੰ ਖੇਤੀਬਾੜੀ ਵਿਚ ਆਈਆਂ ਤਬਦੀਲੀਆਂ ਅਤੇ ਇਸ ਵਿਚੋਂ ਪੈਦਾ ਹੋਈ ਸਿਆਸੀ ਚੇਤਨਾ ਨਾਲ ਮੇਲ ਕੇ ਸਮਝਿਆ ਜਾ ਸਕਦਾ ਹੈ। ਫਸਲਾਂ ਦੀ ਪੈਦਾਵਾਰ ਵਧਣ ਅਤੇ ਮੁਨਾਫਾ ਹੋਣ ਕਾਰਨ ਕਿਸਾਨੀ ਦਾ ਇੱਕ ਹਿੱਸਾ ਸੱਤਾ ਵਿਚ ਆਪਣੀ ਹਿੱਸੇਦਾਰੀ ਦੀ ਤਲਾਸ਼ ਕਰਨ ਲੱਗਾ। ਇਸ ਧਨੀ ਕਿਸਾਨੀ ਨੇ ਕਾਂਗਰਸ ਤੋਂ ਵੱਖ ਹੋ ਕੇ ਸਿਆਸੀ ਪਾਰਟੀਆਂ ਬਣਾਈਆਂ ਅਤੇ ਖੇਤਰੀ ਮੁੱਦਿਆਂ ਨੂੰ ਭਾਰਤ ਦੇ ਸਿਆਸੀ ਧਰਾਤਲ ਤੇ ਉਭਾਰਿਆ। ਇਸੀ ਸਿਆਸੀ ਬਦਲਾਓ ਵਿਚੋਂ 'ਧਰਤੀ ਪੁੱਤਰ' ਦਾ ਨਾਅਰਾ ਨਿਕਲਿਆ। ਸਮਾਜਕ ਧਰਾਤਲ ਤੇ ਵਿਦਵਾਨਾਂ ਨੇ ਇਸ ਵਰਤਾਰੇ ਨੂੰ ਖੇਤੀਯੋਗ ਜ਼ਮੀਨ ਦੀਆਂ ਮਾਲਕ ਸ਼੍ਰੇਣੀਆਂ ਤੇ ਜਾਤਾਂ ਦੇ ਸਿਆਸੀ ਚੇਤਨਾ ਦੇ ਉਭਾਰ ਵਜੋਂ ਦੇਖਿਆ।

ਦੂਜਾ ਵਰਤਾਰਾ ਦਲਿਤ ਸਮਾਜ ਦੀ ਸਿਆਸੀ ਦਾਅਵੇਦਾਰੀ ਦੇ ਰੂਪ ਵਿਚ ਉਭਰਿਆ। ਬਾਬੂ ਕਾਂਸ਼ੀਰਾਮ ਦਾ ਸਿਆਸੀ ਪਿੜ ਵਿਚ ਆਉਣਾ, ਬਸਪਾ ਦਾ ਸਿਆਸੀ ਪਾਰਟੀ ਦੇ ਤੌਰ ਤੇ ਸਥਾਪਿਤ ਹੋਣਾ ਅਤੇ ਯੂਪੀ ਵਿਚ ਮਾਇਆਵਤੀ ਦੀ ਅਗਵਾਈ ਵਿਚ ਸਰਕਾਰ ਬਣਾਉਣਾ ਵੱਡੀ ਰਾਜਨੀਤਕ ਉਥਲ-ਪੁਥਲ ਵਜੋਂ ਦੇਖਿਆ ਗਿਆ। ਇਸ ਦਾ ਪ੍ਰਮੁੱਖ ਕਾਰਨ ਦਲਿਤ ਸਮਾਜ ਵਲੋਂ ਆਰਥਕ ਤੇ ਸਮਾਜਕ ਵਿਤਕਰੇ ਤੇ ਸ਼ੋਸ਼ਣ ਤੋਂ ਨਿਜਾਤ ਪਾਉਣ ਦਾ ਸੰਘਰਸ਼ ਕਰਨਾ ਹੈ। ਦੂਜਾ, ਇਸ ਸਮਾਜ ਦਾ ਇੱਕ ਹਿੱਸਾ ਕਮਾਈ ਦੇ ਨਵੇਂ ਸਾਧਨਾਂ ਰਾਹੀਂ ਆਪਣੀ ਆਰਥਕਤਾ ਨੂੰ ਬਿਹਤਰ ਬਣਾਉਂਦਾ ਹੋਇਆ ਸਮਾਜਕ ਦਾਬੇ ਤੋਂ ਕੁਝ ਬਾਹਰ ਵੀ ਆਇਆ। ਬਦਲ ਰਹੇ ਇਨ੍ਹਾਂ ਹਾਲਾਤ ਨੇ ਦਲਿਤ ਸਮਾਜ ਨੂੰ ਸੱਤਾ ਵਿਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਆ। ਡਾ. ਬੀ.ਆਰ. ਅੰਬੇਡਕਰ ਨੂੰ ਉਨ੍ਹਾਂ ਨੇ ਆਪਣਾ ਰਾਹ-ਦਸੇਰਾ ਬਣਾਇਆ। ਇਓਂ, ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਆਰਥਕ ਤੇ ਸਮਾਜਕ ਤਬਦੀਲੀਆਂ ਨੇ ਅਨੇਕਾਂ ਰਾਜਨੀਤਕ ਪਾਰਟੀਆਂ ਨੂੰ ਜਨਮ ਦਿੱਤਾ। ਇਨ੍ਹਾਂ ਤਬਦੀਲੀਆਂ ਦੇ ਅਸਰ ਹੇਠ ਭਾਰਤੀ ਸਿਆਸਤ ਨੇ ਕਈ ਹੈਰਾਨ ਕਰਨ ਵਾਲੇ ਅਹਿਮ ਮੋੜ ਲਏ ਹਨ। ਚੁਣਾਵੀ ਸਿਆਸਤ ਕਰਨ ਵਾਲੀਆਂ ਧਿਰਾਂ ਨੇ ਇਸ ਬਦਲਾਓ ਨੂੰ ਸਮਝ ਕੇ ਲੰਮੇ ਸਮੇਂ ਤੋਂ ਇਸ ਤਬਕੇ ਨੂੰ ਰਿਝਾਉਣਾ ਸ਼ੁਰੂ ਕੀਤਾ।

ਪੰਜਾਬ ਚੋਣਾਂ ਵਿਚ ਵੋਟਰ ਦੇ ਤੌਰ ਤੇ ਅਹਿਮ ਦਲਿਤ ਸਮਾਜ ਦੇ ਮੁੱਦਿਆਂ ਤੇ ਚੁੱਪ ਨੂੰ ਚਾਰ ਪ੍ਰਸੰਗਾਂ ਤੋਂ ਸਮਝਿਆ ਜਾ ਸਕਦਾ ਹੈ। ਪਹਿਲਾ, ਇਸ ਖਿੱਤੇ ਵਿਚ ਜਾਤੀ ਵਿਤਕਰੇ ਅਤੇ ਹਿੰਸਾ ਦੇ ਸਵਾਲ ਤੇ ਸਮਾਜਕ ਲਹਿਰਾਂ ਦੀ ਲਗਾਤਾਰਤਾ ਦੀ ਘਾਟ ਦਾ ਹੋਣਾ ਹੈ। ਇਸ ਵਰਤਾਰੇ ਨੂੰ ਅੰਤੋਨੀਓ ਗ੍ਰਾਮਸ਼ੀ ਦੇ 'ਇਟਲੀ ਦੇ ਇਤਿਹਾਸ' ਲੇਖ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਪੰਜਾਬ ਦੇ ਪ੍ਰਸੰਗ ਵਿਚ ਦੱਬੇ-ਕੁਚਲੇ ਤਬਕੇ ਦੀਆਂ ਸਮਾਜਕ ਲਹਿਰਾਂ ਦਾ ਮੌਜੂਦਾ ਸਰੂਪ ਖਿੰਡਿਆ ਹੋਇਆ ਅਤੇ ਵਕਤੀ ਹੈ। ਦੁਆਬਾ ਜਾਤੀ ਅਤੇ ਵੱਖਰੀ ਧਾਰਮਿਕ ਪਛਾਣ ਦੀਆਂ ਲਹਿਰਾਂ ਦਾ ਗੜ੍ਹ ਰਿਹਾ ਹੈ। ਮਾਲਵੇ ਦਾ ਕੁਝ ਹਿੱਸਾ ਹੀ ਪੰਚਾਇਤੀ ਜ਼ਮੀਨ, ਘਰਾਂ ਲਈ ਪਲਾਟ ਹਾਸਿਲ ਕਰਨ ਅਤੇ ਜਾਤੀ ਸ਼ੋਸ਼ਣ ਦੀਆਂ ਹੋਰ ਘਟਨਾਵਾਂ ਖਿਲਾਫ ਸਰਗਰਮ ਹੈ। ਮਾਝਾ ਅਤੇ ਪੁਆਧ ਵਿਚ ਹਲਚਲ ਬਹੁਤ ਘੱਟ ਦਿਖਾਈ ਦਿੰਦੀ ਹੈ। ਸਿੱਟੇ ਵਜੋਂ ਸਿਆਸੀ ਧਰਾਤਲ ਤੇ ਇਨ੍ਹਾਂ ਦਾ ਗਹਿਰਾ ਪ੍ਰਭਾਵ ਨਹੀਂ ਪੈਂਦਾ। ਸਮਾਜਕ ਲਹਿਰਾਂ ਦੀ ਲਗਾਤਾਰਤਾ ਤੋਂ ਬਿਨਾਂ ਸਿਆਸੀ ਪਾਰਟੀਆਂ ਅਸਲ ਮੁੱਦਿਆਂ ਤੋਂ ਬੇਮੁਖ ਹੋ ਜਾਂਦੀਆਂ ਹਨ।

ਦੂਜਾ, ਦਲਿਤ ਸਮਾਜ ਦੀ ਆਪਸੀ ਤਿੱਖੀ ਵੰਡ ਨੇ ਇਸ ਦੇ ਮਜ਼ਬੂਤ ਅਤੇ ਸਰਗਰਮ ਸਿਆਸੀ ਧਿਰ ਵਜੋਂ ਸਥਾਪਿਤ ਹੋਣ ਦੀਆਂ ਸੰਭਾਵਨਾਵਾਂ ਨੂੰ ਖੋਰਾ ਲਾਇਆ ਹੈ। ਵੰਡਿਆ ਦਲਿਤ ਸਮਾਜ ਮਜਬੂਤ ਦਾਅਵਾ ਪੇਸ਼ ਨਹੀਂ ਕਰ ਸਕਦਾ।

ਤੀਜਾ, ਪੰਜਾਬ ਵਿਚ ਫੈਲੇ ਡੇਰਾਵਾਦ ਨੇ ਜਿਥੇ ਇੱਕ ਪੱਧਰ ਤੇ ਦਲਿਤ ਸਮਾਜ ਨੂੰ ਮਾਨਸਿਕ ਤੇ ਅਧਿਆਤਮਿਕ ਸੰਤੁਸ਼ਟੀ ਦਿੱਤੀ, ਉੱਥੇ ਦਲਿਤ ਚੇਤਨਾ ਦੇ ਉਭਾਰ ਨੂੰ ਕਮਜ਼ੋਰ ਕੀਤਾ ਹੈ। ਜਾਤ ਆਧਾਰਿਤ ਵਿਤਕਰੇ ਅਤੇ ਹਿੰਸਾ ਤੇ ਗੱਲ ਕਰਨਾ ਤਾਂ ਦੂਰ ਪੰਜਾਬੀ ਜਨ-ਮਾਨਸ ਦਾ ਵੱਡਾ ਹਿੱਸਾ ਤਾਂ ਅਜੇ ਇਹ ਮੰਨਣ ਨੂੰ ਹੀ ਤਿਆਰ ਨਹੀਂ ਕਿ ਗੁਰੂਆਂ ਦੀ ਜਾਤੀ-ਪ੍ਰਥਾ ਵਿਰੋਧੀ ਸੋਚ ਨੂੰ 'ਪ੍ਰਣਾਈ' ਇਸ ਧਰਤੀ ਦੇ ਲੋਕ ਵੀ ਜਾਤੀ ਹਉਮੈ ਦਾ ਸ਼ਿਕਾਰ ਹਨ।

ਚੌਥਾ, ਸਿਆਸੀ ਧਿਰਾਂ ਉੱਤੇ ਆਰਥਕ ਅਤੇ ਸਮਾਜਕ ਦਾਬਾ ਰੱਖਣ ਵਾਲੇ ਤਬਕੇ ਦਾ ਕਬਜ਼ਾ ਹੈ। ਚੋਣਾਂ ਰਾਹੀਂ ਜਿੱਤ ਕੇ ਐੱਮਐੱਲਏ ਬਣਨਾ ਅਤੇ ਸਰਕਾਰ ਬਣਾ ਕੇ ਆਪਣਾ ਦਾਬਾ ਕਾਇਮ ਰੱਖਣਾ ਇਨ੍ਹਾਂ ਦੀ ਰਾਜਨੀਤੀ ਦਾ ਹਿੱਸਾ ਹੈ। 'ਪੰਜਾਬ ਇਲੈਕਸ਼ਨ ਵਾਚ' ਅਤੇ 'ਐਸੋਸੀਏਸ਼ਨ ਆਫ ਡੈਮੋਕਰੇਟਿਕ ਰੀਫਾਰਮਜ਼' ਦੇ ਸਰਵੇ ਤਹਿਤ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ 117 ਜਿੱਤੇ ਉਮੀਦਵਾਰਾਂ ਵਿਚੋਂ 95 ਉਮੀਦਵਾਰ (81%) ਕਰੋੜਪਤੀ ਸਨ। ਦਲਿਤ ਸਮਾਜ ਦੇ ਅਸਲ ਮੁੱਦਿਆਂ ਵਿਚੋਂ ਉਦੈ ਹੋਣ ਵਾਲੀ ਰਾਜਨੀਤੀ ਇਸ ਤਬਕੇ ਦੇ ਦਾਬੇ ਦੀ ਚੂਲ ਨੂੰ ਢਿੱਲਾ ਕਰੇਗੀ। ਇਸੇ ਵਾਸਤੇ ਚੋਣਾਂ ਲੜਨ ਵਾਲੀਆਂ ਧਿਰਾਂ ਦਲਿਤ ਸਮਾਜ ਦੀ ਚੇਤਨਾ ਨੂੰ ਵੋਟਾਂ ਪਾਉਣ ਤੱਕ ਮਹਿਦੂਦ ਰੱਖਣਾ ਚਾਹੁੰਦੀਆਂ ਹਨ। ਦਲਿਤਾਂ ਦੀਆਂ ਵੋਟਾਂ ਬਟੋਰ ਕੇ ਵਿਧਾਨ ਸਭਾ ਵਿਚ ਬੈਠ ਇਨ੍ਹਾਂ ਉਪਰ ਦਾਬਾ ਕਾਇਮ ਰੱਖਣਾ ਲੋਚਦੀਆਂ ਹਨ। ਪੰਜਾਬ ਦੇ ਦਲਿਤ ਸਮਾਜ ਅਤੇ ਜਮਹੂਰੀਅਤ ਪਸੰਦ ਅਵਾਮ ਨੂੰ ਇਸ ਵਰਤਾਰੇ ਬਾਰੇ ਗੰਭੀਰ ਹੋਣਾ ਪਵੇਗਾ।

---

# ਦਲਿਤ ਸਿਆਸਤ ਦੇ ਸਮੀਕਰਨ


**ਅਭੈ ਕੁਮਾਰ ਦੂਬੇ**


ਉਤਰ ਪ੍ਰਦੇਸ਼ ਅਤੇ ਪੰਜਾਬ ਦੀਆਂ ਚੋਣਾਂ ਦਾ ਜੇ ਦਲਿਤ ਰਾਜਨੀਤੀ ਦੇ ਪ੍ਰਸੰਗ ਵਿਚ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਾਫ ਦਿਖਾਈ ਦਿੰਦਾ ਹੈ ਕਿ ਦਲਿਤ ਰਾਜਨੀਤੀ ਅੱਜ ਉਹੋ ਜਿਹੀ ਨਹੀਂ ਰਹਿ ਗਈ ਜਿਵੇਂ ਉਹ ਸ਼ੁਰੂਆਤ ਵਿਚ ਸੀ, ਜਾਂ ਜਿਵੇਂ ਉਸ ਦੀ ਵਿਚਾਰਕ ਤੌਰ 'ਤੇ ਕਲਪਨਾ ਕੀਤੀ ਗਈ ਸੀ। ਅੱਜ ਦੀ ਤਰੀਕ 'ਚ ਦਲਿਤ ਨਾਂ ਦੀ ਛਤਰੀ ਦੇ ਹੇਠਾਂ ਖੜ੍ਹੀਆਂ ਅਨੁਸੂਚਿਤ ਜਾਤੀਆਂ ਦੀਆਂ 'ਵੋਟਾਂ ਲਈ ਪਹਿਲੀ ਪਸੰਦ' ਬਾਰੇ ਕੁਝ ਵੀ ਨਿਸਚਿਤ ਨਹੀਂ ਰਹਿ ਗਿਆ। ਅੰਬੇਡਕਰਵਾਦੀਆਂ ਅਤੇ ਬਹੁਜਨਵਾਦੀਆਂ ਦਾ ਪ੍ਰੋਜੈਕਟ ਢਲਦੀ ਸ਼ਾਮ ਪ੍ਰਤੀਤ ਹੋ ਰਿਹਾ ਹੈ।

ਕਹਿਣਾ ਤਾਂ ਇਹ ਹੋਵੇਗਾ ਕਿ ਦਲਿਤ ਸਿਆਸੀ ਪ੍ਰੋਜੈਕਟ ਜੇਕਰ ਬਿਖਰਿਆ ਨਹੀਂ ਤਾਂ ਵੰਡਿਆ ਜ਼ਰੂਰ ਗਿਆ ਹੈ। ਪੰਜਾਬ ਅਤੇ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ 'ਚ ਇਹੀ ਸੰਦੇਸ਼ ਮਿਲ ਰਿਹਾ ਹੈ। ਇਸ ਵਿਅੰਗਮਈ ਸਥਿਤੀ ਨੂੰ ਕਿਵੇਂ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ ਕਿ ਜੋ ਦਲਿਤ ਸ਼ਬਦ 70 ਦੇ ਦਹਾਕੇ ਤੋਂ ਹੌਲੀ-ਹੌਲੀ ਅਣਗਿਣਤ ਛੋਟੀਆਂ-ਵੱਡੀਆਂ ਬਰਾਦਰੀਆਂ 'ਚ ਵੰਡੀਆਂ ਅਨੁਸੂਚਿਤ ਜਾਤੀਆਂ ਦੀ ਸਿਆਸੀ ਪਛਾਣ ਦਾ ਪ੍ਰਤੀਨਿਧ ਵਾਹਕ ਸੀ, ਉਸ ਦੀ ਇਕ ਸ਼੍ਰੇਣੀ ਦੇ ਵਿਸ਼ਲੇਸ਼ਣ ਲਈ ਵਰਤੋਂ ਕਰਨ 'ਤੇ ਇਨ੍ਹਾਂ ਜਾਤੀਆਂ ਦੀ ਰਾਜਨੀਤਕ ਏਕਤਾ ਦਾ ਗਿਆਨ ਨਹੀਂ ਹੁੰਦਾ।

ਇਨ੍ਹਾਂ ਚੋਣਾਂ ਵਿਚ ਦਲਿਤ ਵੋਟਾਂ ਲਈ ਖਿੱਚੋਤਾਣ ਹੈ। ਉੱਤਰ ਪ੍ਰਦੇਸ਼ 'ਚ ਭਾਜਪਾ ਦੀ ਰਣਨੀਤੀ ਦਾ ਪ੍ਰਮੁੱਖ ਪਹਿਲੂ ਗੈਰ-ਜਾਟਵ ਦਲਿਤ ਵੋਟਾਂ ਨੂੰ ਆਪਣੇ ਵੱਲ ਖਿੱਚਣਾ ਹੈ। ਉਸ ਨੂੰ ਭਰੋਸਾ ਹੈ ਕਿ ਉਹ ਅਜਿਹਾ ਕਰ ਸਕੇਗੀ, ਕਿਉਂਕਿ 2017 ਅਤੇ 2019 ਦੀਆਂ ਚੋਣਾਂ 'ਚ ਉਸ ਨੂੰ ਇਸ ਟੀਚੇ 'ਚ ਕਾਮਯਾਬੀ ਮਿਲ ਚੁੱਕੀ ਹੈ। ਇਸੇ ਤਰ੍ਹਾਂ ਸਮਾਜਵਾਦੀ ਪਾਰਟੀ ਨੂੰ ਲੱਗ ਰਿਹਾ ਹੈ ਕਿ ਅਵਧ ਅਤੇ ਪੂਰਬੀ ਉੱਤਰ ਪ੍ਰਦੇਸ਼ 'ਚ ਜਾਟਵਾਂ ਤੋਂ ਬਾਅਦ ਗਿਣਤੀ ਵਿਚ ਸਭ ਤੋਂ ਮਜ਼ਬੂਤ ਪਾਸੀ ਜਾਤੀ ਦੀਆਂ ਵੋਟਾਂ ਇਸ ਵਾਰ ਉਸ ਨੂੰ ਮਿਲਣ ਵਾਲੀਆਂ ਹਨ।

ਦਲਿਤ ਏਕਤਾ ਦੀ ਵੰਡ ਇਸ ਕਦਰ ਵਧ ਚੁੱਕੀ ਹੈ ਕਿ ਹੁਣ ਕੋਈ ਰਸਮੀ ਤੌਰ 'ਤੇ ਵੀ ਨਹੀਂ ਪੁੱਛਦਾ ਕਿ ਬਹੁਜਨ ਸਮਾਜ ਪਾਰਟੀ ਨੂੰ ਜਾਟਵ ਵੋਟਾਂ ਤੋਂ ਇਲਾਵਾ ਕਿਹੜੀ ਦਲਿਤ ਬਰਾਦਰੀ ਦੀਆਂ ਵੋਟਾਂ ਮਿਲਣ ਵਾਲੀਆਂ ਹਨ। ਇਹ ਇਕ ਰਾਜਨੀਤਕ ਸਮਝ ਬਣ ਚੁੱਕੀ ਹੈ। ਮਾਇਆਵਤੀ ਹੁਣ ਅਸਲ ਅਰਥਾਂ ਵਿਚ 'ਦਲਿਤ ਨੇਤਾ' ਨਾ ਰਹਿ ਕੇ ਸਿਰਫ ਜਾਟਵ ਨੇਤਾ ਬਣ ਕੇ ਰਹਿ ਗਈ ਹੈ। ਉਨ੍ਹਾਂ ਦੀ ਮੁਸ਼ਕਿਲ ਹੋਰ ਵੀ ਵਧਣ ਵਾਲੀ ਹੈ ਕਿਉਂਕਿ ਪੱਛਮੀ ਉੱਤਰ ਪ੍ਰਦੇਸ਼ ਦੇ ਕੁਝ ਇਲਾਕਿਆਂ 'ਚ ਜਾਟਵਾਂ 'ਤੇ ਉਨ੍ਹਾਂ ਦੇ ਦਬਦਬੇ ਨੂੰ ਭੀਮ ਆਰਮੀ ਦੇ ਚੰਦਰਸ਼ੇਖਰ ਰਾਵਣ ਤੋਂ ਚੁਣੌਤੀ ਮਿਲਣ ਵਾਲੀ ਹੈ।

ਦਲਿਤ ਰਾਜਨੀਤਕ ਏਕਤਾ ਦੇ ਪ੍ਰਯੋਗ ਦੀ ਸ਼ੁਰੂਆਤ ਪੰਜਾਬ ਵਿਚ ਹੋਈ ਸੀ। ਕਾਂਸ਼ੀ ਰਾਮ ਦੇ ਆਪਣੇ ਸ਼ਬਦਾਂ ਦੀ ਵਰਤੋਂ ਕੀਤੀ ਜਾਵੇ ਤਾਂ ਉਹ ਪੰਜਾਬ ਦੇ ਹੀ 'ਰਾਮਦਾਸੀਆ ਬਰਾਦਰੀ ਨਾਲ ਸੰਬੰਧਿਤ' ਸਨ। ਅਤਿਵਾਦ ਦੇ ਜ਼ਮਾਨੇ 'ਚ ਬਹੁਜਨ ਸਮਾਜ ਪਾਰਟੀ ਜਿਸ ਬਹਾਦਰੀ ਅਤੇ ਕੁਰਬਾਨੀ ਦੇ ਨਾਲ ਪੰਜਾਬ ਵਿਚ ਚੋਣਾਂ ਲੜੀ, ਉਹ ਆਪਣੇ ਆਪ 'ਚ ਮਿਸਾਲ ਹੈ ਪਰ ਜਲਦ ਹੀ ਕਾਂਸ਼ੀ ਰਾਮ ਨੂੰ ਲੱਗਣ ਲੱਗਾ ਕਿ ਦੇਸ਼ ਵਿਚ ਸਭ ਤੋਂ ਵੱਡੀ ਦਲਿਤ ਬਰਾਦਰੀ ਦੇ ਬਾਵਜੂਦ ਪੰਜਾਬ 'ਚ ਉਸ ਨੂੰ ਹੋਰ ਕਮਜ਼ੋਰ ਜਾਤੀਆਂ ਦਾ ਸਹਿਯੋਗ ਮਿਲਣ ਦੀ ਸਥਿਤੀ ਨਹੀਂ ਹੈ। ਦੂਜਾ, ਪੰਜਾਬ ਦੇ ਦਲਿਤਾਂ ਵਿਚ ਅੰਬੇਡਕਰਵਾਦ ਦਾ ਪ੍ਰਭਾਵ ਮੁਕਾਬਲਤਨ ਘੱਟ ਸੀ। ਡੇਰਿਆਂ ਦੇ ਪ੍ਰਭਾਵ ਦੇ ਕਾਰਨ ਵੀ ਉਨ੍ਹਾਂ ਦੀ ਰਾਜਨੀਤਕ ਗੋਲਬੰਦੀ ਸੌਖੀ ਨਹੀਂ ਸੀ। ਇਸ ਲਈ ਉਹ ਇਸ ਫੈਸਲੇ 'ਤੇ ਪੁੱਜੇ ਕਿ ਪੰਜਾਬ 'ਚ ਬਹੁਜਨ ਥੀਸਿਸ ਪ੍ਰਵਾਨ ਨਹੀਂ ਚੜ੍ਹ ਸਕਦਾ। ਇਸ ਲਈ ਉਨ੍ਹਾਂ ਨੇ ਉੱਤਰ ਪ੍ਰਦੇਸ਼ 'ਚ ਅਜ਼ਮਾਇਸ਼ ਸ਼ੁਰੂ ਕੀਤੀ। ਉਨ੍ਹਾਂ ਨੂੰ ਇਕ ਜਾਟਵ ਨੇਤਾ ਦੀ ਖੋਜ ਸੀ (ਉੱਤਰ ਪ੍ਰਦੇਸ਼ ਦੀਆਂ ਅਨੁਸੂਚਿਤ ਜਾਤੀਆਂ 'ਚ 70 ਫੀਸਦੀ ਜਾਟਵ ਹੀ ਹਨ), ਜੋ ਉਨ੍ਹਾਂ ਦੇ ਬਾਮਸੇਫ ਅਤੇ ਡੀ.ਐਸ.-ਫੋਰ ਦੇ ਸਹਿਯੋਗੀਆਂ 'ਚ ਨਹੀਂ ਸੀ। ਇਸ ਖੋਜ ਵਿਚ ਉਨ੍ਹਾਂ ਦੇ ਹੱਥ ਮਾਇਆਵਤੀ ਲੱਗੀ ਜੋ ਅੱਜ 'ਭੈਣਜੀ' ਦੇ ਰੂਪ 'ਚ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਹੈ।

ਪਰ ਕੀ ਬਹੁਜਨ ਥੀਸਿਸ ਦੇ ਸ਼ੀਸ਼ੇ ਵਿਚ ਦੇਖਣ 'ਤੇ ਉਨ੍ਹਾਂ ਨੂੰ ਕਾਂਸ਼ੀ ਰਾਮ ਦਾ ਉੱਤਰਾਧਿਕਾਰੀ ਮੰਨਿਆ ਜਾ ਸਕਦਾ ਹੈ? ਕਾਂਸ਼ੀ ਰਾਮ ਨੇ ਜਾਟਵਾਂ ਦੀ ਅਗਵਾਈ 'ਚ ਹੋਰ ਦਲਿਤ ਜਾਤੀਆਂ, ਅਤਿ-ਪਛੜੀਆਂ ਅਤੇ ਗਰੀਬ ਮੁਸਲਮਾਨਾਂ ਨੂੰ ਜੋੜ ਕੇ ਇਕ ਬਹੁਜਨ ਗੁਲਦਸਤਾ ਬਣਾਇਆ ਸੀ। ਮਾਇਆਵਤੀ ਵਲੋਂ ਪਿਛਲੇ ਵੀਹ ਸਾਲਾਂ 'ਚ ਜਿਸ ਸ਼ੈਲੀ ਦੀ ਰਾਜਨੀਤੀ ਕੀਤੀ ਗਈ ਹੈ, ਉਸ ਦੇ ਸਮੁੱਚੇ ਨਤੀਜੇ ਕਾਰਨ ਅੱਜ ਉਨ੍ਹਾਂ ਦੇ ਨਾਲ ਨਾ ਤਾਂ ਅਤਿ ਪਛੜੀ ਸ਼੍ਰੇਣੀ ਦੀਆਂ ਵੋਟਾਂ ਹਨ ਅਤੇ ਨਾ ਹੀ ਮੁਸਲਮਾਨ। ਉਹ ਵੋਟਾਂ ਉਨ੍ਹਾਂ ਨੂੰ ਉਦੋਂ ਮਿਲਦੀਆਂ ਹਨ, ਜਦੋਂ ਉਹ ਇਨ੍ਹਾਂ 'ਚੋਂ ਕਿਸੇ ਨੂੰ ਟਿਕਟ ਦਿੰਦੀ ਹੈ। ਜਾਟਵ ਵੋਟਰ ਅੱਜ ਵੀ ਹਾਥੀ ਵਾਲਾ ਬਟਨ ਦਬਾਉਂਦੇ ਹਨ ਪਰ ਜੇਕਰ ਮਾਇਆਵਤੀ ਇਸੇ ਤਰ੍ਹਾਂ ਚੋਣਾਂ ਦੀ ਦੌੜ ਵਿਚ ਮੁੱਖ ਖਿਡਾਰੀ ਬਣਨ ਤੋਂ ਖੁੰਝਦੀ ਰਹੀ ਤਾਂ ਅਗਲੀਆਂ ਚੋਣਾਂ ਵਿਚ ਉਸ ਨੂੰ ਆਪਣੀਆਂ ਵੋਟਾਂ ਬਰਬਾਦ ਕਰਨ ਤੋਂ ਬਚਣ ਬਾਰੇ ਸੋਚਣਾ ਪਵੇਗਾ। ਜਾਟਵ ਵੋਟਰਾਂ 'ਚ ਇਹ ਰੁਝਾਨ ਪੈਦਾ ਹੁੰਦਿਆਂ ਹੀ ਮਾਇਆਵਤੀ ਦਾ ਰਾਜਨੀਤਕ ਸਫਰ ਖ਼ਤਮ ਹੋਣ ਵੱਲ ਮੁੜ ਜਾਵੇਗਾ। 2007 'ਚ ਇਕੱਲਿਆਂ ਆਪਣੇ ਦਮ 'ਤੇ ਸਰਕਾਰ ਬਣਾਉਣ ਤੋਂ ਬਾਅਦ ਉਨ੍ਹਾਂ ਦਾ ਗ੍ਰਾਫ ਲਗਾਤਾਰ ਹੇਠਾਂ ਡਿਗ ਰਿਹਾ ਹੈ ਅਤੇ ਹੁਣ ਉਸ ਦੇ ਬਟੂਏ 'ਚ ਪੰਦਰਾਂ ਤੋਂ ਵੀਹ ਫੀਸਦੀ ਵੋਟਾਂ ਹੀ ਰਹਿ ਗਈਆਂ ਹਨ। ਅਸੀਂ ਜਾਣਦੇ ਹਾਂ ਕਿ ਸਨਮਾਨਜਨਕ ਗਿਣਤੀ 'ਚ ਸੀਟਾਂ ਮਿਲਣਾ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਕਿਸੇ ਦੀ ਵੋਟ ਵੀਹ ਫੀਸਦੀ ਤੋਂ ਉੱਪਰ ਜਾਂਦੀ ਹੈ। ਬਸਪਾ ਨੇ ਸ਼ੁਰੂ ਤੋਂ ਹੀ ਅੰਦੋਲਨ ਦੀ ਰਾਜਨੀਤੀ 'ਚ ਵਿਸ਼ਵਾਸ ਨਹੀਂ ਕੀਤਾ। ਉਹ ਇਕ 'ਸੇਫੋਕ੍ਰੇਟਿਕ' ਭਾਵ ਨਿਰੋਲ ਚੁਣਾਵੀ ਸਰਗਰਮੀ 'ਤੇ ਨਿਰਭਰ ਰਹਿਣ ਵਾਲੀ ਪਾਰਟੀ ਰਹੀ ਹੈ। ਜੇ ਇਸੇ ਪਾਰਟੀ ਦੀ ਨੇਤਾ ਚੋਣਾਂ ਦੌਰਾਨ ਵੀ ਢਿੱਲ ਅਤੇ ਗੈਰ-ਸਰਗਰਮ ਦਿਖਾਈ ਦੇਵੇਗੀ ਤਾਂ ਉਸ ਦੇ ਇਰਾਦਿਆਂ 'ਤੇ ਸ਼ੱਕ ਵੀ ਹੋਵੇਗਾ ਅਤੇ ਉਸ ਦੇ ਸੰਭਾਵੀ ਹਸ਼ਰ 'ਤੇ ਅਫਸੋਸ ਵੀ। ਮਾਇਆਵਤੀ ਦਾ ਇਹ ਰਵੱਈਆ ਦੇਖ ਕੇ ਸਮੀਖਿਅਕ ਵੀ ਚੱਕਰਾਂ 'ਚ ਹਨ ਕਿ ਆਖਿਰਕਾਰ ਭੈਣਜੀ ਚਾਹੁੰਦੀ ਕੀ ਹੈ?

ਮਾਇਆਵਤੀ ਦੀਆਂ ਇਨ੍ਹਾਂ ਅਨਿਸਚਿਤਾਵਾਂ ਦੀ ਝਲਕ ਭਾਜਪਾ ਦੀ ਚੁਣਾਵੀ ਰਣਨੀਤੀ 'ਚ ਵੀ ਦੇਖੀ ਜਾ ਸਕਦੀ ਹੈ। ਮੀਡੀਆ ਮੰਚਾਂ 'ਤੇ ਸਰਗਰਮ ਭਾਜਪਾ ਰੁਝਾਨ ਵਾਲੇ ਟਿੱਪਣੀਕਾਰਾਂ ਅਤੇ ਭਾਜਪਾ ਨੇਤਾਵਾਂ ਦੇ ਬਿਆਨਾਂ ਨਾਲ ਪਹਿਲਾਂ ਤਾਂ ਇਹ ਦਿਖਾਉਣ ਦੀ ਕੋਸ਼ਿਸ਼ ਹੋਈ ਕਿ ਲੜਾਈ ਸਿੱਧੀ ਸਮਾਜਵਾਦੀ ਪਾਰਟੀ ਅਤੇ ਭਾਜਪਾ 'ਚ ਹੈ। ਟੀਚਾ ਇਹ ਸੀ ਕਿ ਗੈਰ-ਜਾਟਵ ਵੋਟਾਂ ਨੂੰ ਆਪਣੇ ਵੱਲ ਖਿੱਚਿਆ ਜਾ ਸਕੇ ਪਰ ਜਦੋਂ ਭਾਜਪਾ ਨੇ ਦੇਖਿਆ ਕਿ ਗੈਰ-ਜਾਟਵ ਵੋਟਾਂ ਸਿਰਫ ਉਸੇ ਨੂੰ ਨਹੀਂ ਸਪਾ ਨੂੰ ਵੀ ਮਿਲਣ ਵਾਲੀਆਂ ਹਨ ਅਤੇ ਇਹ ਵੀ ਲੱਗਾ ਕਿ ਮਾਇਆਵਤੀ ਦੇ ਦੌੜ 'ਚ ਰਹਿਣ ਦੇ ਕਾਰਨ ਕੁਝ ਭਾਜਪਾ ਵਿਰੋਧੀ ਜਾਟਵ ਵੋਟ ਵੀ ਸਪਾ ਵੱਲ ਜਾ ਸਕਦੇ ਹਨ ਤਾਂ ਮੀਡੀਆ ਮੰਚਾਂ 'ਤੇ ਬਸਪਾ ਦੀ 'ਤਾਕਤ' ਨੂੰ ਘੱਟ ਕਰਕੇ ਜਾਂ ਨਾ ਮੁਲੰਕਣ ਦੀਆਂ ਚਿਤਾਵਨੀਆਂ ਦਰਜ ਕਰਵਾਈਆਂ ਜਾਣ ਲੱਗੀਆਂ।

ਮਾਇਆਵਤੀ ਨੇ ਪੰਜਾਬ ਵਿਚ ਅਕਾਲੀ ਦਲ ਨਾਲ ਸਮਝੌਤਾ ਕੀਤਾ ਸੀ। ਉਸ ਸਮੇਂ ਕਿਸੇ ਨੂੰ ਵੀ ਨਹੀਂ ਸੀ ਪਤਾ ਕਿ ਪੰਜਾਬ ਕਾਂਗਰਸ ਦੀ ਰਾਜਨੀਤੀ 'ਚ ਕੀ ਹੋਣ ਵਾਲਾ ਹੈ। ਅੱਜ ਕਾਂਗਰਸ ਇਕ ਦਲਿਤ ਚਿਹਰੇ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾ ਕੇ ਚੋਣਾਂ ਲੜ ਰਹੀ ਹੈ। ਇਸ ਘਟਨਾਕ੍ਰਮ ਨੇ ਪੰਜਾਬ ਦੀਆਂ ਦਲਿਤ ਵੋਟਾਂ ਤਿੰਨ ਹਿੱਸਿਆਂ 'ਚ ਵੰਡ ਦਿੱਤੀਆਂ ਹਨ। ਚੰਨੀ ਦੇ ਕਾਰਨ ਕਾਂਗਰਸ ਨੂੰ ਸਭ ਤੋਂ ਵੱਧ ਦਲਿਤ ਵੋਟਾਂ ਮਿਲ ਸਕਦੀਆਂ ਹਨ। ਕੁਝ ਇਲਾਕਿਆਂ 'ਚ ਆਪਣੇ ਪਹਿਲਾਂ ਤੋਂ ਚੱਲੇ ਆ ਰਹੇ ਪ੍ਰਭਾਵ ਕਾਰਨ ਬਸਪਾ ਦੇ ਉਮੀਦਵਾਰ ਕੁਝ ਵੋਟਾਂ ਖਿੱਚਣਗੇ ਅਤੇ ਪਿਛਲੀਆਂ ਚੋਣਾਂ 'ਚ ਕਾਫੀ ਦਲਿਤ ਵੋਟਾਂ ਲੈਣ ਵਾਲੀ ਆਮ ਆਦਮੀ ਪਾਰਟੀ ਵੀ ਇਸ ਵਾਰ ਵੀ ਦਲਿਤ ਵੋਟਾਂ ਦਾ ਕੁਝ ਨਾ ਕੁਝ ਫੀਸਦੀ ਜ਼ਰੂਰ ਪ੍ਰਾਪਤ ਕਰੇਗੀ।

ਕਹਾਣੀ

# ਨਮੋਲੀਆਂ

***'ਨਮੋਲੀਆਂ' ਕਹਾਣੀ ਬਹੁਤ ਵਰ੍ਹੇ ਪਹਿਲਾਂ 'ਨਾਗਮਣੀ' ਵਿਚ ਅੰਮ੍ਰਿਤਾ ਪ੍ਰੀਤਮ ਜੀ ਨੇ ਛਾਪੀ ਸੀ। ਇਹ ਉਨ੍ਹਾਂ ਦੀ ਪਸੰਦੀਦਾ ਕਹਾਣੀ ਸੀ। ਨਾਗਮਣੀ ਵਿਚ ਪ੍ਰਕਾਸ਼ਿਤ ਹੋਣ ਤੋਂ ਬਾਅਦ ਪਾਠਕਾਂ ਦੀ ਭਰਵੀਂ ਪਸੰਦ ਬਣੀ। ਗੁਰਮੀਤ ਕੜਿਆਲਵੀ ਨੂੰ 'ਨਮੋਲੀਆਂ' ਵਾਲਾ ਗੁਰਮੀਤ ਆਖਣ ਲੱਗੇ। ਇਸ ਉਪਰ ਇਕ ਪਾਤਰੀ ਨਾਟਕ ਬਣਿਆ ਜਿਸਦੀਆਂ ਅੱਜ ਤੱਕ ਦੋ ਸੌ ਤੋਂ ਉਪਰ ਪੇਸ਼ਕਾਰੀਆਂ ਹੋ ਚੁੱਕੀਆਂ ਹਨ। ਭਾਅ ਗੁਰਸ਼ਰਨ ਸਿੰਘ ਨੇ ਇਸ ਕਹਾਣੀ ਬਾਰੇ 'ਕਲਾ ਤੇ ਜ਼ਿੰਦਗੀ' ਕਾਲਮ ਵਿਚ ਆਰਟੀਕਲ ਲਿਖਿਆ। ਪੇਂਡੂ ਕਿਰਤੀ ਵਰਗ ਦੀ ਤਰਸੇਵੇਂ ਭਰੀ ਜ਼ਿੰਦਗੀ ਦੀ ਕਲਾਮਈ ਪੇਸ਼ਕਾਰੀ ਕਰਨ ਵਾਲੀ ਇਹ ਕਹਾਣੀ ਹਰ ਵਕਤ ਨਵੀਂ ਹੈ।***

**ਗੁਰਮੀਤ ਕੜਿਆਲਵੀ**
**ਫੋਨ: 98726-40994**

ਪ੍ਰਾਇਮਰੀ ਸਕੂਲ ਕੋਲੋਂ ਲੰਘਦਿਆਂ ਦਿਲ ਵਿਚ ਹੌਲ ਪੈਣ ਲੱਗ ਜਾਂਦਾ ਏ। ਹਰ ਵਾਰ ਸੋਚਦਾ ਹਾਂ ਕਿ ਸਕੂਲ ਅੰਦਰ ਝਾਤੀ ਨਹੀਂ ਮਾਰਨੀ ਪਰ ਫੇਰ ਪਤਾ ਹੀ ਨਹੀਂ ਲੱਗਦਾ, ਨਿਗਾਹਾਂ ਕਦੋਂ ਸਕੂਲ ਦੇ ਵੱਡੇ ਗੇਟ ਅੰਦਰ ਚਲੀਆਂ ਜਾਂਦੀਆਂ ਨੇ। ਕਿੰਨਾ ਬਦਲ ਗਿਆ ਹੈ ਸਕੂਲ? ਉਦੋਂ ਸਿਰਫ਼ ਦੋ ਕਮਰੇ ਅਤੇ ਦੋ ਵਰਾਂਡੇ ਹੁੰਦੇ ਸਨ। ਹੁਣ ਤਾਂ ਸਾਰੀਆਂ ਜਮਾਤਾਂ ਕਮਰਿਆਂ ਵਿਚ ਬੈਠਦੀਆਂ ਨੇ। ਵਿਹੜੇ ਵਿਚ ਲੱਗੀ ਛਾਂਦਾਰ ਤੇ ਬਾਪੂ ਵਰਗੀ ਚਾਰ-ਚੁਫੇਰੇ ਫੈਲੀ ਨਿੰਮ ਪੁੱਟ ਦਿੱਤੀ ਗਈ ਹੈ, ਜਿਸ ਦੀਆਂ ਨਮੋਲੀਆਂ ਘੋਟਾ ਮਾਸਟਰ ਸਾਨੂੰ ਧੱਕੇ ਨਾਲ ਖੁਆਉਂਦਾ ਸੀ।

'ਨਿੰਮ ਬੜਾ ਗੁਣਕਾਰੀ ਦਰਖ਼ਤ ਹੈ। ਇਹਦੀਆਂ ਨਮੋਲੀਆਂ ਖਾਣ ਨਾਲ ਛੱਤੀ ਬਿਮਾਰੀਆਂ ਟੁੱਟਦੀਆਂ ਨੇ। ਮਲੇਰੀਆ ਤਾਂ ਮਜਾਲ ਕੀ ਨੇੜੇ ਆਜੇ! ਫੋੜਾ ਫਿਨਸੀ ਨਿਕਲਣ ਦਾ ਤਾਂ ਸੁਆਲ ਹੀ ਪੈਦਾ ਨ੍ਹੀ ਹੁੰਦਾ। ਬਿਮਾਰ ਹੋ ਕੇ ਦਵਾਈਆਂ ਲੈਣ ਨਾਲੋਂ ਚੰਗਾ ਇਹ ਨਮੋਲੀਆਂ ਖਾਓ।'

ਘੋਟਾ ਮਾਸਟਰ ਡੰਡਾ ਲੈ ਕੇ ਜੁਆਕਾਂ ਦੇ ਸਿਰ 'ਤੇ ਖੜ ਜਾਂਦਾ। ਹਰ ਇਕ ਨੂੰ ਪੰਜ ਪੰਜ ਨਮੋਲੀਆਂ ਖਾਣੀਆਂ ਪੈਂਦੀਆਂ। ਉਸਦਾ ਡੰਡਾ, ਜਿਸਨੂੰ ਉਹ 'ਘੋਟਾ' ਕਿਹਾ ਕਰਦਾ ਸੀ, ਸਾਰੇ ਸਕੂਲ ਵਿਚ ਮਸ਼ਹੂਰ ਹੁੰਦਾ ਸੀ। ਉਸ ਦੇ ਇਸ ਘੋਟੇ ਦੀ ਮਸ਼ਹੂਰੀ ਕਾਰਨ ਹੀ ਉਸਦਾ ਨਾਂ 'ਘੋਟਾ ਮਾਸਟਰ' ਪਾਇਆ ਹੋਇਆ ਸੀ। ਕੁੱਟਣ ਦਾ ਤਾਂ ਉਹ ਬਹਾਨਾ ਹੀ ਲੱਭਦਾ ਰਹਿੰਦਾ। ਜਿਸ ਦਿਨ ਉਹ ਸਕੂਲ ਨਾ ਆਉਂਦਾ, ਇਉਂ ਲੱਗਦਾ ਜਿਵੇਂ ਕੈਦਖ਼ਾਨੇ ਦੇ ਬੂਹੇ ਖੁੱਲ੍ਹ ਗਏ ਹੋਣ। ਉਸ ਦੇ ਸਕੂਲ ਵੜਦਿਆਂ ਹੀ ਜਿਵੇਂ ਕੋਈ ਦਿਉ-ਰੂਹ ਸਕੂਲ ਵਿਚ ਪ੍ਰਵੇਸ਼ ਕਰ ਜਾਂਦੀ। ਸਾਰਾ ਸਕੂਲ ਸੁਸਰੀ ਵਾਂਗ ਸੌਂ ਜਾਂਦਾ। ਅਸੀਂ ਅੱਖਾਂ ਹੀ ਅੱਖਾਂ 'ਚ ਇਕ ਦੂਜੇ ਨਾਲ਼ ਆਪਣੀ ਪੀੜ ਸਾਂਝੀ ਕਰਦੇ। ਢੂਈ ਅਤੇ ਹੱਥਾਂ 'ਤੇ ਪੈਣ ਵਾਲ਼ੇ ਡੰਡਿਆਂ ਦੀ ਪੀੜ ਮਹਿਸੂਸ ਹੋਣ ਲੱਗ ਜਾਂਦੀ। ਜਮਾਤ ਵਿਚ ਵੜਦਿਆਂ ਹੀ ਉਹ ਘਰ ਲਈ ਦਿੱਤਾ ਕੰਮ ਵੇਖਣਾ ਸ਼ੁਰੂ ਕਰ ਦਿੰਦਾ। ਜਿਸ ਨੇ ਕੰਮ ਨਾ ਕੀਤਾ ਹੁੰਦਾ ਉਸ ਦੀ ਸ਼ਾਮਤ ਆ ਜਾਂਦੀ। ਕੋਈ ਝੂਠਾ-ਸੱਚਾ ਬਹਾਨਾ ਉਸ ਅੱਗੇ ਨਾ ਚੱਲਦਾ। ਉਹ ਬੇਕਿਰਕਾਂ ਵਾਂਗ ਬੈਂਤ ਵਰ੍ਹਾਉਂਦਾ ਅਤੇ ਪੁਲਸੀਆ ਰੋਅਬ 'ਚ ਗਾਲ੍ਹਾਂ ਵੀ ਕੱਢਦਾ।

'ਮਾਂ ਦਿਆ...ਜਾ ਕੇ ਮਾਂ ਆਵਦੀ ਦੀ ਕੱਛ 'ਚ ਵੜਿਆ ਰਿਹੈਂ, ਸਕੂਲ ਦਾ ਕੰਮ ਤੇਰੇ ਪਿਓ ਨੇ ਕਰਨਾ ਸੀ?' ਘੋਟੇ ਮਾਸਟਰ ਦਾ ਘੋਟਾ ਓਨਾ ਚਿਰ ਚੱਲਦਾ, ਜਿੰਨਾ ਚਿਰ ਉਹ ਆਪ ਹਫ਼ ਨਾ ਜਾਂਦਾ। ਜਦੋਂ ਵੀ ਸਕੂਲ ਅੱਗੋਂ ਲੰਘਦਾ ਹਾਂ 'ਘੋਟਾ ਮਾਸਟਰ' ਯਾਦ ਆਉਂਦਾ ਹੈ। ਸਰੀਰ ਵਿਚ ਉਸ ਦੀ ਕੁੱਟ ਕਾਰਨ ਪਈਆਂ ਚਸਕਾਂ ਫੇਰ ਸ਼ੁਰੂ ਹੋ ਜਾਂਦੀਆਂ ਨੇ।

ਘੋਟਾ ਮਾਸਟਰ ਗਰਮੀਆਂ ਦੀਆਂ ਛੁੱਟੀਆਂ ਵਿਚ ਢੇਰ ਸਾਰਾ ਕੰਮ ਘਰੋਂ ਕਰਨ ਲਈ ਦਿੰਦਾ। ਇੰਨਾ ਕੰਮ ਕਿ ਸਾਰੀਆਂ ਛੁੱਟੀਆਂ ਵਿਚ ਮਸੀਂ ਪੂਰਾ ਹੋ ਸਕੇ। ਗਰਮੀਆਂ ਦੀਆਂ ਛੁੱਟੀਆਂ ਵਿਚ ਦੁੜੰਗੇ ਲਾਉਣ ਅਤੇ ਖੇਡਣ-ਮੱਲਣ ਦੇ ਚਾਹਵਾਨਾਂ ਤੋਂ ਇਹ ਕੰਮ ਪੂਰਾ ਨਾ ਹੁੰਦਾ। ਛੁੱਟੀਆਂ ਖ਼ਤਮ ਹੋਣ 'ਤੇ ਪਹਿਲੇ ਦਿਨ ਹੀ 'ਘੋਟਾ ਮਾਸਟਰ' ਦਾ ਘੋਟਾ ਫਿਰ ਜਾਂਦਾ। ਐਨੀ ਕੁੱਟ ਖਾ ਕੇ ਵੀ ਪਤਾ ਨਹੀਂ ਮੇਰੇ ਜਮਾਤੀ ਉਦਾਸ ਕਿਉਂ ਨਹੀਂ ਸੀ ਹੁੰਦੇ। ਸ਼ਾਇਦ ਉਹ ਮਹੀਨਾ ਭਰ ਮੌਜ-ਮਸਤੀ ਦੀ ਚਾਰ ਡੰਡੇ ਕੋਈ ਜ਼ਿਆਦਾ ਕੀਮਤ ਨਹੀਂ ਸੀ ਸਮਝਦੇ ਪਰ ਮੇਰੇ ਤਾਂ ਜਿਵੇਂ ਸਰੀਰ 'ਤੇ ਹੀ ਨਹੀਂ ਦਿਮਾਗ਼ 'ਤੇ ਵੀ ਇਹ ਘੋਟਾ ਫਿਰ ਜਾਂਦਾ। ਜੀਅ ਕਰਦਾ ਸਕੂਲੋਂ ਭੱਜ ਜਾਵਾਂ। ਕੰਮ ਨਾ ਕਰ ਕੇ ਲਿਆ ਸਕਣ ਵਿਚ ਮੇਰਾ ਕੀ ਕਸੂਰ? ਛੁੱਟੀਆਂ ਦੌਰਾਨ ਘਰਦਿਆਂ ਨੇ ਇਕ ਦਿਨ ਵੀ ਤਾਂ ਵਿਹਲਾ ਨਹੀਂ ਸੀ ਰਹਿਣ ਦਿੱਤਾ। ਪਹਿਲੀ ਛੁੱਟੀ ਵਾਲੇ ਦਿਨ ਹੀ ਬਾਪੂ ਝੋਨਾ ਲਾਉਣ ਲਾ ਲੈਂਦਾ ਤੇ ਫਿਰ ਸਾਰੀਆਂ ਛੁੱਟੀਆਂ ਝੋਨਾ ਲਾਉਂਦਿਆਂ ਹੀ ਲੰਘ ਜਾਂਦੀਆਂ। ਸਾਰੀ ਦਿਹਾੜੀ ਕੋਡੀ ਢੂਈ ਝੋਨਾ ਲਾਉਂਦਿਆਂ, ਆਥਣ ਨੂੰ ਲੱਕ ਸਿੱਧਾ ਨਾ ਹੁੰਦਾ। ਦੁਪਹਿਰ ਨੂੰ ਖੇਤ ਵਿਚਲਾ ਪਾਣੀ ਤਪ ਜਾਂਦਾ ਤਾਂ ਜਿਵੇਂ ਹੱਡ ਸੜਨ ਲੱਗਦੇ। ਉਪਰੋਂ ਸੂਰਜ ਅੱਗ ਵਰ੍ਹਾਉਂਦਾ। ਕਦੇ ਕਦੇ ਜੀਅ ਕਰਦਾ ਭੱਠ ਵਾਂਗੂੰ ਤਪਦੇ ਸਰੀਰ ਨੂੰ ਠਾਰਨ ਲਈ ਪਾਣੀ ਵਿਚ ਸੂਰ ਵਾਂਗ ਪਲਸੇਟੇ ਮਾਰਾਂ। ਕਦੇ ਕਦੇ ਬਾਪੂ ਤੋਂ ਅੱਖ ਬਚਾ ਕੇ ਪਿੰਡ ਵੱਲ ਵੇਖਦਾ ਤਾਂ ਦਿਲ ਵਿਚ ਲੂਹਰੀਆਂ ਉਠਦੀਆਂ। ਪਿੰਡ ਦੀਆਂ ਗਲੀਆਂ ਕੱਛਦੇ ਤੇ ਛੁੱਟੀਆਂ ਦਾ ਸੁਆਦ ਮਾਣਦੇ ਹਾਣੀ ਮੁੰਡਿਆਂ ਦਾ ਖ਼ਿਆਲ ਆਉਂਦਾ ਤਾਂ ਦਿਲ ਕਾਹਲਾ ਪੈਣ ਲੱਗਦਾ। ਤੀਲ੍ਹਾ ਮਸੀਂ ਗਡੋਇਆ ਜਾਂਦਾ। ਪਨੀਰੀ ਦੀ ਗੁੱਟੀ ਵਗਾਹ ਮਾਰਨ ਨੂੰ ਜੀਅ ਕਰਦਾ। ਬਾਪੂ ਪਤਾ ਨਹੀਂ ਕਿਵੇਂ ਤਾੜ ਰੱਖਦਾ। ਹੌਲ਼ੀ ਕੰਮ ਕਰਦਿਆਂ ਵੇਖ ਉਸ ਦੇ ਮੂੰਹੋਂ ਗਲੀ-ਸੜੀ ਗਾਲ੍ਹ ਨਿਕਲਦੀ।

'ਮਾਂ ਦਿਆ...ਮਾਰ ਲੈ ਹੱਥ। ਫੇ ਸਾਰਾ ਸਾਲ ਵਿਹਲੀਆਂ ਈ ਖਾਣੀਆਂ। ਪੁੱਛ ਕੇ ਤੀਲ੍ਹਾ ਗਡੋਨੈ। ਲਾ ਲੈ ਚਾਰ ਤੀਲ੍ਹੇ ਛੇਤੀ-ਛੇਤੀ।' ਮੇਰਾ ਜੀਅ ਕਰਦਾ ਹਥਲੀ ਗੁੱਟੀ ਸੁੱਟ ਕੇ ਭੱਜ ਜਾਵਾਂ ਪਰ ਬਾਪੂ ਦੀ ਕੁੱਟ ਚੇਤੇ ਆਉਣ 'ਤੇ ਮੂੰਹ ਉਸੇ ਤਰ੍ਹਾਂ ਦਾ ਹੋ ਜਾਂਦਾ ਜਿਵੇਂ ਘੋਟੇ ਮਾਸਟਰ ਵਲੋਂ ਜ਼ਬਰਦਸਤੀ ਨਮੋਲੀਆਂ ਖੁਆਉਣ 'ਤੇ ਹੋ ਜਾਂਦਾ ਸੀ। ਜਦੋਂ ਕਦੇ ਬਾਪੂ ਨੂੰ ਸਕੂਲ ਦਾ ਕੰਮ ਨਾ ਕਰਨ 'ਤੇ ਪੈਣ ਵਾਲੀ ਕੁੱਟ ਬਾਰੇ ਦੱਸਦਾ, ਉਹ ਭੜਕ ਪੈਂਦਾ। ਉਸ ਦੀਆਂ ਅੱਖਾਂ ਘੋਟੇ ਮਾਸਟਰ ਵਾਂਗ ਲਾਲ ਸੁਰਖ਼ ਹੋ ਜਾਂਦੀਆਂ।

'ਗੰਦੀਏ 'ਲਾਦੇ...ਪੜ੍ਹ ਕੇ ਤੈਂਅ ਕਿਹੜਾ ਕਾਨੂੰਗੋ ਲੱਗ ਜਾਣੈ। ਆਹੀ ਖੋਰੀ ਖੋਤਨੀ ਐ ਆਖੀਰ ਨੂੰ। ਨਾ ਜਾਈਂ ਸਕੂਲ ਜੇ ਬਹੁਤਾ ਡਰ ਲੱਗਦੈ। ਅੱਗੇ ਕਿਹੜਾ ਪੜ੍ਹ ਪੜ੍ਹ ਕਿਲੇ ਢਾਹੀ ਜਾਨੈ?' ਫੇਰ ਸਾਰੀਆਂ ਛੁੱਟੀਆਂ ਦੌਰਾਨ ਬੋਲਣ ਦਾ ਹੌਸਲਾ ਹੀ ਨਹੀਂ ਸੀ ਪੈਂਦਾ। ਦਿਲ ਵਿਚ ਡਾਢਾ ਗੁੱਸਾ ਆਉਂਦਾ ਪਰ ਕੀ ਕਰਦਾ? ਜਦੋਂ ਵੀ ਗੁੱਸਾ ਆਉਂਦਾ, ਪਨੀਰੀ ਦੇ ਦਸ ਦਸ ਬੂਟੇ ਇੱਕੋ ਥਾਂ ਲਾਈ ਜਾਂਦਾ। ਜੜ੍ਹਾਂ ਕੋਲ਼ੋਂ ਕਰ ਕੇ ਝੋਨੇ ਦੇ ਬੂਟੇ ਫੜਦਾ ਤੇ ਕਚੀਚੀ ਲੈ ਲੈ ਕੇ ਲਾਉਂਦਾ। ਇੰਜ ਕਰਨ ਨਾਲ਼ ਮਨ ਨੂੰ ਤਸੱਲੀ ਜਿਹੀ ਹੋ ਜਾਂਦੀ। ਗੁੱਸਾ ਪਤਾ ਨਹੀਂ ਕਿਧਰ ਨੂੰ ਖੰਭ ਲਾ ਕੇ ਉਡ-ਪੁੱਡ ਜਾਂਦਾ।

ਮਾਂ ਮੇਰੇ ਮਾਸੂਮ ਮੂੰਹ 'ਤੇ ਆਈ ਉਦਾਸੀ ਵੇਖ ਕੇ ਹਓਕਾ ਖਿੱਚ ਲੈਂਦੀ, 'ਬੱਸ ਪੁੱਤ ਆਹੀ ਚਾਰ ਦਿਨ ਆ ਕੰਮ ਦੇ। ਆਪਾਂ ਗਰੀਬਾਂ ਦਾ ਤਾਂ ਆਹੀ ਸੀਜ਼ਨ ਹੁੰਦਾ ਕਮਾਈ ਦਾ ਜੇ ਮਾਰ ਲੈਣ ਝੁੱਟ ਸਾਰੇ ਜੀਅ ਰਲਕੇ। ਮੇਰਾ ਸਾਊ ਪੁੱਤ ਬਣ ਕੇ ਲੁਆਦੇ ਆਹ ਦਿਨ। ਨਾਲੇ ਤੇਰੇ ਪੈਸਿਆਂ ਦਾ ਤਾਂ ਤੈਨੂੰ ਈ ਸੂਟ ਬਣਾ ਦੇਣਾ। ਹੋਰ ਅਸੀਂ ਕੀ ਕਰਨੇ ਪੈਸੇ?' ਮੇਰਾ ਜੀਅ ਕਰਦਾ ਕਰਦਾ ਮਾਂ ਦੇ ਗਲ ਲੱਗ ਉਚੀ ਉਚੀ ਰੋਵਾਂ।

ਮੇਰੇ ਤੋਂ ਵੱਡੀਆਂ ਤਿੰਨ ਭੈਣਾਂ ਵੀ ਸਾਰੀ ਦਿਹਾੜੀ ਨਾਲ ਹੀ ਕੰਮ ਕਰਾਉਂਦੀਆਂ। ਮੈਂ ਸੋਚਦਾ-ਇਹ ਵੀ ਤਾਂ ਮੇਰੇ ਆਂਗੂੰ ਥੱਕ ਜਾਂਦੀਆਂ ਹੋਣਗੀਆ? ਪਰ ਭੈਣਾਂ ਨੇ ਕਦੇ ਮੇਰੇ ਵਾਂਗ ਥੱਕੇ ਹੋਣ ਬਾਰੇ ਉਜ਼ਰ ਨਹੀਂ ਸੀ ਕੀਤਾ। ਉਹ ਤਾਂ ਸਿਰ ਸੁੱਟ ਕੇ ਕੰਮ ਨੂੰ ਲੱਗੀਆਂ ਰਹਿੰਦੀਆਂ, ਉਂਜ ਉਨ੍ਹਾਂ ਦੇ ਚਿਹਰੇ ਬੁਝੇ ਰਹਿੰਦੇ। ਮੈਂ ਉਨ੍ਹਾਂ ਨੂੰ ਕਦੇ ਆਂਢ-ਗੁਆਂਢ ਦੀਆਂ ਕੁੜੀਆਂ ਨਾਲ ਖੇਡਦਿਆਂ ਨਹੀਂ ਸੀ ਦੇਖਿਆ। ਕਿਸੇ ਨਾ ਕਿਸੇ ਕੰਮ ਵਿਚ ਜੁੱਟਿਆਂ ਹੀ ਦੇਖਿਆ। ਆਂਢ-ਗੁਆਂਢ ਦੀਆਂ ਕੁੜੀਆਂ ਨੂੰ ਖੇਡਦੀਆਂ ਦੇਖਦਾ ਤਾਂ ਮੇਰੇ ਅੰਦਰੋਂ ਲੂਹਰੀ ਜਿਹੀ ਉਠਦੀ, 'ਭੈਣਾਂ ਕਿਉਂ ਨਹੀਂ ਖੇਡਦੀਆਂ?' ਮੇਰਾ ਜੀਅ ਵੀ ਕਰਦਾ ਪੁੱਛਣ ਨੂੰ, ਪਰ ਹੌਸਲਾ ਨਾ ਪੈਂਦਾ।

'ਛੁੱਟੀਆਂ-ਛੁੱਟੀਆਂ ਕਰਾਉਣਾ ਤੈਂਅ ਚਾਰ ਦਿਨ ਕੰਮ, ਫੇਰ ਸਾਰਾ ਸਾਲ ਹਰੀਆਂ ਈ ਚਰਨੀਆਂ। ਵਿਹਲੀਆਂ ਈਂ ਖਾਣੀਆਂ ਮੁਫਤ ਦੀਆਂ। ਕੋਈ ਮਰਨ ਨ੍ਹੀ ਲੱਗਾ ਤੂੰ ਆਹ ਪੰਦਰਾਂ ਦਿਨਾਂ 'ਚ? ਹੋਰ ਨ੍ਹੀ ਤਾਂ ਆਵਦੇ ਫੀਸਾਂ-ਫੂਸਾਂ ਜੋਗੇ ਈ ਕਮਾਲੇਂਗਾ। ਇਕ ਤਾਂ ਆਹ ਮੇਰੇ ਸਾਲ...ਦਿਨੋ ਦਿਨ ਵਧਾਈ ਤੁਰੇ ਜਾਂਦੇ।' ਬਾਪੂ ਕਈ ਵਾਰ ਮੇਰਾ ਧਿਆਨ ਆਸੇ-ਪਾਸੇ ਕਰਨ ਲਈ ਜਾਂ ਐਵੇਂ ਫੋਕਾ ਰੋਅਬ ਝਾੜਨ ਲਈ ਹੀ ਕਹਿ ਦਿੰਦਾ। ਮੈਨੂੰ ਉਸ ਦੀ 'ਸਾਰਾ ਸਾਲ ਵਿਹਲਾ ਰਹਿ ਕੇ ਹਰੀਆਂ ਚਰਨ' ਵਾਲ਼ੀ ਗੱਲ 'ਤੇ ਹਾਸਾ ਵੀ ਆਉਂਦਾ ਤੇ ਰੋਣਾ ਵੀ। ਛੁੱਟੀ ਹੋਣ 'ਤੇ ਅਜੇ ਮਸੀਂ ਘਰ ਵੜਦਾ,ਰੰਬਾ ਤੇ ਪੱਲੀ ਮੇਰੇ ਹੱਥਾਂ ਵਿਚ ਆ ਜਾਂਦੇ। ਖੇਤਾਂ ਦੀਆਂ ਵੱਟਾਂ ਅਤੇ ਰੱਕੜਾਂ ਵਿਚ ਉਗਿਆ ਘਾਹ ਖੋਤਦਿਆਂ ਸਾਰੀ ਦਿਹਾੜੀ ਲੰਘ ਜਾਂਦੀ, ਫੇਰ ਕਿਤੇ ਜਾ ਕੇ ਪੰਡ ਬਣਦੀ।

ਬਾਪੂ ਹਰ ਵਰ੍ਹੇ ਸਾਲ-ਡੇਢ ਸਾਲ ਦੀ ਕੋਈ ਝੋਟੀ ਲਿਆ ਕੇ ਕਿੱਲੇ 'ਤੇ ਬੰਨ੍ਹਦਿਆਂ ਹੀ ਹੁਕਮ ਅਤੇ ਸੁਝਾਅ ਭਰੇ ਰਲ਼ਵੇਂ-ਮਿਲ਼ਵੇਂ ਸੁਰ ਵਿਚ ਆਖਦਾ, 'ਲੈ ਫੜ, ਤੂੰ ਹੀ ਸਾਂਭਣੀ ਐ। ਸਾਲ ਡੂਢ ਸਾਲ 'ਚ ਕਿਸੇ ਥਾਂ ਸਿਰ ਹੋਜੂ। ਅਗਲੇ ਨੂੰ ਅਧਿਆਰੇ ਦੇ ਬਣਦੇ ਪੈਸੇ ਤਾਰ ਕੇ ਘਰ ਰੱਖ ਲਾਂਗੇ। ਝੋਟੀ ਰਵੇ ਦੀ ਐ । ਸਾਰਾ ਸਾਲ ਦੁੱਧ ਵਾਧ ਪੀਆਂਗੇ।' ਪਰ ਇਹ ਦੁੱਧ ਵਾਧ ਪੀਣਾ ਨਸੀਬ ਨਹੀਂ ਸੀ ਹੁੰਦਾ। ਝੋਟੀ ਦੇ ਮੱਝ ਬਣਨ 'ਤੇ, ਇਹ ਕਿੱਲੇ ਤੋਂ ਖੁੱਲ੍ਹ ਕੇ ਕਿਸੇ ਹੋਰ ਦੇ ਕਿੱਲੇ 'ਤੇ ਚਲੀ ਜਾਂਦੀ।

'ਝੋਟੀ ਘਰੇ ਰੱਖ ਲੈਂਦੇ, ਪਰ ਫਿੱਟ ਨਹੀਂ ਸੀ ਬੈਠਣੀ। ਨੁਕਸ ਸੀ ਵੱਡਾ ਏਹਨੂੰ। ਲੇਵਾ ਪੁੱਠਾ ਸੀ। ਮੂਹਰਲਾ ਥਣ ਵੀ ਥੋੜ੍ਹਾ ਜਿਹਾ ਔਹਰਾ ਸੀ। ਊਂ ਸੀ ਵੀ ਥੋੜ੍ਹੀ ਜਿਹੀ ਕੌੜ ਈ। ਐਹੇ ਜੇ ਡੰਗਰ ਦਾ ਘਰੇ ਰੱਖਣਾ ਠੀਕ ਨ੍ਹੀ ਹੁੰਦਾ।' ਬਾਪੂ ਦੀ ਮੱਝ ਘਰੇ ਨਾ ਰੱਖਣ ਵਾਲ਼ੀ ਦਲੀਲ ਸੁਣ ਕੇ ਉਸ 'ਤੇ ਤਰਸ ਵੀ ਆਉਂਦਾ ਤੇ ਗੁੱਸਾ ਵੀ। ਮੱਝ ਦੇ ਚਲੇ ਜਾਣ 'ਤੇ ਦਿਲ ਕਈ ਦਿਨ ਉਦਾਸ ਰਹਿੰਦਾ। ਸਾਲ-ਡੇਢ ਸਾਲ ਤੋਂ ਇਸ ਆਸ 'ਤੇ ਪੱਠੇ ਪਾਉਂਦਾ ਰਿਹਾ ਸਾਂ ਕਿ ਇਸ ਦੇ ਸੂਣ 'ਤੇ ਪੀਣ ਨੂੰ ਦੁੱਧ ਮਿਲ ਜਾਇਆ ਕਰੇਗਾ ਤੇ ਦੁੱਧ ਤੋਂ ਬਣਾਈ ਦਹੀਂ ਨਾਲ ਅੱਧੀ ਛੁੱਟੀ ਸੁਆਦ ਨਾਲ ਰੋਟੀ ਖਾਧੀ ਜਾਇਆ ਕਰੇਗੀ। ਬਾਪੂ ਫੇਰ ਕੋਈ ਨਿੱਕੀ ਜਿਹੀ ਕੱਟੀ ਲਿਆ ਕੇ ਕਿੱਲੇ 'ਤੇ ਬੰਨ੍ਹ ਦਿੰਦਾ। ਮੈਂ ਫੇਰ ਰੰਬਾ, ਦਾਤੀ ਅਤੇ ਪੱਲੀ ਚੁੱਕ ਕੇ ਖੇਤਾਂ ਦੀਆਂ ਵੱਟਾਂ ਗਾਹੁਣ ਲੱਗ ਜਾਂਦਾ। ਕਣਕ ਦੇ ਖੇਤਾਂ 'ਚੋਂ ਸੇਂਜੀ ਅਤੇ ਰੱਕੜਾਂ 'ਚ ਉਗਿਆ ਘਾਹ ਤੇ ਮਧਾਣਾ ਖੋਤ ਲਿਆਉਂਦਾ। ਝੋਟੀ ਜਦੋਂ ਮੇਰਾ ਲਿਆਂਦਾ ਘਾਹ ਮੁਰਚ ਮੁਰਚ ਕਰਕੇ ਖਾਂਦੀ, ਦਿਲ ਖ਼ੁਸ਼ੀ ਨਾਲ ਨੱਚ ਉਠਦਾ। ਬਾਲਟੀ ਲੈ ਕੇ ਦੁੱਧ ਚੋਂਦੀ ਮਾਂ, ਦੁੱਧ ਨਾਲ ਭਰੀ ਝੱਗੋ-ਝੱਗ ਹੋਈ ਬਾਲਟੀ, ਦਹੀਂ ਅਤੇ ਲੱਸੀ ਦੀਆਂ ਘਰ ਵਿਚ ਲੱਗੀਆਂ ਲਹਿਰਾਂ-ਬਹਿਰਾਂ ਦੇ ਸੁਪਨੇ ਦਿਮਾਗ ਵਿਚ ਘੁੰਮਣ ਲੱਗਦੇ।



ਜਦੋਂ ਪੰਜਵੀਂ ਵਿਚੋਂ ਪੂਰੇ ਜ਼ਿਲ੍ਹੇ 'ਚੋਂ ਪਹਿਲੇ ਨੰਬਰ 'ਤੇ ਆਇਆ, ਉਸ ਦਿਨ ਘੋਟੇ ਮਾਸਟਰ ਨੇ ਬਾਪੂ ਨੂੰ ਉਚੇਚਾ ਸਕੂਲ ਸੱਦਿਆ। ਬਾਪੂ ਦੇ ਆਉਣ 'ਤੇ ਘੋਟੇ ਮਾਸਟਰ ਨੇ ਮੈਨੂੰ ਬੁੱਕਲ ਵਿਚ ਲੈ ਕੇ ਘੁੱਟਿਆ। ਬਾਪੂ ਨੂੰ ਪੂਰੇ ਸਤਿਕਾਰ ਨਾਲ਼ ਆਪਣੇ ਕੋਲ ਪਈ ਕੁਰਸੀ 'ਤੇ ਬੈਠਣ ਲਈ ਕਿਹਾ। ਬਾਪੂ ਡਰਦਾ-ਡਰਦਾ ਜਿਹਾ ਬੈਠਾ, ਜਿਵੇਂ ਕੁਰਸੀ ਕੋਈ ਡੰਗ ਮਾਰਨ ਵਾਲ਼ਾ ਸੱਪ ਹੋਵੇ।

'ਲਿਆਕਤ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੁੰਦੀ। ਕੀ ਹੋਇਆ ਏਹ ਗਰੀਬ ਘਰੇ ਜੰਮਿਆ, ਦਿਮਾਗ 'ਨ੍ਹੀਂ ਗਰੀਬ ਏਹਦਾ। ਕਹਿੰਦੇ ਕਹਾਉਂਦੇ ਖੱਬੀਖਾਨਾਂ ਦੇ ਮੁੰਡਿਆਂ ਨੂੰ ਪਛਾੜਿਆ ਏਹਨੇ। ਸਾਰੇ ਸਕੂਲ ਨੂੰ ਮਾਣ ਆ ਏਹਦੇ 'ਤੇ। ਮਹੀਨੇ ਕੁ ਤਕ ਵਜ਼ੀਫੇ ਦੀ ਪ੍ਰੀਖਿਆ ਹੋਣ ਵਾਲ਼ੀ ਐ। ਮੈਂ ਆਪ ਲੈ ਕੇ ਜਾਊਂ ਪ੍ਰੀਖਿਆ ਦੁਆਉਣ। ਮੈਨੂੰ ਆਪਣੇ ਪੁੱਤਾਂ ਨਾਲੋਂ ਵੱਧ ਪਿਆਰਾ।' ਘੋਟੇ ਮਾਸਟਰ ਦੇ ਮੂੰਹੋਂ ਅਜਿਹੇ ਪਿਆਰ ਭਰੇ ਸ਼ਬਦ ਸੁਣ ਕੇ ਮੇਰੀਆਂ ਅੱਖਾਂ ਵਿਚ ਪਾਣੀ ਆ ਗਿਆ। ਮੈਂ ਦੇਖਿਆ, ਮਾਸਟਰ ਦੀਆਂ ਅੱਖਾਂ ਵੀ ਸਿਲੀਆਂ ਹੋ ਗਈਆਂ ਸਨ। ਬਾਪੂ ਤਾਂ ਬਿਲਕੁਲ ਹੀ ਗੁੰਮ ਗਿਆ। ਮੈਨੂੰ ਘੋਟਾ ਮਾਸਟਰ ਬੜਾ ਚੰਗਾ-ਚੰਗਾ ਲੱਗਾ।

'ਦੇਖ ਜਗੀਰ ਸਿੰਘ, ਮੁੰਡੇ ਨੂੰ ਪੜ੍ਹਨੋ ਨ੍ਹੀਂ ਹਟਾਉਣਾ। ਪੜ੍ਹਨ ਦੇ ਜਿਥੋਂ ਤੱਕ ਪੜ੍ਹਦਾ। ਅਫਸਰ ਬਣਾਉਣਾ ਏਹਨੂੰ, ਵੱਡਾ ਅਫਸਰ। ਜਿਸ ਦਿਨ ਕਿਸੇ ਅਹੁਦੇ 'ਤੇ ਪੁੱਜ ਗਿਆ, ਤੇਰੀ ਸਾਰੀ ਗਰੀਬੀ ਹੂੰਝ ਸੁੱਟੂ। ਲੜੇ-ਲੰਡੇ ਸਰਦਾਰ ਤੇਰੇ ਅੱਗੇ ਪਿੱਛੇ ਫਿਰਿਆ ਕਰਨਗੇ।' ਮੈਂ ਉਸ ਦਿਨ ਪਹਿਲੀ ਵਾਰ ਕਿਸੇ ਦੇ ਮੂੰਹੋਂ ਬਾਪੂ ਦਾ ਇਹ ਨਾਂ ਸੁਣਿਆ ਸੀ। ਕੰਮ-ਧੰਦੇ ਲਈ ਸੱਦਣ ਆਉਣ ਵਾਲੇ ਤਾਂ ਉਸ ਨੂੰ 'ਗੀਰੀ' ਈ ਸੱਦਦੇ ਸਨ।

'ਏਹ ਤੈਨੂੰ ਤੰਗ ਨ੍ਹੀਂ ਕਰਦਾ। ਵਜ਼ੀਫੇ ਆਸਰੇ ਈ ਪੜ੍ਹੀ ਜਾਊ। ਅਸੀਂ ਵੀ ਬਣਦੀ-ਸਰਦੀ ਹੈਲਪ ਕਰਾਂਗੇ। ਸਾਰਾ ਸਟਾਫ ਏਹਨੂੰ ਕੁਛ ਬਣਿਆ ਵੇਖਣਾ ਚਾਹੁੰਦੈ।'

'ਹੱਛਾ ਜੀ!' ਬਾਪੂ ਨੇ ਮਸੀਂ ਇੰਨਾ ਹੀ ਕਿਹਾ ਸੀ। ਮੈਨੂੰ ਪਹਿਲੇ ਨੰਬਰ 'ਤੇ ਆਉਣ ਦੀ ਇੰਨੀ ਖ਼ੁਸ਼ੀ ਮਹਿਸੂਸ ਹੋ ਰਹੀ ਸੀ ਕਿ ਜੀਅ ਕਰਦਾ ਸੀ ਖੰਭ ਲਾ ਕੇ ਅਸਮਾਨੀਂ ਉਡ ਜਾਵਾਂ। ਉਸ ਦਿਨ ਮੈਂ ਅੰਦਰ ਵੜ ਕੇ ਘੋਟੇ ਮਾਸਟਰ ਦੀਆਂ ਗੱਲਾਂ ਚੇਤੇ ਕਰ-ਕਰ ਰੋਂਦਾ ਰਿਹਾ। ਕਿਉਂ ਰੋਂਦਾ ਰਿਹਾ ਸਾਂ, ਇਹ ਮੈਨੂੰ ਸਮਝ ਨਹੀਂ ਆਈ। ਮਾਂ ਦੇ ਪੈਰ ਧਰਤੀ 'ਤੇ ਨਹੀਂ ਸੀ ਲੱਗੇ। ਉਹਨੇ ਆਂਢ-ਗੁਆਂਢ ਪਤਾਸੇ ਵੰਡੇ ਸਨ। ਪਤਾਸਿਆਂ ਲਈ ਘਰ ਪੈਸੇ ਕਿਥੋਂ ਆ ਗਏ? ਮੈਂ ਇਹ ਵੀ ਸੋਚਦਾ ਰਿਹਾ ਸਾਂ।

'ਨੀ ਭੈਣੇ ਆਪਣਾ ਪਾਲ ਪਾਸ ਹੋਇਆ। ਮਸ਼ਟਰ ਕਹਿੰਦੇ ਅਖੇ ਪਟੜੀ ਫੇਰ ਦੇ ਸਕੂਲਾਂ 'ਚੋਂ ਪਹਿਲੇ ਲੰਬਰ 'ਤੇ ਆਇਆ। ਸਾਡੀਆਂ ਤਾਂ ਏਹਦੇ 'ਤੇ ਈ ਆਸਾਂ। ਖੌਰੇ ਆਵਦੇ ਪਿਉ ਹੱਥੋਂ ਰੰਬਾ-ਪੱਲੀ ਤੇ ਮੇਰੇ ਸਿਰ ਤੋਂ ਗੋਹੇ ਆਲਾ ਬੱਠਲ ਛੁਡਾ ਦੇਵੇ? ਮਸ਼ਟਰ ਕਹਿੰਦੇ ਕਿਸੇ ਵੱਡੇ 'ਹੁਦੇ 'ਤੇ ਲੱਗੂ, ਏਹਦਾ ਡਮਾਕ ਬਹੁਤ ਤੇਜ਼ ਆ। ਭਾਈ ਗਰੀਬੀ ਆਲੀ ਬਿਮਾਰੀ ਫੇਰ ਈ ਖੇਹੜਾ ਛੱਡੂ ਸਾਡਾ।' ਮਾਂ ਚੁੰਨੀ ਦੇ ਲੜ ਨਾਲ਼ ਅੱਥਰੂ ਪੂੰਝਣ ਲੱਗ ਜਾਂਦੀ।

ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮਾਂ ਮੇਰੇ ਪਾਸ ਹੋਣ ਦੀ ਖ਼ੁਸ਼ੀ ਵਿਚ ਰੋਣ ਕਿਉਂ ਲੱਗੀ ਸੀ।

ਪੰਜਵੀਂ ਕਰ ਕੇ ਛੇਵੀਂ ਜਮਾਤ ਵਿਚ ਪਿੰਡ ਦੇ ਦੂਸਰੇ ਪਾਸੇ ਬਣੇ ਹਾਈ ਸਕੂਲ ਵਿਚ ਜਾਣ ਲੱਗਾ ਸਾਂ। ਪਿੰਡ ਆਲੇ ਇਸ ਸਕੂਲ ਨੂੰ 'ਵੱਡਾ ਸਕੂਲ' ਕਿਹਾ ਕਰਦੇ ਸਨ। ਮੇਰੇ ਨਾਲ਼ ਪੜ੍ਹਦੀਆਂ ਬਹੁਤੀਆਂ ਕੁੜੀਆਂ ਤੇ ਵਿਹੜੇ ਆਲੇ ਮੁੰਡੇ ਸਕੂਲੋਂ ਹਟ ਕੇ ਘਰ ਬੈਠ ਗਏ ਸਨ। ਸਭ ਤੋਂ ਜ਼ਿਆਦਾ ਦੁੱਖ ਗੁੰਨੇ ਕੇ ਜੀਤੇ ਦੇ ਸਕੂਲੋਂ ਹਟਾ ਲੈਣ ਦਾ ਹੋਇਆ ਸੀ। ਜੀਤੇ ਨੂੰ ਸਕੂਲੋਂ ਹਟਾ ਕੇ ਰੱਤ-ਪੀਣਿਆਂ ਦੇ ਵੱਗ ਮਗਰ ਦਿੱਤਾ ਸੀ। ਮੈਨੂੰ ਜਦੋਂ ਹੀ ਜੀਤੇ ਦੇ ਸਕੂਲੋਂ ਹਟਾ ਲੈਣ ਬਾਰੇ ਪਤਾ ਲੱਗਾ, ਮੈਂ ਜੀਤੇ ਕੇ ਘਰ ਚਲਾ ਗਿਆ। ਮੇਰੇ ਅਤੇ ਜੀਤੇ ਦੇ ਨਾਨਕੇ ਨਾਲੋ-ਨਾਲ ਪਿੰਡਾਂ 'ਚ ਸਨ। ਮੈਂ ਜੀਤੇ ਦੀ ਮਾਂ ਨੂੰ ਮਾਸੀ ਕਹਿੰਦਾ।

'ਮਾਸੀ ਜੀਤੇ ਨੂੰ ਪੜ੍ਹਨੋਂ ਕਿਉਂ ਉਠਾ ਲਿਆ? ਲਾ ਦਿਓ ਖਾਂ ਏਹਨੂੰ ਵੱਡੇ ਸਕੂਲੇ ਮੇਰੇ ਨਾਲ਼ ਈ।' ਮੈਂ ਤਰਲਾ ਕੀਤਾ।

'ਪੁੱਤ ਕੀ ਕਰੀਏ? ਘਰ ਕਿਵੇਂ ਚੱਲੂ? ਤਾਇਆ ਤਾਂ ਤੇਰਾ ਜਿੰਨੇ ਕਮਾਉਂਦਾ, ਓਨੇ ਦੇ ਡੋਡੇ ਪੀ ਜਾਂਦਾ। ਘਰੇ ਤਾਂ ਇਕ ਡੰਗ ਦੀ ਰੋਟੀ ਨ੍ਹੀਂ ਪੱਕਦੀ, ਏਹਦੀ ਪੜ੍ਹਾਈ ਦਾ ਖਰਚਾ ਕੌਣ ਤੋਰੂ? ਨਾਲੇ ਪੁੱਤ ਆਪਾਂ ਗਰੀਬਾਂ ਨੂੰ ਪੜ੍ਹਾਈਆਂ ਨਾਲ਼ ਕੀ? ਆਪਣੀ ਏਡੀ ਚੰਗੀ ਕਿਸਮਤ ਕਿੱਥੇ?' ਮਾਸੀ ਨੇ ਕੋਈ ਹੁੰਗਾਰਾ ਨਹੀਂ ਸੀ ਭਰਿਆ। ਉਸ ਦੇ ਬੋਲ ਸੁਣ ਕੇ ਮੇਰਾ ਦਿਲ ਟੁੱਟ ਗਿਆ। ਮੈਂ ਬਿਨਾਂ ਕੁਝ ਹੋਰ ਬੋਲੇ ਘਰ ਆ ਗਿਆ।

ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ ਕਈ ਵਾਰ ਮਨ ਸਕੂਲੋਂ ਭੱਜ ਜਾਣ ਨੂੰ ਕਰ ਆਉਂਦਾ ਸੀ ਪਰ ਵੱਡੇ ਸਕੂਲ ਪੜ੍ਹਦਿਆਂ ਪੜ੍ਹਾਈ ਤੋਂ ਕਦੇ ਮਨ ਨਹੀਂ ਸੀ ਅੱਕਿਆ। ਬੱਸ ਕਿਸੇ ਧੁਨ ਵਿਚ ਲੱਗਾ ਰਹਿੰਦਾ ਸਾਂ। ਪੜ੍ਹ ਕੇ ਕਿਸੇ ਵੱਡੇ ਅਹੁਦੇ 'ਤੇ ਲੱਗਣ ਦਾ ਸੁਪਨਾ ਅੱਖਾਂ ਅੱਗੇ ਤੈਰਦਾ ਰਹਿੰਦਾ। ਮੈਨੂੰ ਹੁਣ ਆਪਣੇ ਮੈਲ਼ੇ ਤੇ ਪੁਰਾਣੇ ਕੱਪੜੇ ਵੇਖ ਕੇ ਕਦੇ ਹੀਣਤਾ ਵੀ ਨਾ ਆਉਂਦੀ। ਇਹ ਗੱਲਾਂ ਜਿਵੇਂ ਅਸਰ ਕਰਨੋਂ ਹੀ ਹਟ ਗਈਆਂ ਸਨ। ਹਿਸਾਬ ਵਾਲ਼ੇ ਨਿੱਕੇ ਕੱਦ ਦੇ ਮਾਸਟਰ, ਜਿਸ ਨੂੰ ਸਾਰੇ ਵਿਦਿਆਰਥੀ 'ਚਮਗਿੱਦੜ' ਆਖਦੇ, ਵਲੋਂ ਜਾਤ ਦਾ ਨਾਂ ਲੈ-ਲੈ ਕੇ ਕੀਤੀਆਂ ਚਿੜਾਉਣ ਵਾਲ਼ੀਆਂ ਗੱਲਾਂ ਜ਼ਰੂਰ ਦੁਖੀ ਕਰਦੀਆਂ। ਮੈਨੂੰ ਤਾਂ ਭਾਵੇਂ ਉਹ ਕੁੱਝ ਨਹੀਂ ਸੀ ਕਹਿੰਦਾ (ਕੁੱਝ ਕਹਿਣ ਦਾ ਮੌਕਾ ਹੀ ਕਿੱਥੇ ਦਿੰਦਾ ਸਾਂ, ਉਂਜ ਉਸ ਵਲੋਂ ਤਾਂ ਕੋਈ ਢਿੱਲ ਨਹੀਂ ਸੀ ਹੁੰਦੀ) ਪਰ ਮੇਰੇ ਇਕ ਦੋ ਸਾਥੀ, ਜੋ ਪੜ੍ਹਾਈ ਵਿਚ ਕੁੱਝ ਕਮਜ਼ੋਰ ਸਨ, ਨਾਲ ਬੁਰੀ ਤਰ੍ਹਾਂ ਪੇਸ਼ ਆਉਂਦਾ।

'ਸਰਕਾਰ ਦੇ ਜਵਾਈ ਓ ਤੁਸੀਂ...ਮੁਫ਼ਤ ਕਿਤਾਬਾਂ...ਫੀਸਾਂ ਮੁਆਫ਼, ਵਜ਼ੀਫੇ ਤਾਂ ਮਿਲ ਜਾਂਦੇ। ਤੁਸੀਂ ਪੜ੍ਹ ਕੇ ਕੀ ਕਰਨਾ? ਕੰਜਰ ਦੇ ਕੰਜਰੋ ਸੀਰੀ ਰਲ਼ ਜੋ...ਚਾਰ ਮਣ ਦਾਣੇ ਤਾਂ ਆਉਣ ਘਰੇ। ਪੜ੍ਹ ਕੇ ਕਿਹੜਾ ਡੀ. ਸੀ. ਲੱਗਜੋਂਗੇ?' ਚਮਗਿੱਦੜ ਮਾਸਟਰ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਮਨ ਦੁਖੀ ਹੁੰਦਾ ਪਰ ਅੰਦਰੇ-ਅੰਦਰ ਪੀ ਜਾਂਦਾ। ਉਸਦੀਆਂ ਬਿੱਲੀ ਵਰਗੀਆਂ ਲਾਲ ਅੱਖਾਂ ਤੋਂ ਭੈਅ ਆਉਂਦਾ। ਉਸਦਾ ਪੀਰੀਅਡ ਤਾਂ ਮਸਾਂ ਲੰਘਦਾ ਸੀ।

ਗੰਜੇ ਹਿੰਦੀ ਮਾਸਟਰ ਤੋਂ ਕੁੱਟ ਖਾ ਕੇ ਬੜਾ ਸੁਆਦ ਆਉਂਦਾ। ਇਹ ਨਹੀਂ ਕਿ ਹਿੰਦੀ ਵਿਚੋਂ ਕਮਜ਼ੋਰ ਸਾਂ, ਬੱਸ ਕੁੱਟ ਖਾਣ ਲਈ ਜਾਣ-ਬੁੱਝ ਕੇ ਘਰ ਦਾ ਕੰਮ ਨਾ ਕਰਦਾ। ਇਹ ਆਦਤ ਦਸਵੀਂ ਵਿਚ ਜਾ ਕੇ ਹੀ ਪਈ ਸੀ।

'ਗੰਦਾ ਆਂਡਾ! ਸੂਰ! ਚੰਗਾ ਭਲਾ ਹੁੰਦਾ ਸੀ, ਪਤਾ ਨ੍ਹੀਂ ਕੀ ਬਿਮਾਰੀ ਪੈਗੀ ਇਹਨੂੰ। ਇੰਨਾ ਗਧਿਆ ਨਾਲ਼ ਰਲ਼ਕੇ ਜਵਾਂ ਮਾਤਾ ਦਾ ਮਾਲ ਬਣਦਾ ਜਾ ਰਿਹੈ।' ਹਿੰਦੀ ਵਾਲ਼ਾ ਮਾਸਟਰ ਮੌਲਾ ਬਖਸ਼ ਨਾਲ਼ ਸੇਵਾ ਕਰਦਾ, ਸਲੋਕ ਵੀ ਪੜ੍ਹੀ ਜਾਂਦਾ। ਕੁੱਟ ਖਾਂਦਿਆਂ ਮੇਰੀ ਨਿਗਾਹ ਚੋਰੀ-ਚੋਰੀ ਕੁੜੀਆਂ ਵਾਲ਼ੇ ਪਾਸੇ ਚਲੀ ਜਾਂਦੀ। ਮੈਂ ਵੇਖਦਾ ਜਿੰਦਰ ਦਾ ਬੁਰਾ ਹਾਲ ਹੋਇਆ ਹੁੰਦਾ। ਜੇਕਰ ਉਸਦਾ ਵੱਸ ਚੱਲੇ ਤਾਂ ਉਹ ਕੁੱਟ ਰਹੇ ਗੰਜੇ ਮਾਸਟਰ ਦੇ ਹੱਥੋਂ ਡੰਡਾ ਆ ਫੜੇ। ਜਿੰਨਾ ਚਿਰ ਮੈਨੂੰ ਕੁੱਟ ਦਾ ਪ੍ਰਸ਼ਾਦ ਮਿਲਦਾ ਰਹਿੰਦਾ, ਉਹ ਅੱਖਾਂ ਬੰਦ ਕਰੀ ਰੱਖਦੀ। ਹਿੰਦੀ ਮਾਸਟਰ ਦਾ ਪੀਰੀਅਡ ਲੰਘਣ ਬਾਅਦ, ਜਦੋਂ ਵੀ ਮੌਕਾ ਮਿਲਦਾ ਉਹ ਮੈਨੂੰ ਇਕੱਲਾ ਵੇਖ ਮੇਰੇ ਕੋ਼ਲ ਆ ਜਾਂਦੀ।

'ਪਾਲ ਤੂੰ ਕੰਮ ਕਿਉਂ ਨ੍ਹੀਂ ਕਰਕੇ ਲਿਆਉਂਦਾ? ਤੂੰ ਕੁੱਟ ਕਿਉਂ ਖਾਨੈ? ਤੇਰੇ ਪੀੜ ਨ੍ਹੀਂ ਹੁੰਦੀ?' ਉਹ ਮੇਰੇ ਹੱਥ ਫੜ ਕੇ ਹੱਥਾਂ ਉਪਰ ਪਈਆਂ ਲਾਸਾਂ ਅਤੇ ਨੀਲ ਵੇਖਦੀ ਅਤੇ ਹੁਬਕੀਂ-ਹੁਬਕੀਂ ਰੋਣ ਲੱਗ ਜਾਂਦੀ। ਮੈਨੂੰ ਉਸ ਦਾ ਇੰਜ ਰੋਣਾ ਚੰਗਾ ਚੰਗਾ ਲੱਗਦਾ। ਮੇਰਾ ਜੀਅ ਕਰਦਾ, ਉਸ ਦੀਆਂ ਪਲਕਾਂ ਤੋਂ ਬਾਹਰ ਵਗ ਆਏ ਹੰਝੂਆਂ ਨੂੰ ਪੋਟਿਆਂ ਨਾਲ਼ ਸਾਫ਼ ਕਰ ਦੇਵਾਂ ਪਰ ਇੰਜ ਨਾ ਕਰ ਸਕਦਾ। ਮੈਂ ਸਿਰ ਸੁੱਟ ਕੇ ਉਸ ਕੋ਼ਲ ਖੜ੍ਹਾ ਰਹਿੰਦਾ। ਉਸ ਦੀਆਂ ਅੱਖਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ ਹੁੰਦੀ।

'ਮੈਂ ਤੇਰਾ ਕੰਮ ਕਰਕੇ ਲਿਆ ਦਿਆ ਕਰੂੰ।' ਤੇ ਉਹ ਸੱਚਮੁਚ ਹਰ ਰੋਜ਼ ਹਿੰਦੀ ਮਾਸਟਰ ਵੱਲੋਂ ਦਿੱਤਾ ਕੰਮ ਕਰ ਕੇ ਲਿਆਉਣ ਲੱਗੀ। ਉਹ ਛੁੱਟੀ ਵੇ਼ਲੇ ਕਾਪੀ ਘਰ ਲੈ ਜਾਂਦੀ ਤੇ ਅਗਲੇ ਦਿਨ ਸਭ ਤੋਂ ਪਹਿਲਾਂ ਹੀ ਜਮਾਤ ਵਿਚ ਆ ਬਹਿੰਦੀ। ਆਉਂਦਿਆਂ ਸਾਰ ਕਾਪੀ ਮੈਨੂੰ ਫੜਾ ਦਿੰਦੀ।

***(ਬਾਕੀ ਸਫਾ 30 'ਤੇ)***

# ਬਹੁਤ ਕੁਝ ਰਹਿ ਗਿਆ ਬਾਕੀ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਇਨਸਾਨ ਕੁਝ ਵੀ ਨਾਲ ਨਹੀਂ ਲਿਜਾਂਦਾ ਸਿਰਫ਼ ਛੱਡ ਕੇ ਹੀ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਜਿੱਥੇ ਵੀ ਜਾਈਏ ਨੇਕਨੀਤੀ, ਨੇਕੀ, ਬੰਦਿਆਈ, ਭਲਿਆਈ ਅਤੇ ਸੱਜਣਤਾਈ ਹੀ ਛੱਡ ਕੇ ਜਾਈਏ ਕਿਉਂਕਿ ਇਸਨੇ ਹੀ ਮਾਨਵਤਾ ਦੀ ਰਹਿਨੁਮਾਈ ਕਰਨੀ ਹੁੰਦੀ ਹੈ***

ਬੱਚਾ ਪਹਿਲੇ ਦਿਨ ਸਕੂਲ ਜਾਣ ਲਈ ਤਿਆਰ ਹੋ ਰਿਹਾ ਹੈ। ਮਾਂ ਹਰ ਚੀਜ਼ ਅਤੇ ਖਾਣੇ ਲਈ ਹਰ ਵਸਤ ਉਸਦੇ ਬੈਗ ਵਿਚ ਪਾਉਂਦੀ ਹੈ, ਲਾਡ ਲਡਾਉਂਦੀ ਹੈ। ਪਹਿਲੇ ਦਿਨ ਲਈ ਬਹੁਤ ਸਾਰੀਆਂ ਦੁਆਵਾਂ, ਇਛਾਵਾਂ ਅਤੇ ਮਨੋ-ਕਾਮਨਾਵਾਂ ਨੂੰ ਆਪਣੇ ਬੱਚੇ ਦੇ ਸਿਰ ਤੋਂ ਵਾਰਦੀ ਹੈ। ਪਤੀ ਆਪਣੀ ਪਤਨੀ ਨੂੰ ਪੁੱਛਦਾ ਹੈ ਕਿ ਕੁਝ ਰਹਿ ਤਾਂ ਨਹੀਂ ਗਿਆ। ਮਾਂ ਅਣਮੰਨੇ ਜਿਹੇ ਮਨ ਨਾਲ ਕਹਿੰਦੀ ਹੈ ਕਿ ਕੁਝ ਵੀ ਨਹੀਂ ਰਹਿ ਗਿਆ। ਪਰ ਉਹ ਜਾਣਦੀ ਹੈ ਕਿ ਉਹ ਸਾਰਾ ਦਿਨ ਆਪਣੇ ਬੱਚੇ ਦੇ ਆਹਰ ਵਿਚ ਰੁੱਝੀ ਹੋਈ ਹੁਣ ਬੱਚੇ ਨੂੰ ਉਡੀਕਣ ਲੱਗੇਗੀ। ਜ਼ਰਾ ਕੁ ਦਰ ਖੜਕਣ 'ਤੇ ਬੂਹਾ ਖੋਲ੍ਹ ਕੇ ਦੇਖੇਗੀ। ਬੱਚੇ ਦੀਆਂ ਤੋਤਲੀਆਂ ਗੱਲਾਂ, ਉਸਦੀਆਂ ਸ਼ਰਾਰਤਾਂ, ਆਲੀਆਂ-ਭੋਲੀਆਂ ਆਦਤਾਂ, ਨਿੱਕੇ ਨਿੱਕੇ ਪ੍ਰਸ਼ਨ ਅਤੇ ਉਨ੍ਹਾਂ ਦੇ ਜਵਾਬਾਂ ਵਿਚ ਉਲਝਣ ਨਾਲ ਮਿਲਦੀ ਖੁਸ਼ੀ ਤੋਂ ਵਿਰਵੀ ਹੋ ਜਾਵੇਗੀ। ਬੱਚਾ ਸਕੂਲ ਵਿਚ ਜਾ ਕੇ ਵੀ ਘਰ ਵਿਚ ਹੀ ਰਹੇਗਾ ਅਤੇ ਬਹੁਤ ਕੁਝ ਬੱਚਾ ਆਪਣੇ ਨਾਲ ਲਿਜਾ ਕੇ ਵੀ ਘਰ ਵਿਚ ਛੱਡ ਜਾਂਦਾ ਹੈ। ਉਸਦੇ ਖਿਡੌਣੇ, ਗੁੱਡੀਆਂ-ਪਟੋਲੇ, ਕੰਧਾਂ 'ਤੇ ਮਾਰੀਆਂ ਲੀਕਾਂ, ਪਾਏ ਪੂਰਨੇ ਅਤੇ ਹਰ ਸਾਫ਼ ਥਾਂ 'ਤੇ ਕੀਤੀ ਹੋਈ ਚਿੱਤਰਕਾਰੀ ਦੇ ਰੰਗ। ਉਹ ਸਭ ਕੁਝ ਤਾਂ ਘਰ ਵਿਚ ਰਹਿ ਗਿਆ ਏ।

ਇਕ ਵਿਦਿਆਰਥੀ ਆਪਣੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰ ਕੇ, ਅਖੀਰਲੇ ਦਿਨ ਜਦ ਕੈਂਪਸ ਤੋਂ ਬਾਹਰ ਨਿਕਲਣ ਲੱਗਦਾ ਤਾਂ ਫਿਰ ਪਿਛਾਂਹ ਨੂੰ ਪਰਤਦਾ ਏ ਅਤੇ ਆਪਣੇ ਕਮਰੇ ਵਿਚ ਜਾਂਦਾ ਹੈ। ਉਸਦਾ ਜੂਨੀਅਰ ਪੁੱਛਦਾ ਹੈ ਕਿ ਕੀ ਕੁਝ ਰਹਿ ਗਿਆ ਏ ਤੇਰਾ ਕਮਰੇ ਵਿਚ? ਉਹ ਓਪਰਾ ਜਿਹਾ ਜਵਾਬ ਦਿੰਦਾ ਏ ਕਿ ਨਹੀਂ, ਕੁਝ ਵੀ ਨਹੀਂ ਰਹਿ ਗਿਆ ਪਰ ਉਸਦਾ ਮਨ ਉਦਾਸੀ ਦੀ ਪਰਤ ਵਿਚ ਗਵਾਚ ਜਾਂਦਾ ਏ ਜਦ ਉਸਨੂੰ ਲੱਗਦਾ ਏ ਕਿ ਇਸ ਕਮਰੇ ਵਿਚ ਉਹ ਬਹੁਤ ਕੁਝ ਛੱਡ ਕੇ ਜਾ ਰਿਹਾ ਏ। ਆਪਣੇ ਸਾਥੀਆਂ ਨਾਲ ਬੇਫ਼ਿਕਰੀ ਦੇ ਆਲਮ ਵਿਚ ਜ਼ਿੰਦਗੀ ਨੂੰ ਜਿਊਣਾ। ਨੈਣਾਂ ਵਿਚ ਸਜਾਏ ਹੋਏ ਸੁਪਨਿਆਂ ਦੀ ਪੂਰਤੀ ਦਾ ਜਨੂੰਨ, ਜਜ਼ਬਾ ਤੇ ਜਸ਼ਨ। ਜਵਾਨੀ ਦਾ ਬੇਪਨਾਹ ਆਵੇਗ ਅਤੇ ਇਸ ਆਵੇਗ ਵਿਚ ਮੁਸ਼ਕਲਾਂ ਅਤੇ ਅਲਾਮਤਾਂ ਨੂੰ ਤੁੱਛ ਸਮਝਣਾ ਅਤੇ ਜੀਵਨ ਦੀਆਂ ਮੁਹਾਰਾਂ ਨੂੰ ਉਚੇ ਦਿਸਹੱਦਿਆਂ ਵੰਨੀਂ ਮੋੜੀ ਰੱਖਣਾ। ਕੇਹੇ ਉਹ ਦਿਨ ਸਨ ਜਦ ਇਸ ਕਮਰੇ ਦੇ ਸਾਥ ਵਿਚ ਹਰ ਦਿਨ ਤੀਆਂ ਵਰਗਾ, ਰਾਤਾਂ ਸਰਘੀ ਵਰਗੀਆਂ ਅਤੇ ਮੱਸਿਆਂ ਦੇ ਦਿਨੀਂ ਪੁੰਨਿਆ ਦਾ ਚੰਦ ਚਾਨਣੀ ਬਿਖੇਰਦਾ ਸੀ। ਇਸ ਕਮਰੇ ਵਿਚ ਬੈਠ ਕੇ ਹੀ ਅੱਖਰਾਂ ਦੀ ਤਪੱਸਿਆ ਵਿਚੋਂ ਰੁਜ਼ਗਾਰ ਦੀ ਲੋਅ ਫੁੱਟੀ ਸੀ। ਅਰਥਾਂ ਵਿਚੋਂ ਰਿਸ਼ਮਾਂ ਦੀਆਂ ਕਰੂੰਬਲਾਂ ਫੁੱਟੀਆਂ ਅਤੇ ਇਨ੍ਹਾਂ ਹਰਫ਼ਾਂ ਦੀ ਇਨਾਇਤ ਨੇ ਜੀਵਨ ਦਾ ਸੁਰਖ ਸਾਥ ਝੋਲੀ ਪਾਇਆ ਸੀ। ਰਾਂਗਲੇ ਤੇ ਰੌਣਕਮਈ ਦਿਨਾਂ ਵਿਚ ਕੀਤੀ ਹੋਈ ਮਿਹਨਤ ਦਾ ਇਹ ਕੇਹਾ ਅਨੂਠਾ ਮਿਲਗੋਭਾ ਅਤੇ ਰਹੱਸਮਈ ਹਾਸਲ ਸੀ ਕਿ ਜ਼ਿੰਦਗੀ ਦੀਆਂ ਸੱਤੇ ਬਹਾਰਾਂ, ਜੀਵਨੀ ਰਾਹਾਂ ਨੂੰ ਖੁਸ਼ਆਮਦੀਦ ਕਹਿੰਦੀਆਂ ਸਨ। ਸਭ ਕੁਝ ਲਿਜਾ ਕੇ ਵੀ ਬਹੁਤ ਕੁਝ ਇਸ ਕਮਰੇ ਵਿਚ ਛੱਡ ਕੇ ਜਾ ਰਿਹਾ ਹੈ ਅਤੇ ਇਸਦੀ ਵਿਰਾਸਤ ਨੂੰ ਨਤਮਸਤਕ ਹੋਣ ਲਈ ਅਕਸਰ ਹੀ ਕਦੇ ਕਦਾਈਂ ਇਸ ਕਮਰੇ ਵਿਚ ਪਰਤਦਾ ਰਹੇਗਾ।

ਬਾਬਲ ਦੇ ਘਰ ਤੋਂ ਵਿਦਾ ਹੋਣ ਵੇਲੇ ਘਰ ਦੀਆਂ ਮੁਹਾਠਾਂ ਤੇ ਮਾਂ ਦੇ ਗਲ ਲੱਗ ਧੀ ਰੋਂਦੀ ਹੈ। ਮਾਂ ਧੀ ਨੂੰ ਧੀਰਜ ਬੰਨ੍ਹਾਉਂਦੀ ਤੇ ਵਰਾਉਂਦੀ ਹੈ। ਧੀ ਅੱਖਾਂ ਭਰ ਕੇ ਘਰ ਵੱਲ ਦੇਖਦੀ ਹੈ। ਮਾਂ ਹੌਲੀ ਜਿਹੀ ਪੁੱਛਦੀ ਹੈ ਕਿ ਧੀਏ ਕੁਝ ਰਹਿ ਤਾਂ ਨਹੀਂ ਗਿਆ? ਗੁੰਮਸੁੰਮ ਹੋਈ ਧੀ ਸਿਰ ਫੇਰਦੀ ਹੈ ਪਰ ਉਸਦੇ ਦਿਲ ਨੂੰ ਕੋਈ ਪੁੱਛ ਕੇ ਦੇਖੇ ਤਾਂ ਪਤਾ ਲੱਗੇਗਾ ਕਿ ਉਹ ਕਿੰਨਾ ਕੁਝ ਇਸ ਘਰ ਵਿਚ ਛੱਡ ਕੇ ਜਾ ਰਹੀ ਹੈ। ਉਹ ਆਪਣੀਆਂ ਗੁੱਡੀਆਂ-ਪਟੋਲੇ, ਕਿਤਾਬਾਂ-ਕਾਪੀਆਂ ਅਤੇ ਬਹੁਤ ਪਿਆਰੀਆਂ ਯਾਦਾਂ ਛੱਡ ਕੇ ਜਾ ਰਹੀ ਹੈ। ਮਾਪਿਆਂ ਦਾ ਦਾਈਆ, ਭਰਾਵਾਂ ਦਾ ਮਾਣ ਅਤੇ ਭੈਣਾਂ ਦਾ ਮੋਹ ਸਭ ਕੁਝ ਇਸ ਘਰ ਦੇ ਹਵਾਲੇ ਕਰਕੇ ਜਾ ਰਹੀ ਹੈ। 25 ਸਾਲ ਤੀਕ ਇਸ ਦੀਆਂ ਕੰਧਾਂ/ਕਮਰਿਆਂ ਨੂੰ ਘਰ ਸਮਝਣ ਵਾਲੀ, ਦਰਾਂ 'ਤੇ ਪਾਣੀ ਡੋਲਣ ਵਾਲੀ ਅਤੇ ਇਸਦੀਆਂ ਖ਼ੈਰਾਂ ਮੰਗਣ ਵਾਲੀ, ਇਕ ਘਰ ਨੂੰ ਅਲਵਿਦਾ ਕਹਿ ਕੇ ਨਵਾਂ ਘਰ ਵਸਾਉਣ ਲਈ ਜਦ ਘਰੋਂ ਤੁਰਦੀ ਹੈ ਤਾਂ ਉਹ ਬਹੁਤ ਕੁਝ ਆਪਣੇ ਨਾਲ ਲਿਜਾ ਕੇ ਵੀ ਬਹੁਤ ਕੁਝ ਘਰ ਵਿਚ ਸਦਾ ਲਈ ਛੱਡ ਜਾਂਦੀ ਹੈ। ਘਰ ਜਿਸਨੇ ਉਸਨੂੰ ਸੁਪਨੇ ਦਿਤੇ, ਉਸਦੀ ਪ੍ਰਵਾਜ਼ ਨੂੰ ਨਵਾਂ ਅੰਦਾਜ਼ ਦਿਤਾ, ਉਸਦੀਆਂ ਆਸ਼ਾਵਾਂ ਦੀ ਪੂਰਤੀ ਲਈ ਆਪਣਾ ਹੱਥ ਕਦੇ ਨਾ ਘੁੱਟਿਆ, ਜਿਸਦੀ ਮਹਿਫ਼ੂਜ਼ੀ ਵਿਚ ਉਸਨੂੰ ਬਹਿਸ਼ਤੀ ਅਪਣੱਤ ਮਿਲੀ। ਇਸਦੀ ਆਗੋਸ਼ ਵਿਚ ਉਹ ਸੁਸਤਾਅ ਸਕਦੀ ਸੀ, ਮੰਗਾਂ ਮਨਾ ਸਕਦੀ ਸੀ ਅਤੇ ਜ਼ਿੱਦ ਪੁਗਾ ਸਕਦੀ ਸੀ, ਕਿਉਂਕਿ ਉਸਦੀ ਜ਼ਿੱਦ ਸਾਹਵੇਂ ਇਸ ਘਰ ਦਾ ਸਮੁੱਚ ਤਰਲ ਹੋ ਜਾਂਦਾ ਸੀ। ਅਜਿਹੇ ਮੌਕੇ ਜਦ ਕੋਈ ਬਾਪ ਨੂੰ ਪੁੱਛਦਾ ਕਿ ਜਾਣ ਵੇਲੇ ਧੀ ਸਭ ਕੁਝ ਲੈ ਗਈ ਏ ਤਾਂ ਬਾਪ ਭਾਵੇਂ ਕਹਿ ਦਿੰਦਾ ਕਿ ਸਭ ਕੁਝ ਲੈ ਗਈ। ਪਰ ਇਹ ਬਾਪ ਨੂੰ ਹੀ ਪਤਾ ਹੁੰਦਾ ਕਿ ਉਸਦੀ ਧੀ ਦਾ ਬਹੁਤ ਕੁਝ ਹੈ ਜੋ ਚਾਹ ਕੇ ਵੀ ਨਹੀਂ ਲਿਜਾ ਸਕਦੀ। ਉਸਦੇ ਬਚਪਨੀ ਰੋਸੇ, ਮੰਨਤਾਂ, ਨਿੱਕੀਆਂ ਰਿਆੜਾਂ, ਕੁਲਫ਼ੀ ਖਾਣ ਦੀ ਜ਼ਿੱਦ ਅਤੇ ਕਦੇ ਸਕੂਟਰ 'ਤੇ ਝੂਟਾ ਲੈਣ ਦੀ ਤਮੰਨਾ। ਇਨ੍ਹਾਂ ਨਿੱਕੀਆਂ ਖੁਸ਼ੀਆਂ ਦੇ ਬਹੁਤ ਵੱਡੇ ਅਰਥ ਜੋ ਮਨ ਦੀ ਜੂਹ 'ਚ ਸਦਾ ਸੁਰੱਖਿਅਤ ਨੇ ਜੋ ਧੀ ਕਿਵੇਂ ਲਿਜਾ ਸਕਦੀ ਏ? ਧੀਆਂ ਮਾਪਿਆਂ ਦੇ ਘਰੋਂ ਬਹੁਤ ਕੁਝ ਲਿਜਾ ਕੇ ਬਹੁਤ ਕੁਝ ਅਜਿਹਾ ਘਰ ਦੇ ਨਾਮ ਲਾ ਜਾਂਦੀਆਂ ਨੇ, ਜਿਨ੍ਹਾਂ 'ਤੇ ਮਾਪਿਆਂ ਨੂੰ ਨਾਜ਼ ਹੁੰਦਾ, ਜਿਨ੍ਹਾਂ ਦੀ ਫ਼ਖਰਤਾ 'ਚ ਉਨ੍ਹਾਂ ਦਾ ਸਿਰ ਉਚਾ ਹੁੰਦਾ। ਬਾਪ ਇਹ ਸੋਚਦਾ-ਸੋਚਦਾ ਫਿਰ ਅੰਦਰ ਆ ਜਾਂਦਾ, ਕਿਉਂਕਿ ਧੀ ਦੀ ਵਿਦਾਈ ਤੋਂ ਬਾਅਦ ਘਰ ਦੀ ਸੱਖਣਤਾ ਨੇ ਹੀ ਉਸਨੂੰ ਨਿੱਤ ਮਿਲਿਆ ਕਰਨਾ ਪਰ ਘਰ ਦੀ ਫ਼ਿਜ਼ਾ ਵਿਚ ਧੀ ਦੀ ਖੁਸ਼ਬੋਈ ਨੇ ਇਸ ਘਰ ਨੂੰ ਸਦਾ ਭਰਦੇ ਰਹਿਣਾ।



ਪੁੱਤ ਪ੍ਰਦੇਸ ਨੂੰ ਜਾਣ ਲਈ ਤਿਆਰ ਹੋ ਰਿਹਾ ਏ। ਹਰ ਚੀਜ਼ ਪੈਕ ਕਰਦਾ ਹੈ ਅਤੇ ਘਰੋਂ ਬਾਹਰ ਪੈਰ ਪੁੱਟਣ ਤੋਂ ਪਹਿਲਾਂ ਪੁੱਤ ਫਿਰ ਅੰਦਰ ਵੱਲ ਨੂੰ ਅਹੁਲਦਾ ਹੈ। ਸਭ ਲੈ ਲਿਆ ਏ। ਪਰ ਪੁੱਤ ਮਨ ਹੀ ਮਨ ਸੋਚਦਾ ਹੈ ਕਿ ਮੱਥੇ ਵਿਚ ਸੁਪਨੇ ਲੈ ਕੇ ਜਾ ਰਿਹਾ ਹਾਂ ਪਰ ਸਭ ਕੁਝ ਲੈਣ ਦੇ ਬਾਵਜੂਦ ਵੀ ਬਹੁਤ ਕੁਝ ਰਹਿ ਗਿਆ ਏ ਘਰ 'ਚ। ਮੇਰੇ ਜੀਵਨ ਦੀਆਂ ਨਿੱਘੀਆਂ ਯਾਦਾਂ। ਮਾਂ ਬਾਪ ਦਾ ਲਾਡ। ਉਨ੍ਹਾਂ ਦੀਆਂ ਅੱਖਾਂ ਵਿਚ ਆਪਣੀ ਔਲਾਦ ਲਈ ਕੀਤੀ ਹੋਈ ਮਿਹਨਤ, ਵਹਾਇਆ ਪਸੀਨਾ ਤੇ ਰਾਤਾਂ ਦਾ ਹੰਘਾਲਣਾ। ਸਾਰੀ-ਸਾਰੀ ਰਾਤ ਖੇਤਾਂ ਨੂੰ ਪਾਣੀ ਲਾਉਣਾ ਅਤੇ ਮਿਹਨਤ ਦੇ ਮੁੜ੍ਹਕੇ ਨਾਲ ਆਪਣੇ ਲਾਡਲੇ ਲਈ ਜੀਵਨੀ ਪਹਿਲਕਦਮੀਆਂ ਲਈ ਦੁਆ ਕਰਨਾ। ਬੱਚਿਆਂ ਦੇ ਜੀਵਨ ਨੂੰ ਨਵੀਂ ਬੁਲੰਦੀਆਂ ਦਾ ਮਾਣ ਬਣਦੇ ਦੇਖਣਾ। ਮਾਂ ਦੀਆਂ ਦੁਆਵਾਂ ਅਤੇ ਬਾਪ ਦੀ ਛਾਂ ਵਿਦੇਸ਼ ਵਿਚ ਨਹੀਂ ਮਿਲਣੀ। ਇਹ ਸਭ ਕੁਝ ਤਾਂ ਛੱਡ ਕੇ ਜਾ ਰਿਹਾ ਹਾਂ। ਘਰ ਦੀਆਂ ਕੱਚੀਆਂ ਕੰਧਾਂ 'ਤੇ ਉਕਰੀਆਂ ਯਾਦਾਂ ਦਾ ਜੰਮਘਟਾ ਮੇਰੀ ਉਡੀਕ ਜ਼ਰੂਰ ਕਰੇਗਾ ਅਤੇ ਮੈਂ ਇਨ੍ਹਾਂ ਨੂੰ ਮਿਲਣ ਲਈ ਵਾਰ-ਵਾਰ ਪਰਤਦਾ ਰਹਾਂਗਾ।

ਮਾਂ ਆਪਣੇ ਦਫ਼ਤਰ ਜਾਣ ਲਈ ਤਿਆਰ ਹੋ ਰਹੀ ਏ। ਨਿੱਕਾ ਬੱਚਾ ਰਿਆੜ ਕਰ ਰਿਹਾ ਏ ਅਤੇ ਆਪਣੀ ਮਾਂ ਨਾਲ ਜਾਣ ਦੀ ਜ਼ਿੱਦ ਕਰਦਾ ਏ। ਬੱਚੇ ਨੂੰ ਸੰਭਾਲਣ ਵਾਲੀ ਮਾਈ ਬੱਚੇ ਨੂੰ ਮਾਂ ਨਾਲੋਂ ਝੰਜੋੜ ਕੇ ਵੱਖ ਕਰਦੀ ਹੈ ਅਤੇ ਮਾਂ ਦਰਾਂ ਤੋਂ ਬਾਹਰ ਨਿਕਲ ਜਾਂਦੀ ਹੈ। ਮਾਂ ਆਪਣੇ ਪਰਸ ਵਿਚ ਦੇਖਦੀ ਹੈ ਕਿ ਉਹ ਘਰ ਵਿਚ ਕੁਝ ਛੱਡ ਕੇ ਤਾਂ ਨਹੀਂ ਜਾ ਰਹੀ। ਵਸਤਾਂ ਤਾਂ ਪੂਰੀਆਂ ਨੇ ਪਰ ਉਸਦਾ ਦਿਲ ਕਹਿੰਦਾ ਹੈ ਕਿ ਉਹ ਉਸ ਬੱਚੇ ਨੂੰ ਹੀ ਘਰ ਛੱਡ ਆਈ ਹੈ, ਆਇਆ ਦੀ ਸਪੁਰਦਗੀ 'ਚ ਜਿਸ ਲਈ ਉਹ ਇਹ ਸਭ ਕੁਝ ਕਰ ਰਹੀ ਏ। ਜ਼ਿੰਦਗੀ ਦੀ ਸਭ ਤੋਂ ਵੱਡੀ ਨਿਆਮਤ ਨੂੰ ਵਿਸਾਰ ਕੇ ਕੰਮ 'ਤੇ ਜਾ ਰਹੀ ਏ ਅਤੇ ਕਹਿੰਦੀ ਹੈ ਕਿ ਇਹ ਸਭ ਕੁਝ ਬੱਚੇ ਲਈ ਹੀ ਕੀਤਾ ਜਾ ਰਿਹਾ ਹੈ। ਇਹ ਮਨ ਦੀ ਤੱਕੜੀ ਵਿਚ ਸਦਾ ਆਸਾਵਾਂ ਹੀ ਤੁਲੇਗਾ। ਮਾਂ ਦਫ਼ਤਰ ਵਿਚ ਹੁੰਦਿਆਂ ਵੀ ਸਦਾ ਘਰ ਵਿਚ ਹੀ ਹੁੰਦੀ ਹੈ। ਉਸਦੀਆਂ ਸੋਚਾਂ ਵਿਚ ਬੱਚਾ ਅਤੇ ਇਸ ਨਾਲ ਜੁੜੀਆਂ ਉਹ ਸਾਰੀਆਂ ਕਿਰਿਆਵਾਂ ਵਾਰ ਵਾਰ ਮਨ 'ਤੇ ਦਸਤਕ ਦਿੰਦੀਆਂ ਰਹਿਣਗੀਆਂ ਕਿ ਬੱਚਾ ਆਹ ਨਾ ਕਰ ਲਵੇ, ਬੱਚਾ ਭੁੱਖਾ ਤਾਂ ਨਹੀਂ ਆਦਿ। ਹਰ ਰੋਜ਼ ਨੌਕਰੀ ਦੇ ਲਾਲਚ ਵਿਚ ਮਾਂ ਸਭ ਕੁਝ ਘਰੋਂ ਲੈ ਕੇ ਜਾਂਦੀ ਵੀ ਬਹੁਤ ਕੁਝ ਘਰ ਦੀ ਚਾਰ-ਦੀਵਾਰੀ ਵਿਚ ਛੱਡ ਜਾਂਦੀ ਹੈ, ਜੋ ਉਸਦੇ ਮਨ ਦੀ ਭਟਕਣਾ ਵਧਾਉਂਦਾ ਹੈ। ਉਸਨੂੰ ਸੂਲੀ 'ਤੇ ਚਾੜ੍ਹੀ ਰੱਖਦਾ ਏ। ਮਨ ਦੀ ਅਵਾਰਗੀ ਵਿਚ ਕਿਵੇਂ ਕੇਂਦਰਤ ਹੋਵੇਗਾ ਧਿਆਨ ਆਪਣੇ ਕੰਮ ਵਿਚ?

ਮਾਪੇ ਵਿਦੇਸ਼ ਵਿਚ ਵੱਸਦੇ ਆਪਣੇ ਪੁੱਤਰ ਨੂੰ ਮਿਲਣ ਜਾਂਦੇ ਨੇ ਤੇ ਕੁਝ ਮਹੀਨੇ ਉਥੇ ਰਹਿਣ ਤੋਂ ਬਾਅਦ ਵਾਪਸ ਪਰਤਦੇ ਨੇ ਤਾਂ ਪੁੱਤ ਪੁੱਛਦਾ ਹੈ ਕਿ ਸਭ ਕੁਝ ਲੈ ਲਿਆ। ਕੁਝ ਰਹਿ ਤਾਂ ਨਹੀਂ ਗਿਆ? ਮਾਪੇ ਆਪਣੇ ਪੁੱਤ ਦੇ ਘਰ ਨੂੰ ਨਿਹਾਰਦਿਆਂ ਕਹਿੰਦੇ ਨੇ ਕਿ ਨਹੀਂ। ਕੁਝ ਨਹੀਂ ਰਹਿ ਗਿਆ ਪਰ ਉਨ੍ਹਾਂ ਦਾ ਮਨ ਕਹਿੰਦਾ ਹੈ ਕਿ ਸਭ ਕੁਝ ਤਾਂ ਇਥੇ ਰਹਿ ਗਿਆ ਏ ਤੇ ਕੁਝ ਵੀ ਨਹੀਂ ਲਿਜਾ ਰਹੇ। ਉਹ ਤਾਂ ਆਪਣੇ ਸੁਪਨੇ ਦਾ ਸੱਚ ਵੀ ਛੱਡ ਕੇ ਜਾ ਰਹੇ ਨੇ। ਆਪਣੀ ਡੰਗੋਰੀ ਨੂੰ ਛੱਡ ਕੇ ਬੁਢਾਪੇ ਦੇ ਦਿਨਾਂ ਨੂੰ ਕਿਵੇਂ ਜਿਊਣਗੇ? ਉਹ ਖੰਭ ਤਾਂ ਇਥੇ ਹੀ ਰਹਿ ਜਾਣਗੇ, ਜਿਨ੍ਹਾਂ ਆਸਰੇ ਉਡਣਾ ਸੀ, ਮਾਣਮੱਤਾ ਮਹਿਸੂਸ ਕਰਨਾ ਸੀ, ਜੱਗ 'ਤੇ ਸ਼ਾਨ ਹੋਣੀ ਸੀ। ਆਪਣੇ ਪੁੱਤ ਦੇ ਰੁਤਬੇ ਅਤੇ ਸ਼ਾਨੋ-ਸ਼ੌਕਤ ਨੇ ਸ਼ਾਨ ਵਧਾਉਣੀ ਸੀ। ਵਾਰਸਾਂ ਤੋਂ ਬਗੈਰ ਕੀ ਏ ਮਾਪਿਆਂ ਦਾ ਜਿਊਣਾ? ਉਨ੍ਹਾਂ ਦੀ ਬੁੱਢ-ਵਰੇਸ ਵਿਚ ਪੁੱਤ ਤੋਂ ਬਗੈਰ ਕੌਣ ਕਰਾਵੇਗਾ ਚੇਤਾ ਕਿ ਦਵਾਈ ਕਦੋਂ ਖਾਣੀ ਹੈ, ਕਿਹੜੀ ਖਾਣੀ ਏ ਅਤੇ ਕੀ ਖਾਣਾ ਤੇ ਕੀ ਨਹੀਂ ਖਾਣਾ? ਕੌਣ ਜ਼ਿੰਮੇਵਾਰੀਆਂ ਦਾ ਬੋਝ ਢੋਵੇਗਾ ਅਤੇ ਕੌਣ ਢਾਰਸ ਬਣ ਕੇ ਔਖੇ ਵਕਤਾਂ ਵਿਚ ਨਾਲ ਹੋਵੇਗਾ? ਮਾਪੇ ਆਪਣੇ ਪੁੱਤ ਨੂੰ ਪੁੱਛਦੇ ਨੇ ਕਿ ਦੇਖ ਸਾਡੇ ਬੈਗ ਵਿਚ ਕੋਈ ਤੇਰੀ ਚੀਜ਼ ਨਾ ਆ ਗਈ ਹੋਵੇ? ਪੁੱਤ ਕਹਿੰਦਾ ਹੈ ਕਿ ਨਹੀਂ। ਪਰ ਉਹ ਜਾਣਦਾ ਹੈ ਕਿ ਮਾਪੇ ਚੱਲੇ ਨੇ ਪਰ ਘਰ ਵਿਚ ਰਹਿ ਜਾਵੇਗੀ ਉਨ੍ਹਾਂ ਦੀ ਪੈੜਚਾਲ ਦੀ ਯਾਦ, ਉਨ੍ਹਾਂ ਦਾ ਹੁੰਗਾਰਾ, ਹਾਕ ਅਤੇ ਹੌਂਸਲਾ। ਉਨ੍ਹਾਂ ਦੀਆਂ ਦਿਤੀਆਂ ਮੱਤਾਂ ਤੇ ਸਿਆਣਪਾਂ। ਉਨ੍ਹਾਂ ਵੱਲੋਂ ਬਾਹਰਲੀ ਕਿਆਰੀ ਵਿਚ ਲਾਈਆਂ ਸਬਜ਼ੀਆਂ ਅਤੇ ਅਗਲੇ ਸਾਲ ਵੀ ਸਬਜ਼ੀਆਂ ਲਾਉਣ ਲਈ ਹਦਾਇਤਾਂ। ਆਪਣੇ ਪੋਤਰੇ/ਪੋਤਰੀ ਨਾਲ ਪਾਲਿਆ ਹੋਇਆ ਮੋਹ। ਉਨ੍ਹਾਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਦਾ ਉਦਮ। ਉਨ੍ਹਾਂ ਨਾਲ ਲਡਾਏ ਲਾਡ। ਸੁਣਾਈਆਂ ਕਹਾਣੀਆਂ ਅਤੇ ਜੀਵਨ ਦੀਆਂ ਯਾਦਾਂ ਜਿਹੜੀਆਂ ਉਹ ਆਪਣੇ ਬੱਚਿਆਂ ਨੂੰ ਘੱਟ ਹੀ ਦੱਸਦੇ ਸਨ। ਬੱਚਿਆਂ ਨਾਲ ਪੰਜਾਬੀ ਵਿਚ ਗੱਲਾਂ ਕਰਨਾ ਅਤੇ ਉਨ੍ਹਾਂ ਨੂੰ ਪੰਜਾਬੀ ਬੋਲਣ ਲਈ ਪ੍ਰੇਰਿਤ ਕਰਨਾ। ਬੱਚਿਆਂ ਵਲੋਂ ਦਾਦਾ/ਦਾਦੀ ਦੇ ਬੈਡ 'ਤੇ ਹਰ ਰੋਜ਼ ਪਾਇਆ ਖਲਾਰਾ। ਉਨ੍ਹਾਂ ਨੂੰ ਕੰਪਿਊਟਰੀ ਖੇਡਾਂ ਵਿਚ ਉਲਝਾਈ ਅਤੇ ਰੁਝਾਈ ਰੱਖਣ ਦਾ ਵਿਸਮਾਦ। ਉਨ੍ਹਾਂ ਦੀ ਹਾਜ਼ਰੀ ਵਿਚ ਰੱਸਦਾ-ਵੱਸਦਾ ਆਰ-ਪਰਿਵਾਰ ਜਿਸ ਨਾਲ ਹੁੰਦਾ ਸੀ ਘਰ ਦਾ ਵਿਸਥਾਰ। ਇਹ ਸਭ ਕੁਝ ਤਾਂ ਉਹ ਇਥੇ ਹੀ ਛੱਡ ਕੇ ਜਾ ਰਹੇ ਨੇ ਭਾਵੇਂ ਕਿ ਉਹ ਕਹਿੰਦੇ ਨੇ ਉਨ੍ਹਾਂ ਨੇ ਸਭ ਕੁਝ ਲੈ ਲਿਆ ਹੈ।

ਜਦ ਕੋਈ ਆਪਣੇ ਮਿੱਤਰ ਪਿਆਰੇ ਨੂੰ ਮਿਲ ਕੇ ਵਾਪਸ ਆਪਣੇ ਪਿੰਡ ਨੂੰ ਪਰਤਣ ਲੱਗਦਾ ਤਾਂ ਮਿੱਤਰ ਪੁੱਛਦਾ ਹੈ ਕਿ ਸਭ ਕੁਝ ਲੈ ਲਿਆ। ਕੁਝ ਰਹਿ ਤਾਂ ਨਹੀਂ ਗਿਆ। ਉਹ ਹੱਸਦਾ ਹੈ ਅਤੇ ਕਹਿੰਦਾ ਹੈ ਕਿ ਸਭ ਕੁਝ ਲੈ ਲਿਆ ਏ। ਪਰ ਨਾਲ ਲੈ ਕੇ ਵੀ ਬਹੁਤ ਕੁਝ ਨਹੀਂ ਲਿਜਾ ਸਕਦਾ। ਉਹ ਸੋਚਦਾ ਹੈ ਕਿ ਕਿਵੇਂ ਲੈ ਕੇ ਜਾਵਾਂ ਯਾਰ ਦੀ ਦਿਲਦਾਰੀ। ਉਸਦਾ ਖਿੜਖਿੜਾ ਕੇ ਹੱਸਣਾ। ਉਸ ਨਾਲ ਪਾਈਆਂ ਦਿਲ ਦੀਆਂ ਬਾਤਾਂ, ਪੁਰਾਣੀਆਂ ਯਾਦਾਂ ਦੀ ਫਰੋਲਾ-ਫਰੋਲੀ। ਬਚਪਨੀ ਯਾਰੀਆਂ ਦੀਆਂ ਉਹ ਮਾਸੂਮ ਜਿਹੀਆਂ ਸ਼ਰਾਰਤਾਂ। ਚੋਰੀ ਬੇਰ, ਅੰਬ ਜਾਂ ਜਾਮਨਾਂ ਤੋੜਣ ਵਾਲੀਆਂ ਘਤਿੱਤਾਂ। ਰਾਹ ਜਾਂਦਿਆਂ ਖੇਤ ਵਿਚੋਂ ਗੰਨੇ ਭੰਨ ਲੈਣਾ। ਸਾਈਕਲ ਦੀ ਟੱਲੀ ਖੋਲ੍ਹ ਕੇ ਪਾਣੀ ਪੀਣਾ ਅਤੇ ਮੱਡਗਾਰਡ 'ਤੇ ਕੀਤੀ ਹੋਈ ਸਵਾਰੀ ਦੇ ਅਨਾਦੀ ਪਲ। ਮਿੱਤਰ-ਮੋਢੇ 'ਤੇ ਸਿਰ ਰੱਖ ਕੇ ਮਨ ਦੀਆਂ ਬਾਤਾਂ ਪਾਉਣ ਦੀ ਅਦਾਅ। ਮਿੱਤਰਾਂ ਦੀ ਸੁਹੰਢਣੀ ਸਲਾਹ ਅਤੇ ਜਿਸ ਵਿਚੋਂ ਉਗੀ ਸੀ ਸੁਪਨਿਆਂ ਦੀ ਸੰਦਲੀ ਭਾਅ। ਇਹ ਸਭ ਕੁਝ ਅਤੇ ਇਨ੍ਹਾਂ ਨਾਲ ਜੁੜੀਆਂ ਯਾਦਾਂ ਦਾ ਪਟਾਰਾ ਤਾਂ ਮਿੱਤਰ ਦੇ ਚੁਬਾਰੇ ਵਿਚ ਹੀ ਛੱਡ ਕੇ ਜਾ ਰਿਹਾ ਏ ਜਾਣ ਵਾਲਾ ਸਖ਼ਸ਼।

ਬੰਦਾ ਜੀਵਨ ਭਰ ਆਪਣੀ ਨੌਕਰੀ ਕਰਨ ਤੋਂ ਬਾਅਦ ਸੇਵਾਮੁਕਤ ਹੋ ਕੇ ਆਖਰੀ ਦਿਨ ਦਫ਼ਤਰ ਤੋਂ ਬਾਹਰ ਨਿਕਲਦਾ ਹੈ। ਫਿਰ ਇਕ ਦਮ ਵਾਪਸ ਅੰਦਰ ਜਾਂਦਾ ਹੈ। ਜਦ ਉਹ ਮੁੜਦਾ ਹੈ ਤਾਂ ਉਸਦੇ ਸਾਥੀ ਪੁੱਛਦੇ ਹਨ ਕੀ ਸਰ ਕੁਝ ਰਹਿ ਗਿਆ ਲਿਜਾਣ ਵਾਲਾ। ਉਹ ਮੂੰਹੋਂ ਤਾਂ ਕਹਿੰਦਾ ਹੈ ਕਿ ਕੁਝ ਨਹੀਂ। ਪਰ ਉਹ ਜਾਣਦਾ ਹੈ ਕਿ ਬਹੁਤ ਕੁਝ ਰਹਿ ਗਿਆ ਏ ਇਸ ਅਦਾਰੇ ਵਿਚ, ਇਸ ਦਫਤਰ ਵਿਚ, ਇਨ੍ਹਾਂ ਸੰਗੀਆਂ ਸਾਥੀਆਂ ਵਿਚ ਅਤੇ ਇਸ ਚੌਗਿਰਦੇ ਵਿਚ ਜਿਥੇ ਜ਼ਿੰਦਗੀ ਦੀਆਂ ਤੀਹ ਬਹਾਰਾਂ ਬਿਤਾਈਆਂ ਨੇ। ਅਲਮਾਰੀ ਵਿਚ ਬੰਦ ਉਸਦੀ ਸਰਵਿਸ ਬੁੱਕ, ਉਸਦੀਆਂ ਕੀਰਤੀਆਂ ਤੇ ਕਰਨੀਆਂ ਦਾ ਲੇਖਾ-ਜੋਖ਼ਾ ਆਪਣੇ ਵਿਚ ਸਮਾਈ ਕਦੇ ਕਦਾਈਂ ਜ਼ਰੂਰ ਉਡੀਕਿਆ ਕਰੇਗੀ ਕਿ ਕਦੇ ਤਾਂ ਇਸ ਸਰਵਿਸ ਬੁੱਕ ਦਾ ਮਾਲਕ ਆਵੇ। ਇਸ ਵਿਚ ਲਿਖੀ ਹੋਈ ਇਬਾਰਤ ਪੜ੍ਹੇ ਅਤੇ ਆਪਣੇ ਆਪ ਨੂੰ ਪਰਖੇ। ਜੀਵਨ ਵਿਚਲੀ ਸੇਧ ਅਤੇ ਸਿਰਨਾਵੇਂ ਨੂੰ ਸੁਪਨਿਆਂ ਦੀ ਪੂਰਤੀ ਦੇ ਨਾਵੇਂ ਲਾਉਣ ਵਾਲਾ ਨਜ਼ਰੀਆ ਪਰਤ ਆਵੇ। ਸੇਵਾਮੁਕਤ ਹੋਣ ਤੋਂ ਬਾਅਦ ਵੀ ਬਹੁਤ ਕੁਝ ਰਹਿ ਜਾਂਦਾ ਹੈ ਵਿਅਕਤੀ ਦਾ ਜਿਸ ਵਿਚ ਹੁੰਦੀ ਏ ਵਕਤ ਦੀ ਤਵਾਰੀਖ਼। ਬੀਤੇ ਸਮੇਂ ਦੀਆਂ ਧੁੰਧਲੀਆਂ ਯਾਦਾਂ ਜਿਨ੍ਹਾਂ 'ਚ ਜ਼ਿੰਦਗੀ ਨੂੰ ਹੋਰ ਖੂਬਸੂਰਤ ਅਤੇ ਖੂਬਸੀਰਤ ਬਣਾਉਣ ਲਈ ਆਪਣੇ ਰਾਹਾਂ ਦੀ ਭਾਲ ਕੀਤੀ ਹੋਵੇ।

ਬਾਪ ਦੀ ਚਿਖਾ ਨੂੰ ਅਗਨੀ ਦੇ ਦਿਤੀ ਗਈ ਏ। ਸਿਵਾ ਬਲ ਰਿਹਾ ਏ। ਲੋਕ ਆਪਣੇ ਘਰਾਂ ਨੂੰ ਪਰਤਣ ਲੱਗ ਪਏ ਨੇ। ਅੱਗ ਦੀਆਂ ਲਪਟਾਂ ਉਚੀਆਂ ਹੋ ਰਹੀਆਂ ਨੇ। ਪੁੱਤ ਲੋਕਾਂ ਦੇ ਨਾਲ ਹੀ ਘਰ ਨੂੰ ਤੁਰ ਪੈਂਦਾ ਏ ਅਤੇ ਫਿਰ ਇਕ ਦਮ ਪਰਤਦਾ ਹੈ ਅਤੇ ਸਿਵੇ ਦੇ ਕੋਲ ਜਾ ਕੇ ਕੁਝ ਦੇਖਦਾ ਹੈ। ਉਸਦਾ ਸਿਆਣੂ ਪੁੱਛਦਾ ਹੈ ਕੀ ਕੁਝ ਰਹਿ ਗਿਆ ਹੈ। ਮਸੋਸੇ ਜਿਹੇ ਬੋਲ ਨਾਲ ਕਹਿੰਦਾ ਹੈ ਕੁਝ ਵੀ ਨਹੀਂ। ਪਰ ਉਸਦਾ ਅੰਦਰ ਉਚੀ ਕੂਕਣਾ ਚਾਹੁੰਦਾ ਏ ਕਿ ਹਾਂ ਬਹੁਤ ਕੁਝ ਰਹਿ ਗਿਆ ਏ ਇਸ ਬਲਦੇ ਸਿਵੇ ਵਿਚ। ਮੇਰੇ ਬਾਪ ਦਾ ਨਿਗਰ ਸਰੀਰ ਜੋ ਰਾਖ਼ ਬਣ ਜਾਵੇਗਾ। ਬਾਪ ਦੀਆਂ ਉਂਗਲਾਂ ਜਿਨ੍ਹਾਂ ਨੂੰ ਫੜ ਕੇ ਮੈਂ ਤੁਰਨਾ ਸਿਖਿਆ ਅਤੇ ਜੋ ਮੈਨੂੰ ਪਹਿਲੇ ਦਿਨ ਸਕੂਲ ਛੱਡ ਕੇ ਆਈਆਂ ਸਨ। ਮੇਰੇ ਬਾਪ ਦਾ ਉਹ ਮੁਹਾਂਦਰਾ ਜਿਸਦੇ ਚਿਹਰੇ 'ਤੇ ਪੁੱਤ ਦੀਆਂ ਪ੍ਰਾਪਤੀਆਂ ਦਾ ਮਾਣ, ਮਿਹਨਤ ਤੇ ਮੁਸ਼ੱਕਤ ਦਾ ਨੂਰ ਤੇ ਸਾਫ਼ਗੋਈ ਦਾ ਸੰਦੇਸ਼। ਕੂੜ-ਕਪਟ ਤੋਂ ਬੇਲਾਗਤਾ। ਸੋਚ ਦੀ ਪਾਕੀਜ਼ਗੀ ਦਾ ਅਲਹਾਮ। ਉਹ ਤਾਂ ਕਿਸੇ ਦੇ ਪੱਠੇ ਚੋਰੀ ਵੱਢਣ ਨੂੰ ਪਾਪ ਸਮਝਦਾ ਸੀ। ਇਸ ਸਿਵੇ ਵਿਚ ਮੱਚ ਰਹੀ ਹੈ ਬਾਪ ਦੀ ਫਕੀਰੀ ਅਲਮਸਤਾ, ਨਿਰ-ਉਚੇਚ ਕਿਸੇ ਦੇ ਕੰਮ ਆਉਣਾ ਦੀ ਤਮੰਨਾ। ਬੱਚਿਆਂ ਨੂੰ ਸਾਦਗੀ, ਸਮਰਪਣ, ਸਹਿਜਤਾ ਅਤੇ ਸੁਖਨ ਦਾ ਪਾਠ ਪੜ੍ਹਾਉਣ ਦੀ ਤਲਬ। ਸਿਵੇ ਵਿਚ ਸੜ ਕੇ ਵੀ ਬਾਪ ਕਿਧਰੇ ਨਹੀਂ ਜਾਂਦਾ। ਉਹ ਰਾਖ਼ ਹੋ ਕੇ ਸਾਡੀ ਸੋਚ ਦੇ ਪੱਲੇ ਵਿਚ ਉਹ ਕੁਝ ਪਾ ਜਾਂਦਾ ਜੋ ਸਾਨੂੰ ਜੀਵਨ ਭਰ ਕਿਧਰੇ ਵੀ ਨਹੀਂ ਥਿਆਉਣਾ। ਦਰਅਸਲ ਬਾਪ ਜਾ ਕੇ ਵੀ ਕਿਧਰੇ ਨਹੀਂ ਜਾਂਦਾ। ਉਹ ਹਰਦਮ, ਹਰ ਪਲ ਅਤੇ ਹਰ ਮੋੜ 'ਤੇ ਤੁਹਾਡੀ ਰਹਿਨੁਮਾਈ ਕਰਦਾ, ਤੁਹਾਡੀਆਂ ਬਲਾਵਾਂ ਉਤਾਰਦਾ, ਅਦਿੱਖ ਰੂਪ ਵਿਚ ਤੁਹਾਡੇ ਸਮੁੱਚ ਵਿਚ ਸਦਾ ਹਾਜ਼ਰ ਨਾਜ਼ਰ ਰਹਿੰਦਾ।

ਜ਼ਿੰਦਗੀ ਵਿਚ ਕੁਝ ਵੀ ਸਮੇਟਣ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੁੰਦਾ ਕਿ ਅਸੀਂ ਕੁਝ ਅਜਿਹਾ ਛੱਡ ਕੇ ਜਾਈਏ, ਜੋ ਅਸੀਂ ਨਾਲ ਨਹੀਂ ਲਿਜਾ ਸਕਦੇ। ਜੋ ਸਾਡੀ ਵਿਰਾਸਤ ਨੂੰ ਅਗਲੀਆਂ ਪੀੜ੍ਹੀਆਂ ਦੇ ਨਾਮ ਕਰੇਗਾ। ਦਰਅਸਲ ਅਸੀਂ ਕੁਝ ਵੀ ਨਾਲ ਨਹੀਂ ਲਿਜਾਂਦੇ ਸਿਰਫ਼ ਛੱਡ ਕੇ ਹੀ ਜਾਂਦੇ ਹਾਂ। ਅਛੋਪਲੇ ਜਿਹੇ ਅਣਦਿਸਦੀਆਂ ਛੱਡਣ ਵਾਲੀਆਂ ਵਸਤਾਂ ਵਿਚ ਸਭ ਤੋਂ ਅਹਿਮ ਹੁੰਦੀਆਂ ਨੇ ਨੇਕਨੀਤੀ, ਨੇਕੀ, ਬੰਦਿਆਈ, ਭਲਿਆਈ ਅਤੇ ਸੱਜਣਤਾਈ, ਜਿਸਨੇ ਕਰਨੀ ਹੁੰਦੀ ਹੈ ਮਾਨਵਤਾ ਦੀ ਰਹਿਨੁਮਾਈ। ਕੁਝ ਲੋਕ ਸਿਰਫ਼ ਵਰਤਮਾਨ ਵਿਚ ਹੀ ਜਿਉਂਦੇ ਨੇ ਪਰ ਭਾਗਸ਼ਾਲੀ ਹੁੰਦੇ ਨੇ। ਉਹ ਲੋਕ ਜੋ ਵਰਤਮਾਨ ਦੇ ਨਾਲ ਨਾਲ ਭਵਿੱਖ ਵਿਚ ਵੀ ਜਿਉਂਦੇ ਨੇ। ਲੋਕ ਉਨ੍ਹਾਂ ਦੀਆਂ ਅਮਾਨਤਾਂ ਨੂੰ ਆਪਣੀ ਜ਼ਿੰਦਗੀ ਦੀ ਅਧਾਰਸ਼ਿਲਾ ਬਣਾ ਕੇ, ਆਪਣੀਆਂ ਪ੍ਰਾਪਤੀਆਂ ਦੇ ਸਿਲਾਲੇਖ਼ਾਂ ਦਾ ਰੂਪ ਦਿੰਦੇ। ਕਦੇ ਅਧਾਰਸ਼ਿਲਾ ਤੋਂ ਸ਼ਿਲਾਲੇਖ਼ ਬਣਨ ਦੇ ਰਾਹੀ ਬਣਨ ਦਾ ਸੁਪਨਾ ਜ਼ਰੂਰ ਲੈਣਾ ਕਿਉਂਕਿ ਸੁਪਨੇ ਲੈਣ 'ਤੇ ਹੀ ਪੂਰੇ ਹੁੰਦੇ ਨੇ।

ਅਸੀਂ ਸਾਰੇ ਹੀ ਬਹੁਤ ਕੁਝ ਛੱਡ ਆਉਂਦੇ ਹਾਂ ਜਦ ਵੀ ਅਸੀਂ ਇਕ ਥਾਂ ਤੋਂ ਦੂਸਰੇ ਥਾਂ ਦੀ ਯਾਤਰਾ 'ਤੇ ਤੁਰਦੇ ਹਾਂ। ਬਹੁਤ ਕੁਝ ਛੱਡ ਕੇ ਆਏ ਨੂੰ ਕਦੇ ਭਾਲਣ ਦੀ ਕੋਸ਼ਿਸ਼ ਜ਼ਰੂਰ ਕਰਨਾ।

# 2022 ਦੀਆਂ ਚੋਣਾਂ: ਵੋਟਰ ਕੀ ਰੁਖ਼ ਅਪਣਾਵੇ?

ਜਾਤ, ਮਜ਼੍ਹਬ, ਖੇਤਰ ਤੇ ਪਾਰਟੀ ਦੇ ਪੱਖਪਾਤਾਂ ਤੋਂ ਉਪਰ ਉਠ ਕੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਰਾਜਾਂ ਦੇ ਵੋਟਰ ਆਪਣਾ ਕੀਮਤੀ ਵੋਟ ਕਿਵੇਂ ਪਾਉਣ? ਇਨ੍ਹਾਂ ਗੱਲਾਂ ਨੂੰ ਦਰ-ਕਿਨਾਰ ਕਰ ਕੇ ਵੋਟ ਦਾ ਨਿਰਣਾ ਕਰਨ ਲਈ ਕੁਝ ਕੁ ਮੁੱਖ ਅਸੂਲ ਉਲੀਕਣੇ ਬਣਦੇ ਹਨ। ਦਹਾਕਿਆਂ ਤੋਂ ਨਿੱਘਰਦੇ ਹਾਲਾਤ ਵਿਚ ਇਸ ਵਾਰ ਬਿਨਾਂ ਅਸੂਲਾਂ ਤੋਂ ਵੋਟ ਪਾਉਣ ਦਾ ਕੋਈ ਮਤਲਬ ਨਹੀਂ ਰਹਿ ਗਿਆ।

ਮੰਨ ਕੇ ਚਲੋ ਕਿ ਭਾਰਤੀ ਲੋਕਤੰਤਰ ਡੈਮਾਗੋਗੀ ਬਣ ਚੁੱਕਿਆ ਹੈ। ਡੈਮਾਗੋਗੀ ਕੀ ਹੈ? ਯੂਨਾਨੀ ਫਿਲਾਸਫਰ ਅਰਸਤੂ ਅਨੁਸਾਰ ਡੈਮਾਗੋਗੀ ਲੋਕਤੰਤਰ ਦਾ ਸਭ ਤੋਂ ਬਦਸੂਰਤ ਅਕਸ ਹੁੰਦਾ ਹੈ। ਇਸ ਤੋਂ ਅੱਗੇ ਬਸ ਮਤਸਿਗਿਆ ਭਾਵ ਸਮੁੰਦਰ ਵਿਚ ਮੱਛੀ ਨੂੰ ਮੱਛੀ ਖਾਣ ਵਾਲੀ ਅਰਾਜਕਤਾ ਹੀ ਰਹਿ ਜਾਂਦੀ ਹੈ। ਲੋਕਤੰਤਰੀ ਰਾਜ ਵਿਚ ਜਿੱਥੇ ਰੱਜੇ-ਪੁੱਜੇ ਲੋਕ ਜਨ-ਕਲਿਆਣ ਤੇ ਲੋਕ ਕਾਰਜਾਂ ਲਈ ਸਮਾਂ ਕੱਢ ਕੇ ਨਿਰਸਵਾਰਥ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਭਾਵਨਾ ਨਾਲ ਰਾਜਨੀਤੀ ਵਿਚ ਅੱਗੇ ਆਉਂਦੇ ਹਨ, ਉਥੇ ਡੈਮਾਗੋਗੀ ਵਿਚ ਹੁਕਮਰਾਨ ਲੋਕਾਂ ਨੂੰ ਭੁਲੇਖਿਆਂ ਵਿਚ ਰੱਖ ਕੇ ਕੇਵਲ ਆਪਣੇ ਸਵਾਰਥ ਤੇ ਆਪਣੇ ਭਲੇ ਲਈ ਕੰਮ ਕਰਦੇ ਹਨ। ਚੋਣਾਂ ਜਿੱਤਣ ਲਈ ਉਹ ਰੱਜ ਕੇ ਪੈਸਾ, ਝੂਠ ਤੇ ਬੇਈਮਾਨੀ ਵਰਤਦੇ ਹਨ ਅਤੇ ਪ੍ਰਭਾਵਸ਼ਾਲੀ ਤਕਰੀਰਾਂ ਰਾਹੀਂ ਲੋਕਾਂ ਨੂੰ ਭਰਮਾਉਂਦੇ ਹਨ। ਲੋਕਾਂ ਦੇ ਅੱਖੀਂ ਘੱਟਾ ਪਾਉਣ ਦੇ ਇਸ ਕੰਮ ਵਿਚ ਉਹ ਖੂਬ ਮਾਹਿਰ ਹੁੰਦੇ ਹਨ ਤੇ ਇਸ ਸਵਾਰਥੀ ਕਾਰੇ ਵਿਚ ਸਫਲਤਾ ਯਕੀਨੀ ਬਣਾਉਣ ਲਈ ਭਾੜੇ ਦੇ ਮਾਹਿਰਾਂ ਦੀ ਸਹਾਇਤਾ ਵੀ ਲੈਂਦੇ ਹਨ।

ਅਜੋਕੇ ਭਾਰਤ ਵਿਚ ਇਹੀ ਕੁਝ ਚਲ ਰਿਹਾ ਹੈ। ਦੇਸ਼ ਵਿਚ ਇਕ ਪਾਸੇ ਗਰੀਬ, ਬੀਮਾਰ, ਬੇਰੁਜ਼ਗਾਰ, ਅਨਪੜ੍ਹ, ਕੱਚ-ਪੜ੍ਹ, ਲਾਚਾਰ ਤੇ ਝੂਠੇ ਵਾਅਦਿਆਂ 'ਤੇ ਪਲਣ ਵਾਲੇ ਮੱਤਦਾਤਾ ਹਨ ਤੇ ਦੂਜੇ ਪਾਸੇ ਸੱਤਾ ਦੇ ਭੁੱਖੇ ਮੱਕਾਰ ਅਤੇ ਲੂੰਬੜਾਂ ਤੇ ਭੇੜੀਆਂ ਵਾਂਗ ਲਾਲਚੀ ਨੇਤਾਗਣ ਹਨ, ਜੋ ਨਿਮਾਣਿਆਂ ਤੇ ਨਿਤਾਣਿਆਂ ਨੂੰ ਸਬਜ਼ਬਾਗ ਦਿਖਾ ਕੇ ਆਪ ਦੌਲਤ ਦੇ ਅੰਬਾਰ ਇਕੱਠੇ ਕਰ ਰਹੇ ਹਨ। ਇਸ ਵਿਚ ਕਸੂਰ ਕਿਸੇ ਦਾ ਵੀ ਹੋਵੇ, ਪਰ ਇਹ ਇਸ ਤਰ੍ਹਾਂ ਦਾ ਬਣ ਗਿਆ ਹੈ। ਪੌਣੇ ਪੰਜ ਸਾਲ ਲੋਕ ਲਤਾੜੇ ਜਾਂਦੇ ਹਨ ਤੇ ਸੁਧਾਰ ਦੀਆਂ ਸਕੀਮਾਂ ਘੜਦੇ ਰਹਿੰਦੇ ਹਨ ਪਰ ਪਿਛਲੇ ਤਿੰਨ ਮਹੀਨੇ ਵਿਚ ਹੀ ਅਜਿਹੀ ਤਿਕੜਮਬਾਜ਼ੀ ਚਲਦੀ ਹੈ ਕਿ ਸਭ ਕੁਝ ਉਨ੍ਹਾਂ ਦੇ ਉਲਟ ਹੋਇਆ ਮਿਲਦਾ ਹੈ। ਜੇ ਇੰਦਾਂ ਨਾ ਹੋਇਆ ਹੋਵੇ ਤਾਂ ਲੱਖਣ ਲਾਓ ਕਿ ਪਿਛਲੇ ਤਿਹੱਤਰ ਸਾਲਾਂ ਤੋਂ ਰਾਜ ਲੋਕਾਂ ਦੇ ਨਾਂ 'ਤੇ ਚਲਦਾ ਹੋਵੇ ਤੇ ਲੋਕ ਹੀ ਸਭ ਤੋਂ ਵੱਧ ਅਨਪੜ੍ਹ, ਗਰੀਬ ਤੇ ਮਜ਼ਲੂਮ ਹੁੰਦੇ ਜਾਣ!

ਇਸ ਲਈ ਸਮਝ ਹੀ ਲਓ ਕਿ ਪਿਛਲੀਆਂ ਸਭ ਚੋਣਾਂ ਦੀ ਤਰ੍ਹਾਂ ਇਸ ਵਾਰ ਵੀ ਚੋਣਾਂ ਵਿਚ ਵਿਭਿੰਨ ਮੁਖੌਟਿਆਂ ਵਾਲੇ ਰਾਜਸੀ ਦਲ ਮੈਦਾਨ ਵਿਚ ਗੱਜਣਗੇ। ਉਹ ਘਾਗ ਤੋਂ ਘਾਗ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਨਗੇ ਤੇ ਵੋਟਰਾਂ ਨੂੰ ਨਵੇਂ-ਨਵੇਂ ਢੰਗਾਂ ਨਾਲ ਭਰਮਾਉਣਗੇ। ਉਹ ਭਾੜੇ ਦੀਆਂ ਭੀੜਾਂ ਇਕੱਠੀਆਂ ਕਰ ਕੇ ਰੈਲੀਆਂ ਕਰਨਗੇ ਤੇ ਬੇਕਾਰ ਮੁੱਦਿਆਂ ਨਾਲ ਲੋਕਾਂ ਦਾ ਧਿਆਨ ਉਲਟਾਉਣਗੇ। ਉਹ ਝੂਠੇ ਵਾਅਦਿਆਂ ਨਾਲ ਭਰੇ ਦਿਲ ਭਰਮਾਊ ਭਾਸ਼ਣ ਦੇਣਗੇ ਤੇ ਸਬਜ਼ਬਾਗ ਦਿਖਾ ਕੇ ਲੋਕਾਂ ਨੂੰ ਆਪਣੇ ਵਲ ਪ੍ਰੇਰਨਗੇ। ਵੋਟਰਾਂ ਦੇ ਰਿਸ਼ਤੇਦਾਰ ਲੱਭ ਕੇ ਸਿਫਾਰਸ਼ਾਂ ਪੁਆਉਣਗੇ ਤੇ ਘਰੋ-ਘਰੀ ਜਾ ਕੇ ਹਲੀਮੀ ਤਰਲੇ ਪਾਉਣਗੇ। ਕਈ ਤਾਂ ਨਸ਼ਾ ਤੇ ਨੋਟ ਵੀ ਵੰਡਣਗੇ। ਹਰ ਪਾਰਟੀ ਵਿਚ ਟਿਕਟਾਂ ਤੇ ਅਹੁਦਿਆਂ ਦੀ ਵੰਡ ਨੂੰ ਲੈ ਕੇ ਕਲੇਸ਼ ਪੈਣਗੇ। ਰਾਜਸੀ ਦਲ ਇਕ ਦੂਜੇ ਦੇ ਲੀਡਰ ਪੱਟਣਗੇ ਕਈ ਆਪ ਹੀ ਆਪਣੀ ਪਾਰਟੀ ਛੱਡ ਕੇ ਦੂਜੀ ਵਿਚ ਸ਼ਾਮਲ ਹੋਣਗੇ। ਗੱਲ ਗੱਲ ਵਿਚ ਮੰਦੀ ਭਾਸ਼ਾ ਵਰਤਣਗੇ ਤੇ ਇਕ ਦੂਜੇ ਦੀਆਂ ਪੱਗਾਂ ਉਛਾਲਣਗੇ। ਆਪ ਜਿੱਤਣ ਲਈ ਇਕ ਦੂਜੇ 'ਤੇ ਚਿੱਕੜ ਸੁੱਟਣਗੇ ਤੇ ਹਰ ਤਰ੍ਹਾਂ ਦੇ ਪੁੱਠੇ ਸਿੱਧੇ ਹਰਬੇ ਵਰਤਣਗੇ। ਗੱਲ ਕੀ, ਉਹ ਗਰੀਬ ਵੋਟਰ ਦਾ ਇਕੋ ਇਕ ਮੱਹਤਵਪੂਰਨ ਅਧਿਕਾਰ 'ਮੱਤਦਾਨ' ਲੁੱਟਣ ਦੀ ਹਰ ਸੰਭਵ ਤੇ ਅਸੰਭਵ ਕੋਸਿ:ਸ਼ ਕਰਨਗੇ। ਸਵਾਰਥ ਦਾ ਇਹ ਤਾਂਡਵ ਨਾਚ ਉਦੋਂ ਤੀਕਰ ਚਲਾਇਆ ਜਾਵੇਗਾ ਜਦੋਂ ਤਕ ਵੋਟਰ ਆਪਣੇ ਵਿਕਾਸ ਦੀ ਗੱਲ ਛੱਡ ਕੇ ਇਨ੍ਹਾਂ ਝਗੜਦੇ ਲੀਡਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਹੀ ਆਪਣੀ ਪਰਮ ਅਗੇਤ ਨਹੀਂ ਸਮਝ ਲੈਂਦੇ।

ਵੋਟਰ ਇਸ ਕੜਿੱਕੀ ਤੋਂ ਤਦੇ ਹੀ ਬਚ ਸਕਦੇ ਹਨ, ਜੇ ਉਹ ਯਾਦ ਰੱਖ ਸਕਣ ਕਿ ਉਨ੍ਹਾਂ ਦਾ ਕਲਿਆਣ ਕਿਸੇ ਗੈਰ-ਭਾਵਨਾ ਵਾਲੇ ਆਗੂ ਨੇ ਤਰਸ ਖਾ ਕੇ ਨਹੀਂ ਕਰਨਾ, ਸਗੋਂ ਸੋਚ-ਸੰਭਲ ਕੇ ਪਾਏ ਉਨ੍ਹਾਂ ਦੇ ਆਪਣੇ ਵੋਟ ਨੇ ਕਰਨਾ ਹੈ। ਇਸ ਲਈ ਉਨ੍ਹਾਂ ਨੂੰ ਪਰਾਏ ਹਿੱਤ ਵਾਲੇ, ਲਾਲਸੀ ਤੇ ਝੂਠੇ ਵਾਅਦਿਆਂ ਵਾਲੇ ਅਤੇ ਆਪਣੇ ਜਿਹੇ ਹਿੱਤਾਂ ਵਾਲੇ ਲੋਕਾਂ ਦਾ ਫਰਕ ਪਤਾ ਹੋਣਾ ਚਾਹੀਦਾ ਹੈ। ਇਹ ਕੰਮ ਲੋਕਾਂ ਨੇ ਆਪਣੇ ਲਈ ਆਪ ਕਰਨਾ ਹੈ। ਇਹ ਕੰਮ ਉਹ ਬਾਖੂਬੀ ਕਰ ਵੀ ਸਕਦੇ ਹਨ, ਜੇ ਉਹ ਸਮਝਣ ਕਿ ਉਨ੍ਹਾਂ ਨੇ ਆਪਣਾ ਉਮੀਦਵਾਰ ਇਕ ਦੋ ਦਿਨ ਲਈ ਨਹੀਂ, ਸਗੋਂ ਪੂਰੇ ਪੰਜ ਸਾਲ ਲਈ ਚੁਣਨਾ ਹੈ। ਇਸ ਲਈ ਉਹ ਜੋਸ਼ ਦੀ ਥਾਂ ਸੋਚ ਤੋਂ ਕੰਮ ਲੈਣ ਕਿਉਂਕਿ ਉਨ੍ਹਾਂ ਦੇ ਜੀਵਨ ਨਾਲ ਜੁੜੇ ਰੁਜ਼ਗਾਰ, ਸਿੱਖਿਆ, ਸਿਹਤ ਤੇ ਖੁਰਾਕ ਆਦਿ ਦੇ ਸਭ ਅਹਿਮ ਮਸਲੇ ਚੋਣਾਂ ਤੋਂ ਦੂਜੇ ਦਿਨ ਹੀ ਉਨ੍ਹਾਂ ਸਾਹਮਣੇ ਫਿਰ ਆ ਖੜ੍ਹੇ ਹੋਣਗੇ। ਉਹ ਸੋਚਣ ਕਿ ਜੇ ਉਹ ਚੋਣਾਂ ਦੇ ਬੁਖਾਰ ਵਿਚ ਗਲਤ ਫੈਸਲਾ ਲੈ ਬੈਠੇ ਤੇ ਉਨ੍ਹਾਂ ਦੀਆਂ ਆਸਾਂ ਉਮੀਦਾਂ ਤੇ ਘੱਟੋ-ਘੱਟ ਪੰਜ ਸਾਲ ਹੋਰ ਪਾਣੀ ਫਿਰ ਜਾਵੇਗਾ। ਪਰ ਇਹ ਸਭ ਕੁਝ ਜਾਣਦਿਆਂ ਹੋਇਆਂ ਵੀ "ਹਵਾ" ਦੇ ਵਹਿਣ ਵਿਚ ਵਹਿ ਜਾਂਦੇ ਹਨ।

ਸਭ ਤੋਂ ਚੰਗਾ ਤਾਂ ਇਹ ਹੁੰਦਾ ਕਿ ਸਮਾਜ ਵਿਚ ਕੋਈ ਚੁਣਾਵੀ ਧੋਖਾਧੜੀ ਤੇ ਓਹਲਾ ਹੁੰਦਾ ਹੀ ਨਾ। ਦੂਜੀ ਵੱਡੀ ਗੱਲ ਇਹ ਕਿ ਵਾਹ ਲਗਦੇ ਹਰ ਵਿਅਕਤੀ ਆਪਣਾ ਉਮੀਦਵਾਰ ਆਪ ਹੁੰਦਾ। ਪਰ ਇਹ ਸਭਨਾਂ ਲਈ ਸੰਭਵ ਨਹੀਂ ਹੈ। ਹੁਣ ਜੇ ਉਨ੍ਹਾਂ ਨੂੰ ਇਨ੍ਹਾਂ ਮਸਲਿਆਂ ਨੂੰ ਪੰਜ ਸਾਲ ਦੇ ਲੰਮੇ ਸਮੇਂ ਲਈ ਕਿਸੇ ਹੋਰ ਦੇ ਭਰੋਸੇ ਸੌਂਪਣਾ ਪੈ ਹੀ ਰਿਹਾ ਹੈ ਤਾਂ ਉਹ ਆਪਣੇ ਨੁਮਾਇੰਦਿਆਂ ਦੀ ਚੋਣ ਕਰਨ ਵਿਚ ਮਾਰ ਨਾ ਖਾਣ। ਆਪਣੇ ਹੱਕ ਵਿਚ ਭੁਗਤਣ ਲਈ ਤੇ ਪਿਛਲੀਆਂ ਗਲਤੀਆਂ ਨੂੰ ਨਾ ਦੁਹਰਾਉਣ ਲਈ ਉਨ੍ਹਾਂ ਨੂੰ ਕੁਝ ਸੇਧ ਵਾਲੇ ਨੁਕਤਿਆਂ 'ਤੇ ਗੌਰ ਕਰਨਾ ਪਵੇਗਾ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਫੌਰੀ ਤੇ ਦੂਰ-ਵਰਤੀ ਮਸਲੇ ਹੱਲ ਹੋਣੇ ਸ਼ੁਰੂ ਹੋ ਸਕਦੇ ਹਨ ਤੇ ਲੋਕਤੰਤਰ ਦੀ ਬਹਾਲੀ ਵਲ ਕਦਮ ਪੁੱਟਿਆ ਜਾ ਸਕਦਾ ਹੈ। ਵੋਟ ਦੇ ਸਹੀ ਇਸਤੇਮਾਲ ਦੇ ਇਹ ਨੁਕਤੇ ਹੇਠ ਲਿਖੇ ਅਨੁਸਾਰ ਹਨ:

1. ਕਿਸੇ ਦੂਜੀ ਵਾਰ ਖੜ੍ਹੇ ਹੋਣ ਵਾਲੇ ਉਮੀਦਵਾਰ ਨੂੰ ਵੋਟ ਨਾ ਪਾਓ, ਤੀਜੀ ਵਾਰ ਵਾਲੇ ਨੂੰ ਤਾਂ ਬਿਲਕੁਲ ਹੀ ਨਹੀਂ, ਨਹੀਂ ਤਾਂ ਉਹ ਤੁਹਾਡਾ ਨਾ ਹੋ ਕੇ ਸੱਤਾ ਦਾ ਹੋ ਜਾਵੇਗਾ। ਜੇ ਕਿਸੇ ਨੇਤਾ ਨੇ ਚੰਗਾ ਕੰਮ ਕੀਤਾ ਵੀ ਹੈ ਤਾਂ ਉਸ ਨੂੰ ਵੀ ਹਰ ਦੂਜੇ ਚੁਣਾਓ ਵਿਚ ਸੱਤਾ ਤੋਂ ਬਾਹਰ ਰੱਖ ਕੇ ਨਿਸ਼ਕਾਮ ਸਮਾਜ ਸੇਵਾ ਕਰਨ ਦਾ ਮੌਕਾ ਦਿਓ।

2.ਜੇ ਕਿਸੇ ਵਿਧਾਇਕ ਦੀ ਜਾਇਦਾਦ ਉਸ ਦੇ ਵਿਧਾਇਕ ਕਾਲ ਦੌਰਾਨ ਦਿਨ ਦੂਣੀ ਰਾਤ ਚੌਗੁਣੀ ਚਾਲ ਨਾਲ ਵਧੀ ਹੈ ਤਾਂ ਉਸ ਨੂੰ ਵੋਟ ਨਾ ਦਿਓ। ਮੰਨ ਹੀ ਲਓ ਕਿ ਉਸ ਨੇ ਰਾਜਨੀਤੀ ਨੂੰ ਵਪਾਰ ਸਮਝਿਆ ਹੋਇਆ ਹੈ ਤੇ ਉਹ ਇਸ ਵਿਚ ਤੁਹਾਡੇ ਫਾਇਦੇ ਲਈ ਨਹੀਂ, ਸਗੋਂ ਆਪਣੇ ਫਾਇਦੇ ਲਈ ਆਇਆ ਹੋਇਆ ਹੈ।

3.ਜੇ ਕੋਈ ਉਮੀਦਵਾਰ ਕਿਸੇ ਹਲਕੇ ਤੋਂ ਵਾਰ ਵਾਰ ਜਿੱਤਿਆ ਹੈ ਤੇ ਉਸ ਹਲਕੇ ਨੂੰ ਆਪਣੀ ਜਾਇਦਾਦ ਜਾਂ ਗੜ੍ਹ ਸਮਝਣ ਲਗ ਗਿਆ ਹੈ, ਪਰ ਇਸ ਦੇ ਵਿਕਾਸ ਵਲ ਕਦੇ ਕੋਈ ਧਿਆਨ ਨਹੀਂ ਦਿਤਾ, ਤਾਂ ਉਸ ਨੂੰ ਵੋਟ ਨਾ ਪਾਓ। ਉਹ ਕੰਮ ਨਾਲ ਨਹੀਂ ਅਸਰ ਰਸੂਖ ਨਾਲ ਭਾਵ ਮਿੱਠਾ ਪਿਆਰਾ ਬਣ ਕੇ ਸੱਤਾ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਕੇਵਲ ਲਾਰੇ-ਲੱਪਿਆਂ ਦਾ ਮਾਹਿਰ ਹੈ ਲੋਕਾਂ ਦਾ ਅਗੋਂ ਵੀ ਕੋਈ ਭਲਾ ਨਹੀਂ ਕਰੇਗਾ।

4. ਜੇ ਕਿਸੇ ਉਮੀਦਵਾਰ ਨੇ ਪਹਿਲਾਂ ਸੱਤਾ ਵਿਚ ਆਉਣ ਤੋਂ ਬਾਅਦ ਆਪਣੇ ਵਾਅਦੇ ਪੂਰੇ ਨਹੀਂ ਕੀਤੇ, ਉਹ ਹੁਣ ਵੀ ਆਪਣਾ ਕੋਈ ਵਾਅਦਾ ਪੂਰਾ ਨਹੀਂ ਕਰੇਗਾ। ਉਹ ਵੋਟਰਾਂ ਨੂੰ ਮੂਰਖ ਬਣਾਉਂਦਾ ਹੈ, ਇਸ ਲਈ ਉਨ੍ਹਾਂ ਦੇ ਮੱਤ ਦਾ ਹੱਕਦਾਰ ਨਹੀਂ ਹੈ। ਉਸ ਨੂੰ ਵੋਟ ਬਿਲਕੁਲ ਨਾ ਦਿਓ।

5. ਜੇ ਕਿਸੇ ਉਮੀਦਵਾਰ ਨੇ ਸੱਤਾ ਹੰਢਾਈ ਹੈ ਪਰ ਉਸ 'ਤੇ ਭ੍ਰਿਸ਼ਟਾਚਾਰ, ਅੱਤਿਆਚਾਰ, ਕੁਤਾਹੀ, ਪੱਖ-ਪਾਤ ਤੇ ਜਵਾਬਦੇਹੀ ਤੋਂ ਪਾਸਾ ਵੱਟਣ ਦੇ ਦੋਸ਼ ਹਨ ਤਾਂ ਉਸ ਨੂੰ ਕਦੇ ਵੀ ਵੋਟ ਨਾ ਪਾਓ। ਉਹ ਰਾਜਨੀਤੀ ਤੋਂ ਕੋਰਾ ਤੇ ਨੈਤਿਕਤਾ ਤੋਂ ਗਿਰਿਆ ਹੋਇਆ ਵਿਅਕਤੀ ਹੈ।

6. ਜੇ ਕੋਈ ਉਮੀਦਵਾਰ ਆਪਣੀ ਪਾਰਟੀ ਤੋਂ ਟਿਕਟ ਨਾ ਮਿਲਣ 'ਤੇ ਉਸ ਨੂੰ ਛੱਡ ਦਿੰਦਾ ਹੈ ਤੇ ਕਿਸੇ ਦੂਜੀ ਪਾਰਟੀ ਵਿਚ ਜਾਂਦਾ ਹੈ, ਉਸ ਨੂੰ ਲੋਕਤੰਤਰੀ ਰਾਜਨੀਤੀ ਦਾ ਓ, ਅ ਤੇ ੲ ਵੀ ਨਹੀਂ ਆਉਂਦਾ। ਉਸ ਨੂੰ ਸਮਾਜ ਕਲਿਆਣ ਵਿਚ ਦਿਲਚਸਪੀ ਨਹੀਂ, ਸਗੋਂ ਉਹ ਹਮੇਸ਼ਾ ਤਾਕਤ ਵਿਚ ਬਣੇ ਰਹਿਣ ਦਾ ਭੁੱਖਾ ਹੈ। ਉਸ ਨੂੰ ਕਦੇ ਵੋਟ ਨਾ ਦਿਓ।



7. ਜੇ ਕੋਈ ਉਮੀਦਵਾਰ ਪਾਰਟੀ ਤੋਂ ਟਿਕਟ ਨਾ ਮਿਲਣ ਕਰਕੇ ਆਜ਼ਾਦ ਖੜ੍ਹਾ ਹੋ ਗਿਆ ਹੈ, ਉਸ ਉਤੇ ਸੱਤਾ ਦਾ ਮੁਲੰਮਾ ਫਿਰ ਗਿਆ ਹੈ। ਉਹ ਬਿਨਾਂ ਕੰਮ ਕੀਤੇ ਲੋਕਾਂ ਤੋਂ ਆਪਣੀ ਸੇਵਾ ਦਾ ਮੁੱਲ ਭਾਲਦਾ ਹੈ ਤੇ ਕਿਸੇ ਦੂਜੇ ਨੂੰ ਅੱਗੇ ਨਹੀਂ ਆਉਣ ਦੇਣਾ ਚਾਹੁੰਦਾ। ਉਸ ਨੂੰ ਆਪਣਾ ਵੋਟ ਭੁੱਲ ਕੇ ਨਾ ਪਾਓ।

8. ਜੇ ਕੋਈ ਉਮੀਦਵਾਰ ਟਿਕਟ ਲਈ ਦੂਜੇ ਉਮੀਦਵਾਰਾਂ ਨਾਲ ਲੜਦਾ-ਝਗੜਦਾ ਹੈ ਜਾਂ ਕਿਸੇ ਖਾਸ ਇਲਾਕੇ ਤੋਂ ਟਿਕਟ ਮੰਗਦਾ ਹੈ, ਉਸ ਨੂੰ ਕਦੇ ਵੋਟ ਨਾ ਦਿਓ। ਉਹ ਤੁਹਾਡੇ ਵਿਕਾਸ ਲਈ ਨਹੀਂ ਆਪਣੇ ਵਿਕਾਸ ਲਈ ਜ਼ੋਰ ਮਾਰ ਰਿਹਾ ਹੈ।

9. ਜੇ ਕੋਈ ਉਮੀਦਵਾਰ ਅਸਲ ਮੁੱਦਿਆਂ ਤੋਂ ਹਟ ਕੇ ਗੱਲ ਕਰਦਾ ਹੈ ਜਾਂ ਦੂਜੇ ਉਮੀਦਵਾਰਾਂ ਦੀਆਂ ਬਦਖੋਈਆਂ ਸਹਾਰੇ ਵੋਟ ਭਾਲਦਾ ਹੈ ਤੇ ਆਪਣੇ ਪ੍ਰਤੀਦਵੰਦੀਆਂ ਦੇ ਜਾਤੀ ਤੇ ਪਰਿਵਾਰਕ ਮਸਲੇ ਉਛਾਲਦਾ ਹੈ ਤਾਂ ਨਾ ਪਾਇਓ ਉਸ ਨੂੰ ਵੋਟ। ਉਹ ਘਟੀਆ ਚਾਲ ਚਲ ਰਿਹਾ ਹੈ ਤੇ ਤੁਹਾਨੂੰ ਜਜ਼ਬਾਤੀ ਕਰ ਕੇ ਆਪਣਾ ਉਲੂ ਸਿੱਧਾ ਕਰਨਾ ਚਾਹੁੰਦਾ ਹੈ।

10. ਜੇ ਕਿਸੇ ਪਾਰਟੀ ਨੇ ਕਿਸੇ ਉਮੀਦਵਾਰ ਨੂੰ ਜਾਤ, ਧਰਮ, ਕੁਲ, ਪੂੰਜੀ ਤੇ ਸੰਪਰਦਾਇਕ ਕਾਰਨਾਂ ਕਰਕੇ ਟਿਕਟ ਦਿੱਤੀ ਹੈ ਤਾਂ ਉਸ ਉਮੀਦਵਾਰ ਨੂੰ ਵੋਟ ਨਾ ਦਿਓ। ਪਾਰਟੀ ਨੇ ਤੁਹਾਡਾ ਵੋਟ ਹਥਿਆਉਣ ਲਈ ਹੋਛਾ ਤੇ ਖਤਰਨਾਕ ਹੱਥ-ਕੰਡਾ ਵਰਤਿਆ ਹੈ।

11. ਜੇ ਕੋਈ ਪਹਿਲਾਂ ਵਿਧਾਇਕ ਰਿਹਾ ਉਮੀਦਵਾਰ ਵਿਧਾਨ ਸਭਾ ਦੀਆਂ ਮੀਟਿੰਗਾਂ ਵਿਚ ਹਦੋਂ ਵੱਧ ਗੈਰ ਹਾਜ਼ਰ ਰਿਹਾ ਹੈ, ਉਸ ਨੂੰ ਕਦੇ ਵੀ ਵੋਟ ਨਾ ਦਿਓ। ਉਹ ਰੱਜ ਕੇ ਸਵਾਰਥੀ ਹੈ, ਵੋਟਰਾਂ ਦਾ ਅਪਮਾਨ ਕਰਦਾ ਹੈ ਤੇ ਕਾਨੂੰਨ ਨੂੰ ਟਿੱਚ ਸਮਝਦਾ ਹੈ। ਜੇ ਮੰਨੋ, ਉਹ ਤਾਂ ਵਿਧਾਇਕ ਬਣਨ ਦੇ ਕਾਬਿਲ ਹੀ ਨਹੀਂ ਹੈ।

12. ਜੇ ਕੋਈ ਲੀਡਰ ਆਪਣੇ ਧੀ, ਪੁੱਤਰ ਜਾਂ ਕਿਸੇ ਹੋਰ ਰਿਸ਼ਤੇਦਾਰ ਲਈ ਟਿਕਟ ਮੰਗਦਾ ਹੈ ਤਾਂ ਉਸ ਨੇਤਾ ਤੇ ਉਸ ਦੇ ਉਮੀਦਵਾਰ ਬਣੇ ਰਿਸ਼ਤੇਦਾਰ ਦੋਹਾਂ ਨੂੰ ਵੋਟ ਨਾ ਦਿਓ। ਉਹ ਲੋਕਤੰਤਰ ਵਿਰੋਧੀ ਹੈ ਤੇ ਸੱਤਾ ਦਾ ਪਰਿਵਾਰੀਕਰਨ ਕਰ ਕੇ ਤੁਹਾਨੂੰ ਲੰਮੇ ਸਮੇਂ ਲਈ ਗੁਲਾਮ ਬਣਾਉਣਾ ਚਾਹੁੰਦਾ ਹੈ। ਉਸ ਦਾ ਮੁੱਖ ਉਦੇਸ਼ ਲੋਕ ਭਲਾਈ ਨਹੀਂ ਸਗੋਂ ਰਾਜਨੀਤੀ ਵਿਚ ਆ ਕੇ ਆਪਣੇ ਰਿਸ਼ਤੇਦਾਰਾਂ ਨੂੰ ਸੈਟ ਕਰਨਾ ਹੈ।

13. ਜੇ ਕੋਈ ਜਾਤੀ, ਧਰਮ, ਸੰਪਰਦਾਏ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਧਾਰ ਬਣਾ ਕੇ ਵੋਟ ਮੰਗਦਾ ਹੈ ਤਾਂ ਉਸ ਨੂੰ ਕਦੇ ਵੋਟ ਨਾ ਪਾਓ। ਉਹ ਸਭ ਦਾ ਭਲਾ ਕਰਨ ਦੀ ਥਾਂ ਸੱਤਾ ਦੀ ਕੁਰਸੀ ਨੂੰ ਸਮਾਜ ਵਿਚ ਜ਼ਹਿਰ ਘੋਲਣ ਲਈ ਵਰਤੇਗਾ।

14. ਜੇ ਕੋਈ ਰਾਜਨੀਤਕ ਦਲ ਕਿਸੇ ਕਲਾਕਾਰ, ਗਵੱਈਏ ਜਾਂ ਫਿਲਮੀ ਅਦਾਕਾਰ ਨੂੰ ਖੜ੍ਹਾ ਕਰਦਾ ਹੈ ਉਸ ਨੂੰ ਕਦੇ ਵੋਟ ਨਾ ਦਿਓ। ਉਹ ਰਾਜਸੀ ਦਲ ਉਸ ਦੀ ਕਲਾਤਮਿਕ ਪ੍ਰਸਿੱਧੀ ਨੂੰ ਰਾਜਨੀਤਕ ਪਰਬੀਨਤਾ ਦੱਸ ਕੇ ਤੁਹਾਡੇ ਨਾਲ ਛਲਾਵਾ ਕਰ ਰਿਹਾ ਹੈ। ਅਜਿਹੇ ਲੋਕਾਂ ਲਈ ਚੁਣਾਵੀ ਰਸਤੇ ਦੀ ਥਾਂ ਰਾਜ ਸਭਾ ਵਿਚ ਨਾਮਜ਼ਦਗੀ ਦਾ ਪ੍ਰਾਵਧਾਨ ਹੈ।

15. ਕਿਸੇ ਜ਼ੈੱਡ ਸਕਿਉਰਿਟੀ ਵਾਲੇ ਤੇ ਵੱਡੇ ਕਾਫਲਿਆਂ ਨਾਲ ਤੁਰਨ ਵਾਲੇ ਉਮੀਦਵਾਰ ਨੂੰ ਵੋਟ ਨਾ ਪਾਓ। ਉਹ ਤੁਹਾਡੇ ਤੋਂ ਦੂਰ ਹੈ, ਦੂਰ ਰਹੇਗਾ ਅਤੇ ਤੁਹਾਡੀ ਦਿੱਤੀ ਸੱਤਾ ਨੂੰ ਆਪਣੀ ਸ਼ਾਨੋ ਸ਼ੌਕਤ ਲਈ ਵਰਤੇਗਾ। ਜੇ ਤੁਸੀਂ ਉਸ ਨੂੰ ਵੋਟਾਂ ਪਾ ਕੇ ਜਿਤਾ ਦਿਓਗੇ ਤਾਂ ਤੁਸੀਂ ਹਮੇਸ਼ਾ ਉਸ ਦੀ ਥਾਂ ਉਸ ਦੇ ਸੰਤਰੀਆਂ ਨੂੰ ਹੀ ਮਿਲਿਆ ਕਰੋਗੇ।

16. ਜਿਸ ਉਮੀਦਵਾਰ ਨੇ ਪਹਿਲਾਂ ਵਿਧਾਇਕ ਰਹਿੰਦਿਆਂ ਗ੍ਰਾਂਟਾਂ ਦਾ ਹਿਸਾਬ ਨਹੀਂ ਦਿੱਤਾ ਤਾਂ ਉਸ ਨੂੰ ਵੋਟ ਨਾ ਦਿਓ। ਉਹ ਅਹੁਦੇਦਾਰੀਆਂ ਦਾ ਭੁੱਖਾ ਹੈ ਤੇ ਅਮਾਨਤ ਵਿਚ ਖਿਆਨਤ ਕਰਨ ਦਾ ਆਦੀ ਹੈ। ਉਹ ਤੁਹਾਡੀ ਵੋਟ ਦੀਆਂ ਧੱਜੀਆਂ ਉਡਾ ਦੇਵੇਗਾ।

17. ਜੇ ਕਿਸੇ ਪੁਰਾਣੇ ਵਿਧਾਇਕ ਨੇ ਆਪਣੇ ਵਿਧਾਇਕੀ ਕਾਲ ਵਿਚ ਕਿਸੇ ਮਸਲੇ 'ਤੇ ਕੋਈ ਆਵਾਜ਼ ਨਹੀਂ ਉਠਾਈ ਤਾਂ ਉਸ ਨੂੰ ਵੋਟ ਦੀ ਗੱਲ ਕਰਨ ਤੋਂ ਪਹਿਲਾਂ ਹੀ ਦੂਰ ਦਾ ਰਾਹ ਦਿਖਾ ਦਿਓ। ਉਸ ਨੂੰ ਜਾਂ ਤਾਂ ਕੁਝ ਆਉਂਦਾ ਹੀ ਨਹੀਂ ਤੇ ਜਾਂ ਚੁੱਪ ਰਹਿ ਕੇ ਤੁਹਾਡੇ ਹੱਕਾਂ ਦਾ ਲਾਭ ਕਿਸੇ ਹੋਰ ਨੂੰ ਦਿੰਦਾ ਰਿਹਾ ਹੈ।

18. ਜਿਸ ਉਮੀਦਵਾਰ ਕੋਲ ਚੰਗੇ ਸਮਾਜ ਦੀ ਕਲਪਨਾ ਤੇ ਉਸ ਦੀ ਮੁੜ-ਉਸਾਰੀ ਦਾ ਚੰਗਾ ਸੰਕਲਪ ਨਹੀਂ ਹੈ ਉਸ ਨੂੰ ਵੋਟ ਨਾ ਪਾਓ। ਉਹ ਅਨਪੜ੍ਹ ਸਮਾਨ ਹੈ ਤੇ ਤੁਹਾਨੂੰ ਵੀ ਅੰਧਕਾਰ ਵਿਚ ਸੁੱਟੇਗਾ।

19. ਜੋ ਵਿਅਕਤੀ ਬਜ਼ੁਰਗ ਹੈ ਜਾਂ ਸਿਹਤ ਪੱਖੋਂ ਬੀਮਾਰ ਤੇ ਲਾਚਾਰ ਹੈ, ਉਸ ਨੂੰ ਕਦੇ ਵੋਟ ਨਾ ਪਾਓ ਭਾਵੇਂ ਉਹ ਕਿੰਨਾ ਵੀ ਤਜਰਬੇਕਾਰ ਕਿਉਂ ਨਾ ਹੋਵੇ। ਅਜਿਹਾ ਵਿਅਕਤੀ ਰਾਜਸੀ ਕਾਰਜਾਂ ਦਾ ਭਾਰ ਨਹੀਂ ਚੁੱਕ ਸਕੇਗਾ ਤੇ ਆਪਣੇ ਹਲਕੇ ਨੂੰ ਰਾਜਸੀ ਤੌਰ 'ਤੇ ਯਤੀਮ ਰੱਖੇਗਾ।

20. ਜੇ ਕੋਈ ਵਿਅਕਤੀ ਪੜ੍ਹਿਆ-ਲਿਖਿਆ ਨਹੀਂ, ਉਸ ਨੂੰ ਵੋਟ ਨਾ ਦਿਓ, ਉਹ ਤੁਹਾਡੇ ਮੁਤਾਬਿਕ ਨਾ ਚਲ ਕੇ ਦਫਤਰਸ਼ਾਹੀ ਪਿੱਛੇ ਚੱਲੇਗਾ।

21. ਜੇ ਕਿਸੇ ਨੇਤਾ ਨੇ ਆਪਣੇ ਪਹਿਲੇ ਕਾਰਜਕਾਲਾਂ ਦੌਰਾਨ ਕਦੇ ਲੋਕ ਹਿੱਤ ਲਈ ਤਾਂ ਮੂੰਹ ਨਹੀਂ ਖੋਲ੍ਹਿਆ ਪਰ ਨਿੱਜ ਹਿਤ ਲਈ ਹਮੇਸ਼ਾ ਬਿਆਨਬਾਜ਼ੀ ਕਰਦਾ ਰਿਹਾ ਹੈ ਅਤੇ ਹਮੇਸ਼ਾ ਗੱਡੀਆਂ, ਕੋਠੀਆਂ ਆਦਿ ਲਈ ਹੀ ਲੜਦਾ ਰਿਹਾ ਹੈ, ਉਹ ਅਤਿ ਦਰਜੇ ਦਾ ਲਾਲਚੀ ਤੇ ਸਵਾਰਥੀ ਇਨਸਾਨ ਹੈ। ਉਸ ਨੂੰ ਵੋਟ ਪਾਉਣਾ ਸਰਾਸਰ ਗਲਤੀ ਹੈ।

22. ਜੇ ਕੋਈ ਉਮੀਦਵਾਰ ਕਿਸੇ ਪਿਛਾਂਹ-ਖਿੱਚੂ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ ਉਸ ਨੂੰ ਕਦੇ ਵੋਟ ਨਾ ਪਾਓ। ਉਹ ਸਮਾਜ ਨੂੰ ਅੱਗੇ ਲੈ ਜਾਣ ਦੀ ਥਾਂ ਇਸ ਨਾਲ ਖਿਲਵਾੜ ਕਰੇਗਾ।

23. ਜੇ ਕਿਸੇ ਉਮੀਦਵਾਰ ਵਿਰੁੱਧ ਕੋਈ ਅਪਰਾਧਕ ਮਾਮਲਾ ਦਰਜ ਹੈ, ਉਸ ਨੂੰ ਕਦੇ ਵੋਟ ਨਾ ਪਾਓ। ਉਹ ਤੁਹਾਡੀ ਦਿੱਤੀ ਸ਼ਕਤੀ ਨੂੰ ਤੁਹਾਡੇ ਲਈ ਨਹੀਂ ਸਗੋਂ ਆਪਣੇ ਅਪਰਾਧ ਧੋਣ ਲਈ ਵਰਤੇਗਾ।

24. ਵੋਟ ਦੇ ਮਾਮਲੇ ਵਿਚ ਹਮੇਸ਼ਾ ਆਪਣੇ ਭਲੇ ਨਾਲੋਂ ਸਮਾਜ ਦਾ ਭਲਾ ਉਪਰ ਰੱਖ ਕੇ ਕਿਸੇ ਪੜ੍ਹੇ-ਲਿਖੇ, ਚੰਗੇ ਅਕਸ ਵਾਲੇ, ਨਿਰਸਵਾਰਥੀ ਤੇ ਸੇਵਾ ਭਾਵ ਵਾਲੇ ਉਮੀਦਵਾਰ ਨੂੰ ਤਰਜੀਹ ਦਿਓ ਕਿਉਂਕਿ ਸਮਾਜ ਦੇ ਭਲੇ ਵਿਚ ਹੀ ਤੁਹਾਡਾ ਭਲਾ ਹੈ।

25. ਤੁਹਾਡਾ ਵੋਟ ਤੁਹਾਡੇ ਵਿਕਾਸ ਦਾ ਫੁਰਮਾਨ ਹੈ, ਇਸ ਨੂੰ ਪੂਰੀ ਖੁਲ੍ਹ ਤੇ ਖੁਦਮੁਖਤਿਆਰੀ ਨਾਲ ਆਪਣੇ ਭਲੇ ਲਈ ਵਰਤੋ ਤੇ ਕਿਸੇ ਦੂਜੇ ਦੇ ਕਹੇ ਅਨੁਸਾਰ ਜਾਂ ਕਿਸੇ ਦੇ ਦਬਾਅ ਵਿਚ ਆ ਕੇ ਨਾ ਵਰਤੋ। ਤੁਹਾਡਾ ਵੋਟ ਗੁਪਤ ਹੈ, ਇਸ ਦੀ ਗੋਪਨੀਅਤਾ ਦਾ ਪੂਰਾ ਲਾਭ ਉਠਾਓ।

26. ਜੇ ਕੋਈ ਉਮੀਦਵਾਰ ਦੋ ਜਾਂ ਦੋ ਤੋਂ ਵੱਧ ਹਲਕਿਆਂ 'ਚੋਂ ਚੋਣ ਲੜ ਰਿਹਾ ਹੈ ਉਸ ਨੂੰ ਬਿਲਕੁਲ ਹੀ ਵੋਟ ਨਾ ਪਾਓ। ਉਹ ਨਾ ਤੁਹਾਡੇ ਲਈ ਵਫਾਦਾਰ ਹੈ ਤੇ ਨਾ ਹੀ ਸਮਾਜ ਲਈ। ਉਹ ਦੂਹਰਾ ਖਰਚਾ ਆਪਣੀ ਤਾਕਤ ਤੇ ਅਹੁਦੇ ਨੂੰ ਯਕੀਨੀ ਬਣਾਉਣ ਲਈ ਕਰ ਰਿਹਾ ਹੈ ਨਾ ਕਿ ਸਮਾਜ ਸੇਵਾ ਲਈ। ਉਸ ਨੂੰ ਬਿਨਾ ਅਹੁਦੇ ਸਮਾਜ ਸੇਵਾ ਕਰਨ ਦਾ ਸਬਕ ਪੜ੍ਹਾਓ।

27. ਆਪਣੇ ਵੋਟ ਨੂੰ ਹਰ ਹਾਲਤ ਸਹੀ ਢੰਗ ਨਾਲ ਵਰਤੋ। ਇਸ ਨੂੰ ਨਾ ਵੇਚੋ, ਨਾ ਦਾਨ ਵਿਚ ਦਿਓ ਤੇ ਨਾ ਅਹਿਸਾਨ ਹੇਠ ਭੁਗਤਾਓ। ਇਸ ਨੂੰ ਘਰ ਰੱਖ ਕੇ ਬਲਕੁਲ ਬਰਬਾਦ ਨਾ ਕਰੋ। ਇਹ ਤੁਹਾਡੀ ਸਭ ਤੋਂ ਮਹੱਤਵਪੂਰਨ ਪੂੰਜੀ ਹੈ, ਇਸ ਨੂੰ ਸਿਆਣੇ ਤੇ ਸੁਚੇਤ ਹੋ ਕੇ ਖਰਚੋ।

28. ਵੋਟ ਨੂੰ ਆਪਣਾ ਔਜ਼ਾਰ ਸਮਝੋ। ਇਹੀ ਤੁਹਾਡੇ ਵਿਕਾਸ ਤੇ ਸਮਾਜ ਦੇ ਮੁੜ-ਨਿਰਮਾਣ ਦਾ ਇਕੋ ਇਕ ਵਸੀਲਾ ਹੈ। ਇਸ ਦੀ ਕੀਮਤ ਸਮਝੋ ਤੇ ਇਸ ਨੂੰ ਸਦਾ ਉਸ ਵਿਅਕਤੀ ਨੂੰ ਦਿਓ ਜੋ ਜਿੱਤਣ ਤੋਂ ਬਾਅਦ ਆਪਣੇ ਆਪ ਨੂੰ ਸਭ ਲੋਕਾਂ ਦਾ ਪ੍ਰਤੀਨਿਧੀ ਸਮਝ ਸਕੇ ਨਾ ਕਿ ਇਕ ਸੰਪਰਦਾਇ ਜਾਂ ਇਕ ਪਾਰਟੀ ਵਿਸ਼ੇਸ਼ ਦਾ ਬਣ ਕੇ ਰਹੇ।

29. ਇਸ ਵੇਲੇ ਭਾਰਤ ਨੂੰ ਕੋਈ ਕਰਾਮਾਤੀ ਮਸੀਹਾ ਨਹੀਂ ਚਾਹੀਦਾ ਸਗੋਂ ਇਕ ਚੰਗਾ ਪ੍ਰਬੰਧਕ ਚਾਹੀਦਾ ਹੈ ਜੋ ਵਿਅਕਤੀ ਪ੍ਰਧਾਨ ਸ਼ਾਸ਼ਨ ਦੀ ਥਾਂ ਲੋਕਤੰਤਰ ਵਾਲਾ ਕਾਨੂੰਨ ਦਾ ਸ਼ਾਸਨ ਬਹਾਲ ਕਰ ਸਕੇ। ਦੇਸ਼ ਦੀ ਇਕੋ ਇਕ ਸਮੱਸਿਆ ਇਹ ਹੈ ਕਿ ਉਥੇ ਕਾਨੂੰਨ ਤਾਂ ਬੜੇ ਪਾਸ ਹੋਏ ਹਨ ਪਰ ਰਾਜ ਵਿਅਕਤੀਆਂ ਦਾ ਹੈ, ਭਾਵ ਵਿਅਕਤੀ ਆਪਣੇ ਆਪ ਨੂੰ ਕਾਨੂੰਨ ਤੋਂ ਉਤੇ ਸਮਝਦੇ ਹਨ। ਉਥੇ ਇਸ ਸਮੱਸਿਆ ਨੂੰ ਹੱਲ ਕਰਨਾ ਹੀ ਸਭ ਮੁਸੀਬਤਾਂ ਦਾ ਹੱਲ ਹੈ। ਇਸ ਲਈ ਜੋ ਉਮੀਦਵਾਰ ਆਪਹੁਦਰਾਪਣ ਛੱਡ ਕੇ ਕਾਨੂੰਨ ਦੀ ਵਿਵਸਥਾ ਬਹਾਲ ਕਰਨ ਦਾ ਦਮ ਭਰਨ, ਵੋਟ ਉਨ੍ਹਾਂ ਨੂੰ ਹੀ ਦਿਓ।

30. ਹਰ ਪੱਖ ਤੋਂ ਸਵੱਛ ਲੋਕਤੰਤਰ ਦੇ ਹੱਕ ਵਿਚ ਨਿੱਤਰੋ ਤੇ ਡੈਮਾਗੋਗੀ ਨੂੰ ਡੈਮੋਕਰੇਸੀ ਵਿਚ ਬਦਲੋ!

ਇਸ ਲਈ ਇਨ੍ਹਾਂ ਚੋਣਾਂ ਦਾ ਮੁੱਖ ਮੁੱਦਾ ਲੋਕਤੰਤਰ ਦੀ ਬਹਾਲੀ ਹੀ ਹੋਣਾ ਚਾਹੀਦਾ ਹੈ। ਇਸ ਨਾਅਰੇ ਉਤੇ ਚਲਦਿਆਂ ਹੀ ਰਾਜਨੀਤੀ ਦਾ ਗੰਧਲਾਪਣ ਸਾਫ ਹੋਵੇਗਾ ਤੇ ਇਸ ਅਨੁਸਾਰ ਹੀ ਸਿੱਖਿਆ, ਸਿਹਤ, ਰੁਜ਼ਗਾਰ ਤੇ ਖੁਸ਼ਹਾਲੀ ਦਾ ਪਰਤ ਆਉਣਾ ਸੰਭਵ ਹੋ ਸਕੇਗਾ। ਇਕ ਤਰ੍ਹਾਂ ਨਾਲ ਇਹੀ ਦੇਸ਼ ਦੇ ਵਿਕਾਸ ਦੀ ਪਹਿਲੀ ਪੌੜੀ ਹੈ!

# ਸ਼ੀਲਾ ਭਾਟੀਆ ਅਤੇ ਪੰਜਾਬੀ ਓਪੇਰਾ

***ਪੰਜਾਬੀ ਓਪੇਰਾ ਵਿਚ ਸ਼ੀਲਾ ਭਾਟੀਆ ਦਾ ਯੋਗਦਾਨ ਅਹਿਮ ਹੈ। ਸ਼ੀਲਾ ਭਾਟੀਆ ਨੇ ਆਪਣੀ ਸਕੂਲੀ ਸਿੱਖਿਆ ਸਿਆਲਕੋਟ (ਹੁਣ ਪਾਕਿਸਤਾਨ) ਤੋਂ ਪੂਰੀ ਕੀਤੀ ਅਤੇ ਮਗਰੋਂ ਕਾਲਜ ਦੀ ਪੜ੍ਹਾਈ ਲਈ ਲਾਹੌਰ ਆ ਗਈ। ਇੱਥੇ ਹੀ ਨਾਟਕਾਂ ਵੱਲ ਰੁਝਾਨ ਹੋਇਆ। ਉਸ ਸਮੇਂ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਜ਼ੋਰਾਂ 'ਤੇ ਸੀ। ਪੰਜਾਬ ਵਿਚ ਇਸ ਦਾ ਕੇਂਦਰ ਲਾਹੌਰ ਸੀ। ਕਾਲਜ ਦੇ ਵਿਦਿਆਰਥੀ ਇਸ ਸੰਘਰਸ਼ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ ਜਿਨ੍ਹਾਂ ਵਿਚੋਂ ਸ਼ੀਲਾ ਭਾਟੀਆ ਵੀ ਇਕ ਸੀ। ਇਪਟਾ ਨਾਲ ਮਿਲ ਕੇ ਸ਼ੀਲਾ ਭਾਟੀਆ ਰਾਸ਼ਨ ਦੀਆਂ ਦੁਕਾਨਾਂ ਸਾਹਮਣੇ, ਜਲਸਿਆਂ, ਬਾਜ਼ਾਰਾਂ, ਗਲੀ-ਕੂਚਿਆਂ ਵਿਚ ਨੁੱਕੜ ਨਾਟਕ ਕਰਨ ਲੱਗੀ।***

ਕਿਹਾ ਜਾਂਦਾ ਹੈ ਕਿ ਨਾਟਕਾਂ ਦਾ ਜਨਮ ਨ੍ਰਿਤ ਤੋਂ ਹੋਇਆ, ਨ੍ਰਿਤ ਨੇ ਫਿਰ ਨ੍ਰਿਤ-ਨਾਟਿਕਾ ਦਾ ਰੂਪ ਅਖਤਿਆਰ ਕਰ ਲਿਆ। ਜੇਕਰ ਇਹ ਸਹੀ ਹੈ ਤਾਂ ਰੰਗਮੰਚ ਦੀ ਵਿਕਾਸ ਯਾਤਰਾ ਵਿਚ ਓਪੇਰਾ ਸ਼ੈਲੀ ਦਾ ਸਥਾਨ ਨਾਟਕਾਂ ਤੋਂ ਉਤੇ ਹੋਣਾ ਚਾਹੀਦਾ ਹੈ। ਨ੍ਰਿਤ, ਸੰਗੀਤ, ਕਵਿਤਾ, ਗਾਣੇ ਅਦਿ ਦੇ ਮਿਸ਼ਰਨ ਕਾਰਨ ਹੀ ਅਸੀਂ ਓਪੇਰਾ ਨੂੰ ਸਭ ਤੋਂ ਮੁਸ਼ਕਿਲ ਵਿਧਾ ਮੰਨਦੇ ਹਾਂ।

ਹਿੰਦੋਸਤਾਨ ਦਾ ਪਹਿਲਾ ਓਪੇਰਾ ਜੋ ਹਿੰਦੋਸਤਾਨੀ ਭਾਸ਼ਾ ਵਿਚ ਲਿਖਿਆ ਗਿਆ, ਸੀ ਇੰਦਰਸਭਾ। ਓਪੇਰਾ ਸ਼ੈਲੀ ਵਿਚ ਸੰਗੀਤ, ਕਹਾਣੀ ਨੂੰ ਅੱਗੇ ਵਧਾਉਂਦਾ ਹੈ। ਇੰਦਰਸਭਾ ਸੰਗੀਤ ਨਾਟਕ ਦਾ ਅਜਿਹਾ ਕਲਾਤਮਕ ਰੂਪ ਹੈ ਜਿਸ ਵਿਚ ਸੱਯਦ ਆਗਾ ਹਸਨ ਅਮਾਨਤ ਨੇ ਹਿੰਦੋਸਤਾਨ ਵਿਚ ਪ੍ਰਚਲਿਤ ਨਾਟ ਰੂਪਾਂ ਜਿਵੇਂ: ਰਾਮਲੀਲਾ, ਰਾਸਲੀਲਾ, ਭਗਤਬਾਜ਼ੀ, ਦਾਸਤਾਨਗੋਈ ਦੀ ਬੈਠਕ ਤੇ ਮੁਜਰਿਆਂ ਦੇ ਤੱਤ ਵੀ ਸ਼ਾਮਿਲ ਕੀਤੇ। ਰੰਗ-ਮੰਚ ਨਾਲ ਸਬੰਧਿਤ ਵਿਦਵਾਨ ਮਹੇਸ਼ ਆਨੰਦ ਅਨੁਸਾਰ 'ਮਸਨਵੀ ਸ਼ੈਲੀ ਦੇ ਇਸ ਗੀਤੀ-ਕਾਵਿ



**ਰਵੀ ਤਨੇਜਾ**
**ਫੋਨ: +91-97112-11096**

ਵਿਚ ਰਾਸਲੀਲਾ ਦੇ ਅਨੇਕ ਰਚਨਾਤਮਕ ਪਹਿਲੂ ਇੰਝ ਰਲ-ਮਿਲ ਗਏ ਕਿ ਇੰਦਰਸਭਾ ਇਕ ਵਿਸ਼ਿਸ਼ਟ ਨਾਟ-ਰੂਪ ਦੇ ਅਰਥਾਂ ਵਿਚ ਸਵੀਕਾਰਿਆ ਗਿਆ ਤੇ ਇਸ ਦਾ ਇਹ ਰੂਪ ਓਪੇਰਾ ਸ਼ੈਲੀ ਨਾਲ ਰਲ-ਮਿਲ ਜਾਂਦਾ ਹੈ।'

ਪੰਜਾਬੀ ਓਪੇਰਾ ਦੀ ਗੱਲ ਕਰਦਿਆਂ ਪ੍ਰਸ਼ਨ ਇਹ ਉਠਦੇ ਹਨ ਕਿ ਪੰਜਾਬੀ ਸਾਹਿਤ ਅਤੇ ਕਲਾ ਵਿਚ ਕੋਈ ਅਜਿਹੀ ਵਿਲੱਖਣ ਵਿਸ਼ੇਸ਼ਤਾ ਹੈ ਜਿਸ ਕਾਰਨ ਇਹ ਸੰਭਵ ਹੋਇਆ? ਕੀ ਪੰਜਾਬੀ ਵਿਚ ਓਪੇਰਾ ਨਾਲ ਸਬੰਧਿਤ ਅਜਿਹੀ ਹੋਰ ਕੋਈ ਪਰੰਪਰਾਗਤ ਸਾਹਿਤ ਵਿਧਾ ਹੈ? ਕੀ ਇਹ ਵਿਧਾ ਅਚਾਨਕ ਸਾਹਮਣੇ ਆਈ ਹੈ? ਪੰਜਾਬੀ ਰੰਗਮੰਚ ਵਿਚ ਓਪੇਰਾ ਸ਼ੈਲੀ ਦਾ ਸਫਰ ਕਿਵੇਂ ਸ਼ੁਰੂ ਹੋਇਆ?

ਪੰਜਾਬੀ ਓਪੇਰਾ ਵਿਚ ਸ਼ੀਲਾ ਭਾਟੀਆ ਦਾ ਯੋਗਦਾਨ ਕਾਫੀ ਅਹਿਮ ਹੈ। ਸ਼ੀਲਾ ਭਾਟੀਆ ਨੇ ਆਪਣੀ ਸਕੂਲੀ ਸਿੱਖਿਆ ਸਿਆਲਕੋਟ (ਹੁਣ ਪਾਕਿਸਤਾਨ) ਤੋਂ ਪੂਰੀ ਕੀਤੀ ਅਤੇ ਮਗਰੋਂ ਕਾਲਜ ਦੀ ਪੜ੍ਹਾਈ ਲਈ ਲਾਹੌਰ ਆ ਗਈ। ਇੱਥੇ ਹੀ ਨਾਟਕਾਂ ਵੱਲ ਰੁਝਾਨ ਹੋਇਆ। ਉਸ ਸਮੇਂ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਜ਼ੋਰਾਂ 'ਤੇ ਸੀ। ਪੰਜਾਬ ਵਿਚ ਇਸ ਦਾ ਕੇਂਦਰ ਲਾਹੌਰ ਸੀ। ਕਾਲਜ ਦੇ ਵਿਦਿਆਰਥੀ ਇਸ ਸੰਘਰਸ਼ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ ਜਿਨ੍ਹਾਂ ਵਿਚੋਂ ਸ਼ੀਲਾ ਭਾਟੀਆ ਵੀ ਇਕ ਸੀ। ਇਪਟਾ ਨਾਲ ਮਿਲ ਕੇ ਸ਼ੀਲਾ ਭਾਟੀਆ ਰਾਸ਼ਨ ਦੀਆਂ ਦੁਕਾਨਾਂ ਸਾਹਮਣੇ, ਜਲਸਿਆਂ, ਬਾਜ਼ਾਰਾਂ, ਗਲੀ-ਕੂਚਿਆਂ 'ਚ ਨੁੱਕੜ ਨਾਟਕ ਕਰਨ ਲੱਗੀ। ਸਰ ਗੰਗਾਰਾਮ ਸਕੂਲ ਲਾਹੌਰ ਦੀ ਪ੍ਰਿੰਸੀਪਲ ਮ੍ਰਿਣਾਲਿਨੀ ਚਟੋਪਾਧਿਆਇ ਨਾਲ ਹੋਈ ਮੁਲਾਕਾਤ ਸ਼ੀਲਾ ਦੀ ਜ਼ਿੰਦਗੀ ਵਿਚ ਅਹਿਮ ਮੋੜ ਸਾਬਿਤ ਹੋਈ। ਪ੍ਰਿੰਸੀਪਲ ਮ੍ਰਿਣਾਲਿਨੀ ਚਟੋਪਾਧਿਆਇ ਰਿਸ਼ਤੇ ਵਿਚ ਸਰੋਜਿਨੀ ਨਾਇਡੂ ਦੀ ਭੈਣ ਸੀ। ਇਸੇ ਦੌਰ ਵਿਚ ਸ਼ੀਲਾ ਕਮਿਊਨਿਸਟ ਪਾਰਟੀ ਦੇ ਸਭਿਆਚਾਰਕ ਵਿੰਗ ਇਪਟਾ ਨਾਲ ਜੁੜੀ। ਇਧਰੋਂ ਹੀ ਸ਼ੀਲਾ ਨੇ ਨਾਟਕਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਇਨ੍ਹਾਂ ਨਾਟਕਾਂ ਲਈ ਉਹ ਦੇਸ਼ਭਗਤੀ ਦੀ ਭਾਵਨਾ ਨਾਲ ਭਰੇ ਗੀਤ ਵੀ ਲਿਖਦੀ ਸੀ, ਜਿਵੇਂ:

ਉਠ ਕੁੜੀਏ ਮੁਟਿਆਰੇ ਨੀ,
ਤੇਰਾ ਦੇਸ ਤੈਨੂੰ ਲਲਕਾਰੇ ਨੀ,
ਤੂੰ ਆਪੇ ਭੁੱਖ ਮਿਟਾਣੀ ਏ,
ਤੂੰ ਆਪੇ ਨੰਗ ਮਿਟਾਣੀ ਏ
ਇੱਜ਼ਤ ਤੂੰ ਆਪ ਬਚਾਣੀ ਏ,
ਸਾਡੇ ਲੀਡਰ ਸੁਣਨੋਂ ਹਾਰੇ ਨੀ
ਉਠ ਕੁੜੀਏ ਮੁਟਿਆਰੇ ਨੀ...

ਮੁਲਕ ਦੇ ਬਟਵਾਰੇ ਵੇਲੇ ਸ਼ੀਲਾ ਪੰਜਾਬੀ ਕਿੱਸੇ ਕਹਾਣੀਆਂ ਤੇ ਲੋਕ-ਗੀਤਾਂ ਦੀ ਗਠੜੀ ਬੰਨ੍ਹ ਕੇ ਕਸ਼ਮੀਰ ਦੇ ਰਸਤਿਓਂ ਦਿੱਲੀ ਆ ਗਈ। ਕੁਝ ਚਿਰ ਮਗਰੋਂ ਉਸ ਨੇ ਆਪਣਾ ਧਿਆਨ ਮੁੜ ਨਾਟਕਾਂ ਵੱਲ ਲਾਇਆ। ਲਾਹੌਰ ਦੇ ਆਪਣੇ ਪੁਰਾਣੇ ਸਾਥੀ ਇਕੱਠੇ ਕੀਤੇ। ਉਨ੍ਹਾਂ ਨੇ ਹਾਲੀ ਵਤਸ, ਸ਼ੰਨੋ ਖੁਰਾਨਾ, ਊਸ਼ਾ ਭਗਤ, ਸਨੇਹ ਲਤਾ, ਰਮੇਸ਼ ਚੰਦ, ਸੁਤੰਤਰ ਪ੍ਰਕਾਸ਼ ਨਾਲ ਮਿਲ ਕੇ ਨਾਟ-ਟੋਲੀ ਬਣਾਈ ਜਿਸ ਦਾ ਨਾਂ ਰੱਖਿਆ 'ਦਿੱਲੀ ਆਰਟ ਥੀਏਟਰ'। ਸ਼ੀਲਾ ਨੇ 'ਵਾਦੀ ਦੀ ਗੂੰਜ' ਨਾਲ ਨਾਟਕ ਵਿਧਾ ਵਿਚ ਆਪਣੇ ਸਫਰ ਦੀ ਸ਼ੁਰੂਆਤ ਕੀਤੀ। ਇਸ ਨਾਟਕ ਨੂੰ ਪੰਜਾਬੀ ਦਾ ਪਹਿਲਾ ਓਪੇਰਾ ਮੰਨਿਆ ਜਾਂਦਾ ਹੈ। ਇਸ ਤੋਂ ਪਹਿਲਾਂ ਬ੍ਰਿਜ ਲਾਲ ਸ਼ਾਸਤਰੀ ਅਤੇ ਪ੍ਰੋ. ਮੋਹਨ ਸਿੰਘ ਨੇ ਕਾਵਿ-ਨਾਟਕ ਜ਼ਰੂਰ ਲਿਖੇ ਪਰ ਓਪੇਰਾ ਵਰਗੀ ਕੋਈ ਰਚਨਾ ਪੰਜਾਬੀ ਸਾਹਿਤ ਜਗਤ ਵਿਚ ਉਦੋਂ ਨਹੀਂ ਮਿਲਦੀ ਸੀ। 'ਵਾਦੀ ਦੀ ਗੂੰਜ' ਤੋਂ ਸ਼ੀਲਾ ਦਾ ਸਫਰ ਦਿੱਲੀ ਦੇ ਪੰਜਾਬੀ ਰੰਗਮੰਚ ਨਾਲ ਸ਼ੁਰੂ ਹੁੰਦਿਆਂ ਹੀ ਦਿੱਲੀ ਪੰਜਾਬੀ ਰੰਗਮੰਚ ਦਾ ਨਵਾਂ ਇਤਿਹਾਸ ਸਿਰਜਿਆ ਜਾਣ ਲੱਗਿਆ। ਇਹ ਨਾਟਕ ਦਿੱਲੀ ਦੇ ਵਾਈ.ਐਮ.ਸੀ.ਏ. ਦੇ ਹਾਲ ਵਿਚ ਖੇਡਿਆ ਗਿਆ। ਦਰਸ਼ਕਾਂ ਮੁਤਾਬਿਕ, 'ਇਹ ਇਕ ਸਫਲ ਨਾਟਕ ਸੀ ਤੇ ਹਾਲ ਦਰਸ਼ਕਾਂ ਨਾਲ ਭਰਿਆ ਹੋਇਆ ਸੀ।' ਰੰਗ-ਮੰਚ ਦੇ ਮਾਹਿਰ ਰਮੇਸ਼ ਚੰਦ ਨੇ ਦੂਜੇ ਦਿਨ ਇਸ ਨਾਟਕ ਦੀ ਸਮੀਖਿਆ ਕਰਦਿਆਂ ਇਸ ਨੂੰ 'ਸ਼ਾਬਾਸ਼ ਸ਼ੀਲਾ' ਸਿਰਲੇਖ ਦਿੱਤਾ। ਧਿਆਨ ਨਾਲ ਵੇਖਿਆ ਜਾਵੇ ਤਾਂ 'ਵਾਦੀ ਦੀ ਗੂੰਜ' ਵੀ ਓਪੇਰਾ ਨਹੀਂ ਸੀ ਪਰ ਗੀਤਾਂ ਨਾਲ ਭਰਪੂਰ ਹੋਣ ਕਾਰਨ ਇਸ ਨੂੰ ਓਪੇਰਾ ਦਾ ਨਾਂ ਦਿੱਤਾ ਗਿਆ। ਇਸ ਪੇਸ਼ਕਾਰੀ ਵਿਚ ਸ਼ੀਲਾ ਨੇ ਪੰਜਾਬੀ ਲੋਕ-ਗੀਤਾਂ ਨੂੰ ਕ੍ਰਮਵਾਰ ਤੇ ਕਥਾਬੱਧ ਤਰੀਕੇ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਿਸ ਰਾਹੀਂ 1947 ਵਿਚ ਕਸ਼ਮੀਰ ਉਤੇ ਪਾਕਿਸਤਾਨ ਦੇ ਹਮਲਿਆਂ ਅਤੇ ਕਸ਼ਮੀਰੀ ਅਵਾਮ ਦੇ ਸਾਹਸੀ ਸੰਘਰਸ਼ ਨੂੰ ਦਿਖਾਇਆ ਗਿਆ। ਦੇਸ਼ ਨਵਾਂ-ਨਵਾਂ ਆਜ਼ਾਦ ਹੋਇਆ ਸੀ। ਦੇਸ਼ਭਗਤੀ ਨਾਲ ਭਰਿਆ ਮਾਹੌਲ ਸੀ। ਉਸ ਵੇਲੇ ਦੇ ਮਾਹੌਲ ਮੁਤਾਬਿਕ ਕਥਾਨਕ ਹੋਣ ਕਰਕੇ ਲੋਕਾਂ ਨੇ ਇਸ ਨੂੰ ਨਾ ਸਿਰਫ ਸਮਝਿਆ ਸਗੋਂ ਪਸੰਦ ਵੀ ਕੀਤਾ। ਕਿਹਾ ਜਾਂਦਾ ਹੈ ਕਿ ਇਸ ਦਾ ਇਹ ਗੀਤ ਉਸ ਵੇਲੇ ਲੋਕਾਂ ਨੇ ਬਹੁਤ ਪਸੰਦ ਕੀਤਾ:

ਬਣਜਾਰਾ ਮੈਂ ਪਰਦੇਸੀ,
ਹਾਂ ਆਸ਼ਿਕ ਹਿੰਦੋਸਤਾਨ ਦਾ...

ਜੇਕਰ ਉਸ ਵੇਲੇ ਦੇ ਨਾਟਕ ਜਗਤ ਦੇ ਮਾਹਿਰਾਂ/ਦਿੱਗਜਾਂ ਦੀ ਮੰਨੀਏ ਤਾਂ 'ਵਾਦੀ ਦੀ ਗੂੰਜ' ਦੀ ਪੇਸ਼ਕਾਰੀ ਕਲਾਤਮਕ ਹੋਣ ਦੀ ਬਜਾਏ ਭਾਵਨਾਤਮਕ ਵਧੇਰੇ ਸੀ ਤੇ ਇਹ ਮੰਚ ਦੀ ਦ੍ਰਿਸ਼ਟੀ ਤੋਂ ਕਮਜ਼ੋਰ ਸੀ। ਅਜਿਹਾ ਪ੍ਰਤੀਤ ਹੁੰਦਾ ਸੀ ਕਿ ਗੀਤਾਂ ਦੇ ਭਾਰੀ-ਭਾਰੀ ਮਣਕਿਆਂ ਲਈ ਕਮਜ਼ੋਰ ਤੇ ਬਰੀਕ ਧਾਗੇ ਦਾ ਸਹਾਰਾ ਲਿਆ ਗਿਆ ਜੋ ਕਈ ਵਾਰੀ ਵਿਚਕਾਰੋਂ ਟੁੱਟਵਾਂ ਜਿਹਾ ਜਾਪਦਾ ਸੀ ਪਰ ਦਰਸ਼ਕਾਂ ਨੇ ਇਸ ਨੂੰ ਹੱਥੋ-ਹੱਥ ਲਿਆ। ਇਸ ਦੀ ਪ੍ਰਸਿੱਧੀ ਕਾਰਨ ਹੀ ਪੰਜਾਬੀ ਰੰਗਮੰਚ ਵਿਚ ਪਹਿਲੀ ਵਾਰ ਓਪੇਰਾ ਸ਼ੈਲੀ ਵਿਚ ਖੇਡੇ ਨਾਟਕ ਦਾ ਸਥਾਨ ਦਿੱਲੀ ਮੰਨਿਆ ਗਿਆ। 1951 ਦੀ ਇਹ ਪੇਸ਼ਕਾਰੀ ਪਾਕਿਸਤਾਨ ਤੋਂ ਉਜੜ ਕੇ ਦਿੱਲੀ ਆ ਵਸੇ ਪੰਜਾਬੀਆਂ ਲਈ ਮੱਲ੍ਹਮ ਵਾਂਗ ਸੀ। ਆਪਣੀਆਂ ਜੜ੍ਹਾਂ ਦੀ ਤਲਾਸ਼ ਕਰਨ ਵਰਗੀ ਸੀ ਜੋ ਸਹੀ ਅਰਥਾਂ ਵਿਚ ਸ਼ੀਲਾ ਅਤੇ ਦਰਸ਼ਕਾਂ ਦੋਵਾਂ ਲਈ ਜ਼ਿਆਦਾ ਭਾਵਨਾਤਮਕ ਸੀ।





*ਸ਼ੀਲਾ ਭਾਟੀਆ ਦੇ ਨਾਟਕ 'ਪ੍ਰਿਥਵੀਰਾਜ ਚੌਹਾਨ' ਦਾ ਦ੍ਰਿਸ਼ ਅਤੇ (ਸੱਜੇ) ਸ਼ੀਲਾ ਭਾਟੀਆ।*

ਇਸ ਮਗਰੋਂ ਸ਼ੀਲਾ ਨੇ 'ਰੁੱਖੇ ਖੇਤ' ਨਾਂ ਹੇਠ ਨਵਾਂ ਓਪੇਰਾ ਲਿਖਿਆ ਜੋ ਦਿੱਲੀ 'ਚ 1953 ਵਿਚ ਖੇਡਿਆ ਗਿਆ। 'ਰੁੱਖੇ ਖੇਤ' ਕਾਲ ਪੈਣ 'ਤੇ ਕਿਸਾਨਾਂ ਦੇ ਮਾੜੇ ਹਾਲਾਤ ਦਾ ਮਾਰਮਿਕ ਚਿਤਰਨ ਸੀ। ਮੰਨਿਆ ਜਾਂਦਾ ਹੈ ਕਿ ਇਸ ਓਪੇਰਾ ਵਿਚ ਉਦੇਸ਼ ਤੇ ਪ੍ਰਚਾਰ ਭਾਰੂ ਹੋਣ ਕਾਰਨ ਪੇਸ਼ਕਾਰੀ ਦਰਸ਼ਕਾਂ ਦੇ ਮਨ ਵਿਚ ਥਾਂ ਨਾ ਬਣਾ ਸਕੀ। 'ਰੁੱਖੇ ਖੇਤ' ਵਿਚਲੀ ਪੇਸ਼ਕਾਰੀ ਕਿਸਾਨਾਂ ਦੇ ਹਾਲਾਤ ਦਾ ਸਹੀ ਚਿਤਰਨ ਕਰਨ ਵਿਚ ਵੀ ਸਫਲ ਨਾ ਹੋ ਸਕੀ। ਇਸ ਨਾਕਾਮੀ ਕਾਰਨ ਸ਼ੀਲਾ ਨੇ ਓਪੇਰਾ ਸ਼ੈਲੀ ਦੇ ਗੁਣ-ਦੋਸ਼ਾਂ ਅਤੇ ਪੇਸ਼ਕਾਰੀ ਬਾਰੇ ਮੁੜ ਵਿਚਾਰ ਕੀਤਾ। ਸ਼ੀਲਾ ਨੇ ਇਕ ਵਾਰ ਇਸ ਬਾਰੇ ਕਿਹਾ, "ਇਸ ਸ਼ੈਲੀ ਨੂੰ ਸਮਝਣ ਲਈ ਸ਼ਾਇਦ ਗਲਤੀਆਂ ਤੋਂ ਸਿੱਖਣ ਦਾ ਇਹ ਮੇਰਾ ਪੜਾਅ ਸੀ।"

ਦੁਨੀਆ ਵਿਚ ਓਪੇਰਾ ਨਾਟ-ਸ਼ੈਲੀ ਦਾ ਜਨਮ ਸਥਾਨ ਇਟਲੀ ਮੰਨਿਆ ਜਾਂਦਾ ਹੈ ਜਿੱਥੇ 16ਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿਚ ਪਹਿਲੀ ਵਾਰ ਓਪੇਰਾ ਦਾ ਮੰਚਨ ਹੋਇਆ। ਵਿਦਵਾਨਾਂ ਅਨੁਸਾਰ ਓਪੇਰਾ ਸ਼ਬਦ ਦਾ ਆਪਣਾ ਕੋਈ ਵਿਸ਼ੇਸ਼ ਅਰਥ ਨਹੀਂ। ਇਸ ਦਾ ਅਰਥ ਕੇਵਲ 'ਕਾਰਜ' ਹੁੰਦਾ ਹੈ ਜਿਸ ਵਿਚ ਸੰਗੀਤ ਦਾ ਮੁੱਖ ਰੂਪ ਵਿਚ ਸ਼ਾਮਿਲ ਹੋਣਾ ਜ਼ਰੂਰੀ ਹੈ। ਸ਼ੀਲਾ ਭਾਟੀਆ ਇਸ ਬਾਰੇ ਕਹਿੰਦੀ ਹੈ ਕਿ ਇਹ ਬੈਲੇ (ਨਾਟ-ਨ੍ਰਿਤ) ਵਰਗੇ ਉਚੇ ਦਰਜੇ ਦਾ ਅਜਿਹਾ ਮਾਧਿਅਮ ਹੈ ਜੋ ਗੀਤ ਅਤੇ ਸ਼ਬਦਾਂ ਦਾ ਕੋਮਲ ਤੇ ਸਿਰਜਣਾਤਮਕ ਸੰਗਠਨ ਹੈ। ਇਸ ਵਿਚ ਹਰ ਚੀਜ਼ ਗਾ ਕੇ ਪੇਸ਼ ਕੀਤੀ ਜਾਂਦੀ ਹੈ। ਅਭਿਨੈ, ਹਾਵ-ਭਾਵ, ਨ੍ਰਿਤ, ਸੰਗੀਤ ਦਾ ਸੰਗਮ ਹੀ ਓਪੇਰਾ ਨਾਟ-ਸ਼ੈਲੀ ਹੈ। 18ਵੀਂ ਸਦੀ ਵਿਚ ਪ੍ਰਸਿੱਧ ਓਪੇਰਾ ਮਾਹਿਰ ਬਿਲੀ ਬਾਲਡਵਨ ਗਲੂਕ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 'ਓਪੇਰਾ ਦੇ ਨਾਟਕੀ ਤੱਤ ਨੂੰ ਸੰਗੀਤ ਤੱਤ ਤੋਂ ਵੱਧ ਤਰਜੀਹ ਮਿਲਣੀ ਚਾਹੀਦੀ ਹੈ'।

***'ਹੀਰ-ਰਾਂਝਾ' ਪੰਜਾਬੀ ਦਾ ਸ਼ਾਹਕਾਰ ਮਹਾਂਕਾਵਿ ਹੈ। ਦੋ ਪ੍ਰੇਮੀਆਂ ਦੀ ਤ੍ਰਾਸਦਿਕ ਗਾਥਾ ਨੂੰ ਲਗਭਗ 250 ਸਾਲ ਪਹਿਲਾਂ ਵਾਰਿਸ ਸ਼ਾਹ ਨੇ ਰਚਿਆ ਸੀ। ਦੁਨੀਆ ਦੀਆਂ ਬਾਕੀ ਪ੍ਰੀਤ ਕਹਾਣੀਆਂ ਦੇ ਮੁਕਾਬਲੇ ਕਿੱਸਾ 'ਹੀਰ-ਰਾਂਝਾ' ਸਰਲ ਹੋਣ ਦੇ ਨਾਲ-ਨਾਲ ਪਿਆਰ, ਵਿਛੋੜੇ ਤੇ ਸੰਘਰਸ਼ ਨਾਲ ਭਰਿਆ ਹੋਇਆ ਹੈ। ਇਸ ਕਹਾਣੀ ਵਿਚ ਖਲਨਾਇਕ ਵੀ ਹੈ ਤੇ ਫਕੀਰੀ ਵੀ।***

ਸ਼ੀਲਾ ਭਾਟੀਆ ਨੇ ਗਲੂਕ ਦੀ ਇਸ ਗੱਲ ਤੋਂ ਪ੍ਰੇਰਨਾ ਲੈ ਕੇ ਆਪਣੀਆਂ ਕਮੀਆਂ ਬਾਰੇ ਸੋਚਿਆ, ਸਮਝਿਆ ਤੇ ਆਪਣੀਆਂ ਅਗਲੀਆਂ ਪੇਸ਼ਕਾਰੀਆਂ ਅੰਦਰ ਸਕਾਰਾਤਮਕ ਪਰਿਵਰਤਨ ਕਰਨ ਦਾ ਨਿਰਣਾ ਕੀਤਾ।

'ਹੀਰ-ਰਾਂਝਾ' ਪੰਜਾਬੀ ਦਾ ਸ਼ਾਹਕਾਰ ਮਹਾਂਕਾਵਿ ਹੈ। ਦੋ ਪ੍ਰੇਮੀਆਂ ਦੀ ਤ੍ਰਾਸਦਿਕ ਗਾਥਾ ਨੂੰ ਲਗਭਗ 250 ਸਾਲ ਪਹਿਲਾਂ ਵਾਰਿਸ ਸ਼ਾਹ ਨੇ ਰਚਿਆ ਸੀ। ਦੁਨੀਆ ਦੀਆਂ ਬਾਕੀ ਪ੍ਰੀਤ ਕਹਾਣੀਆਂ ਦੇ ਮੁਕਾਬਲੇ ਕਿੱਸਾ 'ਹੀਰ-ਰਾਂਝਾ' ਸਰਲ ਹੋਣ ਦੇ ਨਾਲ-ਨਾਲ ਪਿਆਰ, ਵਿਛੋੜੇ ਤੇ ਸੰਘਰਸ਼ ਨਾਲ ਭਰਿਆ ਹੋਇਆ ਹੈ। ਇਸ ਕਹਾਣੀ ਵਿਚ ਖਲਨਾਇਕ ਵੀ ਹੈ ਤੇ ਫਕੀਰੀ ਵੀ। ਕਹਾਣੀ ਮੁਤਾਬਿਕ ਹੀਰ ਦਾ ਵਿਆਹ ਰਾਂਝੇ ਦੀ ਬਜਾਇ ਕਿਸੇ ਹੋਰ ਨਾਲ ਹੁੰਦਾ ਹੈ। ਹੀਰ ਨੂੰ ਲੱਭਦਾ ਰਾਂਝਾ ਜੋਗੀ ਬਣ, ਉਸ ਦੇ ਸਹੁਰੇ ਘਰ ਵੀ ਪਹੁੰਚ ਜਾਂਦਾ ਹੈ। ਮੌਕਾ ਮਿਲਦਿਆਂ ਹੀ ਦੋਵੇਂ ਘਰੋਂ ਨੱਸ ਜਾਂਦੇ ਹਨ ਤੇ ਫੜੇ ਵੀ ਜਾਂਦੇ ਹਨ। ਰਾਂਝਾ ਮਾਰਿਆ ਜਾਂਦਾ ਹੈ। ਵਾਰਿਸ ਦੀ ਕਹਾਣੀ ਦੇ ਅਖੀਰ ਦੀ ਇਸ ਘਟਨਾ ਨੂੰ ਆਪਣੀ ਪੇਸ਼ਕਾਰੀ ਵਿਚ ਸ਼ੀਲਾ ਨੇ ਬਦਲ ਦਿੱਤਾ। ਚਾਚੇ ਦੀ ਬਜਾਇ ਹੀਰ ਦੀ ਮਾਂ ਆਪਣੀ ਧੀ ਨੂੰ ਹੀ ਚਰਿੱਤਰਹੀਣ ਕਹਿ ਜ਼ਹਿਰ ਦੇ ਦਿੰਦੀ ਹੈ। ਇਸ ਕਿਸਮ ਦੇ ਅੰਤ ਬਾਰੇ ਸ਼ੀਲਾ ਦਾ ਆਖਣਾ ਹੈ, "ਇਹ ਔਰਤ ਦੀ ਤ੍ਰਾਸਦੀ ਹੈ। ਸਹੁਰਾ ਘਰ ਹੋਵੇ ਜਾਂ ਬਾਬਲ ਦਾ ਘਰ, ਔਰਤ ਮਰਦਾਂ ਦੀ ਮਰਜ਼ੀ ਬਗ਼ੈਰ ਕੁਝ ਨਹੀਂ ਕਰ ਸਕਦੀ। ਔਰਤ ਸਮਾਜਿਕ ਦਬਾਅ ਤੋਂ ਡਰਦੀ ਹੈ। ਉਹ ਜਾਣਦੀ ਹੈ ਕਿ ਪਿੱਤਰਸੱਤਾ ਵਾਲਾ ਸਮਾਜ ਹੀਰ ਨੂੰ ਟੋਟੇ-ਟੋਟੇ ਕਰ ਦੇਵੇਗਾ।' ਉਸ ਦਾ ਮੰਨਣਾ ਹੈ ਕਿ ਜਦੋਂ ਮਰਦ ਅਜਿਹੇ ਕਾਰੇ ਨੂੰ ਅੰਜਾਮ ਦਿੰਦਾ ਹੈ ਤਾਂ ਉਹ ਪਿਓ, ਭਰਾ, ਤਾਇਆ, ਚਾਚਾ ਨਹੀਂ ਸਗੋਂ ਇਕ ਤਰ੍ਹਾਂ ਜੱਲਾਦ ਹੁੰਦਾ ਹੈ। ਮਾਂ ਆਪਣੀ ਧੀ ਨੂੰ ਇਨ੍ਹਾਂ ਜੱਲਾਦਾਂ ਸਪੁਰਦ ਕਰਨ ਦੀ ਬਜਾਇ ਆਪ ਹੀ ਜ਼ਹਿਰ ਦੇਣਾ ਉਚਿਤ ਸਮਝਦੀ ਹੈ।

ਸੰਗੀਤ, ਅਭਿਨੈ ਤੇ ਮੰਚਨ ਦੇ ਪੱਖ ਤੋਂ ਸ਼ੀਲਾ ਦੀ ਇਹ ਪੇਸ਼ਕਾਰੀ ਪੰਜਾਬੀ ਓਪੇਰਾ ਦੀ ਸਭ ਤੋਂ ਵਧੀਆ ਪੇਸ਼ਕਾਰੀ ਮੰਨੀ ਗਈ। ਇਸ ਤੋਂ ਪਹਿਲਾਂ ਖੇਡੇ ਓਪੇਰਾ ਦੀਆਂ ਤਕਨੀਕੀ ਕਮੀਆਂ ਤੋਂ ਸ਼ੀਲਾ ਨੇ ਬਹੁਤ ਕੁਝ ਸਿੱਖਿਆ। ਗੀਤ ਸੰਗੀਤ ਨੂੰ ਘੱਟ ਕਰ ਕੇ ਸੰਵਾਦਾਂ ਵਾਲੇ ਹਿੱਸੇ ਨਾਲ ਪੂਰਾ ਨਿਆਂ ਕੀਤਾ। ਸ਼ੀਲਾ ਭਾਟੀਆ ਦੀ ਨਾਟਕੀ ਸੂਝ-ਬੂਝ, ਸ਼ੰਨੋ ਖੁਰਾਨਾ ਦਾ ਸੰਗੀਤ, ਸਨੇਹ ਲਤਾ ਸਾਨਿਆਲ ਦਾ ਅਭਿਨੈ, ਇਨ੍ਹਾਂ ਤਿੰਨਾਂ ਦੇ ਯੋਗਦਾਨ ਨਾਲ ਓਪੇਰਾ ਪੇਸ਼ਕਾਰੀ ਦਮਦਾਰ ਰਹੀ। ਹੀਰ-ਰਾਂਝਾ ਦਾ ਕਥਾਨਕ ਕਸਿਆ ਹੋਇਆ ਸੀ, ਹੋਰ ਨਾਟਕੀ ਤੱਤਾਂ ਨੇ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਿਆ। 'ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ' ਸਤਰਾਂ ਸੁਣਦਿਆਂ ਹੀ ਦਰਸ਼ਕਾਂ ਦੇ ਹੰਝੂ ਆਪ-ਮੁਹਾਰੇ ਹੀ ਵਹਿ ਤੁਰਦੇ।

ਸ਼ੀਲਾ ਨੇ ਹੀਰ-ਰਾਂਝਾ ਤੋਂ ਬਾਅਦ ਹਰ ਸਾਲ ਨਵੀਆਂ ਪੇਸ਼ਕਾਰੀਆਂ ਦਿੱਤੀਆਂ ਜਿਵੇਂ 'ਪ੍ਰਿਥਵੀਰਾਜ ਚੌਹਾਨ', 'ਚੰਨ ਬੱਦਲਾਂ ਦਾ', 'ਜੁਗਨੀ', 'ਸੁਲਗਦੇ ਦਰਿਆ', 'ਤੇਰੇ ਮੇਰੇ ਲੇਖ' ਆਦਿ। 'ਚੰਨ ਬੱਦਲਾਂ ਦਾ' ਵਿਚ ਸ਼ੀਲਾ ਨੇ ਪੰਜਾਬ ਦੇ ਰੀਤੀ-ਰਿਵਾਜਾਂ ਅਤੇ ਜੀਵਨ-ਚੱਕਰ ਨੂੰ ਬਾਖੂਬੀ ਪੇਸ਼ ਕੀਤਾ। ਨਾਟਕ ਵਿਚਲਾ ਇਹ ਗੀਤ ਉਸ ਵੇਲੇ ਬੜਾ ਕਾਮਯਾਬ ਹੋਇਆ:

ਚੰਨਾ ਵੇ ਤੇਰਾ ਚਾਨਣਾ ਵੇ ਹੋ ਚੰਨ ਬੱਦਲਾਂ ਦਾ
ਘਟ ਕਾਲੀ ਬੁੱਟ ਛਾਈ ਵਿਛੋੜਾ ਸੱਜਣਾਂ ਦਾ,
ਵੇ ਚੰਨ ਬੱਦਲਾਂ ਦਾ...

ਸ਼ੀਲਾ ਦੀ ਹਰ ਨਵੀਂ ਪੇਸ਼ਕਾਰੀ ਨਾਲ ਪੰਜਾਬੀ ਓਪੇਰਾ ਵਿਕਾਸ ਦੇ ਨਵੇਂ ਪੜਾਅ ਤੈਅ ਕਰਦਾ ਰਿਹਾ। ਸ਼ੀਲਾ ਤੋਂ ਵੱਖ ਹੋ ਕੇ ਸ਼ੰਨੋ ਖੁਰਾਨਾ ਨੇ ਵੀ 'ਸੁੰਦਰੀ', 'ਸੁਹਣੀ-ਮਹੀਂਵਾਲ', 'ਸੱਸੀ ਪੁੰਨੂ' ਕਈ ਓਪੇਰਾ ਖੇਡੇ। ਓਪੇਰਾ 'ਸੱਸੀ ਪੁੰਨੂ' ਸਪਰੂ ਹਾਊਸ ਦੇ ਨਾਟਕਕਾਰ ਪ੍ਰੇਮ ਜਲੰਧਰੀ ਨੇ ਲਿਖਿਆ ਅਤੇ ਇਸ ਦਾ ਨਿਰਦੇਸ਼ਨ ਪ੍ਰਸਿੱਧ ਰੰਗਕਰਮੀ ਤੇ ਨਿਰਦੇਸ਼ਕ ਆਰ.ਜੀ .ਆਨੰਦ ਨੇ ਕੀਤਾ। ਪ੍ਰੇਮ ਜਲੰਧਰੀ ਨੇ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਨੂੰ ਆਧਾਰ ਬਣਾ ਕੇ ਵੀ ਇਕ ਓਪੇਰਾ ਤਿਆਰ ਕੀਤਾ।

ਹੀਰ-ਰਾਂਝਾ ਦੀ ਸਫਲ ਪੇਸ਼ਕਾਰੀ ਨੇ ਪੰਜਾਬੀ ਓਪੇਰਾ ਨੂੰ ਪੇਸ਼ੇਵਾਰ ਰੂਪ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਹੁਣ ਇਸ ਸ਼ੈਲੀ ਦੇ ਸ਼ੋਅ ਦਰਸ਼ਕ ਟਿਕਟਾਂ ਲੈ ਕੇ ਦੇਖਦੇ। ਪੰਜਾਬੀ ਸਭਿਆਚਾਰ ਦੀ ਸਹੀ ਸਮਝ ਰੱਖਣ ਵਾਲੀ ਸ਼ੀਲਾ ਨੇ ਲੋਕ-ਕਥਾਵਾਂ ਅਤੇ ਲੋਕ-ਗੀਤਾਂ ਨੂੰ ਸਮਕਾਲ ਨਾਲ ਜੋੜ ਕੇ ਪੇਸ਼ ਕੀਤਾ। ਉਸ ਦੀ ਮੌਲਿਕਤਾ ਤੇ ਪ੍ਰਤਿਭਾ ਦਾ ਪ੍ਰਮਾਣ ਓਪੇਰਾ ਸ਼ੈਲੀ ਨੂੰ ਲੋਕ-ਸ਼ੈਲੀ ਅੰਦਰ ਢਾਲ ਕੇ ਉਸ ਵਿਚ ਕਲਪਨਾ ਦੇ ਨਵੇਂ ਰੰਗ ਭਰਨ ਵਿਚ ਸੀ। ਪੰਜਾਬੀ ਲੋਕ-ਗੀਤ, ਸੰਗੀਤ ਤੇ ਭਾਸ਼ਾ ਦੇ ਖੁੱਲ੍ਹੇਪਣ ਨੂੰ ਉਸ ਨੇ ਆਪਣੇ ਹਰ ਓਪੇਰਾ ਦਾ ਹਿੱਸਾ ਬਣਾਇਆ। 'ਸੁਲਗਦੇ ਦਰਿਆ' ਦੀ ਪੇਸ਼ਕਾਰੀ ਨਾ ਭੁੱਲਣ ਯੋਗ ਰਹੀ। ਇਹ ਓਪੇਰਾ ਭਾਰਤੀ ਸਮਾਜ ਵਿਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਦਰਸਾਉਂਦਾ ਸੀ। ਇਸ ਵਿਚ ਦਰਿਆ ਨੂੰ ਔਰਤ ਦੇ ਚਿਹਨ ਵਜੋਂ ਵਰਤਿਆ ਗਿਆ ਜੋ ਕਹਿਣ ਨੂੰ ਦੇਵੀ ਹੈ, ਪਰ ਉਸ ਦੀ ਹਾਲਤ ਦਾਸੀ ਤੋਂ ਵੀ ਬਦਤਰ ਹੈ। ਉਹ ਹਮੇਸ਼ਾ ਸੁਲਗਦੀ ਰਹਿੰਦੀ ਹੈ। 'ਸੁਲਗਦੇ ਦਰਿਆ' ਵਿਚ ਬੁੱਲ੍ਹੇ ਸ਼ਾਹ ਜਿਹੀ ਸੂਝ, ਸੁਹਜ, ਬੇਬਾਕੀ ਅਤੇ ਪੰਜਾਬੀ ਜ਼ੁਬਾਨ ਦਾ ਜਾਦੂ ਦਰਸ਼ਕਾਂ ਦੇ ਮਨਾਂ ਵਿਚ ਤੀਰ ਵਾਂਗ ਵੱਜਿਆ।

1951 ਤੋਂ ਸ਼ੁਰੂ ਹੋਇਆ ਓਪੇਰਾ ਦਾ ਇਹ ਸਫਰ 1999 ਤਕ ਰਿਹਾ। ਹਰ ਓਪੇਰਾ ਦੇ ਸੈਂਕੜੇ ਸ਼ੋਅ ਹੋਏ। 1951 ਵਿਚ ਜਦੋਂ ਸ਼ੀਲਾ ਨੇ ਓਪੇਰਾ ਸ਼ੈਲੀ ਨੂੰ ਪਹਿਲੀ ਵਾਰੀ ਅਪਣਾਇਆ ਤਾਂ ਉਸ ਵੇਲੇ ਹਿੰਦੋਸਤਾਨ ਅੰਦਰ ਰਵਾਇਤੀ ਥੀਏਟਰ ਅਤੇ ਪੱਛਮੀ ਥੀਏਟਰ ਬਾਰੇ ਬਹਿਸ ਛਿੜੀ ਹੋਈ ਸੀ। ਸੈਮੀਨਾਰ ਤੇ ਗੋਸ਼ਟੀਆਂ ਹੋ ਰਹੀਆਂ ਸਨ। ਇਹ ਪ੍ਰਸ਼ਨ ਵਾਰ-ਵਾਰ ਉਠ ਰਿਹਾ ਸੀ ਕਿ ਹਿੰਦੋਸਤਾਨੀ ਨਾਟਕ-ਕਲਾ ਨੂੰ ਰਵਾਇਤੀ ਸ਼ੈਲੀ ਅਤੇ ਆਧੁਨਿਕ ਪੱਛਮੀ ਸ਼ੈਲੀ - ਦੋਵਾਂ ਵਿਚੋਂ ਕਿਹੜੇ ਰਾਹ ਤੁਰਨਾ ਚਾਹੀਦਾ ਹੈ? ਅਜਿਹੇ ਸਮੇਂ ਸ਼ੀਲਾ ਦੇ ਓਪੇਰਾ ਦਾ ਰਾਹ ਵੱਖਰਾ ਸੀ। ਉਸ ਨੇ ਪੰਜਾਬੀ ਲੋਕ-ਕਹਾਣੀਆਂ ਤੇ ਗੀਤਾਂ ਨੂੰ ਇਟਲੀ ਦੇ ਓਪੇਰਾ ਦਾ ਜਾਮਾ ਪੁਆ ਕੇ ਪੇਸ਼ਕਾਰੀਆਂ ਦਿੱਤੀਆਂ। ਕਈ ਰੰਗਮੰਚ ਆਲੋਚਕਾਂ ਨੇ ਇਨ੍ਹਾਂ ਪੇਸ਼ਕਾਰੀਆਂ ਨੂੰ ਨਾਟਕ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਉਦੋਂ ਸ਼ੀਲਾ ਦਾ ਜੁਆਬ ਸੀ, "ਤੁਸੀਂ ਇਸ ਸ਼ੈਲੀ ਨੂੰ ਮੰਨੋ ਭਾਵੇਂ ਨਾ, ਪਰ ਇਤਿਹਾਸ ਇਸੇ ਸ਼ੈਲੀ ਨੂੰ ਅਪਨਾਉਣ ਖਾਤਰ ਮੈਨੂੰ ਯਾਦ ਰੱਖੇਗਾ।" ਅੱਜ 70 ਸਾਲਾਂ ਬਾਅਦ ਆਲੋਚਕ ਕਹਿੰਦੇ ਹਨ ਕਿ ਇਹ ਭਾਰਤੀ ਰੰਗਮੰਚ ਲਈ ਸ਼ੀਲਾ ਭਾਟੀਆ ਦੀ ਨਵੀਂ ਖੋਜ ਸੀ।

# ਫਿਲਮਸਾਜ਼ ਵੀ. ਸ਼ਾਂਤਾਰਾਮ ਦੀ ਦੁਨੀਆ

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

***ਲੰਡਨ ਵਿਚ ਚਾਰ ਸਾਲ ਬੀ.ਬੀ.ਸੀ. ਦੀ ਨੌਕਰੀ ਕਰਕੇ ਬਲਰਾਜ ਸਾਹਨੀ ਅਤੇ ਉਸ ਦੀ ਪਤਨੀ ਦਮਯੰਤੀ (ਦਮੋ) ਵਾਪਸ ਭਾਰਤ ਪਰਤ ਆਏ। ਉਦੋਂ ਤੱਕ ਬਲਰਾਜ ਸਾਹਨੀ ਦੇ ਦਿਲ ਅੰਦਰ ਅਦਾਕਾਰ ਬਣਨ ਦਾ ਕੋਈ ਖਿਆਲ ਤੱਕ ਨਹੀਂ ਸੀ; ਹਾਂ ਉਹ ਫਿਲਮਾਂ ਦਾ ਸ਼ੌਕੀਨ ਜ਼ਰੂਰ ਸੀ। ਹੁਣ ਪੜ੍ਹੋ ਅੱਗੇ...***

ਅਪਰੈਲ 1944 ਅਸੀਂ ਜਹਾਜ਼ ਤੋਂ ਬੰਬਈ ਉਤਰੇ। ਏਥੇ ਸਾਡੇ ਲਈ ਸਭ ਕੁਝ ਓਪਰਾ-ਓਪਰਾ ਸੀ - ਲੋਕ, ਆਬੋ-ਹਵਾ, ਪਹਿਰਾਵਾ। ਜੇ ਉਸ ਵੇਲੇ ਮੈਥੋਂ ਕੋਈ ਪੁੱਛਦਾ, "ਕੀ ਤੂੰ ਬੰਬਈ ਵਿਚ ਹਮੇਸ਼ਾ ਲਈ ਵਸ ਜਾਣਾ ਪਸੰਦ ਕਰੇਂਗਾ?" ਤਾਂ ਮੈਂ ਨਾਂਹ ਵਿਚ ਸਿਰ ਹਲਾਂਦਿਆਂ ਜ਼ਰਾ ਢਿੱਲ ਨਹੀਂ ਸੀ ਕਰਨੀ ਪਰ ਫੇਰ ਵੀ, ਦੇਸ ਮੁੜ ਆਣ ਦੀ ਮੈਨੂੰ ਭਰਪੂਰ ਖੁਸ਼ੀ ਸੀ। ਮੈਂ ਓਸੇ ਦਿਨ ਬੜੇ ਸ਼ੌਕ ਨਾਲ ਪਤਲੂਨ ਲਾਹ ਕੇ ਧੋਤੀ ਬੰਨ੍ਹ ਲਈ, ਜਿਵੇਂ ਸ਼ਾਂਤੀ ਨਿਕੇਤਨ ਤੇ ਸੇਵਾਗਰਾਮ ਵਿਚ ਬੰਨ੍ਹਦਾ ਸਾਂ। ਪਾਨ ਮੂੰਹ ਵਿਚ ਰੱਖਿਆ, ਤੇ ਜਦ ਬਿਜਲੀ ਦੇ ਖੰਭੇ ਕੋਲ ਥੁੱਕਣ ਲਗਿਆਂ ਕੰਧ ਉਤੇ ਸ਼ਾਂਤਾਰਾਮ ਦੀ ਨਵੀਂ ਫਿਲਮ 'ਸ਼ਕੁੰਤਲਾ' ਦਾ ਇਸ਼ਤਿਹਾਰ ਪੜ੍ਹਿਆ ਤਾਂ ਸਰੀਰ ਵਿਚ ਖੁਸ਼ੀ ਦੀਆਂ ਝਰਨਾਟਾਂ ਛਿੜ ਪਈਆਂ।

ਚਾਰ ਸਾਲ ਹੋ ਗਏ ਸਨ ਪ੍ਰਭਾਤ ਫਿਲਮ ਕੰਪਨੀ ਅਤੇ ਸ਼ਾਂਤਾਰਾਮ ਜੀ ਦੀ ਪਿਛਲੀ ਫਿਲਮ 'ਆਦਮੀ' ਵੇਖਿਆਂ। ਉਸ ਦਾ ਵੀ ਮੈਂ ਕੇਵਲ ਮਰਾਠੀ ਰੂਪਾਂਤਰ ਵੇਖਿਆ ਸੀ - 'ਮਾਣਸ'। ਠੇਠ ਮਰਾਠੀ ਸ਼ਹਿਰ, ਪੂਨੇ ਵਿਚ। ਓਥੇ ਮੈਂ 'ਹਿੰਦੁਸਤਾਨੀ ਤਾਲੀਮੀ ਸੰਘ' ਦੀ ਪਹਿਲੀ ਕਾਨਫਰੰਸ ਦੇ ਮੌਕੇ ਉਤੇ ਸੇਵਾਗਰਾਮ ਤੋਂ ਗਿਆ ਹੋਇਆ ਸਾਂ। ਏਸੇ ਕਾਨਫਰੰਸ ਵਿਚ ਅੱਪਾ ਸਾਹਿਬ ਪੰਤ ਨਾਲ ਮੇਰੀ ਦੋਸਤੀ ਹੋ ਗਈ ਸੀ ਜੋ ਅੱਜ ਕੱਲ੍ਹ ਸੰਯੁਕਤ ਅਰਬ ਗਣਰਾਜ ਵਿਚ ਹਿੰਦੁਸਤਾਨ ਦੇ ਰਾਜਦੂਤ ਲੱਗੇ ਹੋਏ ਹਨ। ਉਹ ਆਕਸਫੋਰਡ ਦੀ ਤਾਲੀਮ ਖਤਮ ਕਰ ਕੇ ਨਵੇਂ-ਨਵੇਂ ਆਏ ਸਨ ਓਦੋਂ, ਤੇ ਝੱਟ ਆਪਣਾ ਆਪ ਆਜ਼ਾਦੀ ਦੀ ਤਹਿਰੀਕ ਨੂੰ ਅਰਪਣ ਕਰ ਦਿੱਤਾ ਸੀ। ਇਕ ਰਿਆਸਤ ਦਾ ਰਾਜਕੁਮਾਰ ਇਤਨੀ ਵੱਡੀ ਕੁਰਬਾਨੀ ਕਰੇ, ਬੜੀ ਅਚੰਭੇ ਵਾਲੀ ਗੱਲ ਸੀ। ਮੈਂ ਉਹਨਾਂ ਤੋਂ ਬੜਾ ਪ੍ਰਭਾਵਤ ਹੋਇਆ ਸਾਂ। ਪੂਨੇ ਵਿਚ ਉਹਨਾਂ ਦਾ ਆਪਣਾ ਪੁਰਾਣਾ ਘਰ ਸੀ - ਪੇਸ਼ਵਾਈ ਠਾਠ ਦਾ। ਓਥੇ ਇਕ ਸ਼ਾਮ ਭੋਜਨ ਕਰ ਕੇ ਭਾਰਤੀ ਸਾਰਾਭਾਈ, ਅੱਪਾ ਪੰਤ ਅਤੇ ਮੈਂ ਇਹ ਪਿਕਚਰ ਵੇਖਣ ਗਏ ਸਾਂ ਜੋ ਉਹਨਾਂ ਦੇ ਘਰ ਦੇ ਨੇੜੇ ਹੀ ਚਲ ਰਹੀ ਸੀ। ਕਿਤਨਾ ਡੂੰਘਾ ਅਸਰ ਪਿਆ ਸੀ ਮੇਰੇ ਉੱਪਰ ਉਸ ਪਿਕਚਰ ਦਾ ਕਿ ਕੀ ਦੱਸਾਂ! ਇਤਨਾ ਯਥਾਰਥ ਵਾਤਾਵਰਨ ਬੱਝਦਾ ਮੈਂ ਅੱਜ ਤਕ ਨਿਊ-ਥੀਏਟਰਜ਼ ਦੀ ਕਿਸੇ ਪਿਕਚਰ ਵਿਚ ਵੀ ਨਹੀਂ ਸੀ ਵੇਖਿਆ। ਜਿਵੇਂ ਸਿਨੇਮੇ ਵਿਚ ਬਹਿ ਕੇ ਫੇਰ ਉਸੇ ਪੂਨਾ ਸ਼ਹਿਰ ਵਿਚ ਟੁਰ ਫਿਰ ਰਿਹਾ ਹੋਵਾਂ। ਰਸੋਈ ਅਤੇ ਗੁਸਲਖਾਨੇ ਤੱਕ ਉਹੀ ਸਨ ਜੋ ਮੈਂ ਆਪਣੀ ਠਹਿਰਨ ਵਾਲੀ ਥਾਂ ਉਤੇ ਰੋਜ਼ ਵੇਖਦਾ ਤੇ ਤਰਸਦਾ ਸਾਂ।

ਮੈਥੋਂ ਰਿਹਾ ਨਾ ਗਿਆ। ਉਸੇ ਰਾਤ ਸ੍ਰੀ ਵੀ. ਸ਼ਾਂਤਾਰਾਮ ਨੂੰ ਲੰਮਾ ਸਾਰਾ ਪ੍ਰਸੰਸਾ ਪੱਤਰ ਮੈਂ ਲਿਖ ਭੇਜਿਆ। ਜਵਾਬ ਆਉਣ ਦੀ ਭਲਾ ਮੈਨੂੰ ਕੀ ਆਸ ਉਮੈਦ ਹੋਣੀ ਸੀ? ਪਰ ਮੈਂ ਹੈਰਾਨ ਰਹਿ ਗਿਆ, ਜਦੋਂ ਕੇਵਲ ਜਵਾਬ ਹੀ ਨਹੀਂ ਆਇਆ ਸਗੋਂ ਉਨ੍ਹਾਂ ਮੈਨੂੰ ਸਟੂਡੀਓ ਮਿਲਣ ਆਣ ਦੀ ਦਾਅਵਤ ਵੀ ਦਿੱਤੀ।

ਮੈਂ ਨਿਸਚਿਤ ਸਮੇਂ 'ਤੇ ਪ੍ਰਭਾਤ ਸਟੂਡੀਓ ਪਹੁੰਚ ਗਿਆ। ਫਾਟਕ ਉਤੇ ਇਕ ਸੱਜਣ ਨੇ ਮੇਰਾ ਸੁਆਗਤ ਕੀਤਾ ਅਤੇ ਬੜੀ ਨਿਮਰਤਾ ਨਾਲ ਮੈਨੂੰ ਉਪਰ ਵਾਲੀ ਮੰਜ਼ਲ ਦੇ ਇਕ ਕਮਰੇ ਵਿਚ ਬਿਠਾ ਕੇ ਚਲਾ ਗਿਆ। ਉਸੇ ਕਮਰੇ ਵਿਚ ਸਾਦੀ ਜਿਹੀ, ਕਾਲੇ ਰੰਗ ਦੀ, ਬਾਬੂਆਂ ਵਾਲੀ ਟੋਪੀ ਪਾਈ ਜਿਸ ਦਾ ਉਸ ਜ਼ਮਾਨੇ ਵਿਚ ਮਹਾਰਾਸ਼ਟਰੀਆਂ ਵਿਚ ਬੜਾ ਰਿਵਾਜ ਸੀ, ਇਕ ਆਦਮੀ ਪਹਿਲਾਂ ਤੋਂ ਚੁੱਪ-ਚਾਪ ਬੈਠਾ ਹੋਇਆ ਸੀ, ਜਿਵੇਂ ਉਹ ਵੀ ਕਿਸੇ ਨੂੰ ਉਡੀਕ ਰਿਹਾ ਹੋਵੇ। ਝਟ ਕੁ ਪਿਛੋਂ ਉਸ ਆਦਮੀ ਨੇ ਮੈਥੋਂ ਅੰਗਰੇਜ਼ੀ ਵਿਚ ਪੁੱਛਿਆ, "ਕੀ ਮਿਸਟਰ ਸਾਹਨੀ ਤੁਸੀਂ ਹੋ?"

"ਜੀ।"

"ਮੇਰਾ ਨਾਂ ਸ਼ਾਂਤਾਰਾਮ ਹੈ।" ਉਹਨੇ ਧੀਮੇ ਜਿਹੇ ਅੰਦਾਜ਼ ਵਿਚ ਕਿਹਾ ਅਤੇ ਹੱਥ ਜੋੜ ਕੇ ਮੈਨੂੰ ਨਮਸਤੇ ਕੀਤੀ।

ਮੈਂ ਅਵਾਕ ਜਿਹਾ ਹੋ ਕੇ ਉਸ ਵਲ ਵੇਖ ਰਿਹਾ ਸਾਂ। ਕੀ ਕੋਈ ਏਸ ਹਦ ਤਕ ਸਾਧਾਰਨ ਆਦਮੀ ਫਿਲਮ ਡਾਇਰੈਕਟਰ ਹੋ ਸਕਦਾ ਹੈ? ਬਰੂਆ (ਅਦਾਕਾਰ-ਫਿਲਮਸਾਜ਼ ਪੀ.ਸੀ. ਬਰੂਆ) ਦੇ ਘਰ ਵੀ ਸਾਦਗੀ ਵੇਖੀ ਸੀ ਪਰ ਆਪਣੇ ਵਰਗਾ ਸੁਸਿਖਸ਼ਤ ਅਤੇ ਨਵੀਂ ਰੌਸ਼ਨੀ ਦਾ ਆਦਮੀ ਦਿਸਿਆ ਸੀ ਉਹ। ਏਸ ਆਦਮੀ ਦਾ ਤਾਂ ਕਿਸੇ ਪ੍ਰਾਇਮਰੀ ਸਕੂਲ ਦਾ ਅਧਿਆਪਕ ਹੋਣਾ ਜ਼ਿਆਦਾ ਸੁਭਾਵਕ ਸੀ।

ਮੈਂ ਆਪਣੀ ਕੁਰਸੀ ਚੁੱਕ ਕੇ ਉਹਨਾਂ ਦੇ ਨੇੜੇ ਲੈ ਗਿਆ, ਤੇ ਦੁਬਾਰਾ ਦੱਸਿਆ ਕਿ ਮੈਂ ਉਹਨਾਂ ਦੀ ਫਿਲਮ ਤੋਂ ਕਿਤਨਾ ਪ੍ਰਭਾਵਿਤ ਹੋਇਆ ਸਾਂ। ਉਹਨਾਂ ਜੁਆਬ ਦਿੱਤਾ ਕਿ ਉਹ ਵੀ ਮੇਰੇ ਨਾਂ ਤੋਂ ਨਾਵਾਕਫ ਨਹੀਂ, ਹਿੰਦੀ ਪਤ੍ਰਿਕਾਵਾਂ ਵਿਚ ਮੇਰੀਆਂ ਕਹਾਣੀਆਂ ਨਜ਼ਰਾਂ ਵਿਚੋਂ ਗੁਜ਼ਰੀਆਂ ਹਨ।

ਮੈਂ ਫੇਰ ਹੱਕਾ-ਬੱਕਾ ਹੋ ਕੇ ਉਹਨਾਂ ਵਲ ਵੇਖਦਾ ਰਹਿ ਗਿਆ। "ਤੁਸੀਂ... ਮੇਰੀਆਂ... ਕਹਾਣੀਆਂ...।" ਮੈਂ ਰੁਕ-ਰੁਕ ਕੇ ਕਿਹਾ।

"ਜੀ ਹਾਂ। 'ਹੰਸ', 'ਵਿਸ਼ਾਲ ਭਾਰਤ' ਅਤੇ ਹੋਰ ਵੀ ਕਈ ਹਿੰਦੀ ਮਾਸਿਕ ਪਤ੍ਰਿਕਾਵਾਂ ਸਾਡੇ ਕੋਲ ਆਉਂਦੀਆਂ ਨੇ। ਜੇ ਤੁਹਾਨੂੰ ਆਪਣੀ ਕਿਸੇ ਕਹਾਣੀ ਬਾਰੇ ਵਿਸ਼ਵਾਸ ਹੋਵੇ ਕਿ ਉਸ ਦੇ ਆਧਾਰ ਉਤੇ ਚੰਗੀ ਫਿਲਮ ਬਣ ਸਕਦੀ ਹੈ, ਤਾਂ ਸਾਡੇ ਕੋਲ ਅਵੱਸ਼ ਭੇਜਣਾ, ਬਸ਼ਰਤੇ ਉਹ ਛਪ ਚੁੱਕੀ ਹੋਵੇ। ਜੇ ਹੋਰ ਕਿਸੇ ਲੇਖਕ ਦੀ ਰਚਨਾ ਤੁਹਾਨੂੰ ਖਾਸ ਪਸੰਦ ਆਵੇ, ਤਾਂ ਉਹ ਵੀ ਭੇਜਣਾ। ਅਸੀਂ ਉੱਤਮ ਤੋਂ ਉੱਤਮ ਸਾਹਿਤ ਨੂੰ ਫਿਲਮਾਉਣਾ ਚਾਹੁੰਦੇ ਹਾਂ।"

ਬਾਰੀ ਵਿਚੋਂ ਬਾਹਰ, ਸਟੂਡੀਓ ਦੇ ਵਿਸ਼ਾਲ ਹਾਤੇ ਵਿਚ, ਸ਼ੂਟਿੰਗ ਲਈ ਖੜ੍ਹਾ ਕੀਤਾ, ਦੋ-ਦੋ, ਤਿੰਨ-ਤਿੰਨ ਮੰਜ਼ਲੇ ਮਕਾਨਾਂ ਦਾ ਮਹੱਲਾ ਦਿਸ ਰਿਹਾ ਸੀ। ਇਹ ਕੱਪੜੇ ਨਾਲ ਜੜੀਆਂ ਲੱਕੜੀ ਦੀਆਂ ਚੁਖਾਟਾਂ ਨਹੀਂ ਸਨ ਜਿਨ੍ਹਾਂ ਨੂੰ ਫਿਲਮਾਂ ਵਿਚ ਦਾਖਲ ਹੋਣ ਪਿਛੋਂ ਵੇਖ-ਵੇਖ ਕੇ ਮੈਂ ਅੱਕ ਗਿਆ ਹਾਂ। ਇਹ ਇੱਟ-ਗਾਰੇ ਦੇ ਪੱਕੇ ਮਕਾਨ ਸਨ, ਸਿਰਫ ਛੱਤਾਂ ਨਹੀਂ ਸਨ ਪਈਆਂ। ਦੂਰੋਂ ਵੇਖਿਆਂ, ਉਹਨਾਂ ਦੀ ਅਧੂਰੀ ਜਹੀ ਸੰਪੂਰਨਤਾ ਮਨ ਵਿਚ ਅਜੀਬ ਜਿਹੀ ਬੇਚੈਨੀ ਪੈਦਾ ਕਰਦੀ ਸੀ। ਪ੍ਰਭਾਤ ਫਿਲਮ ਕੰਪਨੀ ਦੇ ਨਿਰਮਾਤਾਵਾਂ ਦੇ ਯਥਾਰਥਵਾਦੀ ਦ੍ਰਿਸ਼ਟੀਕੋਣਾਂ ਦਾ ਉਹ ਸ਼ਾਨਦਾਰ ਸਬੂਤ ਪੇਸ਼ ਕਰ ਰਹੀਆਂ ਸਨ।

"ਤੁਸੀਂ ਸਟੂਡੀਓ ਵੇਖਣਾ ਚਾਹੋਗੇ?" ਸ਼ਾਂਤਾਰਾਮ ਨੇ ਪੁੱਛਿਆ।

"ਜੀ ਕਲਕੱਤਾ ਵਿਚ ਨਿਊ-ਥੀਏਟਰਜ਼ ਦਾ ਸਟੂਡੀਓ ਮੈਂ ਵੇਖ ਚੁੱਕਿਆ ਹਾਂ, ਏਸ ਲਈ ਸਟੂਡੀਓ ਵੇਖਣ ਦੀ ਮੈਨੂੰ ਖਾਸ ਜ਼ਰੂਰਤ ਮਹਿਸੂਸ ਨਹੀਂ ਹੋ ਰਹੀ। ਤੁਹਾਡੇ ਦਰਸ਼ਨ ਕਰਕੇ ਮੈਨੂੰ ਆਸ ਤੋਂ ਵੱਧ ਮੁਰਾਦ ਮਿਲ ਗਈ ਏ।"

ਮੈਨੂੰ ਇੰਜ ਲਗਾ, ਜਿਵੇਂ ਮੈਂ ਇਕ ਪਵਿੱਤਰ ਤੇ ਸੁੱਚੀ ਥਾਂ ਉਤੇ ਬੈਠਾ ਹੋਇਆ ਸਾਂ। ਜਿਵੇਂ ਉਹ ਵੀ ਸ਼ਾਂਤੀ ਨਿਕੇਤਨ ਜਾਂ ਸੇਵਾਗਰਾਮ ਦਾ ਹੀ ਇਕ ਭਾਗ ਸੀ। ਮੈਨੂੰ ਮਾਣ ਜਿਹਾ ਮਹਿਸੂਸ ਹੋ ਰਿਹਾ ਸੀ। ਇਹੋ ਜਿਹੇ ਮਹਾਨ ਵਿਅਕਤੀ ਦਾ ਵਿਅਰਥ ਗੱਲਾਂ ਵਿਚ ਵਕਤ ਜ਼ਾਇਆ ਕਰਨਾ ਮੈਨੂੰ ਕਸੂਰ ਜਾਪਣ ਲਗ ਪਿਆ ਸੀ।...

ਇਹ ਸੀ ਪ੍ਰਭਾਤ ਸਟੂਡੀਓ ਅਤੇ ਉਸ ਦੇ ਰੂਹੇ-ਰਵਾਂ ਵੀ. ਸ਼ਾਂਤਾਰਾਮ ਨਾਲ ਮੇਰੀ ਪਹਿਲੀ ਪਛਾਣ। ਇਸ ਤੋਂ ਅੰਦਾਜ਼ਾ ਹੋ ਸਕਦਾ ਹੈ ਕਿ ਚਾਰ ਵਰ੍ਹਿਆਂ ਬਾਅਦ ਮੈਂ ਉਹਨਾਂ ਦੀ ਨਵੀਂ ਫਿਲਮ ਨੂੰ ਕਿਤਨੇ ਚਾਅ ਨਾਲ, ਤੇ ਕਿਤਨੀਆਂ ਉੱਚੀਆਂ ਉਮੀਦਾਂ ਲੈ ਕੇ ਵੇਖਣ ਗਿਆ ਹੋਵਾਂਗਾ। ਕਾਲੀਦਾਸ ਦੀ ਸਰਬ-ਉਤਕ੍ਰਿਸ਼ਟ ਰਚਨਾ, ਤੇ ਸ਼ਾਂਤਾਰਾਮ ਜਿਹੇ ਡਾਇਰੈਕਟਰ ਦਾ ਦਿਗਦਰਸ਼ਨ! ਹੋਰ ਕੀ ਚਾਹੀਦਾ ਸੀ?

ਪਰ ਮੇਰੀਆਂ ਸਾਰੀਆਂ ਉਮੀਦਾਂ ਖਾਕ ਵਿਚ ਮਿਲ ਗਈਆਂ। ਇੰਜ ਜਾਪਿਆ, ਜਿਵੇਂ ਮੈਨੂੰ ਕਿਸੇ ਪਹਾੜ ਦੀ ਚੋਟੀ ਤੋਂ ਹੇਠਾਂ ਪਟਕ ਦਿੱਤਾ ਗਿਆ ਹੋਵੇ, ਕਲਾ ਦੀਆਂ ਸਾਰੀਆਂ ਕਦਰਾਂ-ਕੀਮਤਾਂ ਉਪਰ ਜਿਵੇਂ ਛੁਰੀ ਫੇਰ ਦਿੱਤੀ ਗਈ ਹੋਵੇ। ਸੰਸਕ੍ਰਿਤ ਦਾ ਮੈਨੂੰ ਬਚਪਨ ਤੋਂ ਸ਼ੌਕ ਰਿਹਾ ਹੈ, ਤੇ 'ਅਭਿਗਿਆਨ ਸ਼ਕੁੰਤਲਮ' ਨੂੰ ਮੈਂ ਕੋਮਲ ਅਨੁਭੂਤੀਆਂ ਦਾ ਪੁਸ਼ਪ-ਹਾਰ ਮੰਨਦਾ ਹਾਂ। ਸ਼ਾਂਤਾਰਾਮ ਜਿਹਾ ਡਾਇਰੈਕਟਰ ਉਹਨੂੰ ਇਤਨਾ ਕੁਰੱਖਤ ਤੇ ਭੱਦਾ ਬਣਾ ਕੇ ਪੇਸ਼ ਕਰੇਗਾ, ਦਿਲ ਮੰਨਣ ਨੂੰ ਤਿਆਰ ਨਹੀਂ ਸੀ ਹੁੰਦਾ। ਕਿਤੇ ਕੋਈ ਹੋਰ ਸ਼ਾਂਤਾਰਾਮ ਤਾਂ ਨਹੀਂ ਸੀ ਨਿਕਲ ਆਇਆ? ਮੇਰੀ ਆਤਮਾ ਬੜੀ ਵਿਆਕੁਲ ਹੋ ਗਈ। ਗਰਮੀ ਅਤੇ ਗੰਦਗੀ ਨੇ ਪਹਿਲਾਂ ਹੀ ਪਰੇਸ਼ਾਨ ਕੀਤਾ ਹੋਇਆ ਸੀ। ਹੁਣ ਤਾਂ ਸਾਰੀ ਭੁੱਖ-ਤਰੇਹ ਹੀ ਮਰ ਗਈ। ਅਗਲੇ ਦਿਨ ਜਦੋਂ ਮੈਂ ਬੈਂਕ ਵਿਚੋਂ ਪੈਸੇ ਕਢਾ ਰਿਹਾ ਸਾਂ ਤਾਂ ਵੇਖਿਆ ਕਿ ਨਾਲ ਦੀ ਖਿੜਕੀ ਉਤੇ ਖੱਦਰ ਦਾ ਕੁੜਤਾ ਪਾਜਾਮਾ ਪਾਈ ਚੇਤਨ ਆਨੰਦ ਖੜ੍ਹਾ ਹੈ। **(ਚੱਲਦਾ)**









***ਖੱਬਿਓਂ: ਫਿਲਮਸਾਜ਼ ਵੀ. ਸ਼ਾਂਤਾਰਾਮ ਅਤੇ ਫਿਲਮ 'ਸ਼ਕੁੰਤਲਾ' ਤੇ 'ਆਦਮੀ' ਦੇ ਪੋਸਟਰ।***


# ਕਿੱਸਾ ਲਤਾ ਮੰਗੇਸ਼ਕਰ: 'ਸਾਜ਼' ਦੀ ਆਵਾਜ਼

ਉੱਘੀ ਗਾਇਕਾ ਆਸ਼ਾ ਭੌਂਸਲੇ (88) ਨੇ ਆਪਣੀ ਵੱਡੀ ਭੈਣ ਅਤੇ ਮਹਾਨ ਗਾਇਕਾ ਲਤਾ ਮੰਗੇਸ਼ਕਰ ਨੂੰ ਯਾਦ ਕਰਦਿਆਂ ਆਪਣੇ ਦੋਵਾਂ ਦੀ ਬਚਪਨ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਆਸ਼ਾ ਨੇ ਤਸਵੀਰ ਜ਼ਰੀਏ ਇਕੱਠਿਆਂ ਬਿਤਾਏ ਸਾਲਾਂ ਨੂੰ ਯਾਦ ਕੀਤਾ। ਸੁਰਾਂ ਦੀ ਮਲਿਕਾ ਵਜੋਂ ਜਾਣੀ ਜਾਂਦੀ ਲਤਾ ਮੰਗੇਸ਼ਕਰ ਦਾ ਮੁੰਬਈ ਦੇ ਇਕ ਹਸਪਤਾਲ ਵਿਚ 92 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ ਸੀ। ਪੰਜ ਭੈਣ-ਭਰਾਵਾਂ (ਮੀਨਾ, ਆਸ਼ਾ, ਊਸ਼ਾ ਤੇ ਹਰਿਦੈਨਾਥ) ਵਿਚੋਂ ਲਤਾ ਸਭ ਤੋਂ ਵੱਡੀ ਸੀ।

ਯਾਦ ਰਹੇ ਕਿ ਦੋਹਾਂ ਭੈਣਾਂ ਦੌਰਾਨ ਆਪਸੀ ਰਿਸ਼ਤਾ ਬੜਾ ਖੱਟਾ-ਮਿਠਾ ਰਿਹਾ। ਦੋਹਾਂ ਦੇ ਜੀਵਨ ਦੇ ਕੁਝ ਪੱਖਾਂ ਨੂੰ ਆਧਾਰ ਬਣਾ ਕੇ ਸਾਈ ਪਰਾਂਜਪੇ ਨੇ ਫਿਲਮ 'ਸਾਜ਼' ਵੀ ਬਣਾਈ ਸੀ। ਇਸ ਫਿਲਮ ਵਿਚ ਉਘੀ ਅਦਾਕਾਰਾ ਸ਼ਬਾਨਾ ਆਜ਼ਮੀ ਅਤੇ ਅਰੁਣਾ ਇਰਾਨੀ ਨੇ ਮੁੱਖ ਕਿਰਦਾਰ ਨਿਭਾਏ ਸਨ। 1998 ਵਿਚ ਬਣੀ ਇਸ ਫਿਲਮ ਦੀ ਉਸ ਵਕਤ ਬਹੁਤ ਚਰਚਾ ਹੋਈ ਸੀ। ਇਸ ਬਾਰੇ ਲਤਾ ਮੰਗੇਸ਼ਕਰ ਨੇ ਤਾਂ ਕੋਈ ਟਿੱਪਣੀ ਨਹੀਂ ਸੀ ਕੀਤੀ ਪਰ ਆਸ਼ਾ ਭੌਂਸਲੇ ਨੇ ਕਿਹਾ ਸੀ ਕਿ ਉਨ੍ਹਾਂ ਦੇ ਜੀਵਨ ਦੀਆਂ ਕੁਝ ਗੱਲਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਫਿਲਮਸਾਜ਼ ਸਾਈ ਪਰਾਂਜਪੇ ਦਾ ਕਹਿਣਾ ਸੀ ਕਿ ਇਹ ਫਿਲਮ ਅਸਲ ਵਿਚ ਦੋ ਕਲਾਕਾਰ ਭੈਣਾਂ ਵਿਚਕਾਰ ਆਪਸੀ ਰਿਸ਼ਤੇ ਵਿਚ ਆਉਂਦੇ ਉਤਰਾਅ-ਚੜ੍ਹਾਅ ਦੀ ਕਹਾਣੀ ਹੈ।

ਅੱਠ ਦਹਾਕਿਆਂ ਦੇ ਆਪਣੇ ਗਾਇਕੀ ਕਰੀਅਰ ਦੌਰਾਨ ਲਤਾ ਮੰਗੇਸ਼ਕਰ ਨੇ ਆਪਣੀ ਭੈਣ ਆਸ਼ਾ ਭੌਂਸਲੇ ਨਾਲ 50 ਤੋਂ ਵੱਧ ਦੋਗਾਣੇ ਗਾਏ ਜਿਨ੍ਹਾਂ ਵਿਚ ਫਿਲਮ 'ਪੜੋਸਨ' ਦਾ ਗੀਤ 'ਮੈਂ ਚਲੀ ਮੈਂ ਚਲੀ', 'ਉਤਸਵ' ਦਾ ਗੀਤ 'ਮਨ ਕਿਉਂ ਬਹਿਕਾ ਰੇ', ਫਿਲਮ 'ਧਰਮਵੀਰ' ਦਾ ਗੀਤ 'ਬੰਦ ਹੋ ਮੁੱਠੀ ਤੋਂ ਲਾਖ ਕੀ' ਆਦਿ ਗੀਤ ਸ਼ਾਮਲ ਹਨ।

ਇਸੇ ਦੌਰਾਨ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਲਤਾ ਮੰਗੇਸ਼ਕਰ ਦੀ ਯਾਦ ਵਿਚ ਭੋਪਾਲ ਵਿਚ ਇਕ ਬੂਟਾ ਲਾਇਆ ਅਤੇ ਉਨ੍ਹਾਂ ਦੇ ਜਨਮ ਸਥਾਨ ਇੰਦੌਰ ਵਿਚ ਸੰਗੀਤ ਅਕੈਡਮੀ ਤੇ ਮਿਊਜ਼ੀਅਮ ਖੋਲ੍ਹਣ ਦਾ ਐਲਾਨ ਕੀਤਾ ਹੈ। ਮਿਊਜ਼ੀਅਮ ਵਿਚ ਲਤਾ ਦੇ ਗਾਏ ਸਾਰੇ ਗੀਤ ਦਰਸਾਏ ਜਾਣਗੇ। ਇੰਦੌਰ ਵਿਚ ਹੀ ਸੁਰਾਂ ਦੀ ਮਲਿਕਾ ਦਾ ਬੁੱਤ ਵੀ ਲਾਇਆ ਜਾਵੇਗਾ ਅਤੇ ਹਰ ਸਾਲ ਜਨਮ ਦਿਨ ਮੌਕੇ ਉਨ੍ਹਾਂ ਦੇ ਨਾਂ 'ਤੇ ਪੁਰਸਕਾਰ ਵੀ ਦਿੱਤਾ ਜਾਵੇਗਾ।








***ਖੱਬਿਓਂ: ਫਿਲਮ 'ਸਾਜ਼' ਦਾ ਪੋਸਟਰ, ਫਿਲਮਸਾਜ਼ ਸਾਈ ਪਰਾਂਜਪੇ ਅਤੇ ਲਤਾ ਮੰਗੇਸ਼ਕਰ ਤੇ ਆਸ਼ਾ ਭੌਂਸਲੇ।***

ੴ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

## 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਦੇਣ ਵਾਲੇ

# ਸ੍ਰੀ ਗੁਰੂ ਰਵਿਦਾਸ ਜੀ ਦੇ

## ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ




# ਲੱਖ ਲੱਖ ਵਧਾਈ ਹੋਵੇ

Toora Management Inc (IN)
Phone: 317-702-0481